
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 27; July 6, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਅਕਾਲੀ ਦਲ ਦਾ ਰੱਫੜ ਵਧਿਆ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਵਿਚਾਲੇ ਪਾਰਟੀ ਦੀ ਅਗਵਾਈ ਨੂੰ ਲੈ ਕੇ ਚੱਲ ਰਹੇ ਅੰਦਰੂਨੀ ਕਲੇਸ਼ ਦੌਰਾਨ ਵੱਡੀ ਸਿਆਸੀ ਉਥਲ-ਪੁਥਲ ਸ਼ੁਰੂ ਹੋ ਗਈ ਹੈ। ਪੰਜਾਬ ਵਿਚ ਜਲੰਧਰ ਜ਼ਿਮਨੀ ਚੋਣ ਵਿਚਾਲੇ ਇਥੋਂ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਅਚਾਨਕ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਈ, ਉਂਝ ਬਾਅਦ ਵਿਚ ਉਨ੍ਹਾਂ ਫਿਰ ਅਕਾਲੀ ਦਲ ਵਿਚ ਵਾਪਸੀ ਕਰ ਲਈ। ਇਸੇ ਦੌਰਾਨ, ਸੁਖਬੀਰ ਧੜੇ ਨੇ ਸੁਰਜੀਤ ਕੌਰ ਨੂੰ ਹਮਾਇਤ ਦੇਣ ਦੀ ਥਾਂ ਬਸਪਾ ਉਮੀਦਵਾਰ ਦੇ ਹੱਕ ਵਿਚ ਖੜ੍ਹਨ ਦਾ ਫੈਸਲਾ ਕਰ ਕੀਤਾ ਹੈ। ਹੁਣ ਸੁਰਜੀਤ ਕੌਰ ਸਿਰਫ ਬਾਗੀ ਧੜੇ ਵੱਲੋਂ ਚੋਣ ਲੜ ਰਹੀ ਹੈ।

ਦੱਸ ਦਈਏ ਕਿ ਸ਼੍ਰੋਮਣੀ ਅਕਾਲੀ ਦਲ ਨੇ ਸੁਰਜੀਤ ਕੌਰ ਨੂੰ ਉਮੀਦਵਾਰ ਐਲਾਨਿਆ ਸੀ ਪਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਉਠੀ ਬਗਾਵਤ ਪਿੱਛੋਂ ਸੁਰਜੀਤ ਕੌਰ ਤੋਂ ਹਮਾਇਤ ਵਾਪਸ ਲੈ ਲਈ ਸੀ। ਇਸ ਪਿੱਛੋਂ ਸੁਖਬੀਰ ਦੀ ਪ੍ਰਧਾਨਗੀ ਖਿਲਾਫ ਨਿੱਤਰੇ ਬਾਗੀ ਧੜੇ ਨੇ ਸੁਰਜੀਤ ਕੌਰ ਨਾਲ ਡਟਣ ਦਾ ਫੈਸਲਾ ਕੀਤਾ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਵਿਚਾਲੇ ਪੈਦਾ ਹੋਇਆ ਸੰਕਟ ਉਸ ਵੇਲੇ ਹੋਰ ਡੂੰਘਾ ਹੋ ਗਿਆ ਜਦੋਂ ਨਾਰਾਜ਼ ਅਕਾਲੀ ਆਗੂਆਂ ਦੇ ਧੜੇ ਨੇ ਅਕਾਲ ਤਖਤ ਪਹੁੰਚ ਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਇਕ ਖਿਮਾ ਯਾਚਨਾ ਪੱਤਰ ਸੌਂਪਿਆ ਤੇ ਅਕਾਲੀ ਸਰਕਾਰ ਵੇਲੇ ਹੋਈਆਂ ਵੱਡੀਆਂ ਗਲਤੀਆਂ ਤੇ ਭੁੱਲਾਂ ਦਾ ਇੰਕਸ਼ਾਫ ਕੀਤਾ। ਉਨ੍ਹਾਂ ਨੇ ਦੀ ਖਿਮਾ ਲਈ ਅਰਦਾਸ ਵੀ ਕੀਤੀ। ਪੱਤਰ ਸੌਂਪਣ ਵਾਲਿਆਂ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਸਾਬਕਾ ਪ੍ਰਧਾਨ ਜਗੀਰ ਕੌਰ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਭਾਈ ਮਨਜੀਤ ਸਿੰਘ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰਤਾਪ ਸਿੰਘ ਵਡਾਲਾ, ਸਰਵਣ ਸਿੰਘ ਫਿਲੌਰ, ਚਰਨਜੀਤ ਸਿੰਘ ਬਰਾੜ, ਸੁਖਵੰਤ ਸਿੰਘ, ਤਜਿੰਦਰ ਪਾਲ ਸਿੰਘ, ਪਰਮਜੀਤ ਕੌਰ ਲਾਂਡਰਾਂ, ਰਣਧੀਰ ਸਿੰਘ ਰੱਖੜਾ, ਕਰਨੈਲ ਸਿੰਘ ਪੰਜੋਲੀ ਤੇ ਹੋਰ ਸ਼ਾਮਲ ਸਨ।

ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਪੱਧਰ 'ਤੇ ਹੀ ਅਕਾਲ ਤਖਤ ਵਿਖੇ ਅਰਦਾਸ ਕਰ ਕੇ ਭੁੱਲਾਂ ਦੀ ਖਿਮਾ ਯਾਚਨਾ ਕੀਤੀ ਜਾ ਚੁੱਕੀ ਹੈ ਪਰ ਉਸ ਵੇਲੇ ਕਿਹੜੀਆਂ-ਕਿਹੜੀਆਂ ਭੁੱਲਾਂ ਅਤੇ ਗਲਤੀਆਂ ਹੋਈਆਂ ਹਨ, ਉਨ੍ਹਾਂ ਬਾਰੇ ਕਦੇ ਖੁਲਾਸਾ ਨਹੀਂ ਕੀਤਾ ਗਿਆ ਸੀ ਪਰ ਹੁਣ ਬਾਗ਼ੀ ਧੜੇ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਰ ਸਫਿਆਂ ਦਾ ਪੱਤਰ ਦਿੱਤਾ ਜਿਸ ਵਿਚ ਅਕਾਲੀ ਸਰਕਾਰ ਵੇਲੇ ਹੋਈਆਂ ਗਲਤੀਆਂ ਅਤੇ ਭੁੱਲਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਵਿਚ 2007 ਦਾ ਸਲਾਬਤਪੁਰਾ ਕੇਸ ਜਿਸ ਵਿਚ ਡੇਰਾ ਸਿਰਸਾ ਦੇ ਮੁਖੀ ਵੱਲੋਂ ਦਸਵੇਂ ਗੁਰੂ ਗੋਬਿੰਦ ਸਿੰਘ ਵਾਂਗ ਅੰਮ੍ਰਿਤ ਛਕਾਉਣ ਦੀ ਨਕਲ ਕੀਤੀ ਗਈ ਸੀ, ਵੀ ਸ਼ਾਮਲ ਹੈ।

ਇਸ ਮਾਮਲੇ ਵਿਚ ਉਸ ਵੇਲੇ ਪੁਲਿਸ ਕੇਸ ਤਾਂ ਦਰਜ ਹੋਇਆ ਸੀ ਪਰ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਅਗਲੀ ਕਾਰਵਾਈ ਕਰਨ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਇਹ ਕੇਸ ਵਾਪਸ ਲੈ ਲਿਆ। ਦੂਜਾ ਮਾਮਲਾ


*(ਬਾਕੀ ਸਫਾ 6 'ਤੇ)*


## ਜੇਤੂ ਕੱਪ



*ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਕਰਵਾਏ ਕਬੱਡੀ ਕੱਪ ਵਿਚ ਜੇਤੂ ਰਹੀ ਨਿਊਯਾਰਕ ਮੈਟਰੋ ਸਪੋਰਟਸ ਕਲੱਬ ਦੀ ਟੀਮ ਪ੍ਰਬੰਧਕਾਂ ਅਤੇ ਸਪਾਂਸਰਾਂ ਨਾਲ। ਮੇਲੇ ਦੀ ਵਿਸਥਾਰਤ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ 'ਚ। -ਤਸਵੀਰ: ਏਸ਼ੀਅਨ ਮੀਡੀਆ ਯੂ.ਐਸ.ਏ.*

## ਗਿਆਨੀ ਹਰਪ੍ਰੀਤ ਸਿੰਘ ਅਗਵਾਈ ਲਈ ਤਿਆਰ !

**ਅੰਮ੍ਰਿਤਸਰ:** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਅਕਾਲ ਤਖ਼ਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੇ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਤੱਕ ਪਾਰਟੀ ਦੀ ਪ੍ਰਧਾਨਗੀ ਵਾਸਤੇ ਪਹੁੰਚ ਕਰਦਾ ਹੈ ਤਾਂ ਉਹ ਇਸ ਮਸਲੇ 'ਤੇ ਵਿਚਾਰ ਕਰ ਸਕਦੇ ਹਨ।

ਯਾਦ ਰਹੇ ਕਿ ਜਦੋਂ ਗਿਆਨੀ ਹਰਪ੍ਰੀਤ ਸਿੰਘ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਸਨ ਤਾਂ ਉਨ੍ਹਾਂ ਨੇ ਕਈ ਮਾਮਲਿਆਂ 'ਤੇ ਕੁਝ ਅਜਿਹੇ ਫੈਸਲੇ ਕੀਤੇ ਸਨ ਕਿ ਸਭ ਦਾ ਧਿਆਨ ਉਨ੍ਹਾਂ ਵੱਲ ਖਿੱਚਿਆ ਗਿਆ ਸੀ। ਹੁਣ ਜਦੋਂ ਅਕਾਲੀ ਦਲ ਵਿਚ ਰੱਫੜ ਪਿਆ ਅਤੇ ਲੀਡਰਸ਼ਿਪ ਬਦਲਣ ਬਾਰੇ ਚਰਚਾ ਚੱਲੀ ਤਾਂ ਕੁਝ ਲੋਕਾਂ ਨੇ ਉਨ੍ਹਾਂ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਉਣ ਦੀ ਸਲਾਹ ਦਿੱਤੀ ਹੈ। ਉਂਝ, ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿਚ


*(ਬਾਕੀ ਸਫਾ 6 'ਤੇ)*



## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

Corporate NMLS# 68434
AZ License# BK-0945946


Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦਾ ਵਫ਼ਦ ਦੱਖਣ ਭਾਰਤ ਦੇ ਦੌਰੇ 'ਤੇ

## ਕਿਸਾਨ ਅੰਦੋਲਨ ਨੂੰ ਜਿੱਤ ਵੱਲ ਲਿਜਾਣ ਲਈ ਵੱਖ-ਵੱਖ ਸੂਬਿਆਂ ਦੇ ਕਿਸਾਨਾਂ ਨਾਲ ਕੀਤਾ ਜਾ ਰਿਹੈ ਰਾਬਤਾ

**ਸੰਗਰੂਰ:** ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦਾ ਇਕ ਉਚ ਪੱਧਰੀ ਵਫ਼ਦ ਦੱਖਣ ਭਾਰਤ ਦੇ ਦੌਰੇ ਉਤੇ ਹੈ, ਜੋ ਕਿ ਚੱਲ ਰਹੇ ਕਿਸਾਨ ਅੰਦੋਲਨ ਨੂੰ ਜਿੱਤ ਵੱਲ ਲਿਜਾਣ ਲਈ ਵੱਖ-ਵੱਖ ਰਾਜਾਂ ਦੇ ਕਿਸਾਨਾਂ ਨਾਲ ਰਾਬਤਾ ਕਰ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਵਫ਼ਦ 'ਚ ਸ਼ਾਮਲ ਜਗਜੀਤ ਸਿੰਘ ਡੱਲੇਵਾਲ, ਲਖਵਿੰਦਰ ਸਿੰਘ ਔਲਖ, ਅਭਿਮਨਿਊ ਕੋਹਾੜ, ਸੁਖਜੀਤ ਸਿੰਘ ਆਦਿ ਵੱਲੋਂ ਪ੍ਰੈੱਸ ਕਲੱਬ ਬੰਗਲੂਰੂ ਵਿਚ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਵਿਚ ਕਰਨਾਟਕ ਤੋਂ ਕਿਸਾਨ ਆਗੂ ਕੁਰਬਰੂ ਸ਼ਾਂਤਾ ਕੁਮਾਰ, ਜ਼ਫ਼ਰ ਖਾਨ, ਤਾਮਿਲਨਾਡੂ ਤੋਂ ਪੀਆਰ ਪਾਂਡਿਅਨ, ਕੇਰਲਾ ਤੋਂ ਕੇਵੀ ਬੀਜੂ ਵੀ ਮੌਜੂਦ ਸਨ। ਬੰਗਲੂਰੂ ਤੋਂ ਜਾਰੀ ਬਿਆਨ ਰਾਹੀਂ ਭਾਰਤੀ ਕਿਸਾਨ ਏਕਤਾ ਦੇ ਸੂਬਾ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦਾ ਇਕ ਵਫ਼ਦ ਦੌਰੇ ਦੌਰਾਨ ਉਤਰੀ ਭਾਰਤ ਤੋਂ ਦੱਖਣ ਭਾਰਤ ਪੁੱਜਿਆ ਹੈ। ਉਹ ਦੌਰੇ ਦੌਰਾਨ ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਹੁਣ ਕਰਨਾਟਕ ਵਿਚ ਹਨ। ਉਨ੍ਹਾਂ ਕਿਹਾ ਕਿ ਦੱਖਣ ਭਾਰਤ ਵਿਚ ਕਿਸਾਨਾਂ ਦੇ ਰੂਬਰੂ ਹੋ ਰਹੇ ਹਾਂ ਅਤੇ ਮੁੱਖ ਉਦੇਸ਼ ਚਾਰ ਥਾਵਾਂ 'ਤੇ ਚੱਲ ਰਹੇ ਕਿਸਾਨ ਅੰਦੋਲਨਾਂ ਨੂੰ ਜਿੱਤ ਵੱਲ ਲਿਜਾਣਾ ਹੈ। ਉਨ੍ਹਾਂ ਕਿਹਾ ਕਿ ਇਹ ਅੰਦੋਲਨ ਫਸਲਾਂ ਅਤੇ ਨਸਲਾਂ ਬਚਾਉਣ ਦੀ ਲੜਾਈ ਹੈ ਅਤੇ ਦੇਸ਼ਿਵਆਪੀ ਅੰਦੋਲਨ ਨੂੰ ਮਜ਼ਬੂਤ ਕਰ ਕੇ ਜਿੱਤ ਵੱਲ ਲੈ ਕੇ ਜਾਣਾ ਹੈ।



ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਐਮ.ਐਸ.ਪੀ. ਦੇ ਗਾਰੰਟੀ ਕਾਨੂੰਨ ਅਤੇ ਹੋਰ ਮੰਗਾਂ ਲਈ 13 ਫਰਵਰੀ ਤੋਂ ਕਿਸਾਨ ਅੰਦੋਲਨ ਚਾਰ ਥਾਵਾਂ 'ਤੇ ਚੱਲ ਰਿਹਾ ਹੈ ਅਤੇ 135 ਦਿਨਾਂ ਤੋਂ ਵੱਧ ਸਮੇਂ ਤੋਂ ਇਨ੍ਹਾਂ ਅੰਦੋਲਨਾਂ 'ਚ ਹਜ਼ਾਰਾਂ ਕਿਸਾਨ ਡਟੇ ਹੋਏ ਹਨ। ਉਨ੍ਹਾਂ ਕਿਹਾ ਕਿ ਕਿਸਾਨ ਵਰਗ ਦੇ ਗੁੱਸੇ ਕਾਰਨ ਪੇਂਡੂ ਖੇਤਰ ਵਿਚ 2019 ਦੀਆਂ ਚੋਣਾਂ ਦੇ ਮੁਕਾਬਲੇ ਭਾਜਪਾ ਸਰਕਾਰ ਇਸ ਵਾਰ ਚੋਣਾਂ ਵਿਚ 71 ਲੋਕ ਸਭਾ ਸੀਟਾਂ ਗੁਆ ਚੁੱਕੀ ਹੈ। ਕਿਸਾਨ ਆਗੂ ਕੁਰਬਰੂ ਸ਼ਾਂਤਾ ਕੁਮਾਰ ਨੇ ਦੱਸਿਆ ਕਿ 8 ਜੁਲਾਈ ਨੂੰ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਭਾਜਪਾ ਦੇ ਸੰਸਦ ਮੈਂਬਰਾਂ ਨੂੰ ਛੱਡ ਕੇ ਬਾਕੀ ਸਾਰੇ ਸੰਸਦ ਮੈਂਬਰਾਂ ਨੂੰ 12 ਮੰਗਾਂ ਸਬੰਧੀ ਮੈਮੋਰੰਡਮ ਦਿੱਤਾ ਜਾਵੇਗਾ, ਜਿਨ੍ਹਾਂ ਤੋਂ ਮੰਗ ਕੀਤੀ ਜਾਵੇਗੀ ਕਿ ਉਹ ਦੇਸ਼ ਦੀ ਸੰਸਦ ਵਿਚ ਆਵਾਜ਼ ਉਠਾਉਣ। ਇਸ ਤੋਂ ਇਲਾਵਾ ਜੁਲਾਈ ਮਹੀਨੇ ਵਿਚ ਦਿੱਲੀ ਵਿਚ ਇਕ ਕਿਸਾਨ ਅੰਦੋਲਨ ਕੀਤਾ ਜਾਵੇਗਾ। ਦੱਖਣ ਭਾਰਤ ਦੇ ਕਿਸਾਨਾਂ ਵੱਲੋਂ 24 ਜੂਨ ਨੂੰ ਸ਼ਿਵਮੋਗਾ ਵਿਚ ਇਕ ਵਿਸ਼ਾਲ ਕਿਸਾਨ ਅੰਦੋਲਨ ਕੀਤਾ ਜਾ ਚੁੱਕਿਆ ਹੈ। ਲਖਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਸਤੰਬਰ ਮਹੀਨੇ ਵਿਚ ਹਰਿਆਣਾ ਵਿਚ ਇਕ ਕਿਸਾਨ ਰੈਲੀ ਕੀਤੀ ਜਾਵੇਗੀ, ਜਿਸ ਵਿਚ ਸਾਰੇ ਸੂਬਿਆਂ ਦੇ ਇਕ ਲੱਖ ਤੋਂ ਵੱਧ ਕਿਸਾਨ ਭਾਗ ਲੈਣਗੇ।

# ਬੋਗਸ ਪੈਨਸ਼ਨਰਾਂ ਤੋਂ 44.34 ਕਰੋੜ ਦੀ ਰਿਕਵਰੀ

**ਚੰਡੀਗੜ੍ਹ:** ਪੰਜਾਬ ਦੇ ਸਮਾਜਿਕ ਸੁਰੱਖਿਆ ਵਿਭਾਗ ਨੇ ਸੂਬੇ ਵਿਚ ਲਗਭਗ 1,07,571 ਬੋਗਸ ਪੈਨਸ਼ਨਰਾਂ ਤੋਂ ਕਰੀਬ 44.34 ਕਰੋੜ ਰੁਪਏ ਦੀ ਰਿਕਵਰੀ ਕੀਤੀ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਦੇ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਪੈਨਸ਼ਨ ਸਕੀਮ ਅਧੀਨ ਸੂਬੇ ਦੇ ਲੱਖਾਂ ਲੋਕਾਂ ਨੂੰ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚੋਂ ਲਗਭਗ 1,07,571 ਵਿਅਕਤੀ ਗਲਤ ਢੰਗ ਨਾਲ ਪੈਨਸ਼ਨ ਲੈ ਰਹੇ ਸਨ। ਇਸ ਬਾਰੇ ਪਤਾ ਲੱਗਦਿਆਂ ਹੀ ਵਿਭਾਗ ਨੇ 1,07,571 ਪੈਨਸ਼ਨਰਾਂ ਤੋਂ 44.34 ਕਰੋੜ ਰੁਪਏ ਦੀ ਰਿਕਵਰੀ ਕਰਵਾਈ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਵਿਚ ਵਿੱਤ ਵਰ੍ਹੇ 2023-24 ਵਿਚ 33,48,989 ਪੈਨਸ਼ਨਰਾਂ ਨੂੰ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਦਿੱਤੀ ਗਈ। ਇਸ ਵਿਚੋਂ ਕਾਫੀ ਲੋਕ ਗਲਤ ਢੰਗ ਨਾਲ ਪੈਨਸ਼ਨ ਲੈ ਰਹੇ ਸਨ। ਇਸ ਬਾਰੇ ਜਾਣਕਾਰੀ ਮਿਲਦੇ ਹੀ ਵਿਭਾਗ ਵੱਲੋਂ ਸੂਬੇ ਭਰ ਵਿਚ ਸਰਵੇਖਣ ਕਰਵਾਇਆ ਗਿਆ ਜਿਸ ਵਿਚ 1,07,571 ਲੋਕਾਂ ਦੇ ਗਲਤ ਢੰਗ ਨਾਲ ਪੈਨਸ਼ਨ ਲੈਣ ਦਾ ਖੁਲਾਸਾ ਹੋਇਆ। ਇਨ੍ਹਾਂ ਵਿਚ 1,06,521 ਪੈਨਸ਼ਨਰ ਫੌਤ ਹੋ ਚੁੱਕੇ ਸਨ, ਜਿਨ੍ਹਾਂ ਦੀ ਪੈਨਸ਼ਨ ਉਨ੍ਹਾਂ ਦੇ ਪਰਿਵਾਰਕ ਮੈਂਬਰ ਲੈ ਰਹੇ ਸਨ। ਇਸ ਤੋਂ ਇਲਾਵਾ 476 ਪੈਨਸ਼ਨਰ ਐਨ.ਆਰ.ਆਈ. ਅਤੇ 574 ਸਰਕਾਰੀ ਪੈਨਸ਼ਨਰ ਸਨ। ਉਨ੍ਹਾਂ ਕਿਹਾ ਕਿ ਗਲਤ ਢੰਗ ਨਾਲ ਪੈਨਸ਼ਨ ਲੈਣ ਵਾਲਿਆਂ ਤੋਂ 41.22 ਕਰੋੜ ਰੁਪਏ ਦੀ ਰਿਕਵਰੀ ਕਰਵਾਈ ਗਈ ਹੈ। ਮੰਤਰੀ ਨੇ ਕਿਹਾ ਕਿ ਇਸੇ ਤਰ੍ਹਾਂ ਮੌਜੂਦਾ ਵਿੱਤੀ ਵਰ੍ਹੇ 2024-25 ਦੇ ਅਪਰੈਲ ਮਹੀਨੇ ਦੌਰਾਨ 3,797 ਲਾਭਪਾਤਰੀ ਅਯੋਗ ਪਾਏ ਗਏ ਹਨ, ਜਿਨ੍ਹਾਂ ਤੋਂ 3.12 ਕਰੋੜ ਰੁਪਏ ਦੀ ਰਿਕਵਰੀ ਕੀਤੀ ਗਈ ਹੈ ਅਤੇ ਸਟੇਟ ਪੈਨਸ਼ਨ ਸਕੀਮ ਅਧੀਨ ਕੁੱਲ 44.34 ਕਰੋੜ ਰੁਪਏ ਦੀ ਰਿਕਵਰੀ ਹੋਈ ਹੈ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਮੁਤਾਬਕ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਭ ਤੋਂ ਵੱਧ 5,375 ਲੋਕ ਗਲਤ ਢੰਗ ਨਾਲ ਪੈਨਸ਼ਨ ਲੈ ਰਹੇ ਸਨ, ਜਿਨ੍ਹਾਂ ਤੋਂ 3.5 ਕਰੋੜ ਰੁਪਏ ਦੀ ਰਿਕਰਵੀ ਕੀਤੀ ਹੈ। ਇਸੇ ਤਰ੍ਹਾਂ ਬਰਨਾਲਾ ਵਿਚ 3402 ਪੈਨਸ਼ਨਰਾਂ ਤੋਂ 1.77 ਕਰੋੜ ਰੁਪਏ, ਬਠਿੰਡਾ ਵਿਚ 16099 ਤੋਂ 1.08 ਕਰੋੜ ਰੁਪਏ, ਫਰੀਦਕੋਟ ਵਿਚ 2546 ਤੋਂ 95.15 ਲੱਖ ਰੁਪਏ, ਫਤਿਹਗੜ੍ਹ ਸਾਹਿਬ ਵਿਚ 3049 ਤੋਂ 61.38 ਲੱਖ, ਫਿਰੋਜ਼ਪੁਰ ਵਿਚ 4018 ਤੋਂ 48.52 ਲੱਖ ਰੁਪਏ, ਫਾਜ਼ਿਲਕਾ ਵਿਚ 4965 ਤੋਂ 80.24 ਲੱਖ ਰੁਪਏ ਦੀ ਰਿਕਵਰੀ ਕੀਤੀ ਗਈ ਹੈ।



# ਵੱਖ ਵੱਖ ਮਹਿਮਾਨਾਂ ਨਾ.ਲ ਗੱਲਬਾਤ ਦੇ ਰੂਪ ਵਿਚ ਹੋਈ 'ਕਾਫ਼ਲੇ' ਦੀ ਬੈਠਕ

**ਬਰੈਂਪਟਨ:** "ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ" ਦੀ ਮਹੀਨੇਵਾਰ ਮੀਟਿੰਗ 29 ਜੂਨ ਨੂੰ ਹੋਈ। ਭਰਵੀਂ ਹਾਜ਼ਰੀ ਵਿਚ ਚਾਰ ਮਹਿਮਾਨਾਂ ਨਾਲ ਰੂਬਰੂ ਕੀਤਾ ਗਿਆ, ਜਿਨ੍ਹਾਂ ਵਿਚ ਵੈਨਕੂਵਰ, ਬੀ.ਸੀ. ਤੋਂ ਆਏ ਬਰਜਿੰਦਰ ਢਾਹਾਂ (ਢਾਹਾਂ ਪੁਰਸਕਾਰ ਦੇ ਬਾਨੀ ਬ੍ਰਜ ਢਾਹਾਂ), ਅਜਮੇਰ ਰੋਡੇ, ਯੂ ਐਸ ਏ ਤੋਂ ਰਾਕਿੰਦ ਕੌਰ ਅਤੇ ਪਾਕਿਸਤਾਨ ਤੋਂ ਸਰਵਤ ਮੁਹੱਈਉਦੀਨ ਸ਼ਾਮਿਲ ਸਨ।





ਕੁਲਵਿੰਦਰ ਖਹਿਰਾ ਦੀ ਸੰਚਾਲਨਾ ਹੇਠ ਸਭ ਤੋਂ ਪਹਿਲਾਂ ਕੁਲਜੀਤ ਮਾਨ ਨੇ ਕਾਫ਼ਲੇ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਵਰਿਆਮ ਸਿੰਘ ਸੰਧੂ ਦੀ ਕਹਾਣੀ "ਸੁਨਹਿਰੀ ਕਿਣਕਾ" ਤੇ ਜਰਨੈਲ ਸਿੰਘ ਕਹਾਣੀਕਾਰ ਦੀ ਕਹਾਣੀ "ਦੋ ਟਾਪੂ" ਦੀ ਸਰਾਹਣਾ ਕੀਤੀ।

ਬਲਦੇਵ ਸਿੰਘ ਰਹਿਪਾ ਨੇ ਮੌਜੂਦਾ ਸਰਕਾਰ ਵੱਲੋਂ ਜਬਰ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਣ ਵਾਲੇ ਲੇਖਕਾਂ ਜਿਵੇਂ ਅਰੁਣਧਤੀ ਰਾਏ, ਪੱਤਰਕਾਰਾਂ ਤੇ ਸਮਾਜ ਸੇਵਕਾਂ ਨੂੰ ਜੇਲ੍ਹਾਂ ਵਿਚ ਡੱਕੇ ਜਾਣ ਦੀ ਨਿੰਦਾ ਕਰਨ ਲਈ ਮਤਾ ਪਾਉਣ ਲਈ ਬਾਕੀ ਸੰਸਥਾਵਾਂ ਦੇ ਨਾਲ ਸਹਿਯੋਗ ਦੇਣ ਲਈ ਕਾਫ਼ਲੇ ਨੂੰ ਅਪੀਲ ਕੀਤੀ ਜਿਸ ਦੀ ਸਹਿਮਤੀ ਸਾਰੇ ਮੈਂਬਰਾਂ ਨੇ ਦਿੱਤੀ। ਵਰਿਆਮ ਸਿੰਘ ਸੰਧੂ ਹੁਰਾਂ ਕਾਫ਼ਲੇ ਵੱਲੋਂ ਨਿੱਜੀ ਤੌਰ 'ਤੇ ਮਤਾ ਪਾਉਣ ਦਾ ਸੁਝਾਅ ਦਿੱਤਾ।

ਜਰਨੈਲ ਸਿੰਘ ਕਹਾਣੀਕਾਰ ਨੇ ਬਰਜਿੰਦਰ ਢਾਹਾਂ ਬਾਰੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਇਨ੍ਹਾਂ ਨੇ ਲੇਖਕਾਂ ਨੂੰ ਇਨਾਮ ਦੇਣ ਲਈ ਆਪਣੇ ਨਾਂ ਦੀ ਬਜਾਏ ਪਿੰਡ ਦੇ ਨਾਂ ਨੂੰ ਅੱਗੇ ਰੱਖਿਆ "ਢਾਹਾਂ ਪੁਰਸਕਾਰ" ਜਿਸਦੇ ਤਹਿਤ ਹਰ ਸਾਲ ਤਿੰਨ ਪੰਜਾਬੀ ਦੀਆਂ ਕਿਤਾਬਾਂ ਨੂੰ ਇਨਾਮ ਦਿੱਤੇ ਜਾਂਦੇ ਹਨ। ਪਹਿਲਾ ਇਨਾਮ ਪੰਝੀ ਹਜ਼ਾਰ ਡਾਲਰ ਤੇ ਦੂਸਰੇ ਦੋ ਦਸ ਦਸ ਹਜ਼ਾਰ ਡਾਲਰ। ਜਰਨੈਲ ਸਿੰਘ ਕਹਾਣੀਕਾਰ ਦੀ ਕਿਤਾਬ "ਕਾਲੇ ਵਰਕੇ" ਵੀ 2016 ਵਿਚ ਪਹਿਲੇ ਇਨਾਮ ਦੀ ਜੇਤੂ ਰਹੀ ਹੈ।

ਬਰਜਿੰਦਰ ਢਾਹਾਂ ਨੇ ਆਪਣੇ ਪਿਤਾ ਜੀ ਸ. ਬੁੱਧ ਸਿੰਘ ਢਾਹਾਂ ਦੇ ਸਮਾਜਿਕ ਕੰਮਾਂ ਵਿਚ ਪਾਏ ਯੋਗਦਾਨ ਦੇ ਨਾਲ ਆਪਣੀ ਮਾਤਾ ਜੀ ਕਸ਼ਮੀਰ ਕੌਰ ਦੀ ਬਰਾਬਰ ਦੀ ਹਿੱਸੇਦਾਰੀ ਦੀ ਗੱਲ ਵੀ ਕੀਤੀ। ਢਾਹਾਂ ਇਨਾਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਕਿਹਾ ਕਿ ਇਨਾਮ ਲੇਖਕ ਨੂੰ ਨਹੀਂ ਕਿਤਾਬ ਨੂੰ ਦਿੱਤਾ ਜਾਂਦਾ ਹੈ। ਢਾਹਾਂ ਵਿਖੇ ਬਣਾਏ ਟ੍ਰੱਸਟ, ਹਸਪਤਾਲ ਤੇ ਹੋਰ ਸਮਾਜਿਕ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਕ੍ਰਿਏਟਿਵ ਆਰਟ ਦੇ ਪ੍ਰੋਗਰਾਮਾਂ ਤੇ ਵਧੀਆ ਆਲੋਚਕਾਂ ਦੀ ਘਾਟ ਹੈ ਤੇ ਅਸੀਂ ਸਾਹਿਤਕਾਰਾਂ ਦੇ ਨਾ.ਲ ਨਾ.ਲ ਆਲੋਚਕ ਵੀ ਪੈਦਾ ਕਰਨਾ ਚਾਹੁੰਦੇ ਹਾਂ।

ਭੁਪਿੰਦਰ ਦੁੱਲੇ ਨੇ ਰਾਕਿੰਦ ਕੌਰ ਬਾਰੇ ਜਾਣਕਾਰੀ ਦੇਂਦਿਆਂ ਕਿਹਾ ਕਿ ਇਹ ਨੌਜਵਾਨ ਲੜਕੀ ਅਮਰੀਕਾ ਵਿਚ ਜੰਮ ਪਲ ਕੇ ਬਹੁਤ ਸੋਹਣੀ ਕਵਿਤਾ ਪੰਜਾਬੀ ਵਿਚ ਲਿਖਦੀ ਹੈ। ਰਾਕਿੰਦ ਕੌਰ ਨੇ ਆਪਣੇ ਪੰਜਾਬੀ ਸਿੱਖਣ ਦੇ ਸਫ਼ਰ ਨੂੰ ਸਾਂਝਾ ਕਰਦਿਆਂ "ਮੇਰਾ ਪਿੰਡ" ਤੇ ਬਟਵਾਰੇ ਬਾਰੇ ਕਵਿਤਾਵਾਂ ਸਾਂਝੀਆਂ ਕੀਤੀਆਂ। ਪਿਆਰਾ ਸਿੰਘ ਕੁੱਦੋਵਾਲ ਨੇ ਸਰਵਤ ਮੁਹੱਈਉਦੀਨ ਬਾਰੇ ਜਾਣਕਾਰੀ ਦੇਂਦਿਆਂ ਕਿਹਾ ਕਿ ਇਹ ਬਹੁਤ ਵਧੀਆ ਕਹਾਣੀਆਂ, ਕਵਿਤਾਵਾਂ ਤੇ ਆਰਟੀਕਲ ਲਿਖਦੇ ਹਨ।

ਸਰਵਤ ਮੁਹੱਈਉਦੀਨ ਨੇ ਕਿਹਾ ਕਿ ਪੰਜਾਬੀ ਭਾਸ਼ਾ ਦਾ ਮਸਲਾ 1947 ਤੋਂ ਬਹੁਤ ਚਿਰ ਪਹਿਲਾਂ ਦਾ ਹੈ ਜਦੋਂ ਅੰਗਰੇਜ਼ਾਂ ਨੇ ਪੰਜਾਬੀ ਦੇ ਕਾਇਦੇ ਟਕੇ ਟਕੇ ਦੇ ਖਰੀਦ ਕੇ ਸਾੜਨੇ ਸ਼ੁਰੂ ਕੀਤੇ ਸਨ। ਉਨ੍ਹਾਂ ਕਿਹਾ ਕਿ ਬੋਲੀ ਜਾਣ ਵਾਲੀ ਜ਼ਬਾਨ ਕਦੇ ਵੀ ਮਰ ਨਹੀਂ ਸਕਦੀ ਤੇ ਬੋਲੀ ਘਰ ਵਿਚ ਸਿੱਖੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਉਹ ਦਸ ਕਿਤਾਬਾਂ ਦੇ ਰਚੇਤਾ ਹਨ ਤੇ ਉਨ੍ਹਾਂ ਵਾਰਸ਼ ਸ਼ਾਹ ਦੀ ਹੀਰ ਦੇ ਕਿੱਸੇ ਦਾ ਅੰਗ੍ਰੇਜ਼ੀ ਵਿਚ ਤਰਜਮਾ ਕੀਤਾ ਹੈ ਜਿਸ ਦੀਆਂ ਕੁਝ ਲਾਈਨਾਂ ਸਾਂਝੀਆਂ ਕਰਨ ਦੇ ਨਾਲ ਨਾਲ ਉਨ੍ਹਾਂ ਆਪਣੀਆਂ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ।

ਨਵਤੇਜ ਭਾਰਤੀ ਨੇ ਅਜਮੇਰ ਰੋਡੇ ਬਾਰੇ ਜਾਣਕਾਰੀ ਦੇਂਦਿਆਂ ਕਿਹਾ ਕਿ ਇਹ ਮੇਰਾ ਛੋਟਾ ਭਰਾ ਹੈ, ਕਵਿਤਾ ਮੈਂ ਇਸ ਤੋਂ ਪਹਿਲਾਂ ਲਿਖਣੀ ਸ਼ੁਰੂ ਕੀਤੀ ਸੀ ਪਰ ਇਹ ਮੇਰੇ ਤੋਂ ਅੱਗੇ ਲੰਘ ਗਿਆ।

ਅਜਮੇਰ ਰੋਡੇ ਨੇ ਕੇਨੈਡਾ ਵਿਚ ਸਭ ਤੋਂ ਪਹਿਲੇ ਲੇਖਕ ਮੰਚ, ਜੋ ਉਨ੍ਹਾਂ ਨੇ ਬਾਕੀ ਲੇਖਕਾਂ ਨਾਲ ਰਲ ਬਣਾਇਆ ਸੀ, ਬਾਰੇ ਜਾਣਕਾਰੀ ਸਾਂਝੀ ਕੀਤੀ, ਜਿਸ ਦੀ 50ਵੀਂ ਵਰ੍ਹੇਗੰਢ ਮਨਾਈ ਗਈ ਹੈ। ਉਨ੍ਹਾਂ ਬਜ਼ੁਰਗਾਂ ਬਾਰੇ ਇੱਕ ਹਾਸਰਸ ਦੀ ਕਵਿਤਾ ਵੀ ਸਾਂਝੀ ਕੀਤੀ। ਪ੍ਰਿੰਸੀਪਲ ਸਰਵਣ ਸਿੰਘ ਨੇ ਜਸਵੰਤ ਸਿੰਘ ਕੰਵਲ ਦੇ ਜਨਮ ਦਿਨ ਨੂੰ ਯਾਦ ਕਰਦਿਆਂ ਆਪਣੀ ਲਿਖੀ ਕਿਤਾਬ "ਪੰਜਾਬੀਆਂ ਦਾ ਬਾਈ, ਜਸਵੰਤ ਸਿੰਘ ਕੰਵਲ" ਡਾ. ਵਰਿਆਮ ਸਿੰਘ ਸੰਧੂ ਨੂੰ ਭੇਟ ਕੀਤੀ। ਰਛਪਾਲ ਕੌਰ ਗਿੱਲ ਨੇ ਸਾਰੇ ਮਹਿਮਾਨਾਂ ਵਲੋਂ ਪੰਜਾਬੀ ਦੀ ਪ੍ਰਫੁਲਤਾ ਲਈ ਪਾਏ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੀ.ਸੀ. ਵਿਚ ਜੋ ਯਤਨ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਲਈ ਅਜਮੇਰ ਰੋਡੇ, ਬਰਿੰਦਰ ਢਾਹਾਂ, ਸਾਧੂ ਬਨਿੰਗ, ਸੁਖਵੰਤ ਹੁੰਦਲ ਤੇ ਹੋਰ ਲੇਖਕਾਂ ਵੱਲੋਂ ਕੀਤੇ ਜਾ ਰਹੇ ਹਨ, ਉਸ ਤੋਂ ਉਨਟਾਰੀਓ ਅਜੇ ਪਿੱਛੇ ਹੈ, ਸਾਨੂੰ ਵੀ ਉਨ੍ਹਾਂ ਵਾਂਗ ਉਪਰਾਲੇ ਕਰਨੇ ਚਾਹੀਦੇ ਹਨ। ਸੁਮੀਤ, ਜੋ ਪਹਿਲੀ ਵਾਰ ਕਾਫ਼ਲੇ ਦੀ ਮੀਟਿੰਗ ਵਿਚ ਆਇਆ ਨੇ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ "ਰੁੱਖ" ਤਰੰਨਮ ਵਿਚ ਸੁਣਾਈ।

ਅਕਰਮ ਨੇ ਆਪਣੀਆਂ ਦੋ ਕਵਿਤਾਵਾਂ "ਮੁਕਦੀ ਗੱਲ" ਤੇ "ਮੰਡੀ ਬਜ਼ਾਰ" ਸਾਂਝੀਆਂ ਕੀਤੀਆਂ। ਕੁਲਵਿੰਦਰ ਖਹਿਰਾ ਨੇ ਉਸ ਦੀਆਂ ਕਵਿਤਾਵਾ ਦੀ ਸਿਫ਼ਤ ਕਰਦਿਆਂ, ਨੌਜਵਾਨ ਕਵੀਆਂ ਨੂੰ ਕਾਫ਼ਲੇ ਦੀਆਂ ਆਉਣ ਵਾਲੀਆਂ ਮੀਟਿੰਗਾਂ ਵਿਚ ਹਾਜ਼ਰ ਹੋਣ ਦੀ ਤਾਕੀਦ ਕੀਤੀ।

ਨਵਤੇਜ ਭਾਰਤੀ, ਸੁਰਿੰਦਰ ਚਾਹਲ, ਡਾ. ਸੁਖਪਾਲ, ਰਸ਼ੀਦ ਨਦੀਮ ਤੇ ਹਜ਼ਰਤ ਸ਼ਾਮ ਨੇ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ। ਵਕਤ ਦੀ ਘਾਟ ਕਰਕੇ ਭੁਪਿੰਦਰ ਦੁੱਲੇ, ਸੁਰਿੰਦਰ ਸ਼ਰਮਾ, ਨਿਰਮਲ ਜਸਵਾਲ, ਪੌਲੀ ਬਰਾੜ, ਸੁਸ਼ਮਾ ਰਾਣੀ ਦੀਆਂ ਕਵਿਤਾਵਾਂ ਅਤੇ ਇਕਬਾਲ ਬਰਾੜ ਦੀ ਗਾਇਕੀ ਸੁਣਨ ਤੋਂ ਵਾਂਝੇ ਰਹਿ ਗਏ। ਇਸ ਮੀਟਿੰਗ ਵਿਚ ਵਰਿਆਮ ਸਿੰਘ ਸੰਧੂ, ਰਜਵੰਤ ਕੌਰ ਸੰਧੂ, ਮਲਵਿੰਦਰ ਸਿੰਘ, ਸੁਰਿੰਦਰ ਖਹਿਰਾ, ਜਸਵਿੰਦਰ ਸੰਧੂ, ਮਨਮੋਹਨ ਸਿੰਘ ਗੁਲਾਟੀ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਹਰਿੰਦਰ ਸਿੱਧੂ, ਨੁਰਿੰਦਰ ਕੌਰ ਭੱਚੂ, ਸੁਰਜੀਤ ਕੌਰ, ਗੁਰਾਂਜਲ ਕੌਰ, ਕਮਲਜੀਤ ਕੌਰ, ਗੁਰਦੇਵ ਚੌਹਾਨ, ਇੰਦਰਦੀਪ ਸਿੰਘ, ਅਜੀਤ ਸਿੰਘ, ਗੁਰਪ੍ਰੀਤ ਬਟਾਲਵੀ, ਸੁੱਚਾ ਸਿੰਘ ਮਾਂਗਟ, ਅੰਮ੍ਰਿਤ ਪ੍ਰਕਾਸ਼ ਸਿੰਘ ਢਿਲੋਂ, ਯਾਨਾ ਬਟੋਆ, ਯਸਪ੍ਰੀਤ ਸਿੰਘ, ਅਜੀਤ ਸਿੰਘ ਲਾਇਲ, ਗਜਿੰਦਰ ਸਿੰਘ, ਕੁਲਜੀਤ ਸਿੰਘ ਜੰਜੂਆ, ਬਲਰਾਜ ਚੀਮਾ, ਪੂਰਨ ਸਿੰਘ ਪਾਂਧੀ, ਮਨਪ੍ਰੀਤ ਸਹੋਤਾ, ਸੁਰਿੰਦਰ ਸਿੰਘ, ਜਸਵੰਤ ਸਿੰਘ ਧਾਲੀਵਾਲ, ਹਰਮਿੰਦਰ ਸਿੰਘ, ਭੁਪਿੰਦਰ, ਨਾਹਰ ਸਿੰਘ ਔਜਲਾ, ਹਰਦੀਪ ਕੌਰ, ਰਮਿੰਦਰ ਕੌਰ, ਵਾਸਦੇਵ ਕੁਰੇਜਾ, ਬਲਕਾਰ ਵਲਟੋਹਾ, ਲਾਲ ਸਿੰਘ ਬੈਂਸ, ਪਰਮਿੰਦਰ, ਸੂਬਾ ਸਿੰਘ, ਬਲਦੇਵ ਦੂਹੜੇ, ਡਾ ਕ੍ਰਿਸ਼ਨ ਚੰਦ, ਹੀਰਾਲਾਲ ਅਗਨੀਹੋਤਰੀ, ਬਰਿੰਦਰ ਚਾਹਲ ਅਤੇ ਹਰਜਸਪਰੀਤ ਗਿੱਲ ਨੇ ਵੀ ਹਾਜ਼ਰੀ ਲਵਾਈ।

ਅਖੀਰ 'ਤੇ ਕਾਫ਼ਲਾ ਸੰਚਾਲਕ ਪਿਆਰਾ ਸਿੰਘ ਕੁਦੋਵਾਲ ਨੇ ਮਹਿਮਾਨਾਂ ਦਾ ਅਤੇ ਵੱਡੀ ਗਿਣਤੀ ਵਿਚ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ।

**-ਰਛਪਾਲ ਕੌਰ ਗਿੱਲ**

## ਸਰਦਾਰ ਤਾਰਾ ਸਿੰਘ ਦੇ ਦੇਹਾਂਤ ਨਾਲ ਹੁੰਜਨ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਇੱਥੋਂ ਦੇ ਹੁੰਜਨ ਪਰਿਵਾਰ ਨੂੰ ਉਸ ਵੇਲੇ ਡੂੰਘਾ ਸਦਮਾ ਲੱਗਾ ਜਦੋਂ ਸਰਦਾਰ ਤਾਰਾ ਸਿੰਘ ਹੁੰਜਨ (89) ਦਾ ਲੰਘੀ 26 ਜੂਨ ਨੂੰ ਅਚਾਨਕ ਦੇਹਾਂਤ ਹੋ ਗਿਆ। ਉਹ ਪੰਜਾਬ ਤੋਂ ਪਿੰਡ ਕਾਉਂਕੇ ਕਲਾਂ (ਜਗਰਾਉਂ), ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਸਨ। ਉਹ ਸਰਦਾਰ ਬਚਨ ਸਿੰਘ ਹੁੰਜਨ ਅਤੇ ਸਰਦਾਰਨੀ ਪਰਮੇਸ਼ਵਰੀ ਦੇਵੀ ਦੇ ਪੁੱਤਰ ਸਨ। ਸਰਦਾਰ ਤਾਰਾ ਸਿੰਘ ਹੁੰਜਨ ਆਪਣੇ ਪਿੱਛੇ ਦੋ ਪੁੱਤਰ, ਦੋ ਨੂੰਹਾਂ, ਇੱਕ ਧੀ, ਇੱਕ ਜਵਾਈ, ਛੇ ਗਰੈਂਡਚਿਲਡਰਨ ਅਤੇ ਤਿੰਨ ਗਰੇਟ ਗਰੈਂਡਚਿਲਡਰਨ ਛੱਡ ਗਏ ਹਨ।



ਉਨ੍ਹਾਂ ਦਾ ਸਸਕਾਰ ਮੰਗਲਵਾਰ, 2 ਜੁਲਾਈ ਨੂੰ ਡੇਵੇਨਪੋਰਟ ਫਿਊਨਰਲ ਹੋਮ ਵਿਖੇ ਹੋਇਆ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹੋਈ।

## ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ

# ਸੁੱਖੀ ਬਾਠ ਵੱਲੋਂ ਸਕੂਲੀ ਬੱਚਿਆਂ ਨੂੰ ਸਾਹਿਤ ਨਾਲ ਜੋੜਨ ਦਾ ਸ਼ਲਾਘਾਯੋਗ ਉਪਰਾਲਾ

ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸੁੱਖੀ ਬਾਠ ਦੇ ਵਡਮੁੱਲੇ ਯਤਨਾਂ ਸਦਕਾ ਬੱਚਿਆਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਲਈ 'ਨਵੀਆਂ ਕਲਮਾਂ ਨਵੀਂ ਉਡਾਣ' ਪ੍ਰੋਜੈਕਟ ਤਹਿਤ 16 ਤੇ 17 ਨਵੰਬਰ, 2024 ਨੂੰ ਮਸਤੂਆਣਾ ਸਾਹਿਬ ਵਿਖੇ ਹੋਣ ਜਾ ਰਹੀ ਦੋ ਰੋਜ਼ਾ ਹੈ, ਜਿਸ ਵਿਚ ਪੰਜਾਬ ਦੇ ਵੱਖ ਵੱਖ ਪ੍ਰਾਂਤਾਂ ਤੋਂ ਇਲਾਵਾ ਲਹਿੰਦੇ ਪੰਜਾਬ ਦੇ ਬੱਚੇ ਵੀ ਸ਼ਾਮਿਲ ਹੋਣਗੇ। ਗੁਰਦਾਸਪੁਰ ਜ਼ਿਲ੍ਹੇ ਦੀ ਪਹਿਲੀ ਕਿਤਾਬ ਲੋਕ ਅਰਪਣ ਹੋ ਚੁੱਕੀ ਹੈ ਤੇ ਦੂਸਰੀ ਦੀ ਤਿਆਰੀ ਪੂਰੇ ਜ਼ੋਰਾਂ 'ਤੇ ਹੈ। ਵੱਖ ਵੱਖ ਸਕੂਲਾਂ ਵਿਚ ਬਾਲ ਲੇਖਕ ਵਰਕਸ਼ਾਪ ਲਗਾ ਕੇ ਬੱਚਿਆਂ ਨੂੰ ਸਾਹਿਤ



ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਦਾ ਪ੍ਰਾਸਪੈਕਟਸ ਸਰਕਾਰੀ ਸੀਨੀਅਰ ਸੈਕਡੰਰੀ ਸਮਾਰਟ ਸਕੂਲ ਧੁੱਪਸੜੀ ਬਟਾਲਾ ਵਿਖੇ ਪ੍ਰਿੰਸੀਪਲ ਕਮ ਬਲਾਕ ਨੋਡਲ ਅਫ਼ਸਰ ਪਰਮਜੀਤ ਕੌਰ, ਸਤਿੰਦਰ ਕਾਹਲੋਂ ਸਟੇਟ ਅਵਾਰਡੀ, ਲੈਕਚਰਾਰ ਵਰਗਿਸ ਸਲਾਮਤ ਮੈਂਬਰ ਪ੍ਰਬੰਧਕੀ ਬੋਰਡ ਪੰਜਾਬੀ ਸਾਹਿਤ ਅਕਾਦਮੀ, ਲੈਕਚਰਾਰ ਬਲਰਾਜ ਸਿੰਘ, ਲੈਕਚਰਾਰ ਜਤਿੰਦਰ ਸਿੰਘ, ਲੈਕਚਰਾਰ ਕੰਸ ਰਾਜ, ਪਵਨ ਕੁਮਾਰ, ਨਰਿੰਦਰ ਪਾਲ, ਗਗਨਦੀਪ ਸਿੰਘ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ।

ਇਸ ਮੌਕੇ ਸਤਿੰਦਰ ਕੌਰ ਕਾਹਲੋਂ ਨੇ ਦੱਸਿਆ ਕਿ ਇਹ ਸਾਹਿਤ ਜਗਤ ਵਿਚ ਪਹਿਲੀ ਬਾਲ ਲੇਖਕ ਕਾਨਫਰੰਸ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਪ੍ਰਿੰਸੀਪਲ ਪਰਮਜੀਤ ਕੌਰ ਨੇ ਕਿਹਾ ਕਿ ਬੱਚਿਆਂ ਅੰਦਰ ਬਹੁਤ ਪ੍ਰਤਿਭਾ ਛੁਪੀ ਹੁੰਦੀ ਹੈ ਬਸ ਉਨ੍ਹਾਂ ਨੂੰ ਗਾਈਡ ਕਰਨ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸੁੱਖੀ ਬਾਠ ਮਹਾਨ ਸ਼ਖਸੀਅਤ ਹਨ ਤੇ ਉਨ੍ਹਾਂ ਦੇ ਇਸ ਕਾਰਜ ਦੀ ਜਿੰਨੀ ਸਲਾਹੁਣਾ ਕੀਤੀ ਜਾਵੇ ਘੱਟ ਹੈ।

ਅਸੀਂ ਇਸ ਕੰਮ ਵਿਚ ਉਨ੍ਹਾਂ ਦੀ ਟੀਮ ਦੇ ਨਾਲ ਹਾਂ। ਅਸੀਂ ਅੱਜ ਕਾਨਫਰੰਸ ਦੇ ਪ੍ਰਾਸਪੈਕਟਸ ਰਿਲੀਜ਼ ਕਰਦਿਆਂ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ। ਇਹ ਕਾਨਫਰੰਸ ਆਪਣੇ ਆਪ ਵਿਚ ਮੀਲ ਪੱਥਰ ਸਾਬਿਤ ਹੋਵੇਗੀ। ਇਸ ਮੌਕੇ ਸਮੂਹ ਸਕੂਲ ਸਟਾਫ਼ ਹਾਜ਼ਰ ਸੀ।

# ਅਮਰੀਕੀ ਆਜ਼ਾਦੀ ਦਿਵਸ ਮਨਾਉਣ ਲਈ ਪੀਸੀਐਸ ਸ਼ਿਕਾਗੋ ਵਲੋਂ ਬਿਲਬੋਰਡ ਡਿਸਪਲੇਅ ਸੈੱਟਅੱਪ

**ਸ਼ਿਕਾਗੋ:** ਪੰਜਾਬੀ ਕਲਚਰਲ ਸੋਸਾਇਟੀ ਆਫ਼ ਸ਼ਿਕਾਗੋ (ਪੀਸੀਐਸ) ਨੇ 4 ਜੁਲਾਈ ਨੂੰ ਅਮਰੀਕਾ ਦੇ ਸੁਤੰਤਰਤਾ ਦਿਵਸ ਨੂੰ ਮਨਾਉਣ ਲਈ ਸ਼ਿਕਾਗੋ ਵਿਚ ਇੱਕ ਬਿਲਬੋਰਡ ਡਿਸਪਲੇਅ ਲਗਾਇਆ। ਇਹ ਅਮਰੀਕੀ ਪਰੰਪਰਾਗਤ ਜਸ਼ਨਾਂ ਵਿਚ ਪੰਜਾਬੀ ਭੀਚਾਰੇ ਦੀ ਸਰਗਰਮ ਭਾਗੀਦਾਰੀ ਹੈ ਜਿਸ ਦਾ ਉਦੇਸ਼ ਪੰਜਾਬੀ ਅਤੇ ਸਿੱਖ ਭਾਈਚਾਰੇ ਨੂੰ ਮੁੱਖ ਧਾਰਾ ਵਿਚ ਲਿਆਉਣਾ ਹੈ ਅਤੇ ਅਮਰੀਕੀ ਸਮਾਜ ਵਿਚ ਸਾਡੇ ਭਾਈਚਾਰੇ ਦੇ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।

ਇਸ ਸਾਲ ਪੀਸੀਐਸ ਵੀ ਭਾਈਚਾਰੇ ਦੀ ਮੌਜੂਦਗੀ ਨੂੰ ਉਜਾਗਰ ਕਰਨ ਲਈ ਇਲੀਨੋਇ ਦੇ ਕੈਰਲ ਸਟ੍ਰੀਮ ਸ਼ਹਿਰ ਵਿਚ 4 ਜੁਲਾਈ ਦੀ ਪਰੇਡ ਵਿਚ ਭਾਗ ਲੈ ਰਿਹਾ ਹੈ। ਪੀ.ਸੀ.ਐਸ. ਪਿਛਲੇ ਕਈ ਸਾਲਾਂ ਤੋਂ ਸ਼ਿਕਾਗੋ ਵਿਚ ਥੈਂਕਸਗਿਵਿੰਗ ਡੇਅ ਪਰੇਡ, ਸ਼ਿਕਾਗੋ ਅਤੇ ਨੇਪਰਵਿਲ ਵਿਚ ਮੈਮੋਰੀਅਲ ਡੇਅ ਪਰੇਡ ਅਤੇ ਸ਼ੌਮਬਰਗ ਵਿਚ ਲੇਬਰ ਡੇਅ ਪਰੇਡ ਵਿਚ ਹਿੱਸਾ ਲੈ ਰਿਹਾ ਹੈ। ਪੀਸੀਐਸ ਦੁਆਰਾ ਲਗਭਗ ਇੱਕ ਹਫ਼ਤੇ ਲਈ ਇਸ ਇਲੈਕਟ੍ਰਾਨਿਕ ਬਿਲਬੋਰਡ ਡਿਸਪਲੇਅ ਲਈ ਇਹ ਲਗਾਤਾਰ ਦੂਜਾ ਸਾਲ ਹੈ। ਜ਼ਿਕਰਯੋਗ ਹੈ ਕਿ ਪੀ.ਸੀ.ਐਸ. ਗੈਰ-ਮੁਨਾਫ਼ਾ ਕਮਿਊਨਿਟੀ ਸੇਵਾ ਸੰਸਥਾ ਹੈ ਜੋ ਪੰਜਾਬੀ ਸੱਭਿਆਚਾਰ, ਪ੍ਰਦਰਸ਼ਨ ਕਲਾ, ਭਾਸ਼ਾ, ਸਿੱਖਿਆ, ਖੇਡਾਂ ਅਤੇ ਚੰਗੀ ਨਾਗਰਿਕਤਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ।


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



**EARLY BIRD SALE!!!!**

*Etihad, Air India, KLM, Lufthansa, Delta, Qatar Airlines.*

**Domestic fares available**





**UMA TRAVELS**

**2541 W. Devon Ave.,
Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**


# Matrimonials

## ਲੜਕੀ ਦੀ ਲੋੜ ਹੈ

Khatri Sikh family residing in USA looking for a compatible Sikh match from USA, Canada or India for their US citizen Turbaned son, 1984 born, 5'10", never married, BS & MS (USA), working as an Engineer in North Carolina. Caste no bar. Serious enquiries only. Please contact us with complete details and picture at WhatsApp +1-630-290-1375 or sanjogmatri27@gmail.com

27-30

Ramgarhia Family seeks a suitable match for their USA Born and Raised 30 year 5'6" Gursikh Boy, PhD. Girl should be Gursikh and educated. Caste no bar. If you are interested please call us at 224-422-4773.

25-28

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com

25-28

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849

24-27

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988

23-26

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

22-25

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.

20-23

Ramgarhia family looking for a suitable match for their USA born Electtrical Engineer boy, 31, 5'11" tall. Gilr should be educated. Please call us at: 586-549-0107 or E-mail: sukhjitusa@att.net.

20-23

## ਲੜਕੇ ਦੀ ਲੋੜ ਹੈ

Jat Sikh family seeks a comparable match from a progressive family for their 32-year-old, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago with her two dogs. Please contact with details at surjitkaur1937@outlook.com or 312-380-2714.

27-30

ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐੱਚ 1 ਵੀਜ਼ਾ ਹੋਲਡਰ ਜਾਂ ਪੋਲੀਟੀਕਲ ਸਟੇਅ ਵਾਲੇ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਵ੍ਹਟਸਐਪ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ। ਨਿਊਯਾਰਕ ਟਾਈਮ ਅਨੁਸਾਰ ਸਵੇਰੇ ਜਾਂ ਸ਼ਾਮ ਨੂੰ ਕਾਲ ਕਰਨ।

27-30

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2", residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

# ਗਾਖ਼ਲ ਗਰੁੱਪ ਤੇ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਵਲੋਂ ਹਾਕੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ

## ਚੇਅਰਮੈਨ ਅਮੋਲਕ ਸਿੰਘ ਗਾਖ਼ਲ ਗੁਰੂਘਰਾਂ ਦੇ ਦਰਸ਼ਨ ਕਰਨ ਤੇ ਇਨਾਮਾਂ ਦੀ ਵੰਡ ਕਰਨ ਵਿਸ਼ੇਸ਼ ਤੌਰ 'ਤੇ ਅਮਰੀਕਾ ਤੋਂ ਪੁੱਜੇ

**ਸਾਨ ਫਰਾਂਸਿਸਕੋ (ਐੱਸ.ਅਸ਼ੋਕ ਭੌਰਾ):** ਗਾਖ਼ਲ ਗਰੁੱਪ ਯੂ.ਐੱਸ.ਏ. ਅਤੇ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਵਲੋਂ ਨਨਕਾਣਾ ਸਾਹਿਬ (ਇੰਟਰਨੈਸ਼ਨਲ ਹਾਕੀ ਸਟੇਡੀਅਮ, ਸ਼ਾਹਕੋਟ) 'ਚ ਸ਼ਾਨਦਾਰ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ 'ਚ ਸਮੁੱਚੇ ਪਾਕਿਸਤਾਨ 'ਚੋਂ ਚੋਟੀ ਦੀਆਂ 16 ਟੀਮਾਂ ਨੇ ਭਾਗ ਲਿਆ। ਪੰਜ ਦਿਨ ਚੱਲੇ ਟੂਰਨਾਮੈਂਟ ਦੌਰਾਨ ਕਾਫ਼ੀ ਖੜਕਾ ਦੜਕਾ ਹੋਇਆ ਅਤੇ ਵੱਡੀ ਗਿਣਤੀ 'ਚ ਰੋਜ਼ਾਨਾ ਪੁੱਜਣ ਵਾਲੇ ਦਰਸ਼ਕਾਂ ਨੇ ਖ਼ੂਬ ਅਨੰਦ ਮਾਣਿਆ। ਫਸਵੇਂ ਮੁਕਾਬਲਿਆਂ 'ਚ ਕਮਰ ਇਕਰਾਮ ਹਾਕੀ ਅਕੈਡਮੀ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕਰ ਕੇ 5 ਲੱਖ ਪਾਕਿਸਤਾਨੀ ਰੁਪਏ ਦੇ ਇਨਾਮ 'ਤੇ ਕਬਜ਼ਾ ਕੀਤਾ ਜਦਕਿ ਦੂਜੇ ਨੰਬਰ 'ਤੇ ਰਹਿਣ ਵਾਲੀ ਪੈਰਾਡਾਈਜ਼ ਹਾਕੀ ਕਲੱਬ ਕਰੀਆਂਵਾਲਾ ਟੀਮ ਨੂੰ 3 ਲੱਖ 50 ਹਜ਼ਾਰ ਪਾਕਿਸਤਾਨੀ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ।

ਕਮਰ ਇਕਰਾਮ ਹਾਕੀ ਅਕੈਡਮੀ ਫ਼ੈਸਲਾਬਾਦ ਦੇ ਖਿਡਾਰੀ ਹਸਨ ਨੂੰ ਮੈਨ ਆਫ਼ ਦਾ ਮੈਚ ਅਤੇ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਦੇ ਖਿਡਾਰੀ ਮੁਹੰਮਦ ਹੁਸੈਨ ਨੂੰ ਮੈਨ ਆਫ਼ ਦਾ ਸਿਰੀਜ਼ ਐਲਾਨਿਆ ਗਿਆ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨ ਗਾਖ਼ਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਵਿਸ਼ੇਸ਼ ਤੌਰ 'ਤੇ ਅਮਰੀਕਾ ਤੋਂ ਪੁੱਜੇ। ਇਸ ਤੋਂ ਪਹਿਲਾਂ ਉਨ੍ਹਾਂ ਨਨਕਾਣਾ ਸਾਹਿਬ, ਪੰਜਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਹੋਰ ਗੁਰੂਘਰਾਂ ਦੇ ਦਰਸ਼ਨ ਵੀ ਕੀਤੇ। ਇਸ ਮੌਕੇ ਚੜ੍ਹਦੇ ਪੰਜਾਬ ਤੋਂ ਸੁਰਜੀਤ ਹਾਕੀ ਸੁਸਾਇਟੀ ਜਲੰਧਰ ਦੇ ਸੀ.ਈ.ਓ. ਸ. ਇਕਬਾਲ ਸਿੰਘ ਸੰਧੂ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਨਾਮਾਂ ਦੀ ਵੰਡ ਕਰਨ ਉਪਰੰਤ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਗਾਖਲ ਗਰੁੱਪ ਤੇ ਗਾਖਲ ਪਰਿਵਾਰ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਇਹ ਟੂਰਨਾਮੈਂਟ ਕਰਵਾਉਣ ਵਿਚ ਸਫਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ 'ਚ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਨੇ ਵੀ ਪਹੁੰਚਣਾ ਸੀ ਪਰ ਰੁਝੇਵਿਆਂ ਕਾਰਨ ਉਹ ਪਹੁੰਚ ਨਹੀਂ ਸਕੇ ਪਰ ਇਸੇ ਸਾਲ ਨਵੰਬਰ 'ਚ ਉਹ ਜ਼ਰੂਰ ਸ਼ਾਮਿਲ ਹੋਣਗੇ। ਸ. ਗਾਖ਼ਲ ਨੇ ਸਮੂਹ ਦਰਸ਼ਕਾਂ, ਖਿਡਾਰੀਆਂ, ਸਹਿਯੋਗੀਆਂ ਅਤੇ ਸਥਾਨਕ ਪ੍ਰਸ਼ਾਸਨ ਦਾ ਸਹਿਯੋਗ ਕਰਨ ਲਈ ਧੰਨਵਾਦ ਵੀ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਨਵੰਬਰ ਮਹੀਨੇ ਫਿਰ ਕਰਵਾਏ ਜਾਣ ਵਾਲੇ ਹਾਕੀ ਟੂਰਨਾਮੈਂਟ 'ਚ ਮਿਲਣ ਦਾ ਵਾਅਦਾ ਕੀਤਾ। ਪ੍ਰਬੰਧਕਾਂ ਵਲੋਂ ਸ. ਅਮੋਲਕ ਸਿੰਘ ਗਾਖਲ ਤੇ ਗਾਖਲ ਪਰਿਵਾਰ ਨੂੰ ਵੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



*ਅਮੋਲਕ ਸਿੰਘ ਗਾਖਲ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਦੇ ਹੋਏ।*



*ਅਮੋਲਕ ਸਿੰਘ ਗਾਖਲ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।*

# ਜ਼ਿਮਨੀ ਚੋਣ: ਜਲੰਧਰ ਵਿਧਾਨ ਸਭਾ ਹਲਕੇ 'ਚ ਸਿਆਸੀ ਸਰਗਰਮੀਆਂ ਸਿਖਰਾਂ ਉਤੇ



### ਮੁੱਖ ਮੰਤਰੀ ਨੂੰ ਲੋਕ ਸਤੌਜ ਛੱਡ ਕੇ ਆਉਣਗੇ: ਬਾਜਵਾ

**ਜਲੰਧਰ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨੇ ਜਲੰਧਰ ਵਿਚ ਜਿਹੜਾ ਕਿਰਾਏ 'ਤੇ ਘਰ ਲਿਆ ਹੈ, ਇਸ ਦੀ ਲੋੜ ਹੀ ਨਹੀਂ ਪੈਣੀ ਕਿਉਂਕਿ ਜਲੰਧਰ ਪੱਛਮੀ ਦੇ ਚੋਣ ਨਤੀਜਿਆਂ ਤੋਂ ਬਾਅਦ ਲੋਕਾਂ ਨੇ ਉਨ੍ਹਾਂ ਨੂੰ ਮੰਜੇ ਸਣੇ ਪਿੰਡ ਸਤੌਜ ਛੱਡ ਕੇ ਆਉਣਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਜਲੰਧਰ ਮਕਾਨ ਲੈਣ ਨਾਲ ਲੋਕਾਂ ਨੂੰ ਸਹੂਲਤ ਦੀ ਥਾਂ ਪ੍ਰੇਸ਼ਾਨੀਆਂ ਵਿਚੋਂ ਲੰਘਣਾ ਪਵੇਗਾ ਕਿਉਂਕਿ ਮੁੱਖ ਮੰਤਰੀ ਦੀ ਸੁਰੱਖਿਆ ਕਾਰਨ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਰੋਕਾਂ ਲੱਗ ਜਾਣਗੀਆਂ। ਉਨ੍ਹਾਂ ਕਿਹਾ ਮੁੱਖ ਮੰਤਰੀ 13-0 ਦਾ ਵੱਡਾ ਦਾਅਵਾ ਕਰਦੇ ਸਨ ਪਰ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ 13 ਤੋਂ ਤਿੰਨ 'ਤੇ ਲਿਆਂਦਾ ਹੈ, ਰਹਿੰਦੀ ਕਸਰ ਜਲੰਧਰ ਦੇ ਲੋਕਾਂ ਨੇ 10 ਜੁਲਾਈ ਨੂੰ ਕੱਢ ਦੇਣੀ ਹੈ।

**ਜਲੰਧਰ:** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿਚ ਸਿਆਸੀ ਸਰਗਰਮੀਆਂ ਸਿਖਰਾਂ ਉਤੇ ਹਨ। ਜ਼ਿਮਨੀ ਚੋਣ ਸਬੰਧੀ ਹਰ ਪਾਰਟੀ ਦੇ ਸਟਾਰ ਪ੍ਰਚਾਰਕ ਲੋਕਾਂ ਵਿਚ ਜਾ ਕੇ ਆਪੋ-ਆਪਣੀਆਂ ਪ੍ਰਾਪਤੀਆਂ ਗਿਣਵਾ ਕੇ ਵੋਟਾਂ ਮੰਗ ਰਹੇ ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਸਾਥੀਆਂ ਨਾਲ ਮਿਲ ਕੇ ਪੱਛਮੀ ਹਲਕੇ ਵਿਚ ਆਪਣੇ ਉਮੀਦਵਾਰ ਮਹਿੰਦਰ ਭਗਤ ਲਈ ਚੋਣ ਪ੍ਰਚਾਰ 'ਚ ਜੁਟੇ ਹੋਏ ਹਨ।

ਮੁੱਖ ਮੰਤਰੀ ਨੇ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਨਾਲ ਡੇਰਾ ਸੱਚਖੰਡ ਬੱਲਾਂ ਵਿਖੇ ਮੱਥਾ ਟੇਕਿਆ ਤੇ ਸੰਤ ਨਿਰੰਜਨ ਦਾਸ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸੇ ਦੌਰਾਨ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਭਗਵਾਨ ਵਾਲਮੀਕਿ ਸਭਾ ਬਸਤੀਆਂ ਦੇ ਕਈ ਮੈਂਬਰ ਤੇ ਅਹੁਦੇਦਾਰ 'ਆਪ' ਵਿਚ ਸ਼ਾਮਲ ਹੋ ਗਏ। ਜਲੰਧਰ ਉੱਤਰੀ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਸੁਭਾਸ਼ ਸੋਂਧੀ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਸਮੀ ਤੌਰ 'ਤੇ ਸਾਰੇ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕਰ ਕੇ ਉਨ੍ਹਾਂ ਦਾ ਸਵਾਗਤ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਜਲੰਧਰ ਵਿਚ ਆਮ ਆਦਮੀ ਪਾਰਟੀ ਬਹੁਤ ਮਜ਼ਬੂਤ ਹੈ। ਸਾਡੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਲਗਾਤਾਰ 'ਆਪ' ਨਾਲ ਜੁੜ ਰਹੇ ਹਨ ਅਤੇ ਸਾਡੀ ਹਮਾਇਤ ਕਰ ਰਹੇ ਹਨ। ਜ਼ਿਮਨੀ ਚੋਣ ਵਿਚ 'ਆਪ' ਉਮੀਦਵਾਰ ਮੋਹਿੰਦਰ ਭਗਤ ਨੂੰ ਹਰ ਵਰਗ ਦੀ ਹਮਾਇਤ ਮਿਲ ਰਹੀ ਹੈ, ਕਿਉਂਕਿ ਸਾਡਾ ਉਮੀਦਵਾਰ ਬਹੁਤ ਪੜ੍ਹਿਆ-ਲਿਖਿਆ, ਯੋਗ ਅਤੇ ਇਮਾਨਦਾਰ ਹੈ। ਉਨ੍ਹਾਂ ਦੀਆਂ ਦੋ ਪੀੜ੍ਹੀਆਂ ਨੇ ਜਲੰਧਰ ਦੇ ਲੋਕਾਂ ਦੀ ਸੇਵਾ ਕੀਤੀ ਹੈ। ਮੈਨੂੰ ਭਰੋਸਾ ਹੈ ਕਿ ਸਾਡੇ ਉਮੀਦਵਾਰ ਇਹ ਚੋਣ ਵੱਡੇ ਫਰਕ ਨਾਲ ਜਿੱਤਣਗੇ।

# ਗੋਲਡੀ ਬਰਾੜ ਤੇ ਸਾਥੀ ਦੀ ਗ੍ਰਿਫ਼ਤਾਰੀ 'ਤੇ 10-10 ਲੱਖ ਦਾ ਇਨਾਮ ਐਲਾਨਿਆ



**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ) ਨੇ 'ਫਿਰੌਤੀ ਅਤੇ ਗੋਲੀਬਾਰੀ' ਮਾਮਲੇ ਵਿਚ ਲੋੜੀਂਦੇ ਕੈਨੇਡਾ 'ਚ ਰਹਿ ਰਹੇ ਅਤਿਵਾਦੀ ਗੋਲਡੀ ਬਰਾੜ ਤੇ ਇਕ ਹੋਰ ਮੁਲਜ਼ਮ ਦੀ ਗ੍ਰਿਫ਼ਤਾਰੀ ਵਿਚ ਮਦਦ ਕਰਨ ਵਾਲੀ ਸੂਚਨਾ ਸਾਂਝੀ ਕਰਨ ਵਾਲੇ ਵਿਅਕਤੀਆਂ ਨੂੰ 10-10 ਲੱਖ ਰੁਪਏ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ।

ਜਾਂਚ ਏਜੰਸੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵੇਂ ਮੁਲਜ਼ਮ ਇਸ ਸਾਲ 8 ਮਾਰਚ ਨੂੰ ਫਿਰੌਤੀ ਲਈ ਇਕ ਕਾਰੋਬਾਰੀ ਦੇ ਘਰ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਲੋੜੀਂਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਦੇ ਆਦੇਸ਼ ਨਗਰ ਨਿਵਾਸੀ ਸ਼ਮਸ਼ੇਰ ਸਿੰਘ ਦੇ ਪੁੱਤਰ ਸਤਵਿੰਦਰ ਸਿੰਘ ਉਰਫ ਗੋਲਡੀ ਬਰਾੜ ਅਤੇ ਪੰਜਾਬ ਦੇ ਹੀ ਰਾਜਪੁਰਾ ਸਥਿਤ ਬਾਬਾ ਦੀਪ ਸਿੰਘ ਕਲੋਨੀ ਨਿਵਾਸੀ ਸੁਖਜਿੰਦਰ ਸਿੰਘ ਦੇ ਪੁੱਤਰ ਗੁਰਪ੍ਰੀਤ ਸਿੰਘ ਉਰਫ ਗੋਲਡੀ ਢਿੱਲੋਂ ਉਰਫ ਗੋਲਡੀ ਰਾਜਪੁਰਾ ਖ਼ਿਲਾਫ਼ ਆਈ.ਪੀ.ਸੀ, ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਬਿਆਨ ਵਿਚ ਕਿਹਾ ਗਿਆ ਹੈ, "ਐਨ.ਆਈ.ਏ. ਨੇ ਚੰਡੀਗੜ੍ਹ ਵਿਚ ਫਿਰੌਤੀ ਅਤੇ ਇਕ ਕਾਰੋਬਾਰੀ ਦੇ ਘਰ 'ਤੇ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਲੋੜੀਂਦੇ ਅਤਿਵਾਦੀ ਗੋਲਡੀ ਬਰਾੜ ਤੇ ਇਕ ਹੋਰ ਗੈਂਗਸਟਰ ਦੀ ਗ੍ਰਿਫਤਾਰੀ ਉਤੇ ਨਕਦ ਇਨਾਮ ਦਾ ਐਲਾਨ ਕੀਤਾ ਹੈ।" ਏਜੰਸੀ ਨੇ ਦੋਵਾਂ 'ਚੋਂ ਕਿਸੇ ਦੀ ਵੀ ਗ੍ਰਿਫਤਾਰੀ ਲਈ ਅਹਿਮ ਜਾਣਕਾਰੀ ਦੇਣ ਲਈ 10-10 ਲੱਖ ਰੁਪਏ ਦੇ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਸਬੰਧੀ ਸੂਚਨਾ ਐਨ.ਆਈ.ਏ. ਹੈੱਡਕੁਆਰਟਰ ਦੇ ਫੋਨ ਨੰਬਰ, ਈਮੇਲ, ਵਟਸਐਪ ਜਾਂ ਟੈਲੀਗ੍ਰਾਮ ਐਪ ਰਾਹੀਂ ਦਿੱਤੀ ਜਾ ਸਕਦੀ ਹੈ।

# ਜਲੰਧਰ ਜ਼ਿਮਨੀ ਚੋਣ: ਕਾਂਗਰਸ ਵੀ ਖੁੱਲ੍ਹ ਕੇ ਮੈਦਾਨ ਵਿਚ ਨਿੱਤਰੀ

**ਜਲੰਧਰ:** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਕਾਂਗਰਸ ਦਾ ਚੋਣ ਪ੍ਰਚਾਰ ਉਦੋਂ ਸਿਖਰਾਂ 'ਤੇ ਪੁੱਜ ਗਿਆ, ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਨਵੇਂ ਬਣੇ ਐਮ.ਪੀ. ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਜਲੰਧਰ ਤੋਂ ਕਾਂਗਰਸ ਦੇ ਐਮ.ਪੀ. ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਅਨੇਕਾਂ ਹੋਰ ਕਾਂਗਰਸੀ ਆਗੂਆਂ ਨੇ ਚੋਣ ਰੈਲੀ 'ਚ ਹਾਜ਼ਰੀ ਲਵਾਈ।

ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿਚ ਕੀਤੇ ਇੱਕਠ ਦੌਰਾਨ ਕਾਂਗਰਸ ਨੇ ਜਿਹੜੇ ਪੈਲੇਸ 'ਚ ਸਮਾਗਮ ਕੀਤਾ ਸੀ, ਉਸ 'ਚ ਵੀ ਥਾਂ ਥੋੜ੍ਹੀ ਪੈ ਗਈ। ਇਸ ਸਮਾਗਮ 'ਚ ਵੱਡੀ ਗਿਣਤੀ ਔਰਤਾਂ ਨੇ ਆਪਣੀ ਹਾਜ਼ਰੀ ਲਵਾਈ। ਏਨੇ ਵੱਡੇ ਇੱਕਠ ਨੂੰ ਦੇਖ ਕੇ ਕਾਂਗਰਸ ਦੇ ਤਿੰਨੋਂ ਆਗੂ ਰਾਜਾ ਵੜਿੰਗ, ਬਾਜਵਾ ਅਤੇ ਚੰਨੀ ਬਾਗੋਬਾਗ ਹੋ ਗਏ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਇੱਕਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਜਲੰਧਰ ਪੱਛਮੀ ਸੀਟ ਕਾਂਗਰਸ ਨੇ ਜਿੱਤ ਲਈ ਹੈ ਹੁਣ ਸਿਰਫ 13 ਜੁਲਾਈ ਨੂੰ ਐਲਾਨ ਹੋਣਾ ਬਾਕੀ ਹੈ।

ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਨੇ ਪਾਰਟੀ ਦੀ ਉਮੀਦਵਾਰ ਸੁਰਿੰਦਰ ਕੌਰ ਦੇ ਹੱਕ ਵਿਚ ਕੀਤੀ ਇਸ ਚੋਣ ਰੈਲੀ ਦੌਰਾਨ ਭਾਜਪਾ ਤੇ 'ਆਪ' ਨੂੰ ਬੁਰੀ ਤਰ੍ਹਾਂ ਨਾਲ ਹਰਾਉਣ ਦਾ ਸੱਦਾ ਦਿੱਤਾ। ਰਾਜਾ ਵੜਿੰਗ ਨੇ 'ਆਪ' ਅਤੇ ਭਾਜਪਾ 'ਤੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ 'ਆਪ' ਦੀ ਢਾਈ ਸਾਲ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਸਾਬਕਾ ਮੁੱਖ ਮੰਤਰੀ ਤੇ ਨਵੇਂ ਬਣੇ ਐਮ.ਪੀ. ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਬੀਬੀ ਸੁਰਿੰਦਰ ਕੌਰ ਦੀ ਜਿੱਤ ਇਕ ਨਵਾਂ ਰਿਕਾਰਡ ਸਥਾਪਿਤ ਕਰੇਗੀ।



ਉਨ੍ਹਾਂ ਕਾਂਗਰਸੀ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਆਪੋ-ਆਪਣਾ ਬੂਥ ਸੰਭਾਲਣ। ਕਾਂਗਰਸ ਪਾਰਟੀ ਦੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੀ ਵਰਕਰਾਂ ਤੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਇਸ ਜ਼ਿਮਨੀ ਚੋਣ ਲਈ ਆਪੋ-ਆਪਣੇ ਵਾਰਡਾਂ ਵਿਚ ਪ੍ਰਚਾਰ ਕਰਨ ਅਤੇ ਲੋਕਾਂ ਨੂੰ ਕਾਂਗਰਸ ਦੀਆਂ ਨੀਤੀਆਂ ਤੋਂ ਜਾਣੂ ਕਰਵਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ। ਭਾਜਪਾ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਬਾਰੇ ਟਿੱਪਣੀ ਕਰਦਿਆ ਸ੍ਰੀ ਬਾਜਵਾ ਨੇ ਕਿਹਾ ਕਿ ਭਾਜਪਾ ਨੂੰ ਉਮੀਦਵਾਰ ਨਹੀਂ ਲੱਭਿਆ ਤਾਂ ਉਨ੍ਹਾਂ ਨੇ 'ਆਪ' ਦਾ ਵਿਧਾਇਕ ਪਾਰਟੀ 'ਚ ਸ਼ਾਮਲ ਕਰਵਾ ਲਿਆ।

ਉਧਰ 'ਆਪ' ਨੂੰ ਉਮੀਦਵਾਰ ਨਹੀਂ ਲੱਭਿਆ ਤੇ ਉਨ੍ਹਾਂ ਨੇ ਭਾਜਪਾ ਆਗੂ ਮਹਿੰਦਰ ਭਗਤ ਨੂੰ ਨਾਲ ਰਲਾ ਲਿਆ। ਅਕਾਲੀ ਦਲ ਨੇ ਆਪਣਾ ਉਮੀਦਵਾਰ ਹੀ ਛੱਡ ਕੇ ਨਵਾਂ ਇਤਿਹਾਸ ਰਚ ਦਿੱਤਾ ਹੈ।

# ਮਾਨ ਸਰਕਾਰ ਨੇ ਦੋ ਹਜ਼ਾਰ ਕਰੋੜ ਦਾ ਹੋਰ ਕਰਜ਼ਾ ਚੁੱਕਣ ਦੀ ਤਿਆਰੀ ਵਿੱਢੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲਿੰਕ ਸੜਕਾਂ ਦੀ ਮੁਰੰਮਤ ਲਈ ਨਬਾਰਡ ਤੋਂ ਤਕਰੀਬਨ ਦੋ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਤਿਆਰੀ ਵਿੱਢ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਪੇਂਡੂ ਵਿਕਾਸ ਫ਼ੰਡ ਰੋਕੇ ਜਾਣ ਮਗਰੋਂ ਪੰਜਾਬ ਸਰਕਾਰ ਨੇ ਲਿੰਕ ਸੜਕਾਂ ਦੀ ਮੁਰੰਮਤ ਖ਼ਾਤਰ ਨਵਾਂ ਕਰਜ਼ਾ ਲੈਣ ਦਾ ਫ਼ੈਸਲਾ ਕੀਤਾ ਹੈ।

ਲੋਕ ਸਭਾ ਚੋਣਾਂ ਵਿਚ ਲਿੰਕ ਸੜਕਾਂ ਦੀ ਖਸਤਾ ਹਾਲਤ ਦਾ ਮੁੱਦਾ ਉੱਭਰਿਆ ਸੀ। ਪੰਜਾਬ ਮੰਡੀ ਬੋਰਡ ਵੱਲੋਂ 14 ਜੂਨ ਨੂੰ ਨਵੀਂ ਤਜਵੀਜ਼ ਤਿਆਰ ਕੀਤੀ ਹੈ, ਜਿਸ ਨੂੰ ਪ੍ਰਵਾਨਗੀ ਲਈ ਮੁੱਖ ਮੰਤਰੀ ਕੋਲ ਭੇਜਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਪਿਛਲੇ ਵਰ੍ਹੇ 3 ਜੁਲਾਈ ਨੂੰ ਨਬਾਰਡ ਤੋਂ ਕਰੀਬ 200 ਕਰੋੜ ਰੁਪਏ ਦਾ ਕਰਜ਼ਾ ਲੈਣ ਨੂੰ ਹਰੀ ਝੰਡੀ ਦਿੱਤੀ ਸੀ। ਪੰਜਾਬ ਮੰਡੀ ਬੋਰਡ ਵੱਲੋਂ ਹੁਣ ਨਬਾਰਡ ਤੋਂ 1800 ਕਰੋੜ ਦਾ ਹੋਰ ਕਰਜ਼ਾ ਲੈਣ ਲਈ ਤਿਆਰੀ ਵਿੱਢੀ ਗਈ ਹੈ ਕਿਉਂਕਿ ਸੂਬੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਠੱਪ ਪਿਆ ਹੈ।

ਪੰਜਾਬ ਵਿਚ ਹਰ ਛੇ ਵਰ੍ਹਿਆਂ ਮਗਰੋਂ ਸੜਕਾਂ ਦੀ ਮੁਰੰਮਤ ਹੁੰਦੀ ਹੈ ਪਰ ਸੂਬੇ ਵਿਚ ਤਿੰਨ ਵਰ੍ਹਿਆਂ ਤੋਂ ਮੁਰੰਮਤ ਦਾ ਕੰਮ ਨਹੀਂ ਹੋਇਆ। ਪੰਜਾਬ ਸਰਕਾਰ ਨੇ ਸੜਕੀ ਮੁਰੰਮਤ ਵਾਸਤੇ ਕੇਂਦਰ ਸਰਕਾਰ ਤੋਂ ਦਿਹਾਤੀ ਵਿਕਾਸ ਫ਼ੰਡ ਰਿਲੀਜ਼ ਹੋਣ ਦੀ ਆਸ ਲਾਈ ਹੋਈ ਸੀ। ਪੰਜਾਬ ਸਰਕਾਰ ਨੇ ਫ਼ੰਡ ਰਿਲੀਜ਼ ਕਰਵਾਉਣ ਖ਼ਾਤਰ ਸੁਪਰੀਮ ਕੋਰਟ ਦਾ ਰੁਖ਼ ਵੀ ਕੀਤਾ ਹੈ।

ਪੰਜਾਬ ਵਿਚ ਇਸ ਵੇਲੇ 30,237 ਲਿੰਕ ਸੜਕਾਂ ਹਨ, ਜਿਨ੍ਹਾਂ ਦੀ 64,878 ਕਿਲੋਮੀਟਰ ਲੰਬਾਈ ਬਣਦੀ ਹੈ। ਵਰ੍ਹਾ 2022-23, 2023-24 ਅਤੇ ਵਰ੍ਹਾ 2024-25 ਦੀਆਂ ਕਰੀਬ 8105 ਲਿੰਕ ਸੜਕਾਂ ਦੀ ਮੁਰੰਮਤ ਬਾਕੀ ਹੈ, ਜਿਨ੍ਹਾਂ ਦੀ 17,406 ਕਿਲੋਮੀਟਰ ਲੰਬਾਈ ਬਣਦੀ ਹੈ। ਇਨ੍ਹਾਂ ਸੜਕਾਂ ਦੀ ਮੁਰੰਮਤ ਲਈ 2892 ਕਰੋੜ ਦੇ ਫ਼ੰਡਾਂ ਦੀ ਲੋੜ ਹੈ।

ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਮਾਰਕਿਟ ਫ਼ੀਸ ਤਿੰਨ ਫ਼ੀਸਦੀ ਤੋਂ ਘਟਾ ਕੇ ਦੋ ਫ਼ੀਸਦੀ ਕਰ ਦਿੱਤੀ ਹੈ, ਜਿਸ ਕਰਕੇ ਪੰਜਾਬ ਮੰਡੀ ਬੋਰਡ ਦੀ ਵਿੱਤੀ ਸਥਿਤੀ ਕਾਫ਼ੀ ਖ਼ਸਤਾ ਹੋ ਗਈ ਹੈ।

ਪੰਜਾਬ ਮੰਡੀ ਬੋਰਡ ਦੇ ਸਾਬਕਾ ਅਧਿਕਾਰੀ ਕੁਲਬੀਰ ਸਿੰਘ ਮੱਤਾ ਦਾ ਕਹਿਣਾ ਹੈ ਕਿ ਕੇਂਦਰੀ ਫ਼ੰਡ ਰੋਕੇ ਜਾਣ ਕਰਕੇ ਲਿੰਕ ਸੜਕਾਂ ਦੀ ਮੁਰੰਮਤ ਕਾਫ਼ੀ ਪਛੜ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਫ਼ੰਡ ਰੋਕੇ ਜਾਣ ਦਾ ਖ਼ਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

# ਕੈਨੇਡਾ ਵਿਚ ਲਾਪਤਾ ਹੋਏ ਨੌਜਵਾਨ ਦੀ ਲਾਸ਼ ਮਿਲੀ

**ਗੁਰੂਸਰ ਸੁਧਾਰ:** ਪੜ੍ਹਾਈ ਲਈ ਕੈਨੇਡਾ ਗਏ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਅੱਬੂਵਾਲ ਵਾਸੀ ਚਰਨਦੀਪ ਸਿੰਘ (22) ਦੀ ਲਾਸ਼ ਨਿਆਗਰਾਫਾਲ ਵਿਚੋਂ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਨੌਜਵਾਨ ਪਿਛਲੇ ਵੀਰਵਾਰ ਤੋਂ ਲਾਪਤਾ ਸੀ। ਕੈਨੇਡਾ ਦੀ ਪੁਲਿਸ ਨੇ ਇਸ ਮਾਮਲੇ ਬਾਰੇ ਇਹ ਖ਼ੁਲਾਸਾ ਕੀਤਾ ਹੈ ਕਿ ਚਰਨਜੀਤ ਸਿੰਘ ਨੇ ਨਿਆਗਰਾਫਾਲ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ।

ਚਰਨਦੀਪ ਸਿੰਘ ਬੀਤੀ 20 ਜੂਨ ਨੂੰ ਸਵੇਰੇ ਆਪਣੇ ਦੋਸਤਾਂ ਨਾਲ ਨਿਆਗਰਾਫਾਲ ਕੰਮ 'ਤੇ ਜਾਣ ਬਾਰੇ ਆਖ ਕੇ ਚਲਾ ਗਿਆ ਸੀ। ਉਸ ਦਿਨ ਤੋਂ ਬਾਅਦ ਉਸ ਦਾ ਫੋਨ ਬੰਦ ਆ ਰਿਹਾ ਸੀ। ਨਾ ਹੀ ਉਸ ਬਾਰੇ ਕੁਝ ਪਤਾ ਲੱਗਿਆ।

ਕੈਨੇਡਾ ਪੁਲਿਸ ਦੇ ਅਧਿਕਾਰੀ ਡਸਟਿਨ ਬਲਾਸਨ ਨੇ ਚਰਨਦੀਪ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਕੈਨੇਡੀਅਨ ਨਾਗਰਿਕ ਸੁਖਵਿੰਦਰ ਸਿੰਘ ਨੂੰ ਇਸ ਘਟਨਾ ਬਾਰੇ ਸੂਚਨਾ ਦਿੱਤੀ ਹੈ। ਪੁਲਿਸ ਅਧਿਕਾਰੀ ਅਨੁਸਾਰ ਨਿਆਗਰਾਫਾਲ ਨੇੜਲੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਦੌਰਾਨ ਚਰਨਦੀਪ ਸਿੰਘ ਆਪਣਾ ਫੋਨ ਰੱਖ ਕੇ ਨਿਆਗਰਾਫਾਲ ਵਿਚ ਛਾਲ ਮਾਰਦਾ ਦਿਖਾਈ ਦਿੱਤਾ ਸੀ।

ਉਨ੍ਹਾਂ ਦੱਸਿਆ ਕਿ ਪਿਛਲੇ ਦੋ ਹਫ਼ਤਿਆਂ ਦੌਰਾਨ ਖ਼ਰਾਬ ਹਾਲਤ ਵਿਚ ਅੱਧੀ ਦਰਜਨ ਲਾਸ਼ਾਂ ਮਿਲੀਆਂ ਹਨ, ਜਿਨ੍ਹਾਂ ਦੀ ਪਛਾਣ ਮੁਸ਼ਕਲ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਚਰਨਦੀਪ ਦੇ ਨਾਲ ਕਿਰਾਏ ਉਤੇ ਰਹਿੰਦੇ ਚਾਰ ਦੋਸਤਾਂ ਨੇ ਲਾਸ਼ ਦੀ ਪਛਾਣ ਕਰ ਲਈ ਹੈ ਪਰ ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਸਾਰੀਆਂ ਲਾਸ਼ਾਂ ਦਾ ਡੀ.ਐਨ.ਏ. ਟੈਸਟ ਕਰਾਉਣ ਤੋਂ ਬਾਅਦ ਹੀ ਲਾਸ਼ਾਂ ਵਾਰਸਾਂ ਹਵਾਲੇ ਕੀਤੀਆਂ ਜਾਣਗੀਆਂ।

ਚਰਨਜੀਤ ਸਿੰਘ ਦੀ ਮਾਤਾ ਬਿੰਦਰ ਕੌਰ ਨੇ ਦੋਸ਼ ਲਾਇਆ ਕਿ ਚਰਨਦੀਪ ਸਿੰਘ ਆਪਣੇ ਦੋਸਤਾਂ ਤੋਂ ਪ੍ਰੇਸ਼ਾਨ ਸੀ। ਚਰਨਦੀਪ ਨੇ ਇਸ ਬਾਰੇ ਫੋਨ 'ਤੇ ਵੀ ਦੱਸਿਆ ਸੀ। ਉਨ੍ਹਾਂ ਸਚਾਈ ਸਾਹਮਣੇ ਲਿਆਉਣ ਦੀ ਮੰਗ ਕੀਤੀ ਹੈ। ਕਿਸਾਨ ਜ਼ੋਰਾ ਸਿੰਘ ਦਾ ਪੁੱਤਰ 10 ਮਹੀਨੇ ਪਹਿਲਾਂ ਹੀ ਨਿਆਗਰਾ ਕਾਲਜ ਵਿਚ ਪੜ੍ਹਾਈ ਲਈ ਗਿਆ ਸੀ।

# ਕਕਾਰਾਂ ਦਾ ਮਾਮਲਾ: ਸਿੱਖ ਵਫ਼ਦ ਵੱਲੋਂ ਸ੍ਰੀ ਗੰਗਾਨਗਰ ਦੇ ਡੀ.ਸੀ. ਨਾਲ ਮੁਲਾਕਾਤ



**ਅੰਮ੍ਰਿਤਸਰ:** ਜੋਧਪੁਰ ਵਿਚ ਪਿਛਲੇ ਦਿਨੀਂ ਹੋਈ ਜੁਡੀਸ਼ਲ ਸੇਵਾਵਾਂ ਦੀ ਮੁਕਾਬਲਾ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਕਿਰਪਾਨ ਪਹਿਨ ਕੇ ਪ੍ਰੀਖਿਆ ਕੇਂਦਰ ਅੰਦਰ ਜਾਣ ਤੋਂ ਰੋਕਣ ਦੇ ਮਾਮਲੇ ਵਿਚ ਰਾਜਸਥਾਨ ਦਾ ਸਿੱਖ ਵਫ਼ਦ ਸ੍ਰੀ ਗੰਗਾਨਗਰ ਦੇ ਡਿਪਟੀ ਕਮਿਸ਼ਨਰ ਨੂੰ ਮਿਲਿਆ।

ਦੱਸਣਯੋਗ ਹੈ ਇਸ ਪ੍ਰੀਖਿਆ ਦੌਰਾਨ ਗੁਰਸਿੱਖ ਲੜਕੀ ਅਤੇ ਹੋਰ ਸਿੱਖ ਬੱਚਿਆਂ ਨੂੰ ਕਿਰਪਾਨ ਪਹਿਨ ਕੇ ਪ੍ਰੀਖਿਆ ਕੇਂਦਰ ਵਿਚ ਜਾਣ ਤੋਂ ਰੋਕਿਆ ਗਿਆ ਸੀ। ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਰਾਜਸਥਾਨ ਵਿਚ ਧਰਮ ਪ੍ਰਚਾਰ ਲਹਿਰ ਲਈ ਸਰਗਰਮ ਆਗੂ ਤੇਜਿੰਦਰ ਪਾਲ ਸਿੰਘ ਟਿੰਮਾ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਨੇ ਸ੍ਰੀ ਗੰਗਾਨਗਰ ਦੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰ ਕੇ ਰੋਸ ਪ੍ਰਗਟ ਕੀਤਾ ਹੈ।

ਸਿੱਖ ਆਗੂਆਂ ਨੇ ਇਸ ਮੌਕੇ ਕਿਹਾ ਕਿ ਸਰਕਾਰ ਨੂੰ ਸੰਵਿਧਾਨ ਤਹਿਤ ਸਿੱਖਾਂ ਨੂੰ ਮਿਲੇ ਅਧਿਕਾਰਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਰਾਜਸਥਾਨ ਦੀ ਭਾਜਪਾ ਸਰਕਾਰ ਸਿੱਖਾਂ ਦੀ ਧਾਰਮਿਕ ਆਜ਼ਾਦੀ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਸਬੰਧੀ ਸਿੱਖ ਜਥੇਬੰਦੀਆਂ ਨੇ ਰੋਸ ਪ੍ਰਦਰਸ਼ਨ ਵੀ ਕੀਤਾ।

ਇਸੇ ਤਰ੍ਹਾਂ ਬਾਰ ਐਸੋਸੀਏਸ਼ਨ ਨੇ ਵੀ ਆਪਣਾ ਕੰਮਕਾਜ ਠੱਪ ਕਰ ਕੇ ਸ੍ਰੀ ਗੰਗਾਨਗਰ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਰੋਸ ਪ੍ਰਗਟ ਕੀਤਾ। ਇਸ ਮੌਕੇ ਤੇਜਿੰਦਰ ਪਾਲ ਸਿੰਘ ਟਿੰਮਾ ਤੋਂ ਇਲਾਵਾ ਵਿਜੈ ਚਾਵਲਾ ਪ੍ਰਧਾਨ ਬਾਰ ਐਸੋਸੀਏਸ਼ਨ, ਐਡਵੋਕੇਟ ਲਖਬੀਰ ਸਿੰਘ ਮਾਨ, ਹਿੰਮਤ ਸਿੰਘ ਜੁਨੇਜਾ, ਉਮਾ ਸ਼ੰਕਰ ਵਰਮਾ, ਬਲਕਰਨ ਸਿੰਘ ਬਰਾੜ, ਪਵਨਪ੍ਰੀਤ ਸਿੰਘ ਭਾਟੀਆ, ਅਰਵਿੰਦਰ ਸਿੰਘ ਗਿੱਲ, ਅਮਨ ਪ੍ਰਕਾਸ਼ ਸਮੇਤ ਬਾਰ ਐਸੋਸੀਏਸ਼ਨ ਤੋਂ ਸਤਵਿੰਦਰ ਸਿੰਘ ਚਾਹਲ, ਗੁਰਸ਼ਰਨ ਸਿੰਘ, ਇਕਬਾਲ ਸਿੰਘ ਹਾਜ਼ਰ ਸਨ।

## ਸੜਕ ਹਾਦਸੇ ਵਿਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਤਲਵੰਡੀ ਭਾਈ:** ਕੈਨੇਡਾ ਦੇ ਸਰੀ 'ਚ ਵਾਪਰੇ ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ ਹੋ ਗਈ। ਮ੍ਰਿਤਕਾਂ 'ਚੋਂ ਇਕ ਨੌਜਵਾਨ ਮੋਗਾ ਜ਼ਿਲ੍ਹੇ ਦੇ ਪਿੰਡ ਕਾਹਨ ਸਿੰਘ ਵਾਲਾ ਤੇ ਦੂਜਾ ਤਲਵੰਡੀ ਭਾਈ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਚਰਨਪ੍ਰੀਤ ਸਿੰਘ (25) ਵਾਸੀ ਪਿੰਡ ਕਾਹਨ ਸਿੰਘ ਵਾਲਾ ਕਰੀਬ 10 ਮਹੀਨੇ ਪਹਿਲਾਂ ਪੜ੍ਹਾਈ ਕਰਨ ਕੈਨੇਡਾ ਗਿਆ ਸੀ। ਸਰੀ 'ਚ ਉਹ ਆਪਣੇ ਸਾਥੀ ਵਿਦਿਆਰਥੀ ਸੰਜੀਵ ਕੁਮਾਰ ਸਚਦੇਵਾ ਪੁੱਤਰ ਸੀਬਾ ਅਰੋੜਾ ਨਾਲ ਕਿਸੇ ਕੰਮ ਜਾ ਰਿਹਾ ਸੀ ਤਾਂ ਉਹ ਕਿਸੇ ਵਾਹਨ ਦੀ ਲਪੇਟ 'ਚ ਆ ਗਏ। ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ। ਹਾਦਸੇ 'ਚ ਉਨ੍ਹਾਂ ਦੇ ਦੋ ਹੋਰ ਸਾਥੀ ਗੰਭੀਰ ਜ਼ਖ਼ਮੀ ਹੋ ਗਏ। ਸੰਜੀਵ ਕੁਮਾਰ ਤਿੰਨ ਮਹੀਨੇ ਪਹਿਲਾਂ ਪੜ੍ਹਾਈ ਲਈ ਕੈਨੇਡਾ ਗਿਆ ਸੀ। ਸੰਜੀਵ ਕੁਮਾਰ ਦੀ ਮੌਤ 'ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸਤਪਾਲ ਸਿੰਘ, ਨਗਰ ਕੌਂਸਲ ਪ੍ਰਧਾਨ ਤਰਸੇਮ ਸਿੰਘ ਮੱਲਾ ਆਦਿ ਨੇ ਦੁੱਖ ਦਾ ਇਜ਼ਹਾਰ ਕੀਤਾ।

# ਪਰਾਲੀ ਦੇ ਹੱਲ ਲਈ 500 ਕਰੋੜ ਦੀ ਯੋਜਨਾ ਉਲੀਕੀ



**ਚੰਡੀਗੜ੍ਹ:** ਪੰਜਾਬ ਵਿਚ ਫ਼ਸਲੀ ਰਹਿੰਦ-ਖੂੰਹਦ ਸਾੜਨ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਨਾਲ ਰੋਕਣ ਲਈ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਦੀ ਵਾਢੀ ਦੇ ਸੀਜ਼ਨ-2024 ਦੌਰਾਨ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਮਸ਼ੀਨਰੀ ਅਤੇ ਹੋਰ ਉਪਾਅ ਪ੍ਰਦਾਨ ਕਰਨ ਲਈ 500 ਕਰੋੜ ਰੁਪਏ ਦੀ ਕਾਰਜ ਯੋਜਨਾ ਬਣਾਈ ਗਈ ਹੈ।

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਵਿਭਾਗ ਨੂੰ ਸਾਉਣੀ ਸੀਜ਼ਨ-2024 ਦੌਰਾਨ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ) ਮਸ਼ੀਨਾਂ 'ਤੇ ਸਬਸਿਡੀ ਪ੍ਰਾਪਤ ਕਰਨ ਦੇ ਇੱਛੁਕ ਕਿਸਾਨਾਂ, ਸਹਿਕਾਰੀ ਸੁਸਾਇਟੀਆਂ, ਐਫ.ਪੀ.ਓਜ਼. ਅਤੇ ਪੰਚਾਇਤਾਂ ਵੱਲੋਂ 21,511 ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਕਿਸਾਨਾਂ ਨੇ 63,697 ਮਸ਼ੀਨਾਂ ਲਈ ਅਰਜ਼ੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਵਿਅਕਤੀਗਤ ਤੌਰ 'ਤੇ ਸੀ.ਆਰ.ਐਮ. ਮਸ਼ੀਨਰੀ 'ਤੇ 50 ਫ਼ੀਸਦ ਸਬਸਿਡੀ ਲੈ ਸਕਦੇ ਹਨ। ਇਸ ਯੋਜਨਾ ਮੁਤਾਬਕ ਸਹਿਕਾਰੀ ਸੁਸਾਇਟੀਆਂ, ਐਫ.ਪੀ.ਓਜ਼. ਅਤੇ ਪੰਚਾਇਤਾਂ 80 ਫ਼ੀਸਦੀ ਸਬਸਿਡੀ ਲੈ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਫ਼ਸਲੀ ਰਹਿੰਦ-ਖੂੰਹਦ ਦੇ ਖੇਤਾਂ ਵਿਚ ਨਿਪਟਾਰੇ ਲਈ ਸੁਪਰ ਐਸ.ਐਮ.ਐਸ, ਸੁਪਰ ਸੀਡਰ, ਸਰਫੇਸ ਸੀਡਰ, ਸਮਾਰਟ ਸੀਡਰ, ਹੈਪੀ ਸੀਡਰ, ਪੈਡੀ ਸਟਾਰਅ ਚੌਪਰ, ਸ਼ਰੈਡਰ, ਮਲਚਰ, ਹਾਈਡਰੋਲਿਕ ਰੀਵਰਸੀਬਲ ਮੋਲਡ ਬੋਰਡ ਪਲੋਅ ਤੇ ਜ਼ੀਰੋ ਟਿੱਲ ਡਰਿਲ ਅਤੇ ਖੇਤਾਂ ਤੋਂ ਬਾਹਰ (ਐਕਸ-ਸੀਟੂ) ਨਿਪਟਾਰੇ ਲਈ ਬੇਲਰ ਅਤੇ ਰੇਕ ਮਸ਼ੀਨਰੀਆਂ ਸਬਸਿਡੀ 'ਤੇ ਉਪਲਬਧ ਕਰਾਈਆਂ ਜਾ ਰਹੀਆਂ ਹਨ।

## ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੀ ਮੰਗ ਨੇ ਜ਼ੋਰ ਫੜਿਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੇਂਦਰ ਸਰਕਾਰ ਕੋਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ। ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਨੇ ਕਿਹਾ ਕਿ ਪਿਛਲੇ 13 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ। ਇਹ ਚੋਣ ਸਿੱਖ ਕੌਮ ਦਾ ਹੱਕ ਹੈ, ਜਿਸ ਤੋਂ ਉਨ੍ਹਾਂ ਨੂੰ ਵਾਂਝਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸੰਸਦ ਮੈਂਬਰ ਕੰਗਨਾ ਰਣੌਤ ਦੇ ਪੰਜਾਬੀਆਂ ਨੂੰ ਥੱਪੜ ਮਾਰਨ ਦੇ ਬਿਆਨ ਅਤੇ ਦਰਬਾਰ ਸਾਹਿਬ ਵਿਖੇ ਯੋਗ ਕਰਨ ਆਈ ਮਹਿਲਾ 'ਤੇ ਵੀ ਤਿੱਖਾ ਪ੍ਰਤੀਕਰਮ ਦਿੱਤਾ ਹੈ।

ਇਸ ਮੌਕੇ ਈਮਾਨ ਸਿੰਘ ਮਾਨ ਨੇ ਸੂਬਾ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ 'ਆਪ' ਸਰਕਾਰ ਝੂਠ ਬੋਲ ਕੇ ਸੱਤਾ ਵਿਚ ਆਈ ਹੈ। ਇਸ ਮੌਕੇ ਬਾਬਾ ਲਹਿਣਾ ਸਿੰਘ ਨੇ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਸ ਨੂੰ ਸਹੁੰ ਨਾ ਚੁਕਵਾਉਣ ਦਾ ਮਾਮਲਾ ਸਮੁੱਚੀਆਂ ਪਾਰਟੀਆਂ ਨੂੰ ਇਕਜੁੱਟ ਹੋ ਕੇ ਉਭਾਰਨਾ ਚਾਹੀਦਾ ਹੈ।

# ਕਰਤਾਰਪੁਰ ਸਾਹਿਬ 'ਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ



**ਲਾਹੌਰ:** ਸਿੱਖ ਸਾਮਰਾਜ ਦੇ ਪਹਿਲੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਕਰਤਾਰਪੁਰ ਸਾਹਿਬ 'ਚ ਸਥਾਪਤ ਕੀਤੇ ਗਏ ਬੁੱਤ ਤੋਂ 450 ਤੋਂ ਵੱਧ ਭਾਰਤੀ ਸਿੱਖਾਂ ਦੀ ਹਾਜ਼ਰੀ ਵਿਚ ਪਰਦਾ ਹਟਾਇਆ ਗਿਆ। ਪਾਕਿਸਤਾਨ ਤੇ ਭਾਰਤ ਦੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਮਹਾਰਾਜਾ ਦੇ ਬੁੱਤ ਦੇ ਸਾਹਮਣੇ ਤਸਵੀਰਾਂ ਖਿਚਵਾਈਆਂ।

ਪੰਜਾਬ ਦੇ ਪਹਿਲੇ ਸਿੱਖ ਮੰਤਰੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਬੁੱਤ ਦਾ ਉਦਘਾਟਨ ਕੀਤਾ। ਅਰੋੜਾ ਨੇ ਦੱਸਿਆ, 'ਅਸੀਂ ਸਥਾਨਕ ਲੋਕਾਂ ਤੇ ਭਾਰਤੀ ਸਿੱਖਾਂ ਦੀ ਹਾਜ਼ਰੀ ਵਿਚ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ 'ਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਹੈ।' ਪੀ.ਐਮ.ਐਲ-ਐੱਨ ਦੇ 44 ਸਾਲਾ ਆਗੂ ਨੇ ਕਿਹਾ ਕਿ ਮੁੜ ਸਥਾਪਤ ਬੁੱਤ ਮੁੱਖ ਤੌਰ 'ਤੇ ਕਰਤਾਰਪੁਰ ਸਾਹਿਬ 'ਚ ਰੱਖਿਆ ਗਿਆ ਹੈ ਤਾਂ ਜੋ ਗਲਿਆਰੇ ਰਾਹੀਂ ਸਰਹੱਦ ਪਾਰੋਂ ਇੱਥੇ ਆਉਣ ਵਾਲੇ ਭਾਰਤੀ ਸਿੱਖ ਵੀ ਇਸ ਨੂੰ ਦੇਖ ਸਕਣ।

ਉਨ੍ਹਾਂ ਕਿਹਾ ਕਿ ਇਸ ਬੁੱਤ ਲਈ ਬਿਹਤਰ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਜ਼ਿਕਰਯੋਗ ਹੈ ਕਿ ਮਹਾਰਾਜਾ ਸਿੰਘ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਿਛਲੇ ਹਫ਼ਤੇ ਭਾਰਤ ਤੋਂ ਇੱਥੇ ਪੁੱਜਿਆ 455 ਸਿੱਖਾਂ ਦਾ ਜਥਾ ਵੀ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਇਆ। ਮਹਾਰਾਜਾ ਦਾ ਨੌਂ ਫੁੱਟ ਉੱਚਾ ਬੁੱਤ ਪਹਿਲਾਂ 2019 ਵਿਚ ਲਾਹੌਰ ਕਿਲੇ ਨੇੜੇ ਉਨ੍ਹਾਂ ਦੀ ਸਮਾਧ 'ਤੇ ਸਥਾਪਤ ਕੀਤਾ ਗਿਆ ਸੀ ਜਿਸ ਨੂੰ ਤਹਿਰੀਕ-ਏ-ਲਬਾਇਕ ਪਾਕਿਸਤਾਨ ਦੇ ਕਾਰਕੁਨਾਂ ਨੇ ਦੋ ਵਾਰ ਨੁਕਸਾਨ ਪਹੁੰਚਾਇਆ ਸੀ।

## ਭਾਰਤ ਤੇ ਸੀ.ਆਈ.ਐਸ. ਦੇਸ਼ਾਂ ਵਿਚਾਲੇ ਜ਼ਮੀਨੀ ਰਾਹ ਖੋਲ੍ਹਣ ਦੀ ਵਕਾਲਤ

**ਨਵੀਂ ਦਿੱਲੀ:** ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਖੇਤੀ ਵਪਾਰ ਨੂੰ ਵਧਾਉਣ ਲਈ ਭਾਰਤ ਅਤੇ ਕਾਮਨਵੈਲਥ ਆਫ ਇੰਡੀਪੈਂਡੈਂਟ ਸਟੇਟਜ਼ (ਸੀ.ਆਈ.ਐਸ.) ਦੇਸ਼ਾਂ ਦਰਮਿਆਨ ਜ਼ਮੀਨੀ ਰਸਤੇ ਖੋਲ੍ਹਣ ਦੀ ਵਕਾਲਤ ਕੀਤੀ ਹੈ। ਡਾ. ਸਾਹਨੀ ਮਾਸਕੋ ਵਿਚ ਖ਼ੁਰਾਕ ਸੁਰੱਖਿਆ ਅਤੇ ਟਿਕਾਊ ਖੇਤੀ ਵਿਕਾਸ ਬਾਰੇ ਬ੍ਰਿਕਸ ਰੂਸ ਕਾਨਫਰੰਸ ਵਿਚ ਬੋਲ ਰਹੇ ਸਨ। ਉਨ੍ਹਾਂ ਦੁਹਰਾਇਆ ਕਿ ਭਾਰਤ, ਅਫ਼ਗਾਨਿਸਤਾਨ ਅਤੇ ਵੱਖ-ਵੱਖ ਸੀ.ਆਈ.ਐਸ. ਦੇਸ਼ਾਂ ਜਿਵੇਂ ਉਜ਼ਬੇਕਿਸਤਾਨ, ਕਜ਼ਾਕਿਸਤਾਨ ਆਦਿ ਦਰਮਿਆਨ ਵਪਾਰਕ ਮੌਕਿਆਂ ਦਾ ਲਾਭ ਉਠਾਉਣ ਲਈ ਜ਼ਮੀਨੀ ਮਾਰਗ ਨੂੰ ਖੋਲ੍ਹਣਾ ਲਾਜ਼ਮੀ ਹੈ। ਜ਼ਿਕਰਯੋਗ ਹੈ ਕਿ ਜ਼ਮੀਨੀ ਰਸਤਾ ਲਾਜ਼ਮੀ ਤੌਰ 'ਤੇ ਵਾਹਗਾ ਏਕੀਕ੍ਰਿਤ ਚੈੱਕ ਪੋਸਟ ਪਿਛਲੇ ਸਮੇਂ ਤੋਂ ਬੰਦ ਹੈ। ਡਾ. ਸਾਹਨੀ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਹੈ ਅਤੇ 'ਫਾਰਮ ਟੂ ਫੋਰਕ' ਦੇ ਲਾਭ ਕਿਸਾਨਾਂ ਤੱਕ ਨਹੀਂ ਪਹੁੰਚ ਰਹੇ। ਉਨ੍ਹਾਂ ਨੇ ਵੱਖ-ਵੱਖ ਬ੍ਰਿਕਸ ਦੇਸ਼ਾਂ ਵਿਚ ਸਹਿਕਾਰੀ ਅਤੇ ਕਿਸਾਨ ਉਤਪਾਦਕ ਸੰਗਠਨਾਂ (ਐਫ.ਪੀ.ਓ.) ਦੀ ਲੋੜ ਦੀ ਵਕਾਲਤ ਕੀਤੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰ ਕੋਲ ਪਹੁੰਚਿਆ ਵਿਦੇਸ਼ਾਂ 'ਚ ਫਸੇ ਪੰਜਾਬੀ ਨੌਜਵਾਨਾਂ ਦਾ ਮੁੱਦਾ

**ਜਲੰਧਰ:** ਵਿਦੇਸ਼ਾਂ ਵਿਚ ਫਸੇ ਭਾਰਤੀਆਂ ਨੂੰ ਬਚਾਉਣ ਲਈ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵਿਦੇਸ਼ ਮੰਤਰੀ ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਸੰਸਦ ਦੇ ਚੱਲ ਰਹੇ ਸੈਸ਼ਨ ਦੌਰਾਨ ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਵੱਖ-ਵੱਖ ਦੇਸ਼ਾਂ ਵਿਚ ਫਸੇ ਪੰਜਾਬੀਆਂ ਦੀ ਸਲਾਮਤੀ ਬਾਰੇ ਪੱਤਰ ਸੌਂਪੇ। ਸੰਤ ਸੀਚੇਵਾਲ ਨੇ ਦੱਸਿਆ ਕਿ ਵਿਦੇਸ਼ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਵਿਦੇਸ਼ ਮੰਤਰਾਲਾ ਇਨ੍ਹਾਂ ਭਾਰਤੀਆਂ ਨੂੰ ਉਥੋਂ ਸੁਰੱਖਿਅਤ ਕੱਢਣ ਲਈ ਯਤਨਸ਼ੀਲ ਹੈ ਤੇ ਯੋਗ ਕਾਰਵਾਈ ਕਰ ਰਿਹਾ ਹੈ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਟਰੈਵਲ ਏਜੰਟਾਂ ਦੇ ਹੱਥੇ ਚੜ੍ਹ ਕੇ ਕਈ ਨੌਜਵਾਨ ਵਿਦੇਸ਼ਾਂ ਵਿਚ ਫਸੇ ਹੋਏ ਹਨ। ਉਨ੍ਹਾਂ ਦੱਸਿਆ ਕਿ ਵਿਦੇਸ਼ ਮੰਤਰੀ ਨੂੰ ਜਿਹੜੇ ਪੱਤਰ ਦਿੱਤੇ, ਉਨ੍ਹਾਂ ਵਿਚ ਆਰਮੀਨੀਆ ਦੀ ਜੇਲ੍ਹ ਵਿਚ ਫਸੇ 12 ਭਾਰਤੀਆਂ ਬਾਰੇ ਸੀ ਜਿਸ ਵਿਚ ਬਹੁਤੇ ਪੰਜਾਬੀ ਮੁੰਡੇ ਹਨ। ਇਸੇ ਤਰ੍ਹਾਂ ਰੂਸ ਦੀ ਫੌਜ ਵਿਚ ਜਬਰੀ ਭਰਤੀ ਕੀਤੇ ਨੌਜਵਾਨਾਂ ਬਾਰੇ ਵੀ ਦੱਸਿਆ। ਇਨ੍ਹਾਂ ਨੌਜਵਾਨਾਂ ਵਿਚੋਂ ਦੋ ਜਣਿਆਂ ਦੇ ਮਾਪਿਆਂ ਨੇ ਉਨ੍ਹਾਂ ਤੱਕ ਪਹੁੰਚ ਕੀਤੀ ਸੀ।

ਕੁਵੈਤ ਵਿਚ ਜਰਮਨਜੀਤ ਸਿੰਘ ਨਾਂਅ ਦਾ ਨੌਜਵਾਨ ਦਾ ਮਾਮਲਾ ਵੀ ਵਿਦੇਸ਼ ਮੰਤਰੀ ਕੋਲ ਉਠਾਇਆ ਜਿਹੜਾ ਲੰਮੇ ਸਮੇਂ ਤੋਂ ਜੇਲ੍ਹ ਵਿਚ ਬੰਦ ਹੈ ਜਦਕਿ ਉਸ ਦੀ ਬਲੱਡ ਮਨੀ ਦਾ ਭੁਗਤਾਨ ਵੀ ਕੀਤਾ ਜਾ ਚੁੱਕਾ ਹੈ। ਦੁਬਈ ਦੀ ਜੇਲ੍ਹ ਵਿਚ ਫਸੇ 17 ਪੰਜਾਬੀ ਮੁੰਡਿਆਂ ਦਾ ਮਾਮਲਾ ਵੀ ਬੜਾ ਗੰਭੀਰ ਹੈ। ਪਿਛਲੇ ਡੇਢ ਸਾਲ ਤੋਂ ਇਨ੍ਹਾਂ ਨੌਜਵਾਨਾਂ ਦੇ ਮਾਪੇ ਆਪਣੇ ਬੱਚਿਆਂ ਨੂੰ ਜੇਲ੍ਹ ਵਿਚੋਂ ਕਢਵਾਉਣ ਦੀ ਚਾਰਾਜੋਈ ਕਰ ਰਹੇ ਹਨ।

## ਗਿਆਨੀ ਹਰਪ੍ਰੀਤ ਸਿੰਘ ਅਕਾਲੀ ਦਲ ਦੀ ਅਗਵਾਈ ਲਈ ਤਿਆਰ!

*(ਪਹਿਲੇ ਸਫੇ ਦੀ ਬਾਕੀ)*

ਅਜੇ ਤੱਕ ਕਿਸੇ ਵੀ ਅਕਾਲੀ ਧੜੇ ਨੇ ਉਨ੍ਹਾਂ ਤੱਕ ਪਹੁੰਚ ਨਹੀਂ ਕੀਤੀ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਉਹ ਧੜਿਆਂ ਦੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੁੰਦੇ ਹਨ ਪਰ ਸੰਕਟ ਦੇ ਹੱਲ ਲਈ ਹਰ ਵਕਤ ਤਿਆਰ ਹਨ।

## ਸੰਸਦ 'ਚ ਗੂੰਜਿਆ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖਲ ਦਾ ਮੁੱਦਾ

**ਨਵੀਂ ਦਿੱਲੀ:** ਲੋਕ ਸਭਾ ਹਲਕਾ ਬਠਿੰਡਾ ਤੋਂ ਸ਼੍ਰੋਮਣੀ ਆਕਾਲੀ ਦਲ ਦੀ ਸੰਸਦ ਮੈਂਬਰ ਹਰਸਮਿਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮੁੱਦੇ ਸੁਲਝਾਉਣ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਾ ਦੇਣ ਦੀ ਮੰਗ ਕੀਤੀ। ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਮਤੇ ਉਤੇ ਚਰਚਾ ਵਿਚ ਹਿੱਸਾ ਲੈਂਦਿਆਂ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਕਿਸਾਨਾਂ ਨੇ ਅੰਦੋਲਨ ਕੀਤਾ ਅਤੇ ਕਈ ਕਿਸਾਨ ਮਾਰੇ ਵੀ ਗਏ, ਪਰ ਸਰਕਾਰ ਨੇ ਉਨ੍ਹਾਂ ਦੀ ਗੱਲ ਤੱਕ ਨਹੀਂ ਸੁਣੀ। ਇਸ ਦੌਰਾਨ ਉਨ੍ਹਾਂ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਦਾ ਹੱਲ ਕਰਨ ਲਈ ਵੀ ਅਪੀਲ ਕੀਤੀ। ਉਨ੍ਹਾਂ ਬੋਲਦਿਆਂ ਕਿਹਾ ਕਿ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਕਾਂਗਰਸ ਪਾਰਟੀ ਉਤੇ ਨਿਸ਼ਾਨ ਸੇਧਦਿਆਂ ਕਿਹਾ ਕਿ ਇਸ ਪਾਰਟੀ ਨੇ ਵੀ ਸਿੱਖਾਂ ਦਾ ਕਤਲੇਆਮ ਕੀਤਾ ਹੈ।

## ਅੰਮ੍ਰਿਤਪਾਲ ਸਿੰਘ ਦੀ ਸਹੁੰ ਲਈ ਪੈਰੋਲ ਬਾਰੇ ਅਰਜ਼ੀ ਸਪੀਕਰ ਨੂੰ ਭੇਜੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਦੇਣ ਸਬੰਧੀ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਰਜ਼ੀ ਭੇਜੀ ਹੈ। ਅੰਮ੍ਰਿਤਪਾਲ ਸਿੰਘ ਇਸ ਵੇਲੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐਨ.ਐਸ.ਏ. ਤਹਿਤ ਨਜ਼ਰਬੰਦ ਹੈ। ਸਾਬਕਾ ਸੰਸਦ ਮੈਂਬਰ ਅਤੇ ਅੰਮ੍ਰਿਤਪਾਲ ਸਿੰਘ ਦੇ ਬੁਲਾਰੇ ਰਾਜਦੇਵ ਸਿੰਘ ਖਾਲਸਾ ਨੇ ਕਿਹਾ ਕਿ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟਰੇਟ ਨੂੰ ਪੈਰੋਲ ਦੇਣ ਲਈ ਅਰਜ਼ੀ ਭੇਜੀ ਗਈ ਸੀ ਕਿਉਂਕਿ ਅੰਮ੍ਰਿਤਸਰ ਵਿਚ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਖਾਲਸਾ ਨੇ ਕਿਹਾ ਕਿ ਡੀ.ਐਮ. ਨੇ ਅਰਜ਼ੀ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਭੇਜ ਦਿੱਤੀ, ਜਿਨ੍ਹਾਂ ਨੇ ਇਸ ਨੂੰ ਲੋਕ ਸਭਾ ਸਪੀਕਰ ਨੂੰ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਕ ਚੁਣੇ ਹੋਏ ਸੰਸਦ ਮੈਂਬਰ ਕੋਲ ਸਹੁੰ ਚੁੱਕਣ ਲਈ 60 ਦਿਨ ਹੁੰਦੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਲੋਕ ਸਭਾ ਸਪੀਕਰ ਨੇ ਅਰਜ਼ੀ ਉਤੇ ਕੋਈ ਕਾਰਵਾਈ ਨਹੀਂ ਕੀਤੀ ਹੈ।

## ਲੰਡਨ ਦੇ ਬਾਜ਼ਾਰਾਂ 'ਚ ਵਿਕੇਗੀ ਪੰਜਾਬ ਦੀ ਲੀਚੀ

**ਅੰਮ੍ਰਿਤਸਰ:** ਪੰਜਾਬ ਵਿਚ ਪੈਦਾ ਹੋਈ ਲੀਚੀ ਪਹਿਲੀ ਵਾਰ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਦੇਸ਼ ਤੋਂ ਬਾਹਰ ਲੰਡਨ ਦੀ ਮੰਡੀ ਵਿਚ ਭੇਜੀ ਗਈ ਹੈ। ਇਹ ਉਪਰਾਲਾ ਪੰਜਾਬ ਦੇ ਬਾਗਬਾਨੀ ਵਿਭਾਗ ਦੀ ਮਦਦ ਨਾਲ ਕੀਤਾ ਗਿਆ ਹੈ। ਪੰਜਾਬ ਦੀ ਇਹ ਫਸਲ ਲੰਡਨ ਵਿਚ ਪੰਜ ਗੁਣਾ ਵੱਧ ਮੁੱਲ 'ਤੇ ਵਿੱਕ ਰਹੀ ਹੈ। ਪਹਿਲੀ ਵਾਰ 10 ਕੁਇੰਟਲ ਲੀਚੀ ਦੀ ਖੇਪ ਭੇਜੀ ਗਈ ਹੈ। ਇਸ ਮੌਕੇ ਬਾਗਬਾਨੀ ਵਿਭਾਗ ਦੀ ਡਾਇਰੈਕਟਰ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਆਪਣੇ ਬਾਗਬਾਨਾਂ ਦੀ ਆਮਦਨ ਵਧਾਉਣ ਲਈ ਯਤਨਸ਼ੀਲ ਹੈ ਅਤੇ ਬਾਗਬਾਨੀ ਮੰਤਰੀ ਦੀ ਪਹਿਲਕਦਮੀ ਸਦਕਾ ਇਹ ਸੰਭਵ ਹੋਇਆ ਹੈ।

## ਆਸਟਰੇਲੀਆ ਤੋਂ ਪਰਤ ਰਹੀ ਪੰਜਾਬਣ ਦੀ ਜਹਾਜ਼ ਵਿਚ ਹੀ ਮੌਤ

**ਮੈਲਬਰਨ:** ਕੁਆਂਟਾਸ ਦੀ ਉਡਾਣ ਵਿਚ ਮੈਲਬਰਨ ਤੋਂ ਨਵੀਂ ਦਿੱਲੀ ਆ ਰਹੀ 24 ਸਾਲਾ ਲੜਕੀ ਦੀ ਮੌਤ ਹੋ ਗਈ ਜੋ ਤਪਦਿਕ ਨਾਲ ਪੀੜਤ ਸੀ। ਮ੍ਰਿਤਕਾ ਦੀ ਪਛਾਣ ਮਨਪ੍ਰੀਤ ਕੌਰ ਵਜੋਂ ਹੋਈ ਹੈ ਜੋ ਸ਼ੈੱਫ ਬਣਨਾ ਚਾਹੁੰਦੀ ਸੀ। ਉਹ 20 ਜੂਨ ਨੂੰ ਮੈਲਬਰਨ ਤੋਂ ਦਿੱਲੀ ਜਾਣ ਲਈ ਜਹਾਜ਼ 'ਤੇ ਸਵਾਰ ਹੋਈ। ਇਹ ਜਾਣਕਾਰੀ ਮਿਲੀ ਹੈ ਕਿ ਉਹ ਹਵਾਈ ਅੱਡੇ 'ਤੇ ਪਹੁੰਚਣ ਤੋਂ ਬਾਅਦ ਠੀਕ ਮਹਿਸੂਸ ਨਹੀਂ ਕਰ ਰਹੀ ਸੀ ਤੇ ਜਹਾਜ਼ ਵਿਚ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਦਾ ਕਾਰਨ ਵੀ ਟਿਊਬਰਕਲੋਸਿਸ ਨੂੰ ਹੀ ਮੰਨਿਆ ਜਾ ਰਿਹਾ ਹੈ। ਉਸ ਦੇ ਇਕ ਦੋਸਤ ਅਨੁਸਾਰ ਮਨਪ੍ਰੀਤ ਕੌਰ ਮਾਰਚ 2020 ਵਿਚ ਆਸਟਰੇਲੀਆ ਜਾਣ ਤੋਂ ਬਾਅਦ ਪਹਿਲੀ ਵਾਰ ਆਪਣੇ ਮਾਪਿਆਂ ਨੂੰ ਮਿਲਣ ਭਾਰਤ ਜਾ ਰਹੀ ਸੀ। ਉਸ ਨੇ ਦੱਸਿਆ ਕਿ ਜਦੋਂ ਉਹ ਆਪਣੀ ਸੀਟ ਬੈਲਟ ਬੰਨ੍ਹਣ ਗਈ ਤਾਂ ਮਨਪ੍ਰੀਤ ਕੌਰ ਫਰਸ਼ 'ਤੇ ਡਿੱਗ ਪਈ ਅਤੇ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

## ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਦੇ ਚਾਹਵਾਨਾਂ ਤੋਂ ਪਾਸਪੋਰਟ ਮੰਗੇ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਨਵੰਬਰ ਵਿਚ ਭੇਜਿਆ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਰਧਾਲੂ ਨੂੰ ਆਪਣੇ ਪਾਸਪੋਰਟ 10 ਅਗਸਤ ਤੱਕ ਜਮ੍ਹਾਂ ਕਰਵਾਉਣ ਵਾਸਤੇ ਕਿਹਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨ ਵਾਸਤੇ ਜਾਣਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸ਼ਿਫਾਰਸ ਸਹਿਤ 10 ਅਗਸਤ ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਚ ਯਾਤਰਾ ਵਿਭਾਗ ਵਿਚ ਭੇਜ ਦੇਣ।

## ਅਕਾਲੀ ਦਲ ਦਾ ਰੱਫੜ ਵਧਿਆ

*(ਪਹਿਲੇ ਸਫੇ ਦੀ ਬਾਕੀ)*

2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦਾ ਹੈ ਜਿਸ ਵਿਚ ਉਸ ਵੇਲੇ ਦੀ ਅਕਾਲੀ ਸਰਕਾਰ ਤੇ ਬਤੌਰ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਂ ਸਿਰ ਸਹੀ ਜਾਂਚ ਕਰਵਾਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣ ਵਿਚ ਅਸਫਲ ਰਹੇ। ਤੀਜਾ ਮਾਮਲਾ ਡੇਰਾ ਸਿਰਸਾ ਦੇ ਮੁਖੀ ਨੂੰ ਬਿਨਾ ਮੰਗਿਆਂ ਮਾਫੀ ਦੇਣ ਸਬੰਧੀ ਹੈ। ਚੌਥਾ ਮਾਮਲਾ ਸੁਮੇਧ ਸੈਣੀ ਨੂੰ ਪੰਜਾਬ ਪੁਲਿਸ ਦਾ ਮੁਖੀ ਬਣਾਉਣ ਅਤੇ ਅਤਿਵਾਦ ਵੇਲੇ ਪੰਜਾਬ 'ਚ ਹੋਏ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਜਾਂਚ ਕਮਿਸ਼ਨ ਨਾ ਬਣਾਉਣ ਸਬੰਧੀ ਹੈ।

ਇਸ ਤੋਂ ਪਹਿਲਾਂ ਵੀ ਸੁਖਬੀਰ ਸਿੰਘ ਬਾਦਲ ਸਮੇਤ ਸੀਨੀਅਰ ਲੀਡਰਸ਼ਿਪ ਨੇ ਬੀਤੇ ਵਿਚ ਆਪਣੀ ਗਲਤੀਆਂ ਲਈ ਮੁਆਫੀ ਮੰਗੀ ਸੀ ਅਤੇ ਦਰਬਾਰ ਸਾਹਿਬ ਵਿਚ ਸੇਵਾ ਵੀ ਕੀਤੀ ਸੀ ਪਰ ਉਦੋਂ ਦੋਸ਼ ਲੱਗੇ ਸਨ ਕਿ ਅਕਾਲ ਤਖਤ ਉਤੇ ਪੇਸ਼ ਹੋ ਕੇ ਵਿਧੀ-ਵਿਧਾਨ ਮੁਤਾਬਕ ਮੁਆਫੀ ਮੰਗਣੀ ਚੀਹੀਦੀ ਸੀ। ਹੁਣ ਬਾਗੀਆਂ ਦੇ ਧੜੇ ਨੇ ਅਕਾਲ ਤਖਤ ਉਤੇ ਪੇਸ਼ ਹੋ ਕੇ ਆਪਣੀਆਂ ਗਲਤੀਆਂ ਕਬੂਲਣ ਅਤੇ ਮੁਆਫੀ ਮੰਗਣ ਪਿੱਛੋਂ ਸੁਖਬੀਰ ਬਾਦਲ ਲਈ ਹਾਲਾਤ ਹੋਰ ਔਖੇ ਬਣ ਸਕਦੇ ਹਨ। ਅਕਾਲੀ ਦਲ ਵਿਚ ਹੁਣ ਹਾਲਾਤ ਇਹ ਹਨ ਕਿ ਇਕ ਪਾਸੇ ਸੁਖਬੀਰ ਸਿੰਘ ਬਾਦਲ ਨਿੱਤ ਮੀਟਿੰਗਾਂ ਕਰ-ਕਰ ਆਪਣੇ ਹੱਕ ਵਿਚ ਹੱਥ ਖੜ੍ਹੇ ਕਰਵਾ ਰਹੇ ਹਨ ਅਤੇ ਦੂਜੇ ਪਾਸੇ ਬਾਗੀ ਧੜੇ ਵੱਲੋਂ ਪਾਰਟੀ ਪ੍ਰਧਾਨ ਨੂੰ ਅਹੁਦੇ ਤੋਂ ਲਾਂਭੇ ਕਰਨ ਲਈ ਸਰਗਰਮੀਆਂ ਵਧਾਈਆਂ ਹੋਈਆਂ ਹਨ।

ਬਾਗੀ ਧੜੇ ਦੇ ਇਸ ਪੈਂਤੜੇ ਨੇ ਸੁਖਬੀਰ ਧੜੇ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਹੱਦੋਂ ਵੱਧ ਮਾੜੇ ਪ੍ਰਦਰਸ਼ਨ ਤੋਂ ਬਾਅਦ ਜਦੋਂ ਲੀਡਰਸ਼ਿਪ ਨੇ ਸਮੀਖਿਆ ਕਰਨੀ ਸ਼ੁਰੂ ਕੀਤੀ ਤਾਂ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਅੰਦਰੋਂ ਬਗ਼ਾਵਤੀ ਸੁਰਾਂ ਦਾ ਸਾਹਮਣਾ ਕਰਨਾ ਪੈ ਗਿਆ।

ਦਰਅਸਲ, 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਾਰਟੀ ਅੰਦਰ ਇਹ ਮੰਥਨ ਸ਼ੁਰੂ ਹੋਇਆ ਸੀ। ਅਕਾਲੀ ਆਗੂ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਬਣਾਈ ਕਮੇਟੀ ਨੇ ਪਾਰਟੀ ਦੇ ਜਨ ਆਧਾਰ ਵਿਚ ਆ ਰਹੀ ਕਮੀ ਦੀ ਨਿਸ਼ਾਨਦੇਹੀ ਅਤੇ ਇਸ ਨੂੰ ਠੱਲ੍ਹ ਪਾਉਣ ਲਈ ਸਿਫਾਰਸ਼ਾਂ ਦੇਣ ਵਾਸਤੇ ਪਾਰਟੀ ਦੇ ਜ਼ਮੀਨੀ ਪੱਧਰ ਦੇ ਆਗੂਆਂ ਅਤੇ ਕਾਰਕੁਨਾਂ ਨਾਲ ਵਿਚਾਰ ਚਰਚਾ ਕਰ ਕੇ ਰਿਪੋਰਟ ਤਿਆਰ ਕੀਤੀ ਸੀ ਪਰ ਪਾਰਟੀ ਲੀਡਰਸ਼ਿਪ ਇਸ ਦਿਸ਼ਾ ਵਿਚ ਕੋਈ ਠੋਸ ਕਦਮ ਪੁੱਟਣ ਵਿਚ ਨਾਕਾਮ ਰਹੀ ਹੈ। ਪਾਰਟੀ ਦੇ ਸੀਨੀਅਰ ਆਗੂਆਂ ਅੰਦਰ ਹੁਣ ਇਸ ਨਿਘਾਰ ਨੂੰ ਲੈ ਕੇ ਚਿੰਤਾਵਾਂ ਦੀਆਂ ਰੇਖਾਵਾਂ ਗੂੜ੍ਹੀਆਂ ਹੋ ਰਹੀਆਂ ਹਨ।

2017 ਵਿਚ ਸੱਤਾ ਤੋਂ ਬਾਹਰ ਹੋਣ ਤੋਂ ਲੈ ਕੇ ਹੁਣ ਤੱਕ ਅਕਾਲੀ ਦਲ ਨੂੰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਅਤੇ ਪਾਰਟੀ 'ਤੇ ਬਾਦਲ ਪਰਿਵਾਰ ਦੇ ਕਬਜ਼ੇ ਉਤੇ ਬਗ਼ਾਵਤ ਦਾ ਸਾਹਮਣਾ ਕਰਨਾ ਪਿਆ ਹੈ। ਪਾਰਟੀ ਦੇ ਮੂਲ ਸਮਰਥਕ ਇਸ ਤੋਂ ਦੂਰ ਹੋ ਰਹੇ ਹਨ, ਪੁਰਾਣੇ ਆਗੂ ਚਿਤਾਵਨੀਆਂ ਦੇ ਰਹੇ ਹਨ ਕਿ ਪਾਰਟੀ ਨੂੰ ਲੋਕਾਂ ਦਾ ਭਰੋਸਾ ਮੁੜ ਜਿੱਤਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਬਾਗੀ ਧੜੇ ਦੇ ਆਗੂਆਂ ਜਗੀਰ ਕੌਰ ਤੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਹੈ ਕਿ ਅਕਾਲੀ ਆਗੂਆਂ ਨੇ ਪਾਰਟੀ ਪ੍ਰਧਾਨ ਨੂੰ ਅਕਾਲ ਤਖਤ ਤੋਂ ਭੁੱਲ ਬਖਸ਼ਾਉਣ ਵਾਸਤੇ ਕਈ ਵਾਰ ਕਿਹਾ ਸੀ ਪਰ ਉਨ੍ਹਾਂ ਨੇ ਇਹ ਗੱਲ ਅਣਸੁਣੀ ਕਰ ਦਿੱਤੀ ਜਿਸ ਕਾਰਨ ਪੰਜਾਬ ਦੇ ਲੋਕਾਂ ਵਿਚ ਪਾਰਟੀ ਪ੍ਰਤੀ ਨਰਾਜ਼ਗੀ ਹੈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਦੇਸ਼ ਅਤੇ ਪੰਜਾਬ 'ਚ ਸਿੱਖਾਂ ਦੇ ਮਸਲਿਆਂ ਨੂੰ ਸਰਕਾਰਾਂ ਵੱਲੋਂ ਨਜ਼ਰਅੰਦਾਜ਼ ਕੀਤਾ ਜਾਣ ਲੱਗਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਖਿਮਾ ਯਾਚਨਾ ਸਬੰਧੀ ਪੱਤਰ ਸੌਂਪਿਆ ਹੈ ਅਤੇ ਜਥੇਦਾਰ ਰਘਬੀਰ ਸਿੰਘ ਨੇ ਇਸ ਮਾਮਲੇ ਨੂੰ ਵਿਚਾਰਨ ਦਾ ਭਰੋਸਾ ਦਿੱਤਾ ਹੈ। ਉਧਰ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲੀ ਦਲ ਸਿੱਖਾਂ ਦੀ ਪੁਰਾਤਨ ਰਾਜਸੀ ਜਥੇਬੰਦੀ ਹੈ ਅਤੇ ਇਸ ਨੂੰ ਕਾਇਮ ਰਹਿਣਾ ਚਾਹੀਦਾ ਹੈ। ਇਸ ਨੂੰ ਦੋਫਾੜ ਨਹੀਂ ਹੋਣਾ ਚਾਹੀਦਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਟੀ-20: ਭਾਰਤ 17 ਸਾਲਾਂ ਬਾਅਦ ਮੁੜ ਬਣਿਆ ਵਿਸ਼ਵ ਚੈਂਪੀਅਨ

**ਬ੍ਰਿਜਟਾਊਨ (ਬਾਰਬਾਡੋਸ):** ਭਾਰਤ ਨੇ ਇੱਥੇ ਵਿਰਾਟ ਕੋਹਲੀ (76 ਦੌੜਾਂ) ਦੇ ਨੀਮ ਸੈਂਕੜੇ ਮਗਰੋਂ ਤੇਜ਼ ਗੇਂਦਬਾਜ਼ਾਂ ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ ਤੇ ਹਾਰਦਿਕ ਪਾਂਡਿਆ ਦੀ ਸ਼ਾਨਦਾਰ ਗੇਂਦਬਾਜ਼ੀ ਸਦਕਾ 17 ਸਾਲਾਂ ਬਾਅਦ ਇਕ ਵਾਰ ਫਿਰ ਟੀ-20 ਕ੍ਰਿਕਟ ਵਿਸ਼ਵ ਕੱਪ ਖ਼ਿਤਾਬ ਆਪਣੇ ਨਾਂ ਕਰ ਲਿਆ।




ਭਾਰਤੀ ਕ੍ਰਿਕਟ ਟੀਮ ਨੇ ਪਹਿਲੀ ਵਾਰ ਫਾਈਨਲ 'ਚ ਪਹੁੰਚੇ ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਹਰਾ ਕੇ ਖ਼ਿਤਾਬੀ ਜਿੱਤ ਹਾਸਲ ਕੀਤੀ। ਭਾਰਤ ਨੇ ਪਹਿਲਾਂ ਬੱਲਬਾਜ਼ੀ ਕਰਦਿਆਂ ਵਿਰਾਟ ਕੋਹਲੀ ਦੀਆਂ 76 ਦੌੜਾਂ, ਅਕਸ਼ਰ ਪਟੇਲ ਦੀਆਂ 47 ਅਤੇ ਸ਼ਿਵਮ ਦੂਬੇ ਦੀਆਂ 27 ਦੌੜਾਂ ਸਦਕਾ 20 ਓਵਰਾਂ 'ਚ 7 ਵਿਕਟਾਂ 'ਤੇ 176 ਦੌੜਾਂ ਬਣਾਈਆਂ ਅਤੇ ਫਿਰ ਦੱਖਣੀ ਅਫਰੀਕਾ ਨੂੰ 169/8 ਸਕੋਰ 'ਤੇ ਹੀ ਰੋਕ ਦਿੱਤਾ। ਭਾਰਤੀ ਟੀਮ ਨੇ ਪਹਿਲਾਂ ਸਾਲ 2007 ਵਿਚ ਮਹਿੰਦਰ ਸਿੰਘ ਧੋਨੀ ਦੀ ਅਗਵਾਈ 'ਚ ਪਹਿਲੀ ਵਾਰ ਟੀ-20 ਕ੍ਰਿਕਟ ਵਿਸ਼ਵ ਕੱਪ ਜਿੱਤਿਆ ਸੀ। ਉਂਜ ਸਾਲ 2013 ਵਿਚ ਚੈਂਪੀਅਨ ਟਰਾਫੀ ਜਿੱਤਣ ਮਗਰੋਂ 11 ਸਾਲਾਂ ਬਾਅਦ ਭਾਰਤੀ ਟੀਮ ਦਾ ਇਹ ਪਹਿਲਾ ਆਈ.ਸੀ.ਸੀ. ਖ਼ਿਤਾਬ ਹੈ। ਇਸ ਦੇ ਨਾਲ ਹੀ ਭਾਰਤ ਦੋ ਵਾਰ ਟੀ-20 ਕ੍ਰਿਕਟ ਵਿਸ਼ਵ ਕੱਪ ਜਿੱਤਣ ਵਾਲਾ ਤੀਜਾ ਮੁਲਕ ਬਣ ਗਿਆ ਹੈ। ਇਸ ਤੋਂ ਪਹਿਲਾਂ ਵੈਸਟ ਇੰਡੀਜ਼ (2012 ਤੇ 2016) ਅਤੇ ਇੰਗਲੈਂਡ (2010 ਤੇ 2022) ਅਜਿਹਾ ਕਰ ਚੁੱਕੇ ਹਨ।

ਇਸ ਤੋਂ ਪਹਿਲਾਂ 177 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਦੱਖਣੀ ਅਫਰੀਕਾ ਟੀਮ ਇਕ ਵਾਰ ਜਿੱਤਦੀ ਦਿਖਾਈ ਦਿੱਤੀ ਪਰ ਭਾਰਤੀ ਤੇਜ਼ ਗੇਂਦਬਾਜ਼ਾਂ ਦੀ ਕੱਸਵੀਂ ਗੇਂਦਬਾਜ਼ੀ ਅੱਗੇ ਵਿਰੋਧੀ ਬੱਲੇਬਾਜ਼ ਕਾਮਯਾਬ ਨਾ ਹੋ ਸਕੀ। ਦੱਖਣੀ ਅਫਰੀਕਾ ਵੱਲੋਂ ਹੈਨਰਿਕ ਕਲਾਸਨ ਨੇ ਸਭ ਤੋਂ ਵੱਧ 52 ਦੌੜਾਂ ਬਣਾਈਆਂ ਜਦਕਿ ਕੁਇੰਟਨ ਡੀ ਕਾਕ 39 ਦੌੜਾਂ, ਟ੍ਰਿਸਟਨ ਸਟੱਬਸ 31 ਅਤੇ ਡੇਵਿਡ ਮਿੱਲਰ 21 ਦੌੜਾਂ ਬਣਾ ਕੇ ਆਊਟ ਹੋਏ। ਭਾਰਤ ਵੱਲੋਂ ਹਾਰਦਿਕ ਪਾਂਡਿਆ ਤਿੰਨ ਵਿਕਟਾਂ ਜਦਕਿ ਅਰਸ਼ਦੀਪ ਸਿੰਘ ਤੇ ਜਸਪ੍ਰੀਤ ਬੁਮਰਾਹ ਨੇ ਦੋ ਵਿਕਟਾਂ ਲਈਆਂ। ਇਕ ਵਿਕਟ ਅਕਸ਼ਰ ਪਟੇਲ ਨੇ ਲਈ। ਇਸ ਤੋਂ ਪਹਿਲਾਂ ਕਪਤਾਨ ਰੋਹਿਤ ਸ਼ਰਮਾ, ਰਿਸ਼ਭ ਪੰਤ ਅਤੇ ਸੂਰਿਆਕੁਮਾਰ ਯਾਦਵ ਵਧੀਆ ਪ੍ਰਦਰਸ਼ਨ ਕਰਨ 'ਚ ਨਾਕਾਮ ਰਹੇ।

ਵਿਰਾਟ ਕੋਹਲੀ ਨੇ ਵਿਸ਼ਵ ਕੱਪ ਜਿੱਤਣ ਮਗਰੋਂ ਟੀ-20 'ਚੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ। ਇਸ ਬਾਰੇ ਉਸ ਨੇ ਕਿਹਾ, "ਭਾਰਤ ਲਈ ਇਹ ਮੇਰਾ ਆਖਰੀ ਟੀ-20 ਮੈਚ ਸੀ। ਅਸੀਂ ਵਿਸ਼ਵ ਕੱਪ ਜਿੱਤਣਾ ਚਾਹੁੰਦੇ ਸੀ। ਜੇ ਅਸੀਂ ਹਾਰ ਵੀ ਜਾਂਦੇ ਤਾਂ ਵੀ ਮੈਂ ਸੰਨਿਆਸ ਦਾ ਐਲਾਨ ਕਰ ਦੇਣਾ ਸੀ। ਹੁਣ ਖੇਡ ਨੂੰ ਅੱਗੇ ਵਧਾਉਣ ਦੀ ਵਾਰੀ ਅਗਲੀ ਪੀੜ੍ਹੀ ਦੀ ਹੈ।" ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ 'ਮੈਨ ਆਫ ਦਿ ਟੂਰਨਾਮੈਂਟ' ਚੁਣਿਆ ਗਿਆ। ਟੂਰਨਾਮੈਂਟ ਵਿਚ ਅੱਠ ਮੈਚਾਂ ਵਿੱਚ ਉਸ ਨੇ 8.27 ਦੀ ਔਸਤ ਨਾਲ 15 ਵਿਕਟਾਂ ਲਈਆਂ। ਫਾਈਨਲ ਵਿਚ ਉਸ ਨੇ 18 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਇਸੇ ਤਰ੍ਹਾਂ ਭਾਰਤ ਦੇ ਬੱਲੇਬਾਜ਼ ਵਿਰਾਟ ਕੋਹਲੀ ਨੂੰ ਮੈਨ ਆਫ ਦਿ ਮੈਚ ਚੁਣਿਆ ਗਿਆ। ਭਾਵੇਂ ਕੁਝ ਮਾਹਿਰਾਂ ਵੱਲੋਂ ਉਸ ਦੀ ਧੀਮੀ ਬੱਲੇਬਾਜ਼ੀ ਦੀ ਆਲੋਚਨਾ ਕੀਤੀ ਜਾ ਰਹੀ ਹੈ ਪਰ ਉਸ ਨੇ ਦੱਖਣੀ ਅਫਰੀਕਾ ਨੂੰ 177 ਦੌੜਾਂ ਦਾ ਟੀਚਾ ਦੇਣ ਵਿਚ ਅਹਿਮ ਭੂਮਿਕਾ ਨਿਭਾਈ।

## ਕੋਹਲੀ, ਜਡੇਜਾ ਤੇ ਰੋਹਿਤ ਵੱਲੋਂ ਟੀ20 ਕ੍ਰਿਕਟ ਨੂੰ ਅਲਵਿਦਾ

**ਬ੍ਰਿਜਟਾਊਨ:** ਭਾਰਤੀ ਕ੍ਰਿਕਟ ਦੇ ਦੋ ਦਿੱਗਜਾਂ ਕਪਤਾਨ ਰੋਹਿਤ ਸ਼ਰਮਾ ਅਤੇ ਸੁਪਰਸਟਾਰ ਵਿਰਾਟ ਕੋਹਲੀ ਨੇ ਟੀਮ ਨੂੰ ਟੀ20 ਵਿਸ਼ਵ ਕੱਪ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਤੋਂ ਬਾਅਦ ਟੀ20 ਕੌਮਾਂਤਰੀ ਕ੍ਰਿਕਟ ਨੂੰ ਅਲਵਿਦਾ ਆਖ ਦਿੱਤਾ। ਇਨਾਮ ਹਾਸਲ ਕਰਨ ਤੋਂ ਬਾਅਦ ਕੋਹਲੀ ਨੇ ਕਿਹਾ ਇਹ ਉਸ ਦਾ ਆਖਰੀ ਟੀ20 ਕੌਮਾਂਤਰੀ ਮੈਚ ਸੀ। ਇਸ ਤੋਂ ਬਾਅਦ ਰੋਹਿਤ ਨੇ ਵੀ ਇਹ ਕਹਿ ਕੇ ਵਿਦਾ ਲਈ ਕਿ ਉਸ ਦਾ ਟੀਚਾ ਹਾਸਲ ਹੋ ਗਿਆ ਹੈ ਅਤੇ ਇਹ ਅਲਵਿਦਾ ਕਹਿਣ ਦਾ ਸਹੀ ਸਮੇਂ ਹੈ। ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਵਾਂਗ ਭਾਰਤ ਦੇ ਹਰਫਨਮੌਲਾ ਖਿਡਾਰੀ ਰਵਿੰਦਰ ਜਡੇਜਾ ਨੇ ਵੀ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਟੀ-20 ਕੌਮਾਂਤਰੀ ਕ੍ਰਿਕਟ ਨੂੰ ਅਲਵਿਦਾ ਕਹਿ ਦਿੱਤਾ ਹੈ। ਦੁਨੀਆ ਦੇ ਸਰਬੋਤਮ ਫੀਲਡਰਾਂ 'ਚੋਂ ਇਕ ਮੰਨੇ ਜਾਂਦੇ ਜਡੇਜਾ ਨੇ ਕਿਹਾ ਕਿ ਉਹ ਟੈਸਟ ਅਤੇ ਇਕ ਰੋਜ਼ਾ ਮੈਚ ਖੇਡਣੇ ਜਾਰੀ ਰੱਖੇਗਾ।

## ਫੌਜ ਸਾਰੀਆਂ ਚੁਣੌਤੀਆਂ ਦੇ ਮੁਕਾਬਲਾ ਲਈ ਤਿਆਰ: ਜਨਰਲ ਦਿਵੇਦੀ



**ਨਵੀਂ ਦਿੱਲੀ:** ਭਾਰਤੀ ਫ਼ੌਜ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਪੂਰਬ ਲੱਦਾਖ ਵਿਚ ਚੀਨ ਦੇ ਨਾਲ ਜਾਰੀ ਸਰਹੱਦੀ ਵਿਵਾਦ ਵਿਚਾਲੇ ਕਿਹਾ ਕਿ ਭਾਰਤੀ ਫ਼ੌਜ ਦੇਸ਼ ਦੇ ਸਮਰੱਥ ਸਾਰੇ ਮੌਜੂਦਾ ਤੇ ਭਵਿੱਖ ਦੀਆਂ ਸੁਰੱਖਿਆ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਤੇ ਪੂਰੀ ਤਰ੍ਹਾਂ ਸਮਰੱਥ ਹੈ। ਦੇਸ਼ ਦੇ 13 ਲੱਖ ਸੈਨਿਕਾਂ ਵਾਲੇ ਮਜ਼ਬੂਤ ਬਲ ਦੀ ਕਮਾਨ ਸੰਭਾਲਣ ਤੋਂ ਇਕ ਦਿਨ ਬਾਅਦ ਉਨ੍ਹਾਂ ਕਿਹਾ ਕਿ ਥਲ ਸੈਨਾ, ਹਵਾਈ ਸੈਨਾ ਅਤੇ ਜਲ ਸੈਨਾ ਵਿਚਾਲੇ ਤਾਲਮੇਲ ਯਕੀਨੀ ਬਣਾਉਣਾ ਉਨ੍ਹਾਂ ਦੀਆਂ ਤਰਜੀਹਾਂ ਵਿਚੋਂ ਇਕ ਹੋਵੇਗਾ। ਰਾਇਸਾਨਾ ਹਿੱਲਜ਼ ਦੇ ਸਾਊਥ ਬਲਾਕ ਵਿਚ ਸਲਾਮੀ ਗਾਰਦ ਦਾ ਨਿਰੀਖਣ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਰਤੀ ਫ਼ੌਜ ਨਿਵੇਕਲੀਆਂ ਜੰਗੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਅਤੇ ਅਜਿਹੇ ਖਤਰਿਆਂ ਲਈ ਤਿਆਰ ਰਹਿਣ ਵਾਸਤੇ ਇਹ ਮਹੱਤਵਪੂਰਨ ਹੈ ਕਿ ਸੈਨਿਕਾਂ ਨੂੰ ਆਧੁਨਿਕ ਹਥਿਆਰ ਮੁਹੱਈਆ ਕਰਵਾਏ ਜਾਣ।

# ਈ.ਪੀ.ਐਫ.ਓ. ਨਾਲ ਜੁੜਨ ਵਾਲੇ ਨਵੇਂ ਮੈਂਬਰਾਂ ਦੀ ਗਿਣਤੀ 4 ਫੀਸਦੀ ਘਟੀ

**ਨਵੀਂ ਦਿੱਲੀ:** ਪਿਛਲੇ ਸਾਲ ਦੇ ਮੁਕਾਬਲੇ ਰਿਟਾਇਰਮੈਂਟ ਫੰਡ ਬਾਰੇ ਸੰਸਥਾ ਈ.ਪੀ.ਐਫ.ਓ. ਨਾਲ ਜੁੜਨ ਵਾਲੇ ਨਵੇਂ ਮੈਂਬਰਾਂ ਦੀ ਗਿਣਤੀ ਵਿੱਤੀ ਸਾਲ 2023-24 ਵਿਚ 4 ਫੀਸਦ ਤੋਂ ਵੱਧ ਦੇ ਨਿਘਾਰ ਨਾਲ 1.09 ਕਰੋੜ ਰਹਿ ਗਈ ਹੈ। ਇਹ ਦਾਅਵਾ ਅੰਕੜਾ ਤੇ ਪ੍ਰੋਗਰਾਮ ਲਾਗੂ ਕਰਨ ਵਾਲੇ ਮੰਤਰਾਲੇ ਵੱਲੋਂ ਜਾਰੀ ਰਿਪੋਰਟ ਵਿਚ ਕੀਤਾ ਗਿਆ ਹੈ। ਹਾਲਾਂਕਿ ਰਿਪੋਰਟ ਮੁਤਾਬਕ ਐਨ.ਪੀ.ਐਸ. ਨਾਲ ਜੁੜਨ ਵਾਲੇ ਨਵੇਂ ਸਬਸਕ੍ਰਾਈਬਰਾਂ ਦੀ ਗਿਣਤੀ ਵਧੀ ਹੈ। ਪਿਛਲੇ ਵਿੱਤੀ ਸਾਲ (2022-23) ਵਿਚ ਐਨ.ਪੀ.ਐਸ. ਸਬਸਕ੍ਰਾਈਬਰਾਂ ਦੀ ਗਿਣਤੀ 8,24,735 ਸੀ, ਉਹ 2023-24 ਵਿਚ ਵਧ ਕੇ 9,37,020 ਹੋ ਗਈ।




ਰਿਪੋਰਟ 'ਪੇਅਰੋਲ ਰਿਪੋਰਟਿੰਗ ਇਨ ਇੰਡੀਆ: ਐਨ ਐਂਪਲਾਈਮੈਂਟ ਪਰਸਪੈਕਟਿਵ-ਜਨਵਰੀ ਤੋਂ ਅਪਰੈਲ 2024' ਮੁਤਾਬਕ ਐਂਪਲਾਈਜ਼ ਪ੍ਰੋਵੀਡੈਂਟ ਫੰਡ ਆਰਗੇਨਾਈਜ਼ੇਸ਼ਨ (ਈ.ਪੀ.ਐਫ.ਓ.) ਨੇ 2023-24 ਵਿਚ 1,09,93,119 ਨਵੇਂ ਮੈਂਬਰ ਜੋੜੇ ਸਨ ਜਦੋਂਕਿ ਸਾਲ ਪਹਿਲਾਂ 2022-23 ਵਿਚ ਇਹ ਅੰਕੜਾ 1,14,98,453 ਸੀ। ਰਿਪੋਰਟ ਵਿਚ ਕਿਹਾ ਕਿ ਮਹਾਮਾਰੀ ਕਰਕੇ ਨਵੇਂ ਮੈਂਬਰਾਂ ਨੂੰ ਜੋੜਨ ਦਾ ਅਮਲ ਅਸਰਅੰਦਾਜ਼ ਹੋਇਆ ਤੇ 2019-20 ਦੇ 1,10,40,683 ਤੋਂ 2020-21 ਵਿਚ ਇਹ ਅੰਕੜਾ ਘਟ ਕੇ 85,48,898 ਰਿਹਾ ਗਿਆ। ਹਾਲਾਂਕਿ 2021-22 ਵਿਚ ਮੁੜ ਇਹ ਅੰਕੜਾ ਵਧ ਕੇ 1,08,65,063 ਨੂੰ ਪਹੁੰਚ ਗਿਆ। ਚੇਤੇ ਰਹੇ ਕਿ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਨੇ 2020 ਤੇ 2021 ਵਿਚ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਤਾਲਾਬੰਦੀ ਸਣੇ ਹੋਰ ਪਾਬੰਦੀਆਂ ਲਾਈਆਂ ਸਨ, ਜਿਸ ਕਰਕੇ ਆਰਥਿਕ ਸਰਗਰਮੀਆਂ ਦੇ ਨਾਲ ਨਾਲ ਰੁਜ਼ਗਾਰ ਨੂੰ ਵੀ ਮਾਰ ਪਈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਪੰਜ ਵਿੱਤੀ ਸਾਲਾਂ (2023-24) ਤੱਕ ਈ.ਪੀ.ਐਫ.ਓ. ਨਾਲ ਓਨੇ ਨਵੇਂ ਮੈਂਬਰ ਨਹੀਂ ਜੁੜੇ, ਜੋ 2018-19 ਵਿਚ ਕੋਵਿਡ ਤੋਂ ਪਹਿਲਾਂ ਦਾ ਪੱਧਰ ਸੀ।

# ਚੋਣ ਨਤੀਜਿਆਂ ਨੇ ਸਾਬਤ ਕੀਤਾ ਕਿ ਭਾਰਤ ਹਿੰਦੂ ਰਾਸ਼ਟਰ ਨਹੀਂ: ਅਮਰਤਿਆ ਸੇਨ

**ਕੋਲਕਾਤਾ:** ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਆਖਿਆ ਕਿ ਹਾਲੀਆ ਲੋਕ ਸਭਾ ਚੋਣਾਂ ਦੇ ਨਤੀਜੇ ਇਸ ਤੱਥ ਵੱਲ ਇਸ਼ਾਰਾ ਕਰਦੇ ਹਨ ਕਿ ਭਾਰਤ 'ਹਿੰਦੂ ਰਾਸ਼ਟਰ' ਨਹੀਂ ਹੈ। ਉਨ੍ਹਾਂ ਇਸ ਗੱਲ 'ਤੇ ਵੀ ਨਾਰਾਜ਼ਗੀ ਜਤਾਈ ਕਿ ਬਰਤਾਨਵੀ ਸ਼ਾਸਨ ਕਾਲ ਤੋਂ ਹੀ 'ਮੁਕੱਦਮਾ ਚਲਾਏ ਬਿਨਾਂ' ਲੋਕਾਂ ਨੂੰ ਜੇਲ੍ਹ ਵਿਚ ਰੱਖਣ ਦੀ ਜਾਰੀ ਪ੍ਰਥਾ ਕਾਂਗਰਸ ਦੇ ਸ਼ਾਸਨ ਦੇ ਮੁਕਾਬਲੇ ਭਾਜਪਾ ਦੇ ਰਾਜ 'ਚ ਤੇਜ਼ ਹੋਈ ਹੈ।

ਸੇਨ ਨੇ ਇੱਥੇ ਨੇਤਾ ਜੀ ਸੁਭਾਸ਼ ਚੰਦਰ ਬੋਸ ਕੌਮਾਂਤਰੀ ਹਵਾਈ ਅੱਡੇ 'ਤੇ ਇਕ ਬੰਗਾਲੀ ਨਿਊਜ਼ ਚੈਨਲ ਨੂੰ ਕਿਹਾ, "ਚੋਣ ਨਤੀਜਿਆਂ ਤੋਂ ਝਲਕਦਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਨਹੀਂ ਹੈ।" ਉੱਘੇ ਅਰਥਸ਼ਾਸਤਰੀ ਅਮਰਤਿਆ ਸੇਨ (90) ਅਮਰੀਕਾ ਤੋਂ ਕੋਲਕਾਤਾ ਪਹੁੰਚੇ ਸਨ। ਉਨ੍ਹਾਂ ਆਖਿਆ, "ਅਸੀਂ ਹਮੇਸ਼ਾ ਹਰ ਚੋਣ ਮਗਰੋਂ ਇਕ ਤਬਦੀਲੀ ਦੇਖਣ ਦੀ ਉਮੀਦ ਕਰਦੇ ਹਾਂ। ਪਹਿਲਾਂ ਜੋ ਕੁਝ ਹੋਇਆ (ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਕਾਰਜਕਾਲ 'ਚ) ਜਿਵੇਂ ਕਿ ਬਿਨਾਂ ਮੁਕੱਦਮਾ ਚਲਾਏ ਲੋਕਾਂ ਨੂੰ ਜੇਲ੍ਹ 'ਚ ਰੱਖਣਾ ਅਤੇ ਅਮੀਰ ਤੇ ਗਰੀਬ ਵਿਚਾਲੇ ਪਾੜਾ ਵਧਾਉਣਾ, ਉਹ ਹੁਣ ਵੀ ਜਾਰੀ ਹੈ। ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ।"

ਉਨ੍ਹਾਂ ਆਖਿਆ ਕਿ ਰਾਜਨੀਤਕ ਤੌਰ 'ਤੇ ਖੁੱਲ੍ਹੀ ਸੋਚ ਰੱਖਣ ਦੀ ਲੋੜ ਹੈ ਖਾਸ ਕਰਕੇ ਉਸ ਸਮੇਂ ਜਦੋਂ ਭਾਰਤ ਇਕ ਧਰਮ ਨਿਰਪੱਖ ਸੰਵਿਧਾਨ ਨਾਲ ਧਰਮ ਨਿਰਪੱਖ ਮੁਲਕ ਹੈ। ਅਮਰਿਤਆ ਸੇਨ ਨੇ ਮੁਤਾਬਕ, "ਮੈਨੂੰ ਨਹੀਂ ਲੱਗਦਾ ਕਿ ਭਾਰਤ ਨੂੰ ਹਿੰਦੂ ਰਾਸ਼ਟਰ 'ਚ ਬਦਲਣ ਦਾ ਵਿਚਾਰ ਢੁੱਕਵਾਂ ਹੈ।" ਉਨ੍ਹਾਂ ਦਾ ਇਹ ਮੰਨਣਾ ਹੈ ਕਿ ਨਵਾਂ ਕੇਂਦਰੀ ਮੰਤਰੀ ਮੰਡਲ "ਪਹਿਲੇ ਦੀ ਹੀ ਨਕਲ ਹੈ।" ਉਨ੍ਹਾਂ ਆਖਿਆ, "ਮੰਤਰੀਆਂ ਕੋਲ ਪਹਿਲਾਂ ਵਾਲੇ ਹੀ ਵਿਭਾਗ ਹਨ।

ਮਾਮੂਲੀ ਫੇਰਬਦਲ ਦੇ ਬਾਵਜੂਦ ਸਿਆਸੀ ਤੌਰ 'ਤੇ ਤਾਕਤਵਰ ਲੋਕ ਹੁਣ ਵੀ ਸ਼ਕਤੀਸ਼ਾਲੀ ਹਨ।" ਅਯੁੱਧਿਆ 'ਚ ਰਾਮ ਮੰਦਰ ਬਣਾਉਣ ਦੇ ਬਾਵਜੂਦ ਭਾਜਪਾ ਦੇ ਫੈਜ਼ਾਬਾਦ ਸੀਟ ਤੋਂ ਹਾਰਨ 'ਤੇ ਸੇਨ ਨੇ ਆਖਿਆ ਕਿ ਦੇਸ਼ ਦੀ ਅਸਲੀ ਪਛਾਣ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

# ਮੋਦੀ ਸਰਕਾਰ ਨੇ ਨਵੇਂ ਫੌਜਦਾਰੀ ਕਾਨੂੰਨ ਪੂਰੇ ਦੇਸ਼ ਵਿਚ ਲਾਗੂ ਕੀਤੇ

**ਨਵੀਂ ਦਿੱਲੀ:** ਦੇਸ਼ ਵਿਚ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਲਾਗੂ ਹੋ ਗਏ, ਜਿਸ ਨਾਲ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਬਦਲਾਅ ਆਉਣਗੇ। ਭਾਰਤੀ ਨਿਆਂ ਸੰਹਿਤਾ (ਬੀ.ਐਨ.ਐਸ) 2023, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ) 2023 ਅਤੇ ਭਾਰਤੀ ਸਾਕਸ਼ਯ ਅਧੀਨਿਯਮ (ਬੀ.ਐਸ.ਏ.) 2023 ਪੂਰੇ ਦੇਸ਼ ਵਿਚ ਲਾਗੂ ਹੋ ਗਏ ਹਨ।




ਇਨ੍ਹਾਂ ਤਿੰਨੋਂ ਕਾਨੂੰਨਾ ਨੇ ਬਰਤਾਨਵੀ ਕਾਲ ਦੇ ਕਾਨੂੰਨਾਂ ਕ੍ਰਮਵਾਰ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ), ਦੰਡ ਪ੍ਰਕਿਰਿਆ ਸੰਹਿਤਾ (ਸੀ.ਆਰ.ਪੀ.ਸੀ) ਅਤੇ ਭਾਰਤ ਸਾਕਸ਼ਯ ਅਧੀਨਿਯਮ ਦੀ ਜਗ੍ਹਾ ਲਈ ਹੈ। ਸਾਰੀਆਂ ਨਵੀਆਂ ਐਫ.ਆਈ.ਆਰਜ਼. ਬੀ.ਐਨ.ਐਸ. ਤਹਿਤ ਦਰਜ ਕੀਤੀਆਂ ਜਾਣਗੀਆਂ। ਹਾਲਾਂਕਿ, ਜਿਹੜੇ ਮਾਮਲੇ ਇਹ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਦਰਜ ਕੀਤੇ ਗਏ ਹਨ ਉਨ੍ਹਾਂ ਦੇ ਅੰਤਿਮ ਨਿਬੇੜੇ ਉਨ੍ਹਾਂ ਮਾਮਲਿਆਂ ਵਿਚ ਪੁਰਾਣੇ ਕਾਨੂੰਨਾਂ ਤਹਿਤ ਮੁਕੱਦਮਾ ਚੱਲਦਾ ਰਹੇਗਾ। ਨਵੇਂ ਕਾਨੂੰਨਾਂ ਨਾਲ ਇਕ ਆਧੁਨਿਕ ਨਿਆਂ ਪ੍ਰਣਾਲੀ ਸਥਾਪਤ ਹੋਵੇਗੀ ਜਿਸ ਵਿਚ 'ਜ਼ੀਰੋ ਐਫ.ਆਈ.ਆਰ', ਪੁਲਿਸ ਵਿਚ ਆਨਲਾਈਨ ਸ਼ਿਕਾਇਤ ਦਰਜ ਕਰਾਉਣਾ, ਇਲੈਕਟਰੌਨਿਕ ਤਰੀਕੇ ਜਿਵੇਂ ਕਿ 'ਐਸ.ਐਮ.ਐਸ' ਰਾਹੀਂ ਸੰਮਨ ਭੇਜਣ ਅਤੇ ਸਾਰੇ ਗੰਭੀਰ ਅਪਰਾਧਾਂ ਦੇ ਘਟਨਾ ਸਥਾਨ ਦੀ ਜ਼ਰੂਰੀ ਵੀਡੀਓਗ੍ਰਾਫੀ ਵਰਗੇ ਪ੍ਰਬੰਧ ਸ਼ਾਮਲ ਹੋਣਗੇ।

ਉਧਰ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਨਵੇਂ ਕਾਨੂੰਨ ਨਿਆਂ ਮੁਹੱਈਆ ਕਰਵਾਉਣ ਨੂੰ ਪਹਿਲ ਦੇਣਗੇ ਜਦਕਿ ਅੰਗਰੇਜ਼ਾਂ ਦੇ ਸਮੇਂ ਦੇ ਕਾਨੂੰਨਾਂ ਵਿਚ ਸਜ਼ਾ ਦੀ ਕਾਰਵਾਈ ਨੂੰ ਪਹਿਲ ਦਿੱਤੀ ਗਈ ਸੀ। ਉਨ੍ਹਾਂ ਕਿਹਾ, "ਇਨ੍ਹਾਂ ਕਾਨੂੰਨ ਨੂੰ ਭਾਰਤੀਆਂ ਨੇ, ਭਾਰਤੀਆਂ ਲਈ ਅਤੇ ਭਾਰਤੀ ਸੰਸਦ ਵੱਲੋਂ ਬਣਾਇਆ ਗਿਆ ਹੈ ਅਤੇ ਇਹ ਬਸਤੀਵਾਦੀ ਯੁੱਗ ਦੇ ਨਿਆਂਇਕ ਕਾਨੂੰਨਾਂ ਦਾ ਖ਼ਾਤਮਾ ਕਰਦੇ ਹਨ।" ਸ਼ਾਹ ਨੇ ਕਿਹਾ ਕਿ ਆਜ਼ਾਦੀ ਤੋਂ 77 ਸਾਲਾਂ ਬਾਅਦ ਅਪਰਾਧਿਕ ਨਿਆਂ ਪ੍ਰਣਾਲੀ ਹੁਣ ਪੂਰੀ ਤਰ੍ਹਾਂ ਦੇਸ਼ੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਿਰਫ਼ ਪੁਲਿਸ ਦੇ ਅਧਿਕਾਰੀ ਸੁਰੱਖਿਅਤ ਸਨ ਪਰ ਹੁਣ ਪੀੜਤਾਂ ਤੇ ਸ਼ਿਕਾਇਤਕਰਤਾਵਾਂ ਦੇ ਅਧਿਕਾਰ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਨਵੀਂ ਅਪਰਾਧਿਕ ਨਿਆਂ ਪ੍ਰਣਾਲੀ ਬਾਰੇ 22.5 ਲੱਖ ਤੋਂ ਵੱਧ ਪੁਲਿਸ ਮੁਲਾਜ਼ਮਾਂ ਨੂੰ ਸਿਖਲਾਈ ਦੇਣ ਵਾਸਤੇ 12,000 ਤੋਂ ਵੱਧ 'ਮਾਸਟਰ ਟਰੇਨਰ' ਤਾਇਨਾਤ ਕੀਤੇ ਗਏ ਹਨ। ਗ੍ਰਹਿ ਮੰਤਰੀ ਨੇ ਕਿਹਾ, "ਮੈਂ ਸਿਆਸੀ ਪਾਰਟੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਫ਼ੌਜਦਾਰੀ ਨਿਆਂ ਕਾਨੂੰਨਾਂ ਦਾ ਸਮਰਥਾਨ ਕਰਨ। ਉਨ੍ਹਾਂ ਦੱਸਿਆ ਕਿ ਨਵੇਂ ਕਾਨੂੰਨਾਂ ਤਹਿਤ ਪਹਿਲਾ ਕੇਸ ਗਵਾਲੀਅਰ ਵਿਚ ਐਤਵਾਰ ਰਾਤ 12.10 ਵਜੇ ਮੋਟਰਸਾਈਕਲ ਚੋਰੀ ਦਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਵੇਂ ਫ਼ੌਜਦਾਰੀ ਨਿਆਂ ਕਾਨੂੰਨਾਂ ਤਹਿਤ ਦੋਸ਼ ਸਾਬਤ ਹੋਣ ਦੀ ਦਰ 90 ਫ਼ੀਸਦ ਤੱਕ ਹੋਣ ਦੀ ਆਸ ਹੈ ਅਤੇ ਅਪਰਾਧਾਂ ਵਿੱਚ ਕਮੀ ਆਵੇਗੀ।

## ਸਿਰਦਰਦੀ ਬਣਨਗੇ ਨਵੇਂ ਫੌਜਦਾਰੀ ਕਾਨੂੰਨ: ਬਾਬਾ ਬਲਬੀਰ ਸਿੰਘ

**ਤਲਵੰਡੀ ਸਾਬੋ:** ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਨਵੇਂ ਫੌਜਦਾਰੀ ਕਾਨੂੰਨਾਂ 'ਤੇ ਟਿੱਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਬਾਰੇ ਵਿਰੋਧੀ ਧਿਰ ਅਤੇ ਉੱਚ ਅਦਾਲਤਾਂ ਦੇ ਵਕੀਲ ਤੇ ਸਾਬਕਾ ਅਫਸਰਸ਼ਾਹੀ ਅਸਹਿਮਤੀ ਪ੍ਰਗਟ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਹ ਕਾਨੂੰਨ ਸੰਸਦ ਵਿਚ ਵਿਰੋਧੀ ਧਿਰ ਦੀਆਂ ਟਿੱਪਣੀਆਂ ਤੋਂ ਬਿਨਾਂ ਪਾਸ ਹੋਏ ਹਨ। ਜਿਹੜੇ ਕਾਨੂੰਨ ਸਧਾਰਨ ਵਿਅਕਤੀ ਦੀ ਅਜ਼ਾਦੀ 'ਤੇ ਡਾਕਾ ਮਾਰਦੇ ਹੋਣ, ਉਨ੍ਹਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਖੰਘਾਲਣਾ ਜ਼ਰੂਰ ਚਾਹੀਦਾ ਸੀ।

# ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਝੂੰਦਾਂ ਕਮੇਟੀ ਦੀ ਰਿਪੋਰਟ ਜਨਤਕ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੇ ਦੋ ਸੀਨੀਅਰ ਆਗੂਆਂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਝੂੰਦਾਂ ਕਮੇਟੀ ਦੀ ਰਿਪੋਰਟ ਦੇ ਕੁਝ ਅੰਸ਼ ਜਨਤਕ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਮਜ਼ਬੂਤੀ ਲਈ ਜੇਕਰ ਇਸ ਰਿਪੋਰਟ ਨੂੰ ਲਾਗੂ ਕੀਤਾ ਹੁੰਦਾ ਤਾਂ ਪਾਰਟੀ ਨੂੰ ਅੱਜ ਇਹ ਦਿਨ ਨਹੀਂ ਸੀ ਦੇਖਣੇ ਪੈਂਦੇ।

ਝੂੰਦਾਂ ਕਮੇਟੀ ਦੇ ਮੈਂਬਰ ਰਹੇ ਚੰਦੂਮਾਜਰਾ ਅਤੇ ਜਥੇਦਾਰ ਵਡਾਲਾ ਨੇ ਰਿਪੋਰਟ ਦਾ ਕੁਝ ਹਿੱਸਾ ਪੇਸ਼ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਰਿਪੋਰਟ ਦੀ ਨਕਲ ਵੀ ਨਹੀਂ ਹੈ। ਉਨ੍ਹਾਂ ਇਸ ਰਿਪੋਰਟ ਵਿਚ ਸ਼ਾਮਲ ਕੀਤੇ 16 ਨੁਕਤੇ ਪਹਿਲੀ ਵਾਰ ਜਨਤਕ ਕੀਤੇ।

ਚੰਦੂਮਾਜਰਾ ਤੇ ਵਡਾਲਾ ਨੇ ਕਿਹਾ ਕਿ ਝੂੰਦਾਂ ਕਮੇਟੀ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਵਿਚ ਵੱਡੇ ਪੱਧਰ 'ਤੇ ਤਬਦੀਲੀ ਹੋਵੇ। ਪਾਰਟੀ ਵਰਕਰਾਂ ਦੀ ਇੱਛਾ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋ ਕੇ ਸਰਕਾਰ ਸਮੇਂ ਹੋਈਆਂ ਭੁੱਲਾਂ ਬਖ਼ਸ਼ਾਈਆਂ ਜਾਣ ਅਤੇ ਮੁਆਫੀ ਮੰਗੀ ਜਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਮੁੜ ਪੰਥ ਤੇ ਪੰਜਾਬ ਵਿਚ ਪ੍ਰਵਾਨ ਚੜ੍ਹਾਉਣ ਅਤੇ ਲੋਕਾਂ ਦੀ ਖਾਤਰ ਲੜਨ ਲਈ ਨਵੀਂ ਲੀਡਰਸ਼ਿਪ ਤਿਆਰ ਕਰਨ ਦਾ ਸੁਨੇਹਾ ਦੇਣ ਵਾਲੀ ਝੂੰਦਾਂ ਕਮੇਟੀ ਦੀ ਰਿਪੋਰਟ ਲਾਗੂ ਨਾ ਕਰ ਕੇ ਅਕਾਲੀ ਵਰਕਰਾਂ ਨਾਲ ਧੋਖਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਰਿਪੋਰਟ ਤਾਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ 'ਤੇ ਵੀ ਚੋਣ ਲੜਨ 'ਤੇ ਰੋਕ ਲਗਾਉਣ ਦੀ ਸਿਫਾਰਸ਼ ਕਰਦੀ ਹੈ। ਅਕਾਲੀ ਦਲ ਦੇ ਅਹੁਦੇਦਾਰ ਸਾਬਤ ਸੂਰਤ ਹੋਣੇ ਚਾਹੀਦੇ ਹਨ।



ਦੋਹਾਂ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਦੇ ਮੰਚ 'ਤੇ ਝੂੰਦਾਂ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਆਗੂਆਂ ਦੀ ਕੋਈ ਸੁਣਵਾਈ ਨਹੀਂ ਹੋਈ ਜਿਹੜੇ ਇਸ ਰਿਪੋਰਟ ਨੂੰ ਜਨਤਕ ਕਰਨਾ ਚਾਹੁੰਦੇ ਸਨ। ਝੂੰਦਾਂ ਕਮੇਟੀ ਦੀ ਰਿਪੋਰਟ ਵਿਚ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ (ਸੋਈ) ਨੂੰ ਭੰਗ ਕਰਨ ਦੀ ਸਿਫਾਰਸ਼ ਕੀਤੀ ਗਈ ਸੀ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਬਹਾਲ ਕਰਨ ਦੀ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ। ਟਿਕਟਾਂ ਦੀ ਵੰਡ ਲਈ ਪਾਰਲੀਮਾਨੀ ਬੋਰਡ ਬਣਾਉਣ, ਅਕਾਲੀ ਦਲ ਦਾ ਦਫ਼ਤਰ ਮੁੜ ਅੰਮ੍ਰਿਤਸਰ ਵਿਚ ਸਥਾਪਤ ਕਰਨ ਅਤੇ ਪ੍ਰਧਾਨ ਦੀ ਮਿਆਦ ਦੋ ਵਾਰ ਤੋਂ ਬਾਅਦ ਲਗਾਤਾਰ ਨਾ ਹੋਣ ਦੀ ਸਿਫਾਰਸ਼ ਕੀਤੀ ਗਈ ਸੀ। ਜਥੇਦਾਰ ਵਡਾਲਾ ਨੇ ਕਿਹਾ ਕਿ ਝੂੰਦਾਂ ਰਿਪੋਰਟ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਪਾਰਟੀ ਵਿਚੋਂ ਏਕਾਧਿਕਾਰ ਖਤਮ ਕਰਕੇ ਸਮੂਹਿਕ ਲੀਡਰਸ਼ਿਪ ਸਾਹਮਣੇ ਆਉਣੀ ਚਾਹੀਦੀ ਹੈ ਜਿਵੇਂ ਪਹਿਲਾਂ ਵਾਲੇ ਸਮਿਆਂ ਵਿਚ ਸੀ। ਸ਼੍ਰੋਮਣੀ ਕਮੇਟੀ ਮੈਂਬਰ ਵੀ ਰਾਜਨੀਤਕ ਚੋਣ ਨਹੀਂ ਲੜ ਸਕਦਾ। ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਦੇ ਬੁਨਿਆਦੀ ਮੁੱਦਿਆਂ 'ਤੇ ਡਟ ਕੇ ਪਹਿਰੇਦਾਰੀ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ ਗਈ ਸੀ। ਇਕ ਪਰਿਵਾਰ ਇਕ ਟਿਕਟ ਅਤੇ ਸ਼੍ਰੋਮਣੀ ਕਮੇਟੀ ਵਿਚ ਰਾਜਨੀਤਕ ਦਖਲਅੰਦਾਜ਼ੀ ਬੰਦ ਕਰਨ ਦੀ ਵੀ ਸਿਫਾਰਿਸ਼ ਕੀਤੀ ਗਈ ਸੀ।

## ਅਕਾਲੀ ਦਲ 1920 ਤੇ ਮਿਸਲ ਸਤਲੁਜ ਸੁਰਜੀਤ ਕੌਰ ਦੀ ਹਮਾਇਤ 'ਤੇ

**ਜਲੰਧਰ:** ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਦੇ ਨਿਰਦੇਸ਼ਾਂ ਹੇਠ ਜਲੰਧਰ ਇਕਾਈ ਦੇ ਪ੍ਰਧਾਨ ਮਹਿੰਦਰ ਪਾਲ ਸਿੰਘ ਬਿਨਾਕਾ ਤੇ ਮਿਸਲ ਸਤਲੁਜ ਦੇ ਪ੍ਰਧਾਨ ਅਜੇਪਾਲ ਸਿੰਘ ਬਰਾੜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ। ਆਗੂਆਂ ਅਨੁਸਾਰ, ਸੁਰਜੀਤ ਕੌਰ ਉਤੇ ਕਾਗਜ਼ ਵਾਪਸ ਲੈਣ ਦਾ ਦਬਾਅ ਪਾਇਆ ਗਿਆ ਤੇ ਉਨ੍ਹਾਂ ਨੂੰ ਅਲਾਟ ਹੋਇਆ ਪਾਰਟੀ ਦਾ ਚੋਣ ਨਿਸ਼ਾਨ ਖੋਹਣ ਦੇ ਯਤਨ ਕੀਤੇ ਗਏ ਪਰ ਜਦੋਂ ਸੁਖਬੀਰ ਸਿੰਘ ਬਾਦਲ ਦੀ ਜੁੰਡਲੀ ਕਾਮਯਾਬ ਨਹੀਂ ਹੋ ਸਕੀ।

## ਟੌਲ ਦਰਾਂ 'ਚ ਵਾਧੇ ਤੋਂ ਖਫਾ ਕਿਸਾਨਾਂ ਨੇ ਲਾਡੋਵਾਲ ਪਲਾਜ਼ੇ ਨੂੰ ਜਿੰਦਰੇ ਜੜੇ

**ਲੁਧਿਆਣਾ:** ਲੁਧਿਆਣਾ-ਜਲੰਧਰ ਮੁੱਖ ਮਾਰਗ ਉਤੇ ਸਥਿਤ ਪੰਜਾਬ ਦੇ ਸਭ ਤੋਂ ਮਹਿੰਗੇ ਲਾਡੋਵਾਲ ਟੌਲ ਪਲਾਜ਼ਾ ਦੀ ਵੱਖ-ਵੱਖ ਕਿਸਾਨ ਜਥੇਬੰਦੀਆਂ, ਸਹਿਯੋਗੀ ਯੂਨੀਅਨਾਂ ਅਤੇ ਹੋਰ ਸੰਗਠਨਾਂ ਵੱਲੋਂ ਤਾਲਾਬੰਦੀ ਕਰ ਕੇ ਟੌਲ ਮੁਫ਼ਤ ਕਰ ਦਿੱਤਾ ਗਿਆ ਹੈ। ਪਿਛਲੇ ਕਾਫੀ ਦਿਨਾਂ ਤੋਂ ਕਿਸਾਨ ਜਥੇਬੰਦੀਆਂ ਟੌਲ ਦਰਾਂ ਵਿਚ ਕੀਤੇ ਵਾਧੇ ਖ਼ਿਲਾਫ਼ ਧਰਨਾ ਲਗਾ ਕੇ ਟੌਲ ਪਲਾਜ਼ਾ ਤੋਂ ਬਿਨਾਂ ਪਰਚੀ ਵਾਹਨ ਲੰਘਾਏ ਜਾ ਰਹੇ ਸਨ ਜਦ ਕਿ ਹੁਣ ਟੌਲ ਬੂਥਾਂ ਨੂੰ ਪੱਕੇ ਤੌਰ 'ਤੇ ਬੰਦ ਕਰਨ ਦੀ ਕਾਰਵਾਈ ਦੇ ਨਾਲ ਹੀ ਧਰਨਾ ਖ਼ਤਮ ਕਰ ਦਿੱਤਾ ਗਿਆ ਹੈ।

ਟੌਲ ਪਲਾਜ਼ਾ 'ਤੇ ਹੋਏ ਵੱਡੇ ਇਕੱਠ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਕਰ ਕੇ ਟੌਲ ਪਲਾਜ਼ਾ ਦੇ ਕੈਬਿਨਾਂ 'ਤੇ ਕਿਸਾਨੀ ਝੰਡੇ ਲਗਾ ਕੇ ਤਰਪਾਲਾਂ




ਪਾ ਦਿੱਤੀਆਂ ਗਈਆਂ ਹਨ ਅਤੇ ਰੱਸੀਆਂ ਬੰਨ੍ਹ ਕੇ ਤਾਲੇ ਲਗਾ ਕੇ ਚਾਬੀਆਂ ਤੇ ਮੰਗ ਪੱਤਰ ਏ.ਡੀ.ਸੀ. ਨੂੰ ਸੌਂਪਿਆ ਗਿਆ ਹੈ ਤਾਂ ਜੋ ਕਿਸਾਨ ਜਥੇਬੰਦੀਆਂ ਅਤੇ ਹੋਰਾਂ ਯੂਨੀਅਨਾਂ ਦੀ ਰਜ਼ਾਮੰਦੀ ਤੋਂ ਬਿਨਾਂ ਟੌਲ ਪਲਾਜ਼ਾ ਨਾ ਖੋਲ੍ਹਿਆ ਜਾ ਸਕੇ।

ਇਸ ਮੌਕੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਗਿੱਲ, ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਰਾਏ, ਭਾਕਿਯੂ ਦੁਆਬਾ ਦੇ ਮਾਲਵਾ ਜ਼ੋਨ ਪ੍ਰਧਾਨ ਇੰਦਰਵੀਰ ਸਿੰਘ ਕਾਦੀਆਂ, ਢਾਡੀ ਬਲਕਾਰ ਸਿੰਘ ਬੈਂਸ, ਸੁਖਦੇਵ ਸਿੰਘ ਮੰਗੀਲੀ, ਆਸਾ ਸਿੰਘ ਆਜ਼ਾਦ ਆਦਿ ਨੇ ਦੱਸਿਆ ਕਿ ਇਕੱਠ ਵਿਚ 100 ਤੋਂ ਵੱਧ ਕਿਸਾਨ ਜਥੇਬੰਦੀਆਂ, ਵੱਖ-ਵੱਖ ਜ਼ਿਲ੍ਹਿਆਂ ਦੀਆਂ ਟਰੱਕ ਯੂਨੀਅਨਾਂ, ਕੈਂਟਰ ਯੂਨੀਅਨਾਂ, ਟੈਂਪੂ ਯੂਨੀਅਨਾਂ, ਟੈਕਸੀ ਯੂਨੀਅਨਾਂ, ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਅਤੇ ਹੋਰ ਸੰਗਠਨਾਂ ਦੇ ਹਜ਼ਾਰਾਂ ਵਰਕਰਾਂ ਨੇ ਪੁੱਜ ਕੇ ਸੰਘਰਸ਼ ਦੀ ਜਿੱਤ ਲਈ ਭਰਪੂਰ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।

## ਟਰੈਵਲ ਏਜੰਟ ਦੇ ਧੋਖੇ ਦਾ ਸ਼ਿਕਾਰ ਨੌਜਵਾਨ ਇੰਗਲੈਂਡ 'ਚ ਫਸਿਆ

**ਤਰਨ ਤਾਰਨ:** ਇਥੋਂ ਦੇ ਇਕ ਟਰੈਵਲ ਏਜੰਟ ਖ਼ਿਲਾਫ਼ ਪੱਟੀ ਦੇ ਨੌਜਵਾਨ ਨਾਲ ਠੱਗੀ ਮਾਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਤੁਸ਼ਾਰ ਤੇਜੀ (20) ਇੰਗਲੈਂਡ 'ਚ ਫਸਿਆ ਹੋਇਆ ਹੈ।

ਅੰਮ੍ਰਿਤਸਰ ਦੇ ਬੱਸ ਅੱਡੇ ਨੇੜੇ ਸਿਟੀ ਸੈਂਟਰ ਮਾਰਕੀਟ ਅੰਦਰ 'ਸਵਪਨਿਲ ਹਾਈਟੈੱਕ ਐਜੂਕਾਨ' ਨਾਂ ਹੇਠ ਟਰੈਵਲ ਏਜੰਸੀ ਚਲਾਉਣ ਵਾਲੀ ਜਸਮੀਤ ਕੌਰ ਖ਼ਿਲਾਫ਼ ਗਲਤ ਦਸਤਾਵੇਜ਼ਾਂ ਦੇ ਆਧਾਰ 'ਤੇ ਇਸ ਨੌਜਵਾਨ ਨੂੰ ਇੰਗਲੈਂਡ ਭੇਜਣ ਵਿਰੁੱਧ ਥਾਣਾ ਸਿਟੀ ਪੱਟੀ ਨੇ ਕੇਸ ਦਰਜ ਕਰ ਲਿਆ ਹੈ। ਪੁਲੀਸ ਨੇ ਇਹ ਕਾਰਵਾਈ ਤੁਸ਼ਾਰ ਤੇਜੀ ਦੇ ਵੱਡੇ ਭਰਾ ਦਿਵਿਆਂਸ਼ੂ ਦੀ ਸ਼ਿਕਾਇਤ 'ਤੇ ਕੀਤੀ ਹੈ।

ਦਿਵਿਆਂਸ਼ੂ ਨੇ ਦੱਸਿਆ ਕਿ ਜਸਮੀਤ ਕੌਰ ਨੇ ਉਸ ਦੇ ਭਰਾ ਨੂੰ ਵਰਕ ਪਰਮਿਟ 'ਤੇ ਇੰਗਲੈਂਡ ਭੇਜਣ ਲਈ ਉਨ੍ਹਾਂ ਕੋਲੋਂ 21.70 ਲੱਖ ਰੁਪਏ ਲਏ ਸਨ। ਇਸੇ ਸਾਲ ਦੀ 10 ਜਨਵਰੀ ਨੂੰ ਤੁਸ਼ਾਰ ਇੰਗਲੈਂਡ ਗਿਆ ਸੀ। ਹਵਾਈ ਅੱਡੇ 'ਤੇ ਜਦੋਂ ਇਮੀਗ੍ਰੇਸ਼ਨ ਤੇ ਉਥੋਂ ਦੀ ਬਾਰਡਰ ਰੇਂਜ ਫੋਰਸ ਨੇ ਤੁਸ਼ਾਰ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਪਰਿਵਾਰ ਨੇ ਇਥੋਂ ਦੋ ਲੱਖ ਰੁਪਏ ਭੇਜੇ ਤੇ ਤੁਸ਼ਾਰ ਨੂੰ ਵਕੀਲ ਕਰ ਕੇ ਦਿੱਤਾ, ਜਿਸ ਨੇ ਉਸ ਨੂੰ ਹਵਾਈ ਅੱਡੇ ਤੋਂ ਤਾਂ ਜ਼ਮਾਨਤ 'ਤੇ ਰਿਹਾਅ ਕਰਵਾ ਦਿੱਤਾ ਪਰ ਉਸ ਨੂੰ ਉਥੇ ਇਕ ਕਮਰੇ ਅੰਦਰ ਬੰਦ ਰਹਿਣ ਦੀ ਹਦਾਇਤ ਕੀਤੀ ਗਈ ਹੈ ਅਤੇ ਇਸ ਦੀ ਉਲੰਘਣਾ ਕਰਨ 'ਤੇ ਗ੍ਰਿਫ਼ਤਾਰ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ।

ਤੁਸ਼ਾਰ ਦੇ ਪਾਸਪੋਰਟ ਸਮੇਤ ਉਸ ਦੇ ਸਾਰੇ ਦਸਤਾਵੇਜ਼ ਇਮੀਗ੍ਰੇਸ਼ਨ ਦੇ ਕਬਜ਼ੇ ਵਿਚ ਹਨ। ਪੀੜਤ ਪਰਿਵਾਰ ਨੇ ਸਰਕਾਰ ਤੋਂ ਤੁਸ਼ਾਰ ਨੂੰ ਭਾਰਤ ਲਿਆਉਣ ਵਿਚ ਮਦਦ ਕਰਨ ਦੀ ਅਪੀਲ ਕੀਤੀ ਹੈ।

## ਦੁਬਈ ਵਿਚ ਫਸੇ ਨੌਜਵਾਨਾਂ ਦੇ ਮਾਪੇ ਸੰਤ ਸੀਚੇਵਾਲ ਨੂੰ ਮਿਲੇ

**ਜਲੰਧਰ:** ਦੁਬਈ ਦੀ ਜੇਲ੍ਹ ਵਿਚ ਪਿਛਲੇ ਡੇਢ ਸਾਲ ਤੋਂ ਫਸੇ ਪੰਜਾਬ ਦੇ 17 ਨੌਜਵਾਨਾਂ ਦੇ ਪਰਿਵਾਰਾਂ ਨੇ ਸੰਸਦ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਕੋਲ ਪਹੁੰਚ ਕਰ ਕੇ ਨੌਜਵਾਨਾਂ ਨੂੰ ਵਾਪਸ ਲਿਆਉਣ ਵਿਚ ਮਦਦ ਕਰਨ ਦੀ ਅਪੀਲ ਕੀਤੀ ਹੈ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਪਹੁੰਚੇ 14 ਦੇ ਕਰੀਬ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪਿਛਲੇ ਡੇਢ ਸਾਲ ਤੋਂ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਕੇਸ ਬਾਰੇ ਕੋਈ ਵੀ ਸਹੀ ਜਾਣਕਾਰੀ ਨਹੀਂ ਮਿਲ ਰਹੀ।



ਪੀੜਤ ਪਰਿਵਾਰਾਂ ਨੂੰ ਸੰਤ ਸੀਚੇਵਾਲ ਨੇ ਭਰੋਸਾ ਦਿੱਤਾ ਕਿ ਉਹ ਨੌਜਵਾਨਾਂ ਦਾ ਮਸਲਾ ਵਿਦੇਸ਼ ਮੰਤਰਾਲੇ ਕੋਲ ਉਠਾਉਣਗੇ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰਨਗੇ। ਜ਼ਿਕਰਯੋਗ ਹੈ ਕਿ ਇਨ੍ਹਾਂ ਨੌਜਵਾਨਾਂ ਵਿਚ ਜਲੰਧਰ ਜ਼ਿਲ੍ਹੇ ਦੇ 6, ਕਪੂਰਥਲਾ, ਨਵਾਂ ਸ਼ਹਿਰ ਤੇ ਹੁਸ਼ਿਆਰਪੁਰ ਦੇ 3-3 ਨੌਜਵਾਨ ਜਦ ਕਿ ਗੁਰਦਾਸਪੁਰ, ਅੰਮ੍ਰਿਤਸਰ ਤੇ ਚੰਡੀਗੜ੍ਹ ਦੇ 1-1 ਨੌਜਵਾਨ ਸ਼ਾਮਲ ਹਨ। ਦੁਬਈ ਵਿਚ ਫਸੇ ਗੌਰਵ ਕੁਮਾਰ ਦੇ ਭਰਾ ਰਵੀਕਾਂਤ ਨੇ ਦੱਸਿਆ ਕਿ ਰੋਜ਼ੀ ਰੋਟੀ ਕਮਾਉਣ ਲਈ ਦੁਬਈ ਗਏ ਗੌਰਵ ਨੂੰ ਨਹੀਂ ਪਤਾ ਸੀ ਕਿ ਉਥੇ ਹੋਏ ਝਗੜੇ ਵਿਚ ਉਹ ਇਸ ਤਰ੍ਹਾਂ ਫਸ ਜਾਵੇਗਾ। ਰਵੀਕਾਂਤ ਨੇ ਕਿਹਾ ਕਿ ਉਨ੍ਹਾਂ ਦੀ ਇੰਨੀ ਸਮਰੱਥਾ ਨਹੀਂ ਕਿ ਉਹ ਦੁਬਈ 'ਚ ਵਕੀਲ ਕਰ ਕੇ ਗੌਰਵ ਦੇ ਕੇਸ ਦੀ ਪੈਰਵਾਈ ਕਰਵਾ ਸਕਣ।

ਇਨ੍ਹਾਂ ਨੌਜਵਾਨਾਂ ਵਿਚ ਫਸੇ ਪਰਜੀਆਂ ਕਲਾਂ ਦੇ ਹਰਪ੍ਰੀਤ ਸਿੰਘ ਦੀ ਭੈਣ ਨੇ ਦੱਸਿਆ ਕਿ ਉਨ੍ਹਾਂ ਨੂੰ ਡੇਢ ਮਹੀਨੇ ਪਹਿਲਾਂ ਦੁਬਈ ਤੋਂ ਫੋਨ ਆਇਆ ਸੀ ਕਿ ਉਹ ਉਸ ਦੇ ਭਰਾ ਨੂੰ ਛੁਡਵਾ ਦੇਣਗੇ, ਉਸ ਦੇ ਬਦਲੇ ਉਨ੍ਹਾਂ ਨੂੰ ਇਕ ਲੱਖ ਰੁਪਏ ਦੇਣੇ ਪੈਣਗੇ। ਦੀਪਕ ਦੇ ਪਿਤਾ ਰਾਮ ਲੁਭਾਇਆ ਨੇ ਦੱਸਿਆ ਕਿ ਇਕ ਤਾਂ ਉਹ ਆਪਣੇ ਪੁੱਤਰ ਦੇ ਫਸ ਜਾਣ ਕਾਰਨ ਦੁਖੀ ਹਨ, ਦੂਜਾ ਉਨ੍ਹਾਂ ਨੂੰ ਅਜਿਹੇ ਫਰਜ਼ੀ ਫੋਨ ਆ ਰਹੇ ਹਨ, ਜਿਨ੍ਹਾਂ ਵਿਚ ਫੋਨ ਕਰਨ ਵਾਲੇ ਦਾਅਵਾ ਕਰ ਰਹੇ ਹਨ, ''ਤੁਸੀ ਪੈਸੇ ਦਿਓ ਅਸੀਂ ਤੁਹਾਡੇ ਲੜਕੇ ਨੂੰ ਛੁਡਵਾ ਦਿਆਂਗੇ।'' ਫਗਵਾੜੇ ਤੋਂ ਆਏ ਹਰਮੇਸ਼ ਲਾਲ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਹਰਦੀਪ ਕੁਮਾਰ ਦੁਬਈ ਵਿਚ ਟੂਰਿਸਟ ਵੀਜ਼ੇ ਉਤੇ ਆਪਣੇ ਦੋਸਤ ਨੂੰ ਮਿਲਣ ਗਿਆ ਸੀ। ਪੁਲਿਸ ਛਾਪੇ ਵਿਚ ਹਰਦੀਪ ਕੁਮਾਰ ਵੀ ਫੜਿਆ ਗਿਆ ਸੀ।

## ਪੰਜਾਬ ਦੀਆਂ ਸਰਹੱਦੀ ਸੜਕਾਂ 'ਤੇ ਸ਼ਹੀਦਾਂ ਦੇ ਬੁੱਤ ਲਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੀ ਹੱਦ ਨਾਲ ਲੱਗਦੀਆਂ ਮੁੱਖ ਸੜਕਾਂ 'ਤੇ ਸ਼ਹੀਦਾਂ ਦੇ ਬੁੱਤ ਲਗਾਏ ਜਾਣਗੇ। ਸਰਕਾਰ ਨੇ ਲੋਕ ਨਿਰਮਾਣ ਵਿਭਾਗ ਨੂੰ ਇਹ ਕੰਮ ਸੌਂਪਿਆ ਹੈ। ਮੁੱਢਲੇ ਪੜਾਅ 'ਤੇ ਪਾਇਲਟ ਪ੍ਰੋਜੈਕਟ ਵਜੋਂ ਇਕ-ਦੋ ਮੁੱਖ ਮਾਰਗਾਂ ਦੀ ਚੋਣ ਕੀਤੀ ਜਾਵੇਗੀ ਜਿਨ੍ਹਾਂ ਦੇ ਦੋਵੇਂ ਪਾਸੇ ਸ਼ਹੀਦਾਂ ਦੇ ਬੁੱਤ ਤੇ ਤਸਵੀਰਾਂ ਲਗਾਈਆਂ ਜਾਣਗੀਆਂ। ਇਸੇ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ 'ਬਦਲਾਅ' ਦਾ ਮਾਹੌਲ ਬਣਾਉਣ ਅਤੇ ਲੋਕਾਂ ਦੀ ਖੱਜਲ-ਖੁਆਰੀ ਘਟਾਉਣ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੌਰਾਨ ਲੋਕਾਂ ਵੱਲੋਂ ਮੁੱਖ ਮੰਤਰੀ ਦੇ ਨਾਮ 'ਤੇ ਆਈਆਂ ਸ਼ਿਕਾਇਤਾਂ ਦਾ ਪੂਰਾ ਰਿਕਾਰਡ ਰੱਖਿਆ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ 17 ਜੂਨ ਨੂੰ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕੀਤੀ ਸੀ। ਇਸ ਦੌਰਾਨ ਲਏ ਫ਼ੈਸਲਿਆਂ 'ਤੇ ਅਮਲ ਹੁਣ ਸ਼ੁਰੂ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਅੰਤਰਰਾਜੀ ਹੱਦ ਨਾਲ ਲੱਗਦੀਆਂ ਮੁੱਖ ਸੜਕਾਂ ਉਤੇ ਦੋਵੇਂ ਪਾਸੇ ਸ਼ਹੀਦਾਂ ਦੇ ਬੁੱਤ ਜਾਂ ਤਸਵੀਰਾਂ ਲਾਏ ਜਾਣ। ਲੋਕ ਨਿਰਮਾਣ ਵਿਭਾਗ ਵੱਲੋਂ ਇਸ ਪ੍ਰੋਜੈਕਟ ਨੂੰ ਤਿਆਰ ਕੀਤਾ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼, ਹਰਿਆਣਾ, ਜੰਮੂ ਕਸ਼ਮੀਰ ਅਤੇ ਰਾਜਸਥਾਨ ਦੇ ਨਾਲ ਲੱਗਦੇ ਮੁੱਖ ਮਾਰਗਾਂ ਲਈ ਇਹ ਪ੍ਰੋਜੈਕਟ ਬਣ ਰਿਹਾ ਹੈ।




ਇਸੇ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ 'ਬਦਲਾਅ' ਦਾ ਮਾਹੌਲ ਬਣਾਉਣ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਦੇ ਨਾਮ 'ਤੇ ਆਈਆਂ ਸ਼ਿਕਾਇਤਾਂ ਦਾ ਪੂਰਾ ਰਿਕਾਰਡ ਰੱਖਿਆ ਜਾਵੇਗਾ। ਲੋਕਾਂ ਨੂੰ ਉਨ੍ਹਾਂ ਦੀ ਸ਼ਿਕਾਇਤ ਦੇ ਨਿਪਟਾਰੇ ਬਾਰੇ ਵੀ ਜਾਣੂ ਕਰਾਇਆ ਜਾਵੇਗਾ। ਡਿਪਟੀ ਕਮਿਸ਼ਨਰਾਂ ਨੂੰ ਦਿਨ ਭਰ ਵਿਚ ਕਿੰਨੇ ਆਮ ਲੋਕ ਮਿਲੇ ਅਤੇ ਉਨ੍ਹਾਂ ਦੀ ਸ਼ਿਕਾਇਤ ਕੀ ਸੀ ਅਤੇ ਉਸ ਦਾ ਨਿਪਟਾਰਾ ਕਦੋਂ ਹੋਇਆ, ਇਸ ਸਭ 'ਤੇ ਨਜ਼ਰ ਰੱਖਣ ਲਈ ਸਾਫਟਵੇਅਰ ਤਿਆਰ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰਾਂ ਨੂੰ ਮਿਲਣ ਲਈ ਸਿਫ਼ਾਰਸ਼ ਨਹੀਂ ਚੱਲੇਗੀ ਅਤੇ ਆਮ ਲੋਕ ਵਾਰੀ ਸਿਰ ਡੀਸੀ ਨੂੰ ਮਿਲ ਸਕਣਗੇ। ਗਵਰਨੈਂਸ ਰਿਫਾਰਮ ਵਿਭਾਗ ਨੇ ਇਸ ਪ੍ਰੋਜੈਕਟ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਸਰਕਾਰੀ ਦਫ਼ਤਰਾਂ ਵਿਚ ਲੋਕਾਂ ਦੇ ਸਰਕਾਰੀ ਕੰਮਾਂ ਦੀ ਪ੍ਰਕਿਰਿਆ ਸੀਮਤ ਕਰਨ ਵਾਸਤੇ ਵੀ ਇਕ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਦੀ ਦਫ਼ਤਰਾਂ ਵਿਚ ਖੱਜਲ-ਖੁਆਰੀ ਘਟਾਈ ਜਾ ਸਕੇ। ਕਈ ਮਾਮਲਿਆਂ ਸਬੰਧੀ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਲੈਣ ਦੀ ਪ੍ਰਕਿਰਿਆ ਵੀ ਛੋਟੀ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਦਫ਼ਤਰ ਵੱਲੋਂ ਰਿਪੋਰਟ ਲਈ ਜਾ ਰਹੀ ਹੈ ਕਿ ਡੀ.ਸੀ ਆਮ ਪਬਲਿਕ ਨੂੰ ਮਿਲਣ ਲਈ ਆਪਣੇ ਦਫ਼ਤਰਾਂ ਵਿਚ ਬੈਠਦੇ ਹਨ ਜਾਂ ਨਹੀਂ।

# ਜਲੰਧਰ ਜ਼ਿਮਨੀ ਚੋਣ ਲਈ ਅਕਾਲੀ ਦਲ ਵਿਚ ਨਵਾਂ ਘਮਸਾਣ ਛਿੜਿਆ

## ਸੁਖਬੀਰ ਧੜੇ ਵੱਲੋਂ ਆਪਣੇ ਉਮੀਦਵਾਰ ਦੀ ਥਾਂ ਬਸਪਾ ਦੀ ਹਮਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦਾ ਅੰਦਰੂਨੀ ਕਲੇਸ਼ ਨਵੇਂ ਪੜਾਅ ‘ਚ ਦਾਖਲ ਹੋ ਗਿਆ ਹੈ। ਅਕਾਲੀ ਦਲ ਦੀ ਲੀਡਰਸ਼ਿਪ ਅਤੇ ਬਾਗ਼ੀ ਆਗੂਆਂ ਨੇ ਜਲੰਧਰ ਜ਼ਿਮਨੀ ਚੋਣ ਵਿਚ ਅਕਾਲੀ ਉਮੀਦਵਾਰ ਦੀ ਹਮਾਇਤ ਨੂੰ ਲੈ ਕੇ ਵੱਖੋ ਵੱਖਰੇ ਪੈਂਤੜੇ ਅਪਣਾ ਲਏ ਹਨ। ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਜਲੰਧਰ ਜ਼ਿਮਨੀ ਚੋਣ ‘ਚ ਉੱਤਰੀ ਪਾਰਟੀ ਦੀ ਅਧਿਕਾਰਤ ਉਮੀਦਵਾਰ ਸੁਰਜੀਤ ਕੌਰ ਦੀ ਹਮਾਇਤ ਨਾ ਕਰਨ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਬਾਗ਼ੀ ਧੜੇ ਨੇ ਪਾਰਟੀ ਦੀ ਅਧਿਕਾਰਤ ਉਮੀਦਵਾਰ ਸੁਰਜੀਤ ਕੌਰ ਦੇ ਹੱਕ ‘ਚ ਡਟਣ ਦਾ ਫ਼ੈਸਲਾ ਕੀਤਾ ਹੈ। ਚੇਤੇ ਰਹੇ ਕਿ ਜਲੰਧਰ ਜ਼ਿਮਨੀ ਚੋਣ ਵਾਸਤੇ ਉਮੀਦਵਾਰਾਂ ਦੀ ਚੋਣ ਲਈ ਅਕਾਲੀ ਦਲ ਵੱਲੋਂ ਚਾਰ ਮੈਂਬਰੀ ਕਮੇਟੀ ਬਣਾਈ ਗਈ ਸੀ ਜਿਸ ਨੇ ਅਕਾਲੀ ਉਮੀਦਵਾਰ ਸੁਰਜੀਤ ਕੌਰ ਦੇ ਨਾਮ ਦਾ ਐਲਾਨ ਕੀਤਾ ਸੀ। ਪਾਰਟੀ ਅੰਦਰ ਬਗ਼ਾਵਤ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਅਧਿਕਾਰਤ ਉਮੀਦਵਾਰ ਤੋਂ ਹੱਥ ਪਿਛਾਂਹ ਖਿੱਚ ਲਏ ਹਨ ਜਦਕਿ ਅਕਾਲੀ ਉਮੀਦਵਾਰ ਸੁਰਜੀਤ ਕੌਰ ਨੂੰ ਤੱਕੜੀ ਚੋਣ ਨਿਸ਼ਾਨ ਵੀ ਅਲਾਟ ਹੋ ਚੁੱਕਾ ਹੈ। ਸੁਰਜੀਤ ਕੌਰ ਦੀ ਨੇੜਤਾ ਪਾਰਟੀ ਦੇ ਬਾਗ਼ੀ ਆਗੂਆਂ ਨਾਲ ਹੈ।



ਡਾ. ਚੀਮਾ ਨੇ ਕਿਹਾ ਕਿ ਅਕਾਲੀ ਦਲ ਜ਼ਿਮਨੀ ਚੋਣ ਵਿਚ ਬਸਪਾ ਉਮੀਦਵਾਰ ਦੀ ਹਮਾਇਤ ਕਰੇਗਾ। ਉਨ੍ਹਾਂ ਕਿਹਾ ਕਿ ਬਾਗ਼ੀ ਧੜੇ ਨੇ ਜਲੰਧਰ ਚੋਣ ਵਿਚ ਟਕਸਾਲੀ ਪਰਿਵਾਰ ਦੀ ਸੁਰਜੀਤ ਕੌਰ ਨੂੰ ਚੋਣਾਂ ਵਿਚ ਝੋਕ ਕੇ ਖ਼ੁਦ ਜਲੰਧਰ ਵਿਚ ਹੀ ਪਾਰਟੀ ਖ਼ਿਲਾਫ਼ ਬਗ਼ਾਵਤ ਕਰ ਦਿੱਤੀ। ਉਨ੍ਹਾਂ ਕਿਹਾ ਕਿ ਬੀਬੀ ਸੁਰਜੀਤ ਕੌਰ ਟਕਸਾਲੀ ਪਰਿਵਾਰ ‘ਚੋਂ ਹਨ ਅਤੇ ਪਰਿਵਾਰ ਅੱਜ ਵੀ ਕਿਰਾਏ ਦੇ ਮਕਾਨ ਵਿਚ ਰਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸਥਾਨਕ ਲੀਡਰਸ਼ਿਪ ਵੀ ਚਾਹੁੰਦੀ ਸੀ ਕਿ ਪਾਰਟੀ ਦੀ ਮਜ਼ਬੂਤੀ ਵਾਸਤੇ ਪਹਿਲਾਂ ਦੋ ਸਾਲ ਜਲੰਧਰ (ਪੱਛਮੀ) ਵਿਚ ਆਧਾਰ ਕਾਇਮ ਕਰ ਲਿਆ ਜਾਵੇ ਕਿਉਂਕਿ ਇਹ ਸੀਟ 23 ਸਾਲ ਭਾਜਪਾ ਕੋਲ ਰਹੀ ਹੈ ਅਤੇ ਲੰਘੀਆਂ ਲੋਕ ਸਭਾ ਚੋਣਾਂ ਵਿਚ ਇਸ ਹਲਕੇ ਤੋਂ ਪਾਰਟੀ ਉਮੀਦਵਾਰ ਨੂੰ 2600 ਵੋਟਾਂ ਪਈਆਂ ਸਨ।

ਡਾ. ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਨੇ ਅਜਿਹੀਆਂ ਸਥਿਤੀਆਂ ਵਿਚ ਅਤੇ ਬਸਪਾ ਵੱਲੋਂ ਕੀਤੀ ਅਪੀਲ ਦੇ ਮੱਦੇਨਜ਼ਰ ਪਾਰਟੀ ਉਮੀਦਵਾਰ ਨੂੰ ਕਾਗ਼ਜ਼ ਵਾਪਸ ਲੈਣ ਲਈ ਕਿਹਾ ਸੀ ਤੇ ਬੀਬੀ ਸੁਰਜੀਤ ਕੌਰ ਕਾਗ਼ਜ਼ ਵਾਪਸ ਲੈਣ ਵਾਸਤੇ ਰਿਟਰਨਿੰਗ ਅਫ਼ਸਰ ਕੋਲ ਚਲੇ ਗਏ ਸਨ ਪਰ ਕਿਸੇ ਨੇ ਉਨ੍ਹਾਂ ਨੂੰ ਉਕਸਾ ਕੇ ਅਜਿਹਾ ਕਰਨ ਤੋਂ ਰੋਕ ਦਿੱਤਾ। ਉਨ੍ਹਾਂ ਕਿਹਾ ਕਿ ਬਾਗ਼ੀ ਆਗੂ ਚਾਹੁੰਦੇ ਸਨ ਕਿ ਇਸ ਜ਼ਿਮਨੀ ਚੋਣ ਵਿਚ ਪਾਰਟੀ ਦੀ ਹਾਲਤ ਹੋਰ ਖ਼ਰਾਬ ਹੋਵੇ ਤਾਂ ਜੋ ਸੁਖਬੀਰ ਬਾਦਲ ਦੇ ਅਕਸ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ।

ਬਾਗ਼ੀ ਧੜੇ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਤੇ ਚਰਨਜੀਤ ਸਿੰਘ ਬਰਾੜ ਆਦਿ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਆਪਣੇ ਪੈਂਤੜੇ ਬਾਰੇ ਐਲਾਨ ਕੀਤਾ। ਪ੍ਰੋ. ਚੰਦੂਮਾਜਰਾ ਅਤੇ ਵਡਾਲਾ ਨੇ ਕਿਹਾ ਕਿ ਉਹ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ‘ਚ ਅਕਾਲੀ ਦਲ ਦੇ ਅਧਿਕਾਰਤ ਉਮੀਦਵਾਰ ਸੁਰਜੀਤ ਕੌਰ ਦੀ ਹਮਾਇਤ ਵਿਚ ਡਟਣਗੇ। ਆਗੂਆਂ ਨੇ ਕਿਹਾ ਕਿ ਅਕਾਲੀ ਉਮੀਦਵਾਰ ਸੁਰਜੀਤ ਕੌਰ ਟਕਸਾਲੀ ਪਰਿਵਾਰ ‘ਚੋਂ ਹਨ ਅਤੇ ਬਹੁਤ ਗ਼ਰੀਬ ਘਰ ‘ਚੋਂ ਹਨ ਜਿਨ੍ਹਾਂ ਪਾਰਟੀ ਖ਼ਾਤਰ ਲੰਮਾ ਅਰਸਾ ਲਾਇਆ ਹੈ। ਅਕਾਲੀ ਦਲ ਨੇ ਹੁਣ ਕਾਗ਼ਜ਼ ਵਾਪਸੀ ਲਈ ਦਬਾਓ ਪਾ ਕੇ ਤੇ ਜਾਅਲਸਾਜ਼ੀ ਦੀ ਕੋਸ਼ਿਸ਼ ਕਰਕੇ ਟਕਸਾਲੀ ਵਰਕਰ ਦੀ ਤੌਹੀਨ ਕੀਤੀ ਹੈ। ਉਨ੍ਹਾਂ ਅਪੀਲ ਕੀਤੀ ਕਿ ਪਾਰਟੀ ਉਮੀਦਵਾਰ ਨੂੰ ਜਿਤਾਇਆ ਜਾਵੇ।

### ਅਕਾਲੀ ਦਲ ਦਾ ਬਸਪਾ ਨੂੰ ਸਮਰਥਨ ਦੇਣਾ ਗਲਤ: ਢੀਂਡਸਾ

**ਲਹਿਰਾਗਾਗਾ:** ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ‘ਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਦੇਣ ਤੋਂ ਬਾਅਦ ਪਾਰਟੀ ਦੇ ਪ੍ਰਧਾਨ ਵੱਲੋਂ ਹੀ ਵਿਰੋਧ ਕੀਤਾ ਜਾ ਰਿਹਾ ਹੈ ਜੋ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਪਾਰਟੀ ਦਾ ਪ੍ਰਧਾਨ ਆਪਣੀ ਹੀ ਪਾਰਟੀ ਦਾ ਵਿਰੋਧ ਕਰ ਰਿਹਾ ਹੋਵੇ, ਉਹ ਪਾਰਟੀ ਦਾ ਭਲਾ ਕਿਵੇਂ ਕਰ ਸਕਦਾ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਲਏ ਗਏ ਪਾਰਟੀ ਦੇ 99 ਫੀਸਦੀ ਫੈਸਲੇ ਸਿਧਾਂਤਾਂ ਦੇ ਉਲਟ ਹਨ ਜੋ ਸੌ ਸਾਲ ਪੁਰਾਣੀ ਅਤੇ ਪੰਜਾਬੀਆ ਦੀ ਮਾਂ ਪਾਰਟੀ ਲਈ ਨੁਕਸਾਨਦੇਹ ਹੈ।

### ਸੁਰਜੀਤ ਕੌਰ ਵੱਲੋਂ ਚੋਣ ਮੈਦਾਨ ‘ਚ ਡਟਣ ਦਾ ਐਲਾਨ

**ਜਲੰਧਰ:** ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਚੋਣ ਮੈਦਾਨ ਵਿਚ ਡਟੇ ਰਹਿਣ ਦਾ ਐਲਾਨ ਕੀਤਾ ਹੈ। ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਮਿੰਦਰਪਾਲ ਸਿੰਘ ਰਾਜਪਾਲ ਨੇ ਚੋਣ ਲੜ ਰਹੀ ਬੀਬੀ ਸੁਰਜੀਤ ਕੌਰ ਦੇ ਪਰਿਵਾਰਕ ਮੈਂਬਰਾਂ ਨੂੰ ਮੀਡੀਆ ਸਾਹਮਣੇ ਪੇਸ਼ ਕੀਤਾ। ਉਨ੍ਹਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਵਾਲ ਕੀਤਾ ਕਿ ਜੇ ਇਹ ਪਰਿਵਾਰ ਗਰੀਬ ਨਾ ਹੁੰਦਾ ਤਾਂ ਕੀ ਉਨ੍ਹਾਂ ਕੋਲੋਂ ਕਾਗਜ਼ ਵਾਪਸ ਕਰਵਾਉਣ ਅਤੇ ਪਾਰਟੀ ਦਾ ਅਲਾਟ ਹੋਇਆ ਚੋਣ ਨਿਸ਼ਾਨ ਤੱਕੜੀ ਖੋਹਣ ਦੀ ਧਮਕੀ ਦਿੱਤੀ ਜਾਣੀ ਸੀ?

## ਆਜ਼ਾਦ ਲੋਕ ਦਲ ਦਾ ਬਸਪਾ ‘ਚ ਰਲੇਵਾਂ

**ਜਲੰਧਰ:** ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਉਸ ਵੇਲੇ ਮਜ਼ਬੂਤੀ ਮਿਲੀ ਜਦੋਂ ‘ਆਜ਼ਾਦ ਲੋਕ ਦਲ’ ਦਾ ਰਲੇਵਾਂ ਬਸਪਾ ਵਿਚ ਹੋ ਗਿਆ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਹਾਜ਼ਰੀ ਵਿਚ ‘ਆਜ਼ਾਦ ਲੋਕ ਦਲ’ ਦੇ ਰਲੇਵੇਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਆਜ਼ਾਦ ਲੋਕ ਦਲ ਦੇ ਪ੍ਰਧਾਨ ਰਹੇ ਸੁਰਜੀਤ ਸਿੰਘ ਨੇ ਕਿਹਾ ਕਿ ਦੋਵਾਂ ਪਾਰਟੀਆਂ ਦਾ ਰਲੇਵਾਂ ਸਮਾਜ ਨੂੰ ਮਜ਼ਬੂਤ ਕਰੇਗਾ। ਇਸ ਮੌਕੇ ਸੂਬਾ ਪ੍ਰਧਾਨ ਗੜ੍ਹੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਵੱਲੋਂ ਸਮੁੱਚੇ ਛੋਟੇ ਵੱਡੇ ਸੰਗਠਨਾਂ ਤੱਕ ਪਹੁੰਚ ਕਰ ਕੇ ਉਨ੍ਹਾਂ ਨੂੰ ਇੱਕਠਾ ਕੀਤਾ ਜਾਵੇਗਾ।

# ਅਰਚਨਾ ਮਕਵਾਨਾ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਕਾਰਵਾਈ ਦੀ ਚਿਤਾਵਨੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਯੋਗ ਆਸਣ ਕਰ ਕੇ ਵਿਵਾਦਾਂ ਵਿਚ ਘਿਰੀ ਗੁਜਰਾਤ ਦੇ ਵਡੋਦਰਾ ਦੀ ਅਰਚਨਾ ਮਕਵਾਨਾ ਨੇ ਸ਼੍ਰੋਮਣੀ ਕਮੇਟੀ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਖ਼ਿਲਾਫ਼ ਦਰਜ ਕੇਸ ਵਾਪਸ ਨਾ ਲਿਆ ਗਿਆ ਤਾਂ ਉਹ ਕਮੇਟੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਦਰਜ ਕਰਵਾਈ ਗਈ ਸ਼ਿਕਾਇਤ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਇਸ ਮਾਮਲੇ ਵਿਚ ਕਾਨੂੰਨ ਆਪਣੀ ਕਾਰਵਾਈ ਕਰੇਗਾ।

ਆਪਣੇ ਸੋਸ਼ਲ ਮੀਡੀਆ ਖਾਤੇ ‘ਤੇ ਇਕ ਨਵੀਂ ਵੀਡੀਓ ਅਪਲੋਡ ਕਰਦਿਆਂ ਅਰਚਨਾ ਮਕਵਾਨਾ ਨੇ ਆਖਿਆ ਕਿ ਉਸ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਯੋਗ ਆਸਣ ਕਰ ਕੇ ਕੋਈ ਗਲਤ ਕੰਮ ਨਹੀਂ ਕੀਤਾ। ਉਸ ਨੇ ਚਿਤਾਵਨੀ ਦਿੱਤੀ ਕਿ ਸ਼੍ਰੋਮਣੀ ਕਮੇਟੀ ਇਸ ਕੇਸ ਨੂੰ ਤੁਰਤ ਵਾਪਸ ਲਵੇ ਨਹੀਂ ਤਾਂ ਉਹ ਆਪਣੇ ਕਾਨੂੰਨੀ ਮਾਹਿਰਾਂ ਦੀ ਮਦਦ ਨਾਲ ਸ਼੍ਰੋਮਣੀ ਕਮੇਟੀ ਖ਼ਿਲਾਫ਼ ਅਦਾਲਤ ਵਿਚ ਕਾਰਵਾਈ ਕਰੇਗੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਇਸ ਸਬੰਧੀ ਸ਼ਿਕਾਇਤ ਨੂੰ ਵਾਪਸ ਨਹੀਂ ਲਵੇਗੀ। ਇਸ ਮਾਮਲੇ ਵਿਚ ਕਾਨੂੰਨ ਹੁਣ ਆਪਣੀ ਕਾਰਵਾਈ ਕਰੇਗਾ। ਉਨ੍ਹਾਂ ਕਿਹਾ ਕਿ ਤਾਜ਼ਾ ਵੀਡੀਓ ਤੋਂ ਅਰਚਨਾ ਦੀ ਮਨਸ਼ਾ ਸਪੱਸ਼ਟ ਤੌਰ ‘ਤੇ ਸਾਹਮਣੇ ਆ ਗਈ ਹੈ। ਪਹਿਲਾਂ ਉਹ ਇਸ ਮਾਮਲੇ ਵਿਚ ਮੁਆਫ਼ੀ ਮੰਗ ਰਹੀ ਸੀ ਅਤੇ ਹੁਣ ਉਹ ਸ਼੍ਰੋਮਣੀ ਕਮੇਟੀ ਨੂੰ ਚਿਤਾਵਨੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਕੁਤਾਹੀ ਕਰਨ ਵਾਲੇ ਆਪਣੇ ਤਿੰਨ ਕਰਮਚਾਰੀਆਂ ਦੇ ਖ਼ਿਲਾਫ਼ ਵੀ ਕਾਰਵਾਈ ਕੀਤੀ ਹੈ।



# ਬਾਦਲ ਦਲ ਜਾਂ ਬਾਗ਼ੀ ਦਲ ਦੀ ਬੇੜੀ ’ਚ ਪੈਰ ਨਹੀਂ ਧਰਾਂਗਾ: ਸਰਬਜੀਤ ਸਿੰਘ

**ਪਟਿਆਲਾ:** ਫ਼ਰੀਦਕੋਟ ਤੋਂ ਆਜ਼ਾਦ ਤੌਰ ਉਤੇ ਵੱਡੀ ਜਿੱਤ ਹਾਸਲ ਕਰਨ ਵਾਲੇ ਲੋਕ ਸਭਾ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਸਥਿਤੀ ਬਾਰੇ ਕਿਹਾ ਕਿ ਪੰਥਕ ਰਵਾਇਤਾਂ ਤੇ ਸਿਧਾਂਤਾਂ ਤੋਂ ਦੂਰ ਹੋਈ ਅਕਾਲੀ ਦਲ ਦੀ ਲੀਡਰਸ਼ਿਪ ਅੱਜ ਆਪਣੇ ਵੱਲੋਂ ਕੀਤੇ ਪੰਥ ਵਿਰੋਧੀ ਕਾਰਜਾਂ ਦੀ ਸਜ਼ਾ ਭੁਗਤ ਰਹੀ ਹੈ। ਉਹ ਬਾਗ਼ੀਆਂ ਜਾਂ ਫਿਰ ਬਾਦਲ ਧੜੇ ਦੀ ਬੇੜੀ ਵਿਚ ਪੈਰ ਨਹੀਂ ਰੱਖਣਗੇ।

ਭਾਈ ਖ਼ਾਲਸਾ ਪਟਿਆਲਾ ਵਿਚ ਇਕ ਨਿੱਜੀ ਪ੍ਰੋਗਰਾਮ ਵਿਚ ਆਏ ਸਨ। ਇਸ ਮੌਕੇ ਉਨ੍ਹਾਂ ਗੱਲ ਕਰਦਿਆਂ ਕਿਹਾ ਕਿ ਉਹ ਆਪਣੀ ਅਗਲੀ ਰਣਨੀਤੀ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਹੀ ਬਣਾਉਣਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਤੋਂ ਬਗੈਰ ਉਨ੍ਹਾਂ ਦਾ ਹਾਲੇ ਤੱਕ ਕਿਸੇ ਹੋਰ ਨਾਲ ਕੋਈ ਸਬੰਧ ਨਹੀਂ ਹੈ।



ਲੋਕ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ ਵਿਚੋਂ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਕੇ ਐੱਮ.ਪੀ. ਬਣੇ ਅੰਮ੍ਰਿਤਪਾਲ ਸਿੰਘ ‘ਤੇ ਐਨ.ਐਸ.ਏ. ਵਧਾ ਦੇਣਾ ਤੇ ਉਸ ਨੂੰ ਸਹੁੰ ਚੁੱਕਣ ਲਈ ਵੀ ਜੇਲ੍ਹ ‘ਚੋਂ ਬਾਹਰ ਨਾ ਆਉਣ ਦੇਣ ਉਤੇ ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ।

# ਸਿਆਸੀ ਹਲਕਿਆਂ ਨੂੰ ਰੜਕਣ ਲੱਗੀ ਬਿਕਰਮ ਸਿੰਘ ਮਜੀਠੀਆ ਦੀ ਚੁੱਪ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ‘ਚ ਉੱਠੀ ਬਗ਼ਾਵਤ ਅਤੇ ਅੰਦਰੂਨੀ ਕਲੇਸ਼ ਦਰਮਿਆਨ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਾਮੋਸ਼ ਹਨ। ਸਿਆਸੀ ਹਲਕਿਆਂ ਨੂੰ ਇਹ ਖ਼ਾਮੋਸ਼ੀ ਰੜਕ ਰਹੀ ਹੈ। ਖ਼ਾਸ ਕਰਕੇ ਉਦੋਂ ਇਸ ਦੇ ਮਾਅਨੇ ਹੋਰ ਡੂੰਘੇ ਹੋ ਜਾਂਦੇ ਹਨ ਜਦੋਂ ਮਜੀਠੀਆ ਆਪਣੇ ਨਜ਼ਦੀਕੀ ਰਿਸ਼ਤੇਦਾਰ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ‘ਤੇ ਬਣੇ ਸਿਆਸੀ ਸੰਕਟ ਮੌਕੇ ਚੁੱਪ ਧਾਰ ਲੈਂਦੇ ਹਨ। ਮਜੀਠੀਆ ਪੰਜਾਬ ਵਿਚ ਹਰ ਸਿਆਸੀ ਗਤੀਵਿਧੀ ਉਤੇ ਕਦੇ ਵੀ ਟਿੱਪਣੀ ਕਰਨ ਤੋਂ ਨਹੀਂ ਖੁੰਝੇ ਹਨ। ਅਕਾਲੀ ਦਲ ਵਿਚ ਛਿੜੇ ਅੰਦਰੂਨੀ ਕਲੇਸ਼ ਨੂੰ ਲੈ ਕੇ ਮਜੀਠੀਆ ਨੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ।




ਅਕਾਲੀ ਦਲ ਦੀਆਂ ਮੀਟਿੰਗਾਂ ‘ਚੋਂ ਮਜੀਠੀਆ ਗ਼ੈਰਹਾਜ਼ਰ ਹਨ। ਪਹਿਲਾਂ ਉਹ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਨਹੀਂ ਆਏ ਅਤੇ ਫਿਰ ਬਾਕੀ ਮੀਟਿੰਗਾਂ ‘ਚੋਂ ਵੀ ਗ਼ੈਰਹਾਜ਼ਰ ਹੋਏ ਹਨ। ਜਦੋਂ ਲੋਕ ਸਭਾ ਚੋਣਾਂ ਦਾ ਪ੍ਰਚਾਰ ਚੱਲ ਰਿਹਾ ਸੀ ਤਾਂ ਉਸ ਵਕਤ ਵੀ ਮਜੀਠੀਆ ਗ਼ਾਇਬ ਰਹੇ ਸਨ। ਮਜੀਠੀਆ ਨੇ ਚੋਣ ਪ੍ਰਚਾਰ ਦੇ ਮਾਮਲੇ ਵਿਚ ਖ਼ੁਦ ਨੂੰ ਅੰਮ੍ਰਿਤਸਰ ਅਤੇ ਬਠਿੰਡਾ ਸੰਸਦੀ ਹਲਕੇ ਤੱਕ ਸੀਮਤ ਕੀਤਾ ਹੋਇਆ ਸੀ। ਸੂਤਰਾਂ ਮੁਤਾਬਕ ਹਫ਼ਤਾ ਪਹਿਲਾਂ ਮਜੀਠੀਆ ਅੰਮ੍ਰਿਤਸਰ ਆਏ ਸਨ ਅਤੇ ਦੋ ਦਿਨਾਂ ਮਗਰੋਂ ਮੁੜ ਵਾਪਸ ਚਲੇ ਗਏ। ਕੋਈ ਆਖ ਰਿਹਾ ਹੈ ਕਿ ਮਜੀਠੀਆ ਆਪਣੇ ਪਰਿਵਾਰਕ ਰੁਝੇਵੇਂ ਵਿਚ ਹਨ। ਇੰਨਾ ਜ਼ਰੂਰ ਦੱਸਿਆ ਜਾ ਰਿਹਾ ਹੈ ਕਿ ਉਹ ਪੰਜਾਬ ਤੋਂ ਬਾਹਰ ਸਨ। ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਮਜੀਠੀਆ ਆਪਣੇ ਬੱਚੇ ਦੀ ਪੜ੍ਹਾਈ ਦੇ ਸਿਲਸਿਲੇ ਵਿਚ ਗਏ ਹੋਏ ਹਨ ਅਤੇ ਇਸ ਗ਼ੈਰਹਾਜ਼ਰੀ ਦੇ ਗ਼ਲਤ ਅਰਥ ਨਹੀਂ ਕੱਢੇ ਜਾਣੇ ਚਾਹੀਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਮਜੀਠੀਆ ਪਹਿਲਾਂ ਉੱਤਰ ਪ੍ਰਦੇਸ਼ ਗਏ ਹੋਏ ਸਨ ਅਤੇ ਹੁਣ ਵਾਪਸ ਆ ਗਏ ਹਨ। ਸਿਆਸੀ ਹਲਕਿਆਂ ਮੁਤਾਬਕ ਪਹਿਲਾਂ ਜਦੋਂ ਕੋਈ ਸਿਆਸੀ ਗਤੀਵਿਧੀ ਹੁੰਦੀ ਸੀ ਜਾਂ ਕੋਈ ਮੁੱਦਾ ਉੱਠਦਾ ਸੀ ਤਾਂ ਮਜੀਠੀਆ ਪੰਜਾਬ ਤੋਂ ਬਾਹਰ ਹੋਣ ਦੇ ਬਾਵਜੂਦ ਟਵੀਟ ਕਰ ਦਿੰਦੇ ਸਨ। ਅਕਾਲੀ ਦਲ ਤੋਂ ਵੱਖ ਚੱਲ ਰਹੇ ਬਾਗ਼ੀ ਆਗੂਆਂ ਨੂੰ ਲੈ ਕੇ ਵੀ ਮਜੀਠੀਆ ਨੇ ਕਿਧਰੇ ਕੋਈ ਟਿੱਪਣੀ ਨਹੀਂ ਕੀਤੀ ਹੈ ਅਤੇ ਨਾ ਹੀ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੀ ਪਾਰਟੀ ਵਿਚਲੀ ਅਗਵਾਈ ਨੂੰ ਲੈ ਕੇ ਆਪਣੀ ਹਮਾਇਤ ਜ਼ਾਹਰ ਕੀਤੀ ਹੈ।

### ਨੁਕਸਾਨ ਕਰਨ ‘ਚ ਰੱਖੜਾ ਤੇ ਚੰਦੂਮਾਜਰਾ ਮੋਹਰੀ: ਸੁਖਬੀਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਲਈ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਪਿੱਛੇ ਵੱਡੇ ਲੋਕਾਂ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਸੁਰਜੀਤ ਸਿੰਘ ਰੱਖੜਾ ਪਹਿਲਾਂ ਇਕ ਦੂਜੇ ਨੂੰ ਦੇਖਣਾ ਵੀ ਪਸੰਦ ਨਹੀਂ ਕਰਦੇ ਸਨ ਪਰ ਉਹ ਅੱਜ ਬਗਾਵਤ ਕਰ ਕੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਵਿਚ ਸਭ ਤੋਂ ਮੋਹਰੀ ਰੋਲ ਨਿਭਾ ਰਹੇ ਹਨ ਤੇ ਦੋਵੇਂ ਆਗੂ ਸ਼੍ਰੋਮਣੀ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਲਈ ਸਾਂਝੀਆਂ ਕੋਸ਼ਿਸ਼ਾਂ ਕਰ ਰਹੇ ਹਨ।

### ਚੌਧਰ ਖਾਤਰ ਕਲੇਸ਼ ‘ਚ ਉਲਝਿਆ ਅਕਾਲੀ ਦਲ: ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਉਤੇ ਤਿੱਖਾ ਹਮਲਾ ਕੀਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਅਕਾਲੀ ਦਲ ਦਾ ਸੁਪਰੀਮੋ ਸੁਖਬੀਰ ਸਿੰਘ ਬਾਦਲ ਆਪਣੀ ਹੀ ਪਾਰਟੀ ਦੇ ਚੋਣ ਨਿਸ਼ਾਨ ਵਾਲੇ ਉਮੀਦਵਾਰ ਖ਼ਿਲਾਫ਼ ਚੋਣ ਪ੍ਰਚਾਰ ਕਰੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਇਸ ਵੇਲੇ ਬੁਰੀ ਤਰ੍ਹਾਂ ਸੰਕਟ ਵਿਚ ਫਸਿਆ ਹੋਇਆ ਹੈ ਕਿਉਂਕਿ ਅਕਾਲੀ ਲੀਡਰ ਚੌਧਰ ਚਮਕਾਉਣ ਲਈ ਆਪਸੀ ਕਾਟੋ-ਕਲੇਸ਼ ‘ਚ ਉਲਝੇ ਹੋਏ ਹਨ। ਇਸ ਪਾਰਟੀ ਦੀ ਨਾ ਤਾਂ ਕੋਈ ਵਿਚਾਰਧਾਰਾ ਹੈ ਅਤੇ ਨਾ ਹੀ ਕੋਈ ਸਟੈਂਡ ਰਿਹਾ ਹੈ।

# ਜਲੰਧਰ ਜ਼ਿਮਨੀ ਚੋਣ ਸੱਤਾ ਧਿਰ ਲਈ 'ਕਰੋ ਜਾਂ ਮਰੋ' ਦਾ ਸਵਾਲ ਬਣੀ

**ਚੰਡੀਗੜ੍ਹ:** ਸੱਤਾ ਧਿਰ ਲਈ ਜਲੰਧਰ (ਪੱਛਮੀ) ਦੀ ਜ਼ਿਮਨੀ ਚੋਣ 'ਕਰੋ ਜਾਂ ਮਰੋ' ਦਾ ਸਵਾਲ ਹੈ। ਜ਼ਿਮਨੀ ਚੋਣਾਂ 'ਮਿਸ਼ਨ 2027' ਦਾ ਮੁੱਢ ਬੰਨ੍ਹਣਗੀਆਂ। ਇਸੇ ਕਰ ਕੇ ਸਿਆਸੀ ਧਿਰਾਂ ਦਾ ਮੁੱਖ ਨਿਸ਼ਾਨਾ ਹੁਣ ਜ਼ਿਮਨੀ ਚੋਣਾਂ ਹਨ। ਆਉਂਦਾ ਇਕ ਵਰ੍ਹਾ ਤਾਂ ਚੋਣਾਂ ਦੇ ਰੌਲੇ-ਰੱਪੇ ਵਿਚ ਹੀ ਲੰਘਣਾ ਹੈ ਕਿਉਂਕਿ ਪੰਜਾਬ ਸਰਕਾਰ ਪੰਚਾਇਤੀ ਚੋਣਾਂ ਅਤੇ ਨਿਗਮ ਚੋਣਾਂ ਵੀ ਫ਼ੌਰੀ ਕਰਾਉਣ ਦੇ ਰੌਂਅ ਵਿਚ ਹੈ ਜਿਸ ਦੀ ਤਿਆਰੀ ਵਿੱਢ ਦਿੱਤੀ ਗਈ ਹੈ। ਸਿਆਸੀ ਧਿਰਾਂ ਲਈ ਪਹਿਲੀ ਪ੍ਰੀਖਿਆ ਜਲੰਧਰ ਪੱਛਮੀ ਦੀ ਚੋਣ ਹੈ। ਹਾਕਮ ਧਿਰ ਜਲੰਧਰ ਪੱਛਮੀ ਚੋਣ ਜਿੱਤਣ ਲਈ ਪੂਰਾ ਜ਼ੋਰ ਲਾ ਰਹੀ ਹੈ। ਕਾਂਗਰਸ ਪਾਰਟੀ ਜਲੰਧਰ ਚੋਣ ਨੂੰ ਵੱਕਾਰੀ ਮੰਨ ਰਹੀ ਹੈ।

ਭਾਜਪਾ ਲਈ ਵੋਟ ਫੀਸਦ ਪੱਖੋਂ ਜਲੰਧਰ ਜ਼ਿਮਨੀ ਚੋਣ ਅਹਿਮ ਹੈ। ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਮਗਰੋਂ ਕਿਸੇ ਵੇਲੇ ਵੀ ਚੋਣ ਕਮਿਸ਼ਨ ਵਿਧਾਨ ਸਭਾ ਹਲਕਾ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਦੀ ਜ਼ਿਮਨੀ ਚੋਣ ਦਾ ਐਲਾਨ ਕਰ ਸਕਦਾ ਹੈ। ਜਲੰਧਰ ਪੱਛਮੀ ਚੋਣ ਦਾ ਨਤੀਜਾ ਇਨ੍ਹਾਂ ਉਪਰੋਕਤ ਚਾਰ ਜ਼ਿਮਨੀ ਚੋਣਾਂ ਦੇ ਨਤੀਜੇ ਵੀ ਪ੍ਰਭਾਵਿਤ ਕਰੇਗਾ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਤਿੰਨ ਸਾਥੀਆਂ ਨੇ ਵੀ ਜ਼ਿਮਨੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਦਲਜੀਤ ਸਿੰਘ ਕਲਸੀ ਦੇ ਡੇਰਾ ਬਾਬਾ ਨਾਨਕ ਤੋਂ, ਬਰਨਾਲਾ ਤੋਂ ਕੁਲਵੰਤ ਸਿੰਘ ਰਾਊਕੇ ਅਤੇ ਗਿੱਦੜਬਾਹਾ ਤੋਂ ਭਗਵੰਤ ਸਿੰਘ ਬਾਜੇਕੇ ਦੇ ਚੋਣ ਲੜਨ ਦੇ ਚਰਚੇ ਹਨ। ਗਿੱਦੜਬਾਹਾ ਤੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਚੋਣ ਲੜਨ ਦੇ ਵੀ ਚਰਚੇ ਹਨ। ਅਕਾਲੀ ਦਲ ਵਿਚ ਅੰਦਰੂਨੀ ਕਲੇਸ਼ ਛਿੜਿਆ ਹੋਇਆ ਹੈ, ਜਿਸ ਦਾ ਅਸਰ ਜ਼ਿਮਨੀ ਚੋਣਾਂ 'ਤੇ ਵੀ ਪਵੇਗਾ।



ਸਾਲ 1995 ਵਿਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਹੋਈ ਸੀ ਅਤੇ ਉਸ ਵੇਲੇ ਤਤਕਾਲੀ ਬੇਅੰਤ ਸਿੰਘ ਦੀ ਸਰਕਾਰ ਨੇ ਪੂਰੀ ਸ਼ਕਤੀ ਝੋਕ ਦਿੱਤੀ ਸੀ ਪ੍ਰੰਤੂ ਇਹ ਸੀਟ ਉਦੋਂ ਅਕਾਲੀ ਦਲ ਦੀ ਝੋਲੀ ਪਈ ਸੀ ਅਤੇ ਮਨਪ੍ਰੀਤ ਸਿੰਘ ਬਾਦਲ ਪਹਿਲੀ ਵਾਰ ਵਿਧਾਇਕ ਬਣੇ ਸਨ। ਗਿੱਦੜਬਾਹਾ ਸੀਟ 'ਤੇ ਸਾਲ 1977 ਤੋਂ ਹੁਣ ਤੱਕ 10 ਵਾਰ ਦੀ ਚੋਣ 'ਚੋਂ ਛੇ ਵਾਰ ਅਕਾਲੀ ਦਲ ਨੂੰ ਜਿੱਤ ਮਿਲੀ ਹੈ ਜਦੋਂ ਕਿ ਚਾਰ ਵਾਰ ਕਾਂਗਰਸ ਜੇਤੂ ਰਹੀ ਹੈ। ਪਿਛਲੀਆਂ ਤਿੰਨ ਚੋਣਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਜੇਤੂ ਰਹੇ ਹਨ। ਗਿੱਦੜਬਾਹਾ ਸੀਟ ਤੋਂ ਤਿੰਨ ਵਾਰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਜੇਤੂ ਰਹੇ ਹਨ। ਇਸੇ ਤਰ੍ਹਾਂ ਬਰਨਾਲਾ ਸੀਟ ਤੋਂ 10 'ਚੋਂ ਤਿੰਨ ਵਾਰ ਕਾਂਗਰਸ ਜੇਤੂ ਰਹੀ ਹੈ, ਜਦੋਂ ਕਿ ਚਾਰ ਵਾਰ ਇਹ ਸੀਟ ਅਕਾਲੀ ਦਲ ਦੀ ਝੋਲੀ ਪਈ ਹੈ। ਬੀਤੀਆਂ ਦੋ ਚੋਣਾਂ 'ਆਪ' ਦੇ ਗੁਰਮੀਤ ਸਿੰਘ ਮੀਤ ਹੇਅਰ ਨੇ ਜਿੱਤੀਆਂ ਹਨ। ਡੇਰਾ ਬਾਬਾ ਨਾਨਕ ਤੋਂ ਪਿਛਲੀਆਂ ਤਿੰਨ ਚੋਣਾਂ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਨੇ ਜਿੱਤੀਆਂ ਹਨ, ਜਦੋਂ ਕਿ ਚੱਬੇਵਾਲ ਸੀਟ ਤੋਂ ਲੰਘੀਆਂ ਦੋ ਚੋਣਾਂ ਵਿਚ ਡਾ. ਰਾਜ ਕੁਮਾਰ ਚੱਬੇਵਾਲ ਨੇ ਜਿੱਤ ਹਾਸਲ ਕੀਤੀ ਅਤੇ ਸਾਲ 2012 ਵਿਚ ਇਹ ਸੀਟ ਅਕਾਲੀ ਦਲ ਨੇ ਪ੍ਰਾਪਤ ਕੀਤੀ ਸੀ। ਜ਼ਿਮਨੀ ਚੋਣ ਦਾ ਰੰਗ ਆਮ ਚੋਣਾਂ ਨਾਲੋਂ ਵੱਖਰਾ ਹੁੰਦਾ ਹੈ। ਪੰਜਾਬ ਸਰਕਾਰ ਨੇ ਇਨ੍ਹਾਂ ਸਾਰੀਆਂ ਜ਼ਿਮਨੀ ਚੋਣਾਂ ਦੀ ਤਿਆਰੀ ਵਿੱਢ ਦਿੱਤੀ ਹੈ।

## ਦਸਵੀਂ ਤੇ ਬਾਰ੍ਹਵੀਂ ਦੀ ਪ੍ਰੀਖਿਆ ਸਾਲ 'ਚ ਦੋ ਵਾਰ ਕਰਵਾਉਣ 'ਤੇ ਬਣੀ ਸਹਿਮਤੀ

**ਚੰਡੀਗੜ੍ਹ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਵੱਲੋਂ ਦਸਵੀਂ ਤੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਸਾਲ ਵਿਚ ਦੋ ਵਾਰ ਲਈ ਜਾਵੇਗੀ। ਇਸ ਲਈ ਕੇਂਦਰੀ ਵਿਭਾਗ ਨੇ ਦੇਸ਼ ਭਰ ਦੇ ਪ੍ਰਿੰਸੀਪਲਾਂ ਨਾਲ ਆਨਲਾਈਨ ਮੀਟਿੰਗ ਕੀਤੀ ਜਿਸ ਵਿਚ ਸਾਲ ਵਿਚ ਜਨਵਰੀ ਤੇ ਅਪਰੈਲ ਵਿਚ ਦੋ ਵਾਰ ਪ੍ਰੀਖਿਆ ਕਰਵਾਉਣ 'ਤੇ ਸਹਿਮਤੀ ਬਣੀ ਹੈ।

ਇਹ ਯੋਜਨਾ ਸਾਲ 2026 ਵਿਚ ਲਾਗੂ ਹੋਵੇਗੀ ਜਿਸ ਲਈ ਪ੍ਰਿੰਸੀਪਲਾਂ ਨੂੰ ਲਿਖਤੀ ਸਹਿਮਤੀ ਦੇਣ ਲਈ ਕਿਹਾ ਗਿਆ ਹੈ। ਵਿਦਿਆਰਥੀਆਂ ਲਈ ਆਪਣੇ ਅੰਕਾਂ ਨੂੰ ਬਿਹਤਰ ਬਣਾਉਣ ਲਈ ਦੋਵੇਂ ਪ੍ਰੀਖਿਆਵਾਂ ਦੇਣ ਦਾ ਵਿਕਲਪ ਹੋਵੇਗਾ ਪਰ ਇਸ ਲਈ ਵੱਖਰਾ ਖਾਕਾ ਉਲੀਕਿਆ ਜਾਵੇਗਾ। ਜਾਣਕਾਰੀ ਅਨੁਸਾਰ ਕੇਂਦਰੀ ਸਿੱਖਿਆ ਮੰਤਰਾਲੇ ਨੇ ਇਸ ਮੀਟਿੰਗ ਵਿਚ ਤਿੰਨ ਵਿਕਲਪ ਦਿੱਤੇ ਸਨ ਜਿਸ ਵਿਚ ਕਿਹਾ ਗਿਆ ਸੀ ਕਿ ਸਮੈਸਟਰ ਸਿਸਟਮ ਅਨੁਸਾਰ ਸਾਲ ਵਿਚ ਦੋ ਵਾਰ ਪ੍ਰੀਖਿਆਵਾਂ ਕਰਵਾਈਆਂ ਜਾਣ। ਪਹਿਲੇ ਸਮੈਸਟਰ ਵਿੱਚ ਅੱਧੇ ਸਿਲੇਬਸ ਤੇ ਦੂਜੇ



ਸਮੈਸਟਰ ਵਿਚ ਰਹਿੰਦੇ ਸਿਲੇਬਸ ਦੀ ਪ੍ਰੀਖਿਆ ਕਰਵਾਈ ਜਾਵੇ। ਦੂਜੇ ਵਿਕਲਪ ਅਨੁਸਾਰ ਮਾਰਚ-ਅਪਰੈਲ ਦੀਆਂ ਸਾਲਾਨਾ ਪ੍ਰੀਖਿਆਵਾਂ ਤੋਂ ਬਾਅਦ ਸਪਲੀਮੈਂਟਰੀ ਪ੍ਰੀਖਿਆਵਾਂ ਵੇਲੇ ਪੂਰੀ ਪ੍ਰੀਖਿਆ ਲਈ ਜਾਵੇ। ਤੀਜੇ ਅਨੁਸਾਰ ਜੇ.ਈ.ਈ. ਮੇਨਜ਼ ਦੀ ਤਰਜ਼ 'ਤੇ ਜਨਵਰੀ ਤੇ ਅਪਰੈਲ ਵਿਚ ਦੋ ਵਾਰ ਪ੍ਰੀਖਿਆਵਾਂ ਲਈਆਂ ਜਾਣ। ਇਹ ਪ੍ਰੀਖਿਆਵਾਂ ਪੂਰੇ ਸਿਲੇਬਸ ਲਈ ਜਨਵਰੀ ਤੇ ਅਪਰੈਲ ਵਿਚ ਲਈਆਂ ਜਾਣ। ਇਹ ਪਤਾ ਲੱਗਿਆ ਹੈ ਕਿ ਜ਼ਿਆਦਾਤਰ ਪ੍ਰਿੰਸੀਪਲਾਂ ਨੇ ਤੀਜੇ ਵਿਕਲਪ ਨਾਲ ਸਹਿਮਤੀ ਜਤਾਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਾਲ 2025-26 ਦੀਆਂ ਪ੍ਰੀਖਿਆਵਾਂ ਪੁਰਾਣੇ ਪਾਠਕ੍ਰਮ ਅਨੁਸਾਰ ਕਰਵਾਈਆਂ ਜਾਣ।

## ਮੱਕੀ ਦੇ ਹਾਈਬ੍ਰਿਡ ਬੀਜ ਸਬਸਿਡੀ ਉਤੇ ਦੇਵੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਮੱਕੀ ਦੇ ਹਾਈਬ੍ਰਿਡ ਬੀਜਾਂ ਉਤੇ 100 ਰੁਪਏ ਪ੍ਰਤੀ ਕਿਲੋ ਸਬਸਿਡੀ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਸੂਬੇ ਵਿਚ 4700 ਹੈਕਟੇਅਰ ਰਕਬੇ 'ਤੇ ਮੱਕੀ ਦੀਆਂ ਪ੍ਰਦਰਸ਼ਨੀਆਂ ਲਗਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਲਈ ਕਿਸਾਨਾਂ ਨੂੰ ਖਾਦਾਂ, ਕੀਟਨਾਸ਼ਕਾਂ ਆਦਿ ਸਣੇ ਵੱਖ-ਵੱਖ ਸਮੱਗਰੀ ਲਈ ਪ੍ਰਤੀ ਹੈਕਟੇਅਰ 6,000 ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੀਤਾ ਹੈ।

ਸ੍ਰੀ ਖੁੱਡੀਆਂ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਵੱਲੋਂ ਪ੍ਰਮਾਣਿਤ ਅਤੇ ਸਿਫ਼ਾਰਸ਼ ਕੀਤੇ ਹਾਈਬ੍ਰਿਡ ਮੱਕੀ ਦੇ ਪ੍ਰਤੀ ਇੱਕ ਕਿਲੋ ਬੀਜ ਦੀ ਖ਼ਰੀਦ 'ਤੇ ਕਿਸਾਨ 100 ਰੁਪਏ ਦੀ ਸਬਸਿਡੀ ਦਾ ਲਾਭ ਲੈ ਸਕਦੇ ਹਨ। ਹਾਈਬ੍ਰਿਡ ਮੱਕੀ ਦੇ ਬੀਜਾਂ ਲਈ ਪ੍ਰਤੀ ਕਿਸਾਨ ਨੂੰ ਵੱਧ ਤੋਂ ਵੱਧ 5 ਏਕੜ ਰਕਬੇ ਲਈ ਸਬਸਿਡੀ ਦਿੱਤੀ ਜਾਵੇਗੀ ਜਾਂ ਫੇਰ 40 ਕਿਲੋਗ੍ਰਾਮ ਬੀਜ ਲਈ



ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਇਸ ਤਰ੍ਹਾਂ ਕਿਸਾਨਾਂ ਨੂੰ ਕੁੱਲ 2300 ਕੁਇੰਟਲ ਮੱਕੀ ਦਾ ਬੀਜ ਸਬਸਿਡੀ 'ਤੇ ਉਪਲਬਧ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਵੱਧ ਖ਼ਪਤ ਵਾਲੀ ਝੋਨੇ ਦੀ ਫ਼ਸਲ ਤੋਂ ਛੁਟਕਾਰਾ ਦਿਵਾਉਣ ਲਈ ਸੂਬਾ ਸਰਕਾਰ ਨੇ ਰਿਕਾਰਡ 2 ਲੱਖ ਹੈਕਟੇਅਰ ਰਕਬੇ 'ਤੇ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਦਾ ਟੀਚਾ ਮਿੱਥਿਆ ਹੈ। ਕੈਬਨਿਟ ਮੰਤਰੀ ਨੇ ਸੂਬੇ ਦੇ ਵੱਧ ਤੋਂ ਵੱਧ ਕਿਸਾਨਾਂ ਨੂੰ ਇਸ ਸਕੀਮ ਦਾ ਲਾਭ ਲੈਣ ਦੀ ਅਪੀਲ ਕੀਤੀ ਹੈ। ਕਿਸਾਨ ਆਨਲਾਈਨ ਪੋਰਟਲ 'ਤੇ ਆਪਣੀ ਅਰਜ਼ੀ ਜਮ੍ਹਾਂ ਕਰਵਾ ਸਕਦੇ ਹਨ।

## ਪੰਚਾਇਤ ਮੰਤਰੀ ਵੱਲੋਂ ਨਾਜਾਇਜ਼ ਕਬਜ਼ੇ ਹਟਾਉਣ ਦੇ ਨਿਰਦੇਸ਼

**ਚੰਡੀਗੜ੍ਹ:** ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅਧਿਕਾਰੀਆਂ ਨੂੰ ਸੂਬੇ ਦੇ ਵੱਖ-ਵੱਖ ਪਿੰਡਾਂ ਵਿਚ ਸਰਕਾਰੀ ਇਮਾਰਤਾਂ ਉਸਾਰਨ ਲਈ ਛੱਡੀਆਂ ਥਾਵਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਕੈਬਨਿਟ ਮੰਤਰੀ ਨੇ ਵਿਭਾਗ ਦੇ ਖੇਤਰੀ ਦਫ਼ਤਰਾਂ ਨੂੰ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਦੇ ਸਹਿਯੋਗ ਨਾਲ ਇਨ੍ਹਾਂ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਤੁਰਤ ਮੁਕਤ ਕਰਵਾਉਣ ਅਤੇ ਨਿਯਮਤ ਜਾਂਚ ਨੂੰ ਯਕੀਨੀ ਬਣਾਉਣ ਲਈ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਪਿਛਲੇ ਅਰਸੇ ਦੌਰਾਨ ਵੱਖ-ਵੱਖ ਪਿੰਡਾਂ ਦੇ ਦੌਰਿਆਂ ਦੌਰਾਨ ਲੋਕਾਂ ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਹੈ ਕਿ ਪਿੰਡਾਂ ਦੀਆਂ ਫਿਰਨੀਆਂ, ਲਿੰਕ ਸੜਕਾਂ, ਛੱਪੜਾਂ, ਸ਼ਮਸ਼ਾਨਘਾਟਾਂ ਦੇ ਰਸਤਿਆਂ, ਪਿੰਡਾਂ ਵਿਚ ਸਕੂਲ, ਡਿਸਪੈਂਸਰੀਆਂ, ਪਸ਼ੂ ਡਿਸਪੈਂਸਰੀਆਂ, ਪੰਚਾਇਤ ਘਰਾਂ ਅਤੇ ਹੋਰ ਰਸਤਿਆਂ ਆਦਿ ਦੀ ਉਸਾਰੀ ਲਈ ਛੱਡੀਆਂ ਗਈਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡਾਂ ਵਿਚ ਵਿਭਾਗ ਵੱਲੋਂ ਉਸਾਰੀਆਂ ਹੋਈਆਂ ਵੱਖ-ਵੱਖ ਸਰਕਾਰੀ ਇਮਾਰਤਾਂ ਜਿਵੇਂ ਪੰਚਾਇਤ ਘਰ, ਧਰਮਸ਼ਾਲਾਵਾਂ, ਪਸ਼ੂ ਡਿਸਪੈਂਸਰੀਆਂ ਆਦਿ ਦੀ ਸਹੀ ਢੰਗ ਨਾਲ ਸੰਭਾਲ ਨਹੀਂ ਕੀਤੀ ਜਾ ਰਹੀ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਸਰਕਾਰੀ ਇਮਾਰਤਾਂ ਤੋਂ ਨਾਜਾਇਜ਼ ਕਬਜ਼ੇ ਹਟਵਾਉਣ ਲਈ ਸਖ਼ਤ ਕਦਮ ਚੁੱਕਣ, ਭਵਿੱਖ 'ਚ ਹੋਣ ਵਾਲੇ ਅਣ-ਅਧਿਕਾਰਤ ਕਬਜ਼ੇ ਰੋਕਣ ਲਈ ਨਿਯਮਤ ਨਿਰੀਖਣ ਕਰਨ ਤੇ ਸਰਕਾਰੀ ਇਮਾਰਤਾਂ ਦੀ ਸਹੀ ਸੰਭਾਲ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

## ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾ ਕੇ ਸਿੱਖ ਜਥਾ ਵਤਨ ਪਰਤਿਆ

**ਅਟਾਰੀ:** ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਪਾਕਿਸਤਾਨ ਤੋਂ ਭਾਰਤੀ ਸਿੱਖ ਜਥਾ ਵਤਨ ਪਰਤਿਆ। ਅਮੋਲਕ ਸਿੰਘ (ਅਜਨਾਲਾ) ਨੇ ਦੱਸਿਆ ਕਿ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਵਿਖੇ ਕਿਸੇ ਸਿੱਖ ਸ਼ਰਧਾਲੂ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਤੋਂ ਬਾਹਰ ਨਹੀਂ ਜਾਣ ਦਿੱਤਾ ਗਿਆ।

ਭਾਰਤ ਤੋਂ ਗਏ ਸ਼ਰਧਾਲੂਆਂ ਲਈ ਪਾਕਿਸਤਾਨ ਸਰਕਾਰ ਵੱਲੋਂ ਸਖਤ ਸੁਰੱਖਿਆ ਪ੍ਰਬੰਤ ਕੀਤੇ ਗਏ ਸਨ। ਜਥੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਖਾਲੜਾ ਮਿਸ਼ਨ ਕਮੇਟੀ, ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ, ਖਾਲੜਾ ਮਿਸ਼ਨ ਕਮੇਟੀ ਤੇ ਰਾਜਸਥਾਨ ਦੇ ਸ਼ਰਧਾਲੂ ਆਦਿ ਸ਼ਾਮਲ ਸਨ। ਜਥੇ ਦੀ ਵਾਪਸੀ ਸਮੇਂ ਅਟਾਰੀ ਸਰਹੱਦ 'ਤੇ ਗੱਲਬਾਤ ਕਰਦਿਆਂ ਦਰਸ਼ਨ ਸਿੰਘ ਨੇ ਦੱਸਿਆ ਕਿ ਭਾਰਤੀ ਸਿੱਖ ਸ਼ਰਧਾਲੂਆਂ ਨੇ ਲਾਹੌਰ 'ਚ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮਨਾਈ ਅਤੇ ਗੁਰਧਾਮਾਂ ਦੇ ਦਰਸ਼ਨ ਕੀਤੇ। ਉਨ੍ਹਾਂ ਦੱਸਿਆ ਕਿ ਭਾਰਤੀ ਸਿੱਖ ਜਥੇ ਵੱਲੋਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਉਥੋਂ ਦੇ ਸਥਾਨਕ ਗੁਰਦੁਆਰਿਆਂ ਅਤੇ ਗੁਰਦੁਆਰਾ ਸੱਚਾ ਸੌਦਾ (ਮੰਡੀ ਚੂਹੜਕਾਣਾ ਸ਼ੇਖੂਪੁਰਾ), ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ), ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਅਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਗਏ।

## ਸਿੱਖ ਪ੍ਰੀਖਿਆਰਥੀਆਂ ਨਾਲ ਵਿਤਕਰੇ ਦੀ ਨਿੰਦਾ

**ਅੰਮ੍ਰਿਤਸਰ:** ਜੋਧਪੁਰ (ਰਾਜਸਥਾਨ) ਵਿਚ ਜੁਡੀਸ਼ਲ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਖ਼ਿਲਾਫ਼ ਸਰਕਾਰ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਾ ਕੀਤੇ ਜਾਣ ਨੂੰ ਸ਼੍ਰੋਮਣੀ ਕਮੇਟੀ ਨੇ ਅਨਿਆਂਪੂਰਨ ਕਰਾਰ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅੰਬਾਲਾ ਛਾਉਣੀ ਦੀ ਗੁਰਸਿੱਖ ਲੜਕੀ ਲਖਵਿੰਦਰ ਕੌਰ ਦੇ ਕਕਾਰ ਜੋਧਪੁਰ ਜੁਡੀਸ਼ਲ ਪ੍ਰੀਖਿਆ ਦੌਰਾਨ ਉਤਰਵਾਏ ਗਏ; ਇਸ ਤੋਂ ਪਹਿਲਾਂ ਜਲੰਧਰ ਵਾਸੀ ਅਰਮਨਜੋਤ ਕੌਰ ਦੇ ਮਾਮਲੇ ਨੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਨੂੰ ਉਜਾਗਰ ਕੀਤਾ ਸੀ। ਇਹ ਵਰਤਾਰਾ ਸਿੱਖ ਸੰਵੇਦਨਾ ਨੂੰ ਸੱਟ ਮਾਰਨ ਵਾਲਾ ਹੈ, ਰਾਜਸਥਾਨ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ।

## ਜਲੰਧਰ ਵਿਚ ਆਪ ਸਰਕਾਰ ਖਿਲਾਫ ਗਰਜੇ ਅਧਿਆਪਕ



**ਜਲੰਧਰ:** ਅਧਿਆਪਕਾਂ ਦੇ ਮਸਲੇ ਹੱਲ ਨਾ ਹੋਣ ਦੇ ਰੋਸ ਵਜੋਂ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐਫ.) ਵੱਲੋਂ ਮੁੜ ਸੰਘਰਸ਼ੀ ਰੁਖ਼ ਅਖਤਿਆਰ ਕੀਤਾ ਗਿਆ ਹੈ। ਇਸ ਸਬੰਧੀ ਪਹਿਲਾਂ ਕੀਤੇ ਐਲਾਨ ਅਨੁਸਾਰ ਡੀ.ਟੀ.ਐਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਅਤੇ ਜਨਰਲ ਸਕੱਤਰ ਮੁਕੇਸ਼ ਕੁਮਾਰ ਦੀ ਅਗਵਾਈ ਹੇਠ ਜਲੰਧਰ ਸ਼ਹਿਰ ਵਿਚ ਪੁੱਜੇ ਸੈਂਕੜੇ ਜ਼ਿਲ੍ਹਾ ਅਤੇ ਸੂਬਾ ਆਗੂਆਂ ਨੇ ਧਰਨੇ ਦੇ ਰੂਪ ਵਿਚ ਪੰਜਾਬ ਸਰਕਾਰ ਵਿਰੁੱਧ ਰੋਸ ਜ਼ਾਹਿਰ ਕੀਤਾ।

ਪੰਜਾਬ ਦੀ ਸੱਤਾਧਾਰੀ ਪਾਰਟੀ ਦੇ ਚੋਣ ਦਫ਼ਤਰ ਵੱਲ ਰੋਸ ਮਾਰਚ ਕਰਨ ਦੇ ਐਲਾਨ ਨੂੰ ਦੇਖਦੇ ਹੋਏ ਤਹਿਸੀਲਦਾਰ ਜਲੰਧਰ ਅਤੇ 'ਆਪ' ਦੇ ਜ਼ਿਮਨੀ ਚੋਣ ਦੇ ਉਮੀਦਵਾਰ ਮਹਿੰਦਰ ਭਗਤ ਵੱਲੋਂ 'ਵਿਰੋਧ ਪੱਤਰ' ਪ੍ਰਾਪਤ ਕੀਤਾ ਗਿਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਗਿਆ। ਡੀ.ਟੀ.ਐਫ. ਦੇ ਸੂਬਾਈ ਮੀਤ ਪ੍ਰਧਾਨ ਜਸਵਿੰਦਰ ਔਜਲਾ, ਸੰਯੁਕਤ ਸਕੱਤਰ ਹਰਜਿੰਦਰ ਵਡਾਲਾ ਬਾਂਗਰ, ਕੁਲਵਿੰਦਰ ਸਿੰਘ ਜੋਸ਼ਨ, ਜਥੇਬੰਦਕ ਸਕੱਤਰ ਤਜਿੰਦਰ ਕਪੂਰਥਲਾ ਅਤੇ ਪ੍ਰਚਾਰ ਸਕੱਤਰ ਸੁਖਦੇਵ ਡਾਂਸੀਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਦੇ ਸਿੱਖਿਆ ਮੰਤਰੀ ਵੱਲੋਂ ਦਿੱਤੇ ਭਰੋਸਿਆਂ ਦੇ ਬਾਵਜੂਦ ਅਧਿਆਪਕ ਸਾਥੀ ਨਰਿੰਦਰ ਭੰਡਾਰੀ ਤੇ ਸਾਥੀ ਰਵਿੰਦਰ ਕੰਬੋਜ ਦੀ ਬਰਖਾਸਤੀ ਰੱਦ ਕਰ ਕੇ ਸੇਵਾਵਾਂ ਬਹਾਲ ਅਤੇ ਰੈਗੂਲਰ ਕਰਨ ਦੇ ਹੁਕਮ ਜਾਰੀ ਨਹੀਂ ਕੀਤੇ ਗਏ। ਮੰਗਾਂ ਨੂੰ ਲਟਕਾਏ ਜਾਣ ਪ੍ਰਤੀ ਅਧਿਆਪਕ ਵਰਗ ਵਿਚ ਭਾਰੀ ਰੋਸ ਹੈ।

### ਵੈਟਰਨਰੀ ਮੁਲਾਜ਼ਮ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਟਾਵਰ 'ਤੇ ਚੜ੍ਹੇ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਦੇ ਇੱਥੋਂ ਵਾਲੇ ਘਰ ਵੱਲ ਵਧ ਰਹੇ ਪਸ਼ੂ ਪਾਲਣ ਵਿਭਾਗ ਦੇ ਦਰਜਾ ਚਾਰ ਕਰਮਚਾਰੀਆਂ ਅਤੇ ਵੈਟਰਨਰੀ ਵਿਭਾਗ ਪੰਜਾਬ ਦੇ ਮੁਲਾਜ਼ਮਾਂ ਨੂੰ ਪੁਲਿਸ ਨੇ ਰਾਹ ਵਿਚ ਹੀ ਰੋਕ ਲਿਆ। ਰੋਹ 'ਚ ਆਏ ਯੂਨੀਅਨ ਦੇ ਚਾਰ ਆਗੂ ਦੀਪ ਨਗਰ ਸਥਿਤ ਮੋਬਾਈਲ ਟਾਵਰ 'ਤੇ ਚੜ੍ਹ ਗਏ ਅਤੇ ਬਾਕੀਆਂ ਨੇ ਮੁੱਖ ਮੰਤਰੀ ਦੇ ਘਰ ਨੂੰ ਜਾਂਦੀ ਸੜਕ 'ਤੇ ਜਾਮ ਲਗਾ ਕੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਗ਼ੌਰਤਲਬ ਹੈ ਕਿ ਭਗਵੰਤ ਮਾਨ ਨੇ ਜਲੰਧਰ ਦੇ ਦੀਪ ਨਗਰ 'ਚ ਕਿਰਾਏ 'ਤੇ ਮਕਾਨ ਲਿਆ ਹੈ, ਜਿੱਥੇ ਉਹ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ।

### ਬੇਰੁਜ਼ਗਾਰ ਅਧਿਆਪਕ ਸੂਬਾ ਸਰਕਾਰ ਤੋਂ ਖ਼ਫ਼ਾ

**ਚਮਕੌਰ ਸਾਹਿਬ:** ਸਥਾਨਕ ਪਾਰਕ ਵਿਚ 4161 ਮਾਸਟਰ ਕੇਡਰ ਬੇਰੁਜ਼ਗਾਰ ਯੂਨੀਅਨ ਦੀ ਮੀਟਿੰਗ ਹੋਈ ਅਤੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੀਟਿੰਗ ਵਿੱਚ ਫ਼ੈਸਲਾ ਹੋਇਆ ਕਿ ਸਰਕਾਰ ਖ਼ਿਲਾਫ਼ ਸੱਤ ਜੁਲਾਈ ਨੂੰ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਹਲਕੇ ਦੇ ਵੋਟਰਾਂ ਨੂੰ ਪੰਜਾਬ ਸਰਕਾਰ ਦੀਆਂ ਰੁਜ਼ਗਾਰ ਵਿਰੋਧ ਨੀਤੀਆਂ ਤੋਂ ਜਾਣੂ ਕਰਵਾਉਣ ਲਈ ਪ੍ਰਦਰਸ਼ਨ ਕੀਤਾ ਜਾਵੇਗਾ। ਯੂਨੀਅਨ ਦੇ ਆਗੂ ਕੁਲਵਿੰਦਰ ਸਿੰਘ ਅਤੇ ਜਰਨੈਲ ਕੌਰ ਨੇ ਦੱਸਿਆ ਕਿ 5 ਜਨਵਰੀ 2023 ਤੋਂ ਨਿਯੁਕਤੀ ਪੱਤਰ ਪ੍ਰਾਪਤ 252 ਉਮੀਦਵਾਰਾਂ ਦਾ ਹਾਲੇ ਤੱਕ ਸਰਕਾਰ ਵੱਲੋਂ ਕੋਈ ਸਾਰਥਿਕ ਹੱਲ ਨਹੀਂ ਕੱਢਿਆ ਗਿਆ।

# ਨਸ਼ਿਆਂ ਵਿਰੁੱਧ ਮੁਹਿੰਮ: ਜੇਲ੍ਹਾਂ ਬੰਦੀਆਂ ਨਾਲ ਨੱਕੋ-ਨੱਕ ਭਰੀਆਂ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਵਿੱਢੀ ਹੈ, ਜਿਸ ਦੇ ਨਤੀਜੇ ਵਜੋਂ ਜੇਲ੍ਹਾਂ ਵਿਚ ਬੰਦੀਆਂ ਦੀ ਗਿਣਤੀ ਵਧਣ ਲੱਗੀ ਹੈ। ਬੀਤੇ ਦੋ ਵਰ੍ਹਿਆਂ ਦੌਰਾਨ ਜੇਲ੍ਹਾਂ ਵਿਚ ਤਕਰੀਬਨ 5,443 ਬੰਦੀਆਂ ਦਾ ਵਾਧਾ ਹੋ ਗਿਆ ਹੈ। ਹੁਣ ਜੇਲ੍ਹਾਂ ਵਿਚ ਨਸ਼ਾ ਤਸਕਰੀ ਵਾਲੇ ਕੇਸਾਂ ਦੇ ਬੰਦੀ ਵਧਣ ਲੱਗੇ ਹਨ ਜਦੋਂ ਕਿ ਜੇਲ੍ਹਾਂ ਦੀ ਸਮਰੱਥਾ ਘੱਟ ਹੈ। ਦੇਸ਼ ਵਿਚੋਂ ਪੰਜਾਬ ਛੋਟਾ ਸੂਬਾ ਹੈ ਪਰ ਇਹ ਮੁਲਕ 'ਚੋਂ ਜੇਲ੍ਹਾਂ ਵਿਚ ਬੰਦੀਆਂ ਦੇ ਲਿਹਾਜ਼ 'ਚ ਪੰਜਵੇਂ ਨੰਬਰ ਉਤੇ ਆ ਗਿਆ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦੀਆਂ ਦੀ ਗਿਣਤੀ 31,607 ਹੋ ਗਈ ਹੈ ਜਦੋਂ ਕਿ ਜੂਨ 2022 ਵਿਚ ਇਹ ਅੰਕੜਾ 26,164 ਸੀ। ਜੇਲ੍ਹਾਂ ਵਿਚ 5,443 ਬੰਦੀ ਵਧ ਗਏ ਹਨ। ਹਾਲਾਂਕਿ ਜੇਲ੍ਹਾਂ ਵਿਚ ਬੰਦੀਆਂ ਦਾ ਅੰਕੜਾ ਘਟਦਾ ਵਧਦਾ ਰਹਿੰਦਾ ਹੈ, ਪਰ ਹੁਣ ਪੰਜਾਬ ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਜੋ ਤਸਕਰਾਂ ਦੀ ਫੜੋ-ਫੜੀ ਸ਼ੁਰੂ ਕੀਤੀ ਹੈ, ਉਸ ਤੋਂ ਜਾਪਦਾ ਹੈ ਕਿ ਆਉਂਦੇ ਦਿਨਾਂ ਵਿਚ ਜੇਲ੍ਹਾਂ ਵਿਚ ਬੰਦੀਆਂ ਨੂੰ ਥਾਂ ਮਿਲਣੀ ਮੁਸ਼ਕਲ ਹੋ ਜਾਣੀ ਹੈ। ਸੂਬੇ ਦੀਆਂ ਜੇਲ੍ਹਾਂ ਦੀ ਸਮਰੱਥਾ 26,904 ਬੰਦੀਆਂ ਦੀ ਹੈ ਅਤੇ ਇਨ੍ਹਾਂ ਜੇਲ੍ਹਾਂ ਵਿਚ ਸਮਰੱਥਾ ਤੋਂ ਕਰੀਬ ਚਾਰ ਹਜ਼ਾਰ ਬੰਦੀ ਵੱਧ ਬੰਦ ਹਨ।

ਸੂਤਰ ਦੱਸਦੇ ਹਨ ਕਿ ਜੇਲ੍ਹਾਂ ਵਿਚ ਵਿਚਾਰ ਅਧੀਨ ਬੰਦੀ ਜ਼ਿਆਦਾ ਹਨ ਅਤੇ ਇਨ੍ਹਾਂ ਵਿਚ ਐਨ.ਡੀ.ਪੀ.ਐਸ. ਕੇਸਾਂ ਵਾਲੇ ਬੰਦੀ ਜ਼ਿਆਦਾ ਹਨ। ਇਸ ਵੇਲੇ ਪੰਜਾਬ ਦੀਆਂ ਜੇਲ੍ਹਾਂ ਵਿਚ 1,548 ਔਰਤਾਂ ਵੀ ਬੰਦ ਹਨ। ਪੁਲਿਸ ਦੀ ਵਿਸ਼ੇਸ਼ ਮੁਹਿੰਮ ਨਾਲ ਜੇਲ੍ਹਾਂ ਵਿਚ ਬੰਦੀ ਤਾਂ ਵੱਧ ਜਾਂਦੇ ਹਨ ਪਰ ਬਹੁਤੇ ਬੰਦੀ ਕਾਨੂੰਨੀ ਖ਼ਾਮੀਆਂ ਕਰ ਕੇ ਜਲਦ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ। ਜੇ ਜੇਲ੍ਹਾਂ ਵਿਚ ਇਸੇ ਰਫ਼ਤਾਰ ਨਾਲ ਬੰਦੀਆਂ ਦਾ ਅੰਕੜਾ ਵਧਦਾ ਗਿਆ ਤਾਂ ਜੇਲ੍ਹਾਂ ਦੇ ਪ੍ਰਬੰਧ ਛੋਟੇ ਪੈ ਜਾਣੇ ਹਨ। ਨਸ਼ਿਆਂ ਖ਼ਿਲਾਫ਼ ਮੁਹਿੰਮ ਦੇ ਵਜੋਂ ਵਕੀਲਾਂ ਦਾ ਕੰਮਕਾਰ ਵੀ ਵਧ ਗਿਆ ਹੈ। ਪਿਛਲੀਆਂ ਸਰਕਾਰਾਂ ਸਮੇਂ ਵੀ ਜਦੋਂ ਨਸ਼ਿਆਂ ਖ਼ਿਲਾਫ਼ ਲੋਕ ਆਵਾਜ਼ ਉੱਠਦੀ ਸੀ ਤਾਂ ਬਾਕਾਇਦਾ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਂਦੀ ਸੀ ਜਿਸ ਤਹਿਤ ਵੱਧ ਤੋਂ ਵੱਧ ਕੇਸ ਦਰਜ ਕੀਤੇ ਜਾਂਦੇ ਸਨ। ਜਿਉਂ ਹੀ ਲੋਕਾਂ ਦਾ ਧਿਆਨ ਲਾਂਭੇ ਹੁੰਦਾ ਸੀ ਤਾਂ ਮੁਹਿੰਮ ਆਪਣੇ ਆਪ ਫ਼ੌਤ ਹੋ ਜਾਂਦੀ ਸੀ। ਲੰਘੀਆਂ ਲੋਕ ਸਭਾ ਚੋਣਾਂ ਵਿਚ ਨਸ਼ੇ ਮੁੜ ਮੁੱਦਾ ਬਣ ਕੇ ਉੱਭਰੇ ਸਨ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਦੀਆਂ ਜੇਲ੍ਹਾਂ ਵਿਚ 24,956 ਬੰਦੀ ਹਨ ਜਦੋਂ ਕਿ ਰਾਜਸਥਾਨ ਦੀਆਂ ਜੇਲ੍ਹਾਂ ਵਿਚ 24,067 ਬੰਦੀ ਹਨ। ਗੁਜਰਾਤ ਦੀਆਂ ਜੇਲ੍ਹਾਂ ਵਿਚ 18,235 ਬੰਦੀ ਹਨ।

ਵੇਰਵਿਆਂ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿਚ ਵੱਡੀ ਗਿਣਤੀ ਨੌਜਵਾਨ ਬੰਦੀ ਹਨ ਜੋ ਇਕ ਚਿੰਤਾਜਨਕ ਵਿਸ਼ਾ ਵੀ ਹੈ। ਜੇਲ੍ਹਾਂ ਵਿਚ 20-30 ਸਾਲ ਵਾਲੇ 14,969 ਬੰਦੀ ਹਨ ਜਦੋਂ ਕਿ 30-40 ਉਮਰ ਵਰਗ ਦੇ 10,829 ਬੰਦੀ ਹਨ। ਕਰੀਬ 82 ਫ਼ੀਸਦੀ ਬੰਦੀ ਨੌਜਵਾਨ ਵਰਗ 'ਚੋਂ ਹਨ। ਇਸੇ ਤਰ੍ਹਾਂ 70 ਸਾਲ ਤੋਂ ਉਪਰ ਦੇ ਕਰੀਬ 228 ਬੰਦੀ ਜੇਲ੍ਹਾਂ ਵਿਚ ਬੰਦ ਹਨ।



### ਸਭ ਤੋਂ ਵੱਧ ਬੰਦੀ ਉੱਤਰ ਪ੍ਰਦੇਸ਼ ਵਿਚ

**ਚੰਡੀਗੜ੍ਹ:** ਭਾਰਤ 'ਤੇ ਨਜ਼ਰ ਮਾਰੀਏ ਤਾਂ ਸਭ ਤੋਂ ਵੱਧ ਜੇਲ੍ਹਾਂ ਵਿਚ ਬੰਦੀ ਉੱਤਰ ਪ੍ਰਦੇਸ਼ ਵਿਚ ਹਨ, ਜਿੱਥੇ ਜੇਲ੍ਹਾਂ ਵਿਚ 88,876 ਬੰਦੀ ਹਨ ਜਦੋਂ ਕਿ ਦੂਜੇ ਨੰਬਰ 'ਤੇ ਬਿਹਾਰ ਦੀਆਂ ਜੇਲ੍ਹਾਂ ਵਿਚ 47,934 ਬੰਦੀ ਹਨ। ਤੀਜਾ ਨੰਬਰ ਮੱਧ ਪ੍ਰਦੇਸ਼ ਦਾ ਹੈ ਜਿੱਥੋਂ ਦੀਆਂ ਜੇਲ੍ਹਾਂ ਵਿਚ 46900 ਬੰਦੀ ਹਨ। ਮਹਾਰਾਸ਼ਟਰ ਦੀਆਂ ਜੇਲ੍ਹਾਂ ਵਿਚ 42224 ਬੰਦੀ ਹਨ ਜਿਸ ਦਾ ਚੌਥਾ ਨੰਬਰ ਹੈ। ਪੰਜਵੇਂ ਨੰਬਰ 'ਤੇ ਪੰਜਾਬ ਆਉਂਦਾ ਹੈ ਜਿੱਥੇ ਜੇਲ੍ਹਾਂ ਵਿਚ 31607 ਬੰਦੀ ਹਨ।

## ਆਇਰਲੈਂਡ ਦੇ ਰਾਜਦੂਤ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਮੁਲਾਕਾਤ

**ਚੰਡੀਗੜ੍ਹ:** ਭਾਰਤ ਵਿਚ ਆਇਰਲੈਂਡ ਦੇ ਰਾਜਦੂਤ ਕੇਵਿਨ ਕੈਲੀ ਨੇ ਆਪਣੇ ਤਿੰਨ ਸੀਨੀਅਰ ਸਾਥੀਆਂ ਸਮੇਤ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਆਗੂਆਂ ਨੇ ਭਾਰਤ ਅਤੇ ਆਇਰਲੈਂਡ ਦਰਮਿਆਨ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ।

ਸ੍ਰੀ ਸੰਧਵਾਂ ਨੇ ਪੰਜਾਬ ਤੇ ਆਇਰਲੈਂਡ ਦਰਮਿਆਨ ਖੇਤੀਬਾੜੀ, ਇੰਡਸਟਰੀ, ਤਕਨਾਲੋਜੀ ਅਤੇ ਹੋਰਨਾਂ ਖੇਤਰਾਂ ਵਿਚ ਠੋਸ ਸਹਿਯੋਗ ਉਤੇ ਜ਼ੋਰ ਦਿੱਤਾ। ਦੋਵਾਂ ਆਗੂਆਂ ਨੇ ਆਪਸੀ ਵਿਚਾਰ-ਵਟਾਂਦਰੇ ਮਗਰੋਂ ਕਿਹਾ ਕਿ ਦੋਵੇਂ ਦੇਸ਼ ਵੱਖ-ਵੱਖ ਖੇਤਰਾਂ 'ਚ ਗਿਆਨ ਅਤੇ ਤਕਨਾਲੋਜੀ ਦੇ ਆਪਸੀ ਅਦਾਨ-ਪ੍ਰਦਾਨ ਤੋਂ ਲਾਭ ਉਠਾ ਸਕਦੇ ਹਨ। ਸ੍ਰੀ ਸੰਧਵਾਂ ਨੇ ਕੇਵਿਨ ਕੈਲੀ ਨੂੰ ਆਇਰਲੈਂਡ ਦੀਆਂ ਕੰਪਨੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਹਿੱਤ ਪ੍ਰੇਰਿਤ ਕਰਨ ਲਈ ਵੀ ਕਿਹਾ। ਭਾਰਤ ਵਿਚ ਆਇਰਲੈਂਡ ਦੇ ਰਾਜਦੂਤ, ਕੇਵਿਨ ਕੈਲੀ ਨਾਲ ਰੇਮੰਡ ਮੁਲੇਨ ਡਿਪਟੀ ਅੰਬੈਸਡਰ, ਸੈਕਿੰਡ ਸੈਕਟਰੀ ਤੇ ਵੀਜ਼ਾ ਦਫਤਰ ਦੇ ਮੁਖੀ ਵੀ ਮੌਜੂਦ ਸਨ।

## ਧੋਖਾਧੜੀ ਦੇ ਦੋਸ਼ ਹੇਠ ਭਾਜਪਾ ਆਗੂ ਸੋਮ ਪ੍ਰਕਾਸ਼ ਸਣੇ ਛੇ ਖਿਲਾਫ ਕੇਸ

**ਤਰਨ ਤਾਰਨ:** ਸਥਾਨਕ ਥਾਣਾ ਸਿਟੀ ਦੀ ਪੁਲਿਸ ਨੇ ਇਕ ਸਨਅਤਕਾਰ ਦੀ ਜ਼ਬਤ ਕੀਤੀ ਮਿੱਲ ਸਸਤੇ ਵਿਚ ਵੇਚਣ ਦੇ ਮਾਮਲੇ 'ਚ ਭਾਜਪਾ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਸਣੇ ਛੇ ਪੰਜਾਬ ਵਿੱਤ ਨਿਗਮ (ਪੀ.ਐਫ਼.ਸੀ.) ਦੇ ਸਾਬਕਾ ਸੀਨੀਅਰ ਅਧਿਕਾਰੀਆਂ ਖ਼ਿਲਾਫ਼ ਧੋਖਾਧੜੀ ਦਾ ਇਕ ਕੇਸ ਦਰਜ ਕੀਤਾ ਗਿਆ ਹੈ। ਉਕਤ ਮਾਮਲਾ 1998 ਦਾ ਹੈ, ਉਸ ਸਮੇਂ ਸੋਮ ਪ੍ਰਕਾਸ਼ ਪੰਜਾਬ ਵਿੱਤ ਨਿਗਮ ਦੇ ਸੀਨੀਅਰ ਅਧਿਕਾਰੀ ਸਨ।

ਪੁਲਿਸ ਨੇ ਇਸ ਸਬੰਧੀ ਦੱਸਿਆ ਕਿ ਮੁਲਜ਼ਮਾਂ ਵਿਚ ਸੋਮ ਪ੍ਰਕਾਸ਼ ਤੋਂ ਇਲਾਵਾ ਪੀ.ਐਫ.ਸੀ. ਦਾ ਸਾਬਕਾ ਡਿਪਟੀ ਮੈਨੇਜਰ ਸਤਪਾਲ ਵਾਸੀ ਜਲੰਧਰ, ਸੀ.ਐਮ. ਸੇਠੀ ਵਾਸੀ ਫਲੈਟ ਨੰਬਰ 440 ਸੈਕਟਰ-61 ਚੰਡੀਗੜ੍ਹ, ਸੁਧੀਰ ਕਪਿਲਾ ਸਾਬਕਾ ਜ਼ਿਲ੍ਹਾ ਮੈਨੇਜਰ ਵਾਸੀ ਰਣਜੀਤ ਐਵੇਨਿਊ ਅੰਮ੍ਰਿਤਸਰ ਅਤੇ ਐਸ.ਐਸ. ਗਰੇਵਰ ਵਾਸੀ ਗੁਰੂ ਨਾਨਕ ਐਵੇਨਿਊ ਮਜੀਠਾ ਰੋਡ ਅੰਮ੍ਰਿਤਸਰ ਅਤੇ ਏਕੇ ਧਵਨ ਵਾਸੀ ਮਕਾਨ ਨੰਬਰ 447 ਸੈਕਟਰ-4 ਪੰਚਕੂਲਾ ਹਰਿਆਣਾ ਦਾ ਨਾਮ ਸ਼ਾਮਲ ਹੈ। ਇਹ ਕੇਸ ਇੰਗਲੈਂਡ ਰਹਿੰਦੇ ਸਨਅਤਕਾਰ ਹਰਪਾਲ ਸਿੰਘ ਵਾਸੀ ਨਿਊ ਅੰਤਰਯਾਮੀ ਕਲੋਨੀ, ਅੰਮ੍ਰਿਤਸਰ ਵੱਲੋਂ ਡੀ.ਜੀ.ਪੀ. ਪੰਜਾਬ ਨੂੰ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਜ਼ਿਲ੍ਹਾ ਪੁਲਿਸ ਨੇ ਦਰਜ ਕੀਤਾ ਹੈ। ਉਸ ਨੇ ਤਰਨ ਤਾਰਨ-ਅੰਮ੍ਰਿਤਸਰ ਸੜਕ 'ਤੇ ਦੋਬੁਰਜੀ ਪਿੰਡ ਵਿਚ ਪੰਜਾਬ ਓਵਰਸੀਜ਼ ਰਾਈਸ ਮਿਲ ਲਗਾਉਣ ਲਈ ਪੀ.ਐਫ਼.ਸੀ. ਤੋਂ 70.30 ਲੱਖ ਰੁਪਏ ਦਾ ਕਰਜ਼ਾ ਮਨਜ਼ੂਰ ਕਰਵਾ ਕੇ 12 ਕਨਾਲ ਵਿਚ ਆਪਣੀ ਫੈਕਟਰੀ ਲਗਵਾਈ ਸੀ। ਫੈਕਟਰੀ ਨੂੰ ਪਾਵਰਕੌਮ ਨੇ ਪੁੱਡਾ ਦੇ ਨਿਯਮਾਂ ਦਾ ਹਵਾਲਾ ਦੇ ਕੇ ਬਿਜਲੀ ਕੁਨੈਕਸ਼ਨ ਨਹੀਂ ਦਿੱਤਾ, ਜਿਸ ਕਰ ਕੇ ਫੈਕਟਰੀ ਚਾਲੂ ਨਾ ਹੋ ਸਕੀ।



ਇਸੇ ਦੌਰਾਨ ਕਰਜ਼ੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਪੀ.ਐਫ਼.ਸੀ. ਨੇ ਫੈਕਟਰੀ ਨੂੰ ਅਗਸਤ, 1998 ਵਿਚ ਆਪਣੇ ਹੱਥਾਂ ਵਿਚ ਕਰ ਲਿਆ ਅਤੇ ਅਗਲੇਰੀ ਕਾਰਵਾਈ ਕਰਦਿਆਂ ਫੈਕਟਰੀ ਨੂੰ 14.96 ਲੱਖ ਰੁਪਏ ਵਿਚ ਵੇਚ ਦਿੱਤਾ। ਹਰਪਾਲ ਸਿੰਘ ਨੇ ਦਾਅਵਾ ਕੀਤਾ ਕਿ ਉਸ ਦੀ ਫੈਕਟਰੀ ਕਮਰਸ਼ੀਅਲ ਠਿਕਾਣੇ 'ਤੇ ਹੋਣ ਕਰਕੇ ਉਸ ਦੀ ਕੀਮਤ ਕਰੀਬ 2.5 ਕਰੋੜ ਰੁਪਏ ਸੀ, ਜਿਸ ਨੂੰ ਅਧਿਕਾਰੀਆਂ ਦੀ ਮਿਲੀਭੁਗਤ ਕਰ ਕੇ 14.96 ਲੱਖ ਰੁਪਏ ਵਿਚ ਵੇਚ ਦਿੱਤਾ। ਇਸ ਨਾਲ ਉਨ੍ਹਾਂ ਨੇ ਸਰਕਾਰੀ ਖ਼ਜ਼ਾਨੇ ਨੂੰ ਮੋਟਾ ਚੂਨਾ ਲਗਾਇਆ ਹੈ। ਪੁਲਿਸ ਅਧਿਕਾਰੀ ਏ.ਐਸ.ਆਈ. ਮਨਜੀਤ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਮੁਲਜ਼ਮਾਂ ਖ਼ਿਲਾਫ਼ ਧਾਰਾ 406 ਤੇ 420 ਅਧੀਨ ਇਕ ਕੇਸ ਦਰਜ ਕੀਤਾ ਗਿਆ ਹੈ।

## ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਦੇ ਤਿੰਨ ਸ਼ੂਟਰ ਗ੍ਰਿਫਤਾਰ

**ਬਠਿੰਡਾ:** ਬਠਿੰਡਾ ਦੀ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਤੇ ਜ਼ਿਲ੍ਹਾ ਪੁਲਿਸ ਨੇ ਸਾਂਝੇ ਅਪਰੇਸ਼ਨ ਦੌਰਾਨ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਤਿੰਨ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰ ਕੇ ਸੂਬੇ ਵਿਚ ਸੰਭਾਵਿਤ ਟਾਰਗੈੱਟ ਕਿਲਿੰਗ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਕਰਨਦੀਪ ਸਿੰਘ ਉਰਫ ਕਨੂ ਵਾਸੀ ਨਵੀਂ ਬਸਤੀ ਮੌੜ ਮੰਡੀ, ਰਘੁਵੀਰ ਸਿੰਘ ਅਤੇ ਕੁਲਵਿੰਦਰ ਸਿੰਘ ਉਰਫ ਬਿੱਟੂ ਦੋਵੇਂ ਵਾਸੀ ਪਿੰਡ ਕੋਟ ਸ਼ਮੀਰ ਬਠਿੰਡਾ ਵਜੋਂ ਹੋਈ ਹੈ।



ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ 'ਚੋਂ 3 ਪਿਸਤੌਲ (ਇਕ 9 ਐਮ.ਐਮ. ਪਿਸਤੌਲ ਅਤੇ ਦੋ .32 ਬੋਰ ਦੇ ਪਿਸਤੌਲ) ਸਮੇਤ ਛੇ ਜ਼ਿੰਦਾ ਕਾਰਤੂਸ ਅਤੇ ਛੇ ਮੈਗਜ਼ੀਨ ਬਰਾਮਦ ਕੀਤੇ ਹਨ। ਮੁਲਜ਼ਮਾਂ ਕੋਲੋਂ ਕਾਰ ਵੀ ਜ਼ਬਤ ਕਰ ਲਈ ਗਈ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਖੁਫ਼ੀਆ ਜਾਣਕਾਰੀ ਮਿਲੀ ਸੀ ਕਿ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਸਾਥੀ ਜ਼ਿਲ੍ਹਾ ਬਠਿੰਡਾ, ਮੁਹਾਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਟਾਰਗੈੱਟ ਕਿਲਿੰਗ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਹਨ, ਜਿਸ 'ਤੇ ਮੌੜ ਚੌਕ ਵਿਚ ਨਾਕਾ ਲਗਾਇਆ ਸੀ। ਤਿੰਨੋਂ ਮੁਲਜ਼ਮਾਂ ਨੂੰ ਉਸ ਵੇਲੇ ਕਾਬੂ ਕੀਤਾ ਜਦੋਂ ਉਹ ਆਪਣੀ ਕਾਰ ਵਿਚ ਮੌੜ ਤੋਂ ਬਠਿੰਡਾ ਵੱਲ ਆ ਰਹੇ ਸਨ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ ਤਿੰਨ ਪਿਸਤੌਲਾਂ ਸਮੇਤ ਗੋਲੀ-ਸਿੱਕਾ ਬਰਾਮਦ ਕਰ ਲਿਆ ਗਿਆ ਹੈ।

ਡੀ.ਜੀ.ਪੀ. ਨੇ ਕਿਹਾ ਕਿ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਮੁਲਜ਼ਮ ਕਰਨਦੀਪ ਕਨੂ ਸਿੱਧੇ ਤੌਰ 'ਤੇ ਲਾਰੈਂਸ ਬਿਸ਼ਨੋਈ ਦੇ ਸੰਪਰਕ ਵਿੱਚ ਸੀ ਅਤੇ ਮੁਲਜ਼ਮਾਂ ਪਾਸੋਂ ਬਰਾਮਦ ਕੀਤੇ ਹਥਿਆਰਾਂ ਦੀ ਵਰਤੋਂ ਟਾਰਗੈੱਟ ਕਿਲਿੰਗ ਲਈ ਕੀਤੀ ਜਾਣੀ ਸੀ।

## ਲੁਟੇਰਿਆਂ ਵੱਲੋਂ ਪਤੀ-ਪਤਨੀ ਨੂੰ ਬੰਦੀ ਬਣਾ ਕੇ ਕਰੋੜਾਂ ਦੀ ਲੁੱਟ

**ਅੰਮ੍ਰਿਤਸਰ:** ਸਥਾਨਕ ਕੋਰਟ ਰੋਡ ਇਲਾਕੇ ਵਿਚ ਸਥਿਤ ਟੋਕਰੀਆਂ ਵਾਲੀ ਗਲੀ 'ਚ ਤੜਕੇ ਚਾਰ ਹਥਿਆਰਬੰਦ ਲੁਟੇਰਿਆਂ ਨੇ ਕਮਿਸ਼ਨ ਏਜੰਟ ਜੀਆ ਲਾਲ ਅਤੇ ਉਸ ਦੀ ਪਤਨੀ ਨੂੰ ਬੰਧਕ ਬਣਾ ਕੇ ਲੁੱਟ ਦੀ ਵੱਡੀ ਘਟਨਾ ਨੂੰ ਅੰਜਾਮ ਦਿੱਤਾ। ਨਕਾਬਪੋਸ਼ ਲੁਟੇਰੇ ਘਰ 'ਚੋਂ ਇਕ ਕਰੋੜ ਰੁਪਏ ਦੀ ਨਕਦੀ ਤੋਂ ਇਲਾਵਾ ਕਰੀਬ ਤਿੰਨ ਕਿੱਲੋ ਸੋਨਾ ਅਤੇ ਇਕ ਲਾਇਸੈਂਸੀ ਪਿਸਤੌਲ ਅਤੇ ਸਕੂਟਰ ਲੈ ਗਏ ਹਨ।

ਜਾਣਕਾਰੀ ਅਨੁਸਾਰ ਲੁਟੇਰਿਆਂ ਨੇ ਘਰ ਵਿਚ ਪਤੀ-ਪਤਨੀ ਨੂੰ ਬੰਧਕ ਬਣਾ ਕੇ ਲੁੱਟ ਦੀ ਵਾਰਦਾਤ ਕੀਤੀ। ਉਹ ਲਗਭਗ ਇਕ ਘੰਟੇ ਤੱਕ ਘਰ ਵਿਚ ਰਹੇ। ਪਰਿਵਾਰ ਦੇ ਬਾਕੀ ਮੈਂਬਰ ਛੁੱਟੀਆਂ ਮਨਾਉਣ ਲਈ ਬਾਹਰ ਗਏ ਹੋਏ ਸਨ। ਇਸ ਦੌਰਾਨ ਜਦੋਂ ਜੀਆ ਲਾਲ ਨੇ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੁਟੇਰਿਆਂ ਨੇ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਸੂਚਨਾ ਮਿਲਣ 'ਤੇ ਘਟਨਾ ਸਥਾਨ 'ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਪੀੜਤ ਪਰਿਵਾਰ ਦੇ ਬਿਆਨ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦੇ ਵਧੀਕ ਡਿਪਟੀ ਕਮਿਸ਼ਨਰ ਅਭਿਮਨਿਊ ਰਾਣਾ ਨੇ ਦੱਸਿਆ ਕਿ ਪੁਲਿਸ ਮੁਲਜ਼ਮਾਂ ਬਾਰੇ ਸਬੂਤ




ਲੱਭਣ ਲਈ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਖੰਗਾਲ ਰਹੀ ਹੈ। ਇਸ ਸਬੰਧੀ ਫੋਰੈਂਸਿਕ ਟੀਮਾਂ ਵੀ ਕੰਮ ਕਰ ਰਹੀਆਂ ਹਨ।

ਜੀਆ ਲਾਲ ਨੇ ਪੁਲਿਸ ਨੂੰ ਦੱਸਿਆ ਕਿ ਹਥਿਆਰਬੰਦ ਲੁਟੇਰੇ ਕੰਧ ਟੱਪ ਕੇ ਘਰ ਅੰਦਰ ਦਾਖ਼ਲ ਹੋਏ ਤੇ ਸਵੇਰੇ ਜਦੋਂ ਉਸ ਨੇ ਸੈਰ ਲਈ ਜਾਣ ਵਾਸਤੇ ਬਾਹਰ ਦਾ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੂੰ ਬੰਧਕ ਬਣਾ ਲਿਆ ਗਿਆ। ਜਦੋਂ ਉਸ ਨੇ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਉਸ ਦੀ ਕੁੱਟਮਾਰ ਕੀਤੀ। ਜੀਆ ਲਾਲ ਨੇ ਦੱਸਿਆ ਕਿ ਲੁਟੇਰੇ ਘਰ 'ਚੋਂ 1 ਕਰੋੜ ਰੁਪਏ ਦੀ ਨਕਦੀ ਅਤੇ ਗਹਿਣੇ ਲੁੱਟ ਕੇ ਲੈ ਗਏ। ਉਸ ਨੇ ਦੱਸਿਆ ਕਿ ਮੁਲਜ਼ਮ ਉਸ ਦਾ ਸਕੂਟਰ ਵੀ ਲੈ ਗਏ। ਜਾਂਚ ਕਰ ਰਹੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਟੀਮਾਂ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਘੋਖ ਰਹੀਆਂ ਹਨ ਅਤੇ ਕੁਝ ਸੁਰਾਗ ਮਿਲੇ ਹਨ।

## ਪੁਲਿਸ ਮੁਖੀ ਵੱਲੋਂ ਨਸ਼ਿਆਂ ਵਿਰੁੱਧ ਲੜਾਈ 'ਚ ਸ਼ਾਮਲ ਹੋਣ ਦਾ ਸੱਦਾ

**ਮੁਹਾਲੀ:** ਪੰਜਾਬ ਪੁਲਿਸ ਨੇ ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਮੁਹਾਲੀ ਸਣੇ ਵੱਖ-ਵੱਖ ਥਾਵਾਂ 'ਤੇ ਜਾਂਚ ਮੁਹਿੰਮ ਚਲਾਈ। ਇਸ ਦੀ ਅਗਵਾਈ ਡੀ.ਜੀ.ਪੀ. ਗੌਰਵ ਯਾਦਵ ਨੇ ਕੀਤੀ। ਇਸ ਦੌਰਾਨ 83 ਕਿੱਲੋ ਹੈਰੋਇਨ, 10,000 ਕਿੱਲੋ ਭੁੱਕੀ, 100 ਕਿੱਲੋ ਗਾਂਜਾ, 4.52 ਲੱਖ ਗੋਲੀਆਂ, ਕੈਪਸੂਲ ਨਸ਼ਟ ਕੀਤੇ ਗਏ।

ਡੀ.ਜੀ.ਪੀ. ਨੇ ਸਮੂਹ ਐਸ.ਟੀ.ਐਫ. ਰੇਂਜਾਂ ਨਾਲ ਸਬੰਧਤ ਨਸ਼ਿਆਂ ਦੀ ਖੇਪ ਦੇ ਚੱਲ ਰਹੇ ਨਿਪਟਾਰੇ ਦੀ ਜਾਂਚ ਕਰਨ ਲਈ ਡੇਰਾਬੱਸੀ ਵਿਖੇ ਨਸ਼ਾ ਨਸ਼ਟ ਕਰਨ ਵਾਲੀ ਥਾਂ ਪੰਜਾਬ ਕੈਮੀਕਲ ਐਂਡ ਕਰੌਪ ਪ੍ਰੋਟੈਕਸ਼ਨ ਲਿਮਟਿਡ ਦਾ ਅਚਨਚੇਤ ਦੌਰਾ ਕੀਤਾ। ਇਸ ਮੌਕੇ ਸਪੈਸ਼ਲ ਡੀ.ਜੀ.ਪੀ. (ਐਸ.ਟੀ.ਐਫ਼) ਕੁਲਦੀਪ ਸਿੰਘ, ਡੀ.ਆਈ.ਜੀ. ਨੀਲਾਂਬਰੀ ਜਗਦਲੇ, ਸੰਦੀਪ ਗਰਗ, ਏ.ਆਈ.ਜੀ. ਹਰਪ੍ਰੀਤ ਸਿੰਘ ਵੀ ਮੌਜੂਦ ਸਨ।

ਡੀ.ਜੀ.ਪੀ. ਨੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਆਮ ਨਾਗਰਿਕਾਂ ਨੂੰ ਨਸ਼ਿਆਂ ਖ਼ਿਲਾਫ਼ ਜੰਗ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਕਿਉਂਕਿ ਨਸ਼ਿਆਂ ਦੀ ਲਤ ਉਨ੍ਹਾਂ ਦੀ ਜਾਨ ਲਈ ਖ਼ਤਰਾ ਬਣ ਸਕਦੀ ਹੈ। ਉਨ੍ਹਾਂ ਦੱਸਿਆ ਕਿ 33 ਜ਼ਿਲ੍ਹਿਆਂ, ਕਮਿਸ਼ਨਰੇਟਾਂ ਅਤੇ ਯੂਨਿਟਾਂ ਵੱਲੋਂ



ਪੰਜਾਬ ਭਰ ਵਿਚ 10 ਵੱਖ-ਵੱਖ ਥਾਵਾਂ 'ਤੇ 626 ਐਨ.ਡੀ.ਪੀ.ਐਸ. ਕੇਸਾਂ ਨਾਲ ਸਬੰਧਤ ਨਸ਼ਿਆਂ ਦੀ ਇਸ ਵੱਡੀ ਖੇਪ ਦਾ ਪਾਰਦਰਸ਼ੀ ਢੰਗ ਨਾਲ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਵੈਬੈਕਸ ਮੀਟਿੰਗ ਰਾਹੀਂ ਬਾਕੀ ਜ਼ਿਲ੍ਹਿਆਂ, ਯੂਨਿਟਾਂ ਵਿਚ ਚੱਲ ਰਹੇ ਨਸ਼ਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਦਾ ਜਾਇਜ਼ਾ ਵੀ ਲਿਆ।

ਕਾਬਿਲੇਗੌਰ ਹੈ ਕਿ ਪੰਜਾਬ ਪੁਲਿਸ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸੱਤਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਘੱਟੋ-ਘੱਟ 2700 ਕਿੱਲੋ ਹੈਰੋਇਨ, 3450 ਕਿੱਲੋ ਅਫ਼ੀਮ, 1.77 ਲੱਖ ਕਿੱਲੋ ਭੁੱਕੀ, 1.40 ਕਰੋੜ ਗੋਲੀਆਂ, ਕੈਪਸੂਲ ਅਤੇ 2 ਲੱਖ ਟੀਕਿਆਂ ਨੂੰ ਨਸ਼ਟ ਕੀਤਾ ਗਿਆ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 6 ਜੁਲਾਈ, 2024*

# ਅੰਕੜਿਆਂ ਦੀ ਤਾਕਤ

*ਭਾਰਤ ਦੀ 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਦੌਰਾਨ ਇਹ ਐਨ ਸਪਸ਼ਟ ਹੋ ਗਿਆ ਕਿ ਅੰਕੜਿਆਂ ਵਿਚ ਕਿੰਨੀ ਤਾਕਤ ਹੁੰਦੀ ਹੈ। ਪਿਛਲੇ ਦਸ ਸਾਲਾਂ ਦੌਰਾਨ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਵਿਰੋਧੀ ਧਿਰ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਗਿਆ ਸੀ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਸਾਰੇ ਹੀ ਆਗੂ ਆਪਣੇ ਭਾਸ਼ਣਾਂ ਵਿਚ ਅਕਸਰ 'ਕਾਂਗਰਸ ਮੁਕਤ ਭਾਰਤ' ਦਾ ਜੁਮਲਾ ਵਰਤਦੇ ਸਨ। ਅਸਲ ਵਿਚ ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਲਤ ਬਹੁਤ ਮਾੜੀ ਹੋ ਗਈ ਸੀ। ਇਹ ਲੋਕ ਸਭਾ ਵਿਚ ਓਨੀਆਂ ਸੀਟਾਂ ਜਿੱਤਣ ਤੋਂ ਵੀ ਰਹਿ ਗਈ ਸੀ ਕਿ ਇਸ ਦੇ ਕਿਸੇ ਆਗੂ ਨੂੰ ਵਿਰੋਧੀ ਧਿਰ ਦੇ ਆਗੂ ਵਾਲਾ ਅਹੁਦਾ ਮਿਲਦਾ। ਲੋਕਤੰਤਰੀ ਨੇਮਾਂ ਤਹਿਤ ਉਸ ਵਕਤ ਬਣਦਾ ਇਹ ਸੀ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਕਾਂਗਰਸ ਦੇ ਆਗੂ ਨੂੰ ਇਹ ਅਹੁਦਾ ਦੇ ਦਿੰਦੀ ਪਰ ਇਹ ਪਾਰਟੀ ਤਾਂ ਕਾਂਗਰਸ ਨੂੰ ਹੂੰਝ ਸੁੱਟਣ ਦਾ ਤਹੱਈਆ ਕਰੀ ਬੈਠੀ ਸੀ ਤਾਂ ਕਿ ਆਪਣੀ ਸਿਆਸਤ ਖੁੱਲ੍ਹ ਕੇ ਕੀਤੀ ਜਾ ਸਕੇ। ਇਸੇ ਕਰ ਕੇ ਮੋਦੀ ਸਰਕਾਰ ਨੇ ਪੂਰੇ ਦਸ ਸਾਲ ਸੰਸਦ ਵਿਚ ਆਪਣੀ ਮਨਮਰਜ਼ੀ ਕੀਤੀ ਪਰ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਸੀਟਾਂ ਵਾਹਵਾ ਘਟ ਗਈਆਂ। ਇਸ ਦਾ ਦਾਅਵਾ ਐਤਕੀਂ ਇਕੱਲਿਆਂ 370 ਤੋਂ ਉਪਰ ਅਤੇ ਐਨ.ਡੀ.ਏ. ਦੀਆਂ 400 ਤੋਂ ਉਪਰ ਸੀਟਾਂ ਜਿੱਤਣ ਦਾ ਸੀ ਪਰ ਭਾਰਤੀ ਜਨਤਾ ਪਾਰਟੀ ਦੀ ਜਿੱਤ 240 ਸੀਟਾਂ 'ਤੇ ਹੀ ਸਿਮਟ ਗਈ ਅਤੇ ਕਾਂਗਰਸ ਪਿਛਲੀ ਵਾਰ ਨਾਲੋਂ ਦੁੱਗਣੀਆਂ ਸੀਟਾਂ ਜਿੱਤ ਕੇ ਤਕੜੇ ਰੂਪ ਵਿਚ ਸਾਹਮਣੇ ਆਈ। ਸਿਆਸੀ ਵਿਸ਼ਲੇਸ਼ਕਾਂ ਨੇ ਇਸ ਨੂੰ ਕਾਂਗਰਸ ਦੀ ਵਾਪਸੀ ਕਰਾਰ ਦਿੱਤਾ ਹੈ।*

*ਲੋਕ ਸਭਾ ਚੋਣਾਂ ਵਿਚ ਪਛੜਨ ਦੀ ਕਨਸੋਅ ਚੋਣ ਅਮਲ ਦੌਰਾਨ ਹੀ ਸਾਹਮਣੇ ਆ ਗਈ ਸੀ। ਇਸੇ ਕਰ ਕੇ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਵੋਟਰਾਂ ਨੂੰ ਫਿਰਕੂ ਆਧਾਰ 'ਤੇ ਵੋਟਾਂ ਪਾਉਣ ਲਈ ਉਕਸਾਇਆ। ਇਹ ਪਹਿਲੀ ਵਾਰ ਸੀ ਕਿ ਕੋਈ ਪ੍ਰਧਾਨ ਮੰਤਰੀ ਇੰਨੇ ਹੇਠਲੇ ਪੱਧਰ 'ਤੇ ਜਾ ਕੇ ਚੋਣ ਪ੍ਰਚਾਰ ਕਰ ਰਿਹਾ ਸੀ। ਉਂਝ, ਇਸ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਇਕੱਲਿਆਂ ਬਹੁਮਤ ਹਾਸਲ ਕਰਨ ਵਿਚ ਨਾਕਾਮ ਰਹੀ। ਇਸ ਦਾ ਨਤੀਜਾ ਹੁਣ ਇਹ ਨਿਕਲਿਆ ਹੈ ਕਿ ਸਮੁੱਚੀ ਵਿਰੋਧੀ ਧਿਰ ਮਜ਼ਬੂਤ ਹੋ ਕੇ ਮੈਦਾਨ ਵਿਚ ਨਿੱਤਰੀ ਹੈ। ਇਸ ਦਾ ਰੰਗ ਪਹਿਲੇ ਹੀ ਸੈਸ਼ਨ ਵਿਚ ਦੇਖਣ ਨੂੰ ਮਿਲਿਆ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਦੇ ਭਾਸ਼ਣ ਨੇ ਸੱਤਾ ਧਿਰ ਨੂੰ ਫਿਕਰਾਂ ਵਿਚ ਪਾ ਦਿੱਤਾ। ਇਹ ਵੀ ਪਹਿਲੀ ਵਾਰ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਿਰੋਧੀ ਧਿਰ ਵੱਲੋਂ ਉਠਾਏ ਮੁੱਦਿਆਂ ਦੇ ਜਵਾਬ ਦੇਣੇ ਪੈ ਰਹੇ ਹਨ। ਵਿਰੋਧੀ ਧਿਰ ਦੇ ਆਗੂ ਵਜੋਂ ਆਪਣੇ ਭਾਸ਼ਣ ਵਿਚ ਰਾਹੁਲ ਗਾਂਧੀ ਨੇ ਸਾਫ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਮੁਲਕ ਨੂੰ ਫਿਰਕੂ ਆਧਾਰ ਉਤੇ ਵੰਡਣ ਦਾ ਯਤਨ ਕੀਤਾ; ਇਹੀ ਨਹੀਂ, ਲੋਕਾਂ ਨੂੰ ਹਿੰਸਾ ਦੇ ਰਾਹ ਪਾਉਣ ਦੀ ਕੋਝੀ ਕੋਸ਼ਿਸ਼ ਵੀ ਕੀਤੀ। ਇਸ 'ਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਆਪਣੀ ਆਦਤ ਮੁਤਾਬਿਕ ਮਸਲੇ ਨੂੰ ਤੋੜਨ-ਮਰੋੜਨ ਦਾ ਯਤਨ ਕੀਤਾ ਅਤੇ ਕਿਹਾ ਕਿ ਰਾਹੁਲ ਗਾਂਧੀ ਹਿੰਦੂ ਭਾਈਚਾਰੇ ਨੂੰ ਹਿੰਸਕ ਆਖ ਰਿਹਾ ਹੈ। ਇਹ ਉਸੇ ਤਰ੍ਹਾਂ ਦੇ ਜਵਾਬ ਸਨ ਜਿਹੋ ਜਿਹੇ ਚੋਣਾਂ ਪ੍ਰਕਿਰਿਆ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਆਗੂ ਦਿੰਦੇ ਰਹੇ ਸਨ।*

*ਸੱਤਾਧਾਰੀ ਧਿਰ ਨੇ ਸੈਸ਼ਨ ਦਾ ਸਮਾਂ ਚੁਣਨ ਵੇਲੇ ਵੀ ਚਲਾਕੀ ਕਰਨ ਦਾ ਯਤਨ ਕੀਤਾ। ਐਮਰਜੈਂਸੀ ਵਾਲੀ ਤਾਰੀਕ ਮੌਕੇ ਇਹ ਸੈਸ਼ਨ ਸੱਦਿਆ ਗਿਆ। ਨਾਲ ਹੀ ਇਹ ਜਚਾਇਆ ਗਿਆ ਕਿ ਇੰਦਰਾ ਗਾਂਧੀ ਨੇ ਐਮਰਜੈਂਸੀ ਲਾ ਕੇ ਸੰਵਿਧਾਨ ਨਾਲ ਖਿਲਵਾੜ ਕੀਤਾ। ਉਂਝ, ਇਸ ਦੇ ਨਾਲ ਹੀ ਇਹ ਬਹਿਸ ਤੁਰ ਪਈ ਕਿ ਭਾਰਤੀ ਜਨਤਾ ਪਾਰਟੀ ਨੇ ਪਿਛਲੇ ਦਸ ਸਾਲਾਂ ਤੋਂ ਮੁਲਕ ਵਿਚ ਅਣਐਲਾਨੀ ਐਮਰਜੈਂਸੀ ਲਾਈ ਹੋਈ ਹੈ, ਕਿਸੇ ਨੂੰ ਕੁਸਕਣ ਨਹੀਂ ਦਿੱਤਾ ਜਾ ਰਿਹਾ, ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਜੇਲ੍ਹਾਂ ਅੰਦਰ ਸੁੱਟਿਆ ਜਾ ਰਿਹਾ ਹੈ। ਇਹੀ ਨਹੀਂ, ਸਾਰੀਆਂ ਕੇਂਦਰੀ ਸੰਸਥਾਵਾਂ ਨੂੰ ਸੌੜੀ ਸਿਆਸਤ ਲਈ ਵਿਰੋਧੀ ਧਿਰ ਦੇ ਖ਼ਿਲਾਫ ਵਰਤਿਆ ਜਾ ਰਿਹਾ ਹੈ। ਮੋਦੀ ਸਰਕਾਰ ਅਤੇ ਲੋਕ ਸਭਾ ਦੇ ਸਪੀਕਰ ਦੇ ਰਵੱਈਏ ਤੋਂ ਭਾਵੇਂ ਇਹ ਜ਼ਾਹਿਰ ਹੋ ਰਿਹਾ ਹੈ ਕਿ ਸਰਕਾਰ ਦਾ ਰਵੱਈਆ ਪਹਿਲਾਂ ਵਾਲਾ ਹੀ ਰਹੇਗਾ ਪਰ ਇਸ ਵਾਰ ਇੰਨਾ ਫਰਕ ਤਾਂ ਜ਼ਰੂਰ ਪਵੇਗਾ ਕਿ ਹੁਣ ਸਰਕਾਰ ਦੇ ਟਾਕਰੇ ਲਈ ਮਜ਼ਬੂਤ ਵਿਰੋਧੀ ਧਿਰ ਸੰਸਦ ਵਿਚ ਮਜ਼ਬੂਤ ਹੋਵੇਗੀ। ਗਿਣਨ ਯੋਗ ਅੰਕੜਿਆਂ ਦੀ ਬਦੌਲਤ ਵਿਰੋਧੀ ਧਿਰ ਸੰਸਦ ਵਿਚਤਾਂ ਆਪਣੀ ਆਵਾਜ਼ ਬੁਲੰਦ ਕਰੇਗੀ ਹੈ, ਸੰਸਦ ਤੋਂ ਬਾਹਰ ਵੀ ਸਰਕਾਰ ਦੀ ਮੁਖਲਾਫਤ ਦੇ ਨਵੇਂ ਰਾਹ ਖੁੱਲ੍ਹਣ ਦੀ ਗੁੰਜਾਇਸ਼ ਬਣੇਗੀ। ਇਸ ਲਈ ਸੰਭਵ ਹੈ ਕਿ ਆਉਣ ਵਾਲੇ ਸਮੇਂ ਵਿਚ ਵੱਖਰੇ-ਵੱਖਰੇ ਇਲਾਕਿਆਂ ਵਿਚ ਸਰਕਾਰ ਖ਼ਿਲਾਫ ਰੋਹ ਅਤੇ ਰੋਸ ਵੀ ਉਚਾ ਹੁੰਦਾ ਜਾਵੇ। ਪ੍ਰਸਿੱਧ ਲੇਖਕ ਅਰੁੰਧਤੀ ਰਾਏ ਜੋ ਮੋਦੀ ਅਤੇ ਇਸ ਦੀਆਂ ਨੀਤੀਆਂ ਦੀ ਤਿੱਖੀ ਆਲੋਚਕ ਹੈ, ਨੂੰ ਜਿਸ ਢੰਗ ਨਾਲ ਇਕ ਕੇਸ ਵਿਚ ਉਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਸ ਦਾ ਵੱਡੀ ਪੱਧਰ 'ਤੇ ਨੋਟਿਸ ਲਿਆ ਜਾ ਰਿਹਾ ਹੈ। ਕੁਝ ਕੌਮਾਂਤਰੀ ਸੰਸਥਾਵਾਂ ਵੀ ਬੁੱਧੀਜੀਵੀਆਂ ਨਾਲ ਅਜਿਹੀਆਂ ਵਧੀਕੀਆਂ ਦੇ ਅਜਿਹੇ ਮਸਲਿਆਂ 'ਤੇ ਸਰਗਰਮ ਹੋ ਗਈਆਂ ਹਨ। ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਭਾਵੇਂ ਪਹਿਲਾਂ ਵਾਂਗ ਆਪਣੀ ਮਰਜ਼ੀ ਨਾਲ ਮੁਲਕ ਨੂੰ ਚਲਾਉਣ ਦਾ ਯਤਨ ਕਰਨਗੇ ਪਰ ਐਤਕੀਂ ਸੰਭਵ ਹੈ ਕਿ ਵਿਰੋਧੀ ਧਿਰ ਇਸ ਨੂੰ ਸਖਤ ਟੱਕਰ ਦੇਵੇ। ਇਉਂ ਐਤਕੀਂ ਵਾਲੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਭਾਰਤ ਦੀ ਸਿਆਸਤ 'ਤੇ ਆਪਣਾ ਅਸਰ ਛੱਡਣਗੇ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੌ ਕਿ ਹਜਾਰ ਬਿਮਾਰ?

*ਕਾਲੀ ਸ਼ਾਹ ਸਿਆਸਤ ਦੀ ਧੂੜ ਅੰਦਰ, ਚਿੱਟੇ ਵਸਤਰ ਪਾ ਦਾਗੀ ਕਿਰਦਾਰ ਫਿਰਦੇ।*
*ਸੁੱਚੇ-ਸੱਚੇ ਜੋ ਹੋਣ ਦੇ ਕਰਨ ਦਾਅਵੇ, ਪਰਦੇ ਚੁੱਕ ਕੇ ਵੇਖੋ ਬਦਕਾਰ ਫਿਰਦੇ।*
*ਹੱਥ ਜੋੜ ਕੇ ਖੜ੍ਹੇ ਜੋ 'ਬੈਨਰਾਂ' 'ਤੇ, ਖਾਤਰ ਅਹੁਦਿਆਂ ਕਰਦੇ ਤਕਰਾਰ ਫਿਰਦੇ।*
*ਕਿਤਿਓਂ ਰੁੱਸਦੇ ਕਿਸੇ ਨੂੰ ਜੱਫੀਆਂ ਪਾ, ਦਾਅ ਲਾਉਣ ਲਈ ਹੋਏ ਲਾਚਾਰ ਫਿਰਦੇ।*
*ਕੁਰਸੀ ਖਾਤਰ ਹੀ ਤੜਫਨਾ ਬਹੁਤਿਆਂ ਦੀ, ਸੌਦੇਬਾਜ਼ੀਆਂ ਕਰਨ ਲਈ ਤਿਆਰ ਫਿਰਦੇ।*
*ਸੌਖਾ ਵੰਡਣਾ 'ਇਕ ਅਨਾਰ' ਸੌ ਨੂੰ, ਹੁਣ ਤਾਂ ਕਈ ਹਜਾਰ 'ਬਿਮਾਰ' ਫਿਰਦੇ!*

# ਅਕਾਲੀ ਦਲ ਦਾ ਸਿਆਸੀ ਨਿਘਾਰ ਅਤੇ ਬਾਗੀਆਂ ਦੀ ਹਕੀਕਤ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਸਮੇਂ ਪਾਰਟੀ ਵਿਚ ਬਹੁਤ ਵੱਡੀ ਬਗਾਵਤ ਦਾ ਸਾਹਮਣਾ ਕਰ ਰਿਹਾ ਹੈ। ਪਾਰਟੀ ਵਿਚ ਬਣੀ ਧੜੇਬੰਦੀ ਕਾਰਨ ਪਾਰਟੀ ਦੁਫੇੜ ਹੋਣ ਦੀ ਕਗਾਰ ਉੱਪਰ ਖੜ੍ਹੀ ਹੈ। ਸਥਿਤੀ ਇਹ ਬਣੀ ਹੋਈ ਹੈ ਕਿ ਇਕ ਸਦੀ ਤੋਂ ਵੱਧ ਪੁਰਾਣੀ ਇਸ ਪਾਰਟੀ ਦੇ ਪ੍ਰਧਾਨ ਦੇ ਪੱਖ ਵਿਚ ਪੁਰਾਣੇ ਆਗੂਆਂ ਵਿਚੋਂ ਸਿਰਫ ਬਲਵਿੰਦਰ ਸਿੰਘ ਭੂੰਦੜ, ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਵਿਰਸਾ ਸਿੰਘ ਵਲਟੋਹਾ ਵਰਗੇ ਚੁਣਵੇਂ ਲੀਡਰ ਹੀ ਖੜ੍ਹੇ ਦਿਖਾਈ ਦੇ ਰਹੇ ਹਨ; ਦੂਜੇ ਪਾਸੇ, ਪ੍ਰਧਾਨ ਨੂੰ ਚੁਣੌਤੀ ਦੇਣ ਵਾਲਿਆਂ ਵਿਚ ਪਾਰਟੀ ਦੇ ਦਰਜਨ ਤੋਂ ਵੱਧ ਸੀਨੀਅਰ ਆਗੂ ਸ਼ਾਮਿਲ ਹਨ।

ਪ੍ਰਧਾਨ ਨੂੰ ਚੁਣੌਤੀ ਦੇਣ ਵਾਲੇ ਧੜੇ ਵੱਲੋਂ ਪਹਿਲੀ ਜੁਲਾਈ ਨੂੰ ਸ੍ਰੀ ਅਕਾਲ ਤਖਤ ਵਿਖੇ ਅਰਦਾਸ ਕਰਨ ਉਪਰੰਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਕਾਲੀ ਸਰਕਾਰ ਵੇਲੇ ਹੋਈਆਂ ਗਲਤੀਆਂ ਸਬੰਧੀ ਖਿਮਾ ਯਾਚਨਾ ਲਈ ਪੱਤਰ ਸੌਂਪਣ ਨਾਲ ਇਹ ਮਾਮਲਾ ਹੋਰ ਭਖ ਗਿਆ ਹੈ। ਇਸ ਪੱਤਰ ਰਾਹੀਂ ਪ੍ਰਧਾਨ ਤੋਂ ਬਾਗੀ ਹੋਏ ਲੀਡਰਾਂ ਨੇ 2007 ਤੋਂ 2017 ਤੱਕ ਸੱਤਾ ਵਿਚ ਰਹੀ ਪਾਰਟੀ ਤੋਂ ਹੋਈਆਂ ਗਲਤੀਆਂ ਦਾ ਜ਼ਿਕਰ ਕੀਤਾ ਗਿਆ ਹੈ।

ਪੰਜਾਬ ਇਸ ਸਮੇਂ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦਾ ਸਾਹਮਣਾ ਕਰ ਰਿਹਾ ਹੈ, ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਥਿਤੀ ਹਾਸੋਹੀਣੀ ਬਣੀ ਹੋਈ ਹੈ। ਇਹ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਿਆਸੀ ਨਿਘਾਰ ਦਾ ਹੀ ਨਤੀਜਾ ਹੈ ਕਿ ਪਾਰਟੀ ਦੀ ਅੰਦਰੂਨੀ ਧੜੇਬੰਦੀ ਕਾਰਨ ਸੁਖਬੀਰ ਸਿੰਘ ਬਾਦਲ ਦਾ ਧੜਾ ਤੱਕੜੀ ਚੋਣ ਨਿਸ਼ਾਨ ਉੱਪਰ ਚੋਣ ਲੜ ਰਹੀ ਪਾਰਟੀ ਉਮੀਦਵਾਰ ਸੁਰਜੀਤ ਕੌਰ ਨੂੰ ਵੋਟਾਂ ਪਵਾਉਣ ਦੀ ਬਜਾਇ ਬਸਪਾ ਉਮੀਦਵਾਰ ਨੂੰ ਵੋਟਾਂ ਪਾਉਣ ਦੀ ਅਪੀਲ ਕਰ ਰਿਹਾ ਹੈ।

ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ 13 ਵਿਚੋਂ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਅਤੇ ਇਹ ਹਾਰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਪਾਰਟੀ ਲੀਡਰਸ਼ਿਪ ਲਈ ਦੂਜਾ ਵੱਡਾ ਝਟਕਾ ਸੀ। ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ 13.42 ਫੀਸਦੀ ਵੋਟਾਂ ਮਿਲੀਆਂ; 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਇਹ 5 ਫੀਸਦ ਘੱਟ ਹਨ। ਪਾਰਟੀ ਭਾਜਪਾ ਤੋਂ ਵੀ ਪਛੜ ਕੇ ਚੌਥੇ ਸਥਾਨ ਉੱਪਰ ਚਲੀ ਗਈ।

2022 ਦੀਆਂ ਚੋਣਾਂ ਵਿਚ ਪਾਰਟੀ ਦੇ ਸਰਪ੍ਰਸਤ ਅਤੇ ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਾਰ ਇਹ ਸੰਕੇਤ ਸੀ ਕਿ ਪੰਜਾਬ ਦੇ ਲੋਕ ਅਕਾਲੀ ਦਲ ਤੋਂ ਅੱਕ ਚੁੱਕੇ ਹਨ। ਇਹਨਾਂ ਚੋਣਾਂ ਤੋਂ ਬਾਅਦ ਪਾਰਟੀ ਅੰਦਰ ਹਾਰ ਦਾ ਮੰਥਨ ਸ਼ੁਰੂ ਹੋਇਆ ਸੀ ਅਤੇ ਅਕਾਲੀ ਆਗੂ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਬਣਾਈ ਕਮੇਟੀ ਨੇ ਪਾਰਟੀ ਦੇ ਨਿਘਾਰ ਸਬੰਧੀ ਰਿਪੋਰਟ ਤਿਆਰ ਕੀਤੀ ਸੀ ਪਰ ਉਸ ਰਿਪੋਰਟ ਨੂੰ ਜਿਸ ਤਰ੍ਹਾਂ ਅਕਾਲੀ ਲੀਡਰਸ਼ਿਪ ਨੇ 'ਦੱਬ' ਕੇ ਰੱਖਿਆ ਅਤੇ ਲੀਡਰਸ਼ਿਪ ਵਿਚ ਕੋਈ ਬਦਲਾਓ ਨਾ ਕੀਤਾ, ਉਸ ਨਾਲ ਵਰਕਰਾਂ ਵਿਚ ਨਿਰਾਸ਼ਤਾ ਵਧਦੀ ਗਈ। ਨਾਰਾਜ਼ ਆਗੂਆਂ ਵੱਲੋਂ ਵੀ ਦੋ ਸਾਲ ਬਾਅਦ ਹੁਣ ਉਹ ਰਿਪੋਰਟ ਜਨਤਕ ਕੀਤੀ ਗਈ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿਆਸੀ ਅਤੇ ਪੰਥਕ ਸੰਘਰਸ਼ਾਂ ਵਿਚੋਂ ਨਿੱਕਲੇ ਅਕਾਲੀ ਦਲ ਦਾ ਇਤਿਹਾਸ ਸ਼ਾਨਾਮੱਤਾ ਰਿਹਾ ਹੈ ਲੇਕਿਨ ਜਦ ਅਸੀਂ ਇਸ ਵਿਚ ਆਏ ਸਿਆਸੀ ਨਿਘਾਰ ਦੀ ਨਿਸ਼ਾਨਦੇਹੀ ਕਰਨ ਤੁਰਦੇ ਹਾਂ ਇਸ ਦੀਆਂ ਜੜ੍ਹਾਂ 1995-96 ਦੇ ਉਸ ਦੌਰ ਨਾਲ ਜਾ ਜੁੜਦੀਆਂ ਹਨ ਜਦ ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਪ੍ਰਧਾਨ ਬਣੇ ਸਨ। ਇਤਫਾਕ ਨਾਲ ਉਸੇ ਦੌਰ ਵਿਚ ਭਾਰਤੀ ਜਨਤਾ ਪਾਰਟੀ ਦਾ ਦੇਸ਼ ਦੀ ਵੱਡੀ ਧਿਰ ਵਜੋਂ ਉਭਾਰ ਹੋਇਆ ਸੀ। ਪੂਰੇ ਦੇਸ਼ ਵਿਚੋਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਅਜਿਹੀ ਪਾਰਟੀ ਸੀ ਜਿਸ ਨੇ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦਿੱਤੀ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਕੀਤੇ ਇਸ ਫੈਸਲੇ ਨੇ ਅਕਾਲੀ ਪਾਰਟੀ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ ਕਿਉਂਕਿ ਦੇਸ਼ ਦੀ ਅਹਿਮ ਧਾਰਮਿਕ ਘੱਟ ਗਿਣਤੀ ਦੀ ਨੁਮਾਇੰਦਾ ਖੇਤਰੀ ਪਾਰਟੀ ਦਾ ਫਿਰਕੂ ਪਾਰਟੀ ਦੇ ਹੱਕ ਵਿਚ ਖੜ੍ਹਨਾ ਹੈਰਾਨੀਜਨਕ ਸੀ। ਬਾਦਲ ਨੇ ਫਰਵਰੀ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਭਾਜਪਾ ਰਲ ਕੇ ਲੜੀਆਂ ਅਤੇ ਸੂਬੇ ਵਿਚ ਅਜਿਹੀ ਸਾਂਝੀ ਸਰਕਾਰ ਬਣਾਈ ਕਿ ਅੱਜ ਬਾਦਲ ਪਰਿਵਾਰ ਸਮੇਤ ਉਹਨਾਂ ਦੀ ਅਗਵਾਈ ਵਾਲੀ ਪਾਰਟੀ ਦੀ ਸਿਆਸੀ ਹੋਂਦ ਹੀ ਖਤਰੇ ਵਿਚ ਪਈ ਹੋਈ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੰਜਾਬ ਦੇ ਮਸਲਿਆਂ ਨੂੰ ਤਿਲਾਂਜਲੀ ਦੇ ਕੇ



ਪਰਿਵਾਰਕ ਮੈਂਬਰਾਂ ਨੂੰ ਕੇਂਦਰ ਸਰਕਾਰ ਵਿਚ ਦਿਵਾਏ ਮੰਤਰੀ ਪਦ ਦੇ ਆਹੁਦੇ ਅੱਜ ਬਾਦਲਾਂ ਦੀ ਸਿਆਸੀ ਹੋਂਦ ਨੂੰ ਖਤਰੇ ਵਿਚ ਪਾ ਰਹੇ ਹਨ।

ਇਹ ਤੱਥ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਪ੍ਰਧਾਨ ਬਨਣ ਉਪਰੰਤ ਅਕਾਲੀ ਦਲ ਦੀ ਪੰਥਕ ਸਿਆਸਤ ਨੂੰ ਪਰਿਵਾਰਵਾਦ ਦੀ ਭੇਟ ਚਾੜ੍ਹ ਦਿੱਤਾ ਪਰ ਬਾਦਲ ਨੇ ਸਭ ਤੋਂ ਵੱਡੀ ਚੁਸਤੀ ਇਹ ਕੀਤੀ ਕਿ ਜਿੱਥੇ ਆਪਣਾ ਮੁੰਡਾ, ਨੂੰਹ ਰਾਜਨੀਤੀ ਵਿਚ ਫਿੱਟ ਕੀਤੇ, ਉੱਥੇ ਹੀ ਢੀਂਡਸਾ, ਬ੍ਰਹਮਪੁਰਾ, ਚੰਦੂਮਾਜਰਾ, ਮਲੂਕਾ ਵਰਗੇ ਅਕਾਲੀ ਲੀਡਰਾਂ ਦੇ ਮੂੰਹ ਬੰਦ ਕਰਨ ਲਈ ਉਹਨਾਂ ਦੇ ਬੱਚੇ ਵੀ 'ਐਡਜਸਟ' ਕੀਤੇ। ਹੁਣ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀ ਦੇ ਰਹੇ ਢੀਂਡਸਾ, ਚੰਦੂਮਾਜਰਾ, ਮਲੂਕਾ ਵਰਗੇ ਲੀਡਰਾਂ ਤੋਂ ਵੀ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਹਨਾਂ ਦੇ ਮੁੰਡਿਆਂ ਦੀ ਕੀ ਪੰਥਕ ਦੇਣ ਸੀ ਜੋ ਉਹਨਾਂ ਆਪਣੇ ਇਲਾਕੇ ਦੇ ਟਕਸਾਲੀ ਲੀਡਰਾਂ ਦੀ ਥਾਂ ਆਪਣੇ ਮੁੰਡਿਆਂ ਨੂੰ ਅਹੁਦੇ ਦਿੱਤੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰਤਾਪ ਸਿੰਘ ਵਡਾਲਾ, ਸਰਵਣ ਸਿੰਘ ਫਿਲੌਰ, ਚਰਨਜੀਤ ਸਿੰਘ ਬਰਾੜ ਆਦਿ ਵੱਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦਿੱਤੇ ਚਾਰ ਸਫਿਆਂ ਦੇ ਪੱਤਰ ਵਿਚ ਅਕਾਲੀ-ਭਾਜਪਾ ਸਰਕਾਰ ਵੇਲੇ ਹੋਈਆਂ ਗਲਤੀਆਂ ਅਤੇ ਭੁੱਲਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚ 2007 ਦਾ ਬਠਿੰਡਾ ਜ਼ਿਲ੍ਹੇ ਵਿਚਲੇ ਡੇਰਾ ਸਲਾਬਤਪੁਰਾ ਮਾਮਲਾ, 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ, ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਿਨਾਂ ਮੰਗਿਆਂ ਮੁਆਫੀ ਦੇਣ ਦੇ ਮਾਮਲੇ ਦਾ ਜ਼ਿਕਰ ਹੈ। ਇਸ ਪੱਤਰ ਵਿਚ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਪੁਲਿਸ ਦਾ ਮੁਖੀ ਬਣਾਉਣ ਅਤੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਕਮਿਸ਼ਨ ਨਾ ਬਣਾਉਣ ਸਬੰਧੀ ਮਾਮਲਾ ਸ਼ਾਮਿਲ ਹੈ ਪਰ ਅਕਾਲੀ ਦਲ ਦੇ ਇਹਨਾਂ 'ਬਾਗੀ' ਆਗੂਆਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ 2007 ਤੋਂ 2017 ਤੱਕ ਦੀਆਂ ਇਹਨਾਂ ਘਟਨਾਵਾਂ ਉੱਪਰ ਇਹ ਹੁਣ ਤੱਕ ਕਿਉਂ ਨਹੀਂ ਬੋਲੇ?

ਕਿਸੇ ਸਮੇਂ ਅਕਾਲੀ ਦਲ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਕਰਦਿਆਂ ਸੰਘੀ ਢਾਂਚੇ ਲਈ ਸਟੈਂਡ ਲੈਂਦਾ ਰਿਹਾ ਹੈ ਪਰ ਬਾਦਲ ਦੀ ਪ੍ਰਧਾਨਗੀ ਵਿਚ ਅਕਾਲੀ ਦਲ ਨੇ ਭਾਜਪਾ ਦਾ ਪਿਛਲੱਗ ਬਣ ਕੇ ਤਾਕਤਾਂ ਦੇ ਕੇਂਦਰੀਕਰਨ ਦੇ ਪੱਖ ਵਾਲੇ ਸਟੈਂਡ ਲਏ। ਹੁਣ 'ਬਾਗੀ' ਹੋਏ ਧੜੇ ਦੇ ਆਗੂਆਂ ਤੋਂ ਅਜਿਹੇ ਸਿਧਾਂਤਕ ਮਾਮਲਿਆਂ ਉੱਪਰ ਸਟੈਂਡ ਪੁੱਛਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਉਹਨਾਂ ਦੀ ਭਾਜਪਾ ਨਾਲ 'ਹਮਦਰਦੀ' ਵੀ ਜੱਗ ਜ਼ਾਹਿਰ ਹੋਵੇਗੀ।

ਜਦ ਪਾਰਟੀ ਅਤੇ ਸਰਕਾਰ 'ਤੇ ਕਾਬਜ਼ ਹੋਇਆ ਬਾਦਲ ਪਰਿਵਾਰ ਸੂਬੇ ਦੀ ਟਰਾਂਸਪੋਰਟ, ਕੇਬਲ ਸਨਅਤ, ਰੇਤ-ਬਜਰੀ ਕਾਰੋਬਾਰ, ਹੋਟਲਾਂ 'ਤੇ ਵੀ ਨਿੱਜੀ ਇਜਾਰੇਦਾਰੀ ਸਥਾਪਤ ਕਰਨ ਲੱਗਿਆ ਹੋਇਆ ਸੀ ਤਾਂ ਅੱਜ ਬਾਗੀ ਸੁਰ ਅਲਾਪਣ ਵਾਲੇ ਸਾਰੇ ਆਗੂ ਬਾਦਲ ਪਰਿਵਾਰ ਦੀ ਉਸਤਤ ਕਰਨ ਵਿਚ ਮਸਰੂਫ ਸਨ। ਪਾਰਟੀ ਦੇ ਕੁਝ ਲੀਡਰਾਂ ਖਿਲਾਫ ਨਸ਼ਿਆਂ ਨਾਲ ਸਬੰਧਿਤ ਗੰਭੀਰ ਇਲਜ਼ਾਮ ਤੱਕ ਲੱਗੇ ਪਰ ਇਹਨਾਂ 'ਬਾਗੀ' ਹੋਏ ਲੀਡਰਾਂ ਵਿਚੋਂ ਅੱਜ ਤੱਕ ਕੋਈ ਕੁਸਕਿਆ ਤੱਕ ਨਹੀਂ।

ਇਤਿਹਾਸ ਦੱਸਦਾ ਹੈ ਕਿ ਅਕਾਲੀ ਦਲ ਵਿਚ ਬਗਾਵਤ ਕੋਈ ਨਵੀਂ ਗੱਲ ਨਹੀਂ। ਪਹਿਲਾਂ ਵੀ ਅਕਾਲੀ ਦਲ ਵਿਚ ਅਨੇਕ ਵਾਰ ਬਗਾਵਤਾਂ ਹੋਈਆਂ ਅਤੇ ਨਵੇਂ ਦਲ ਬਣੇ। ਅਕਾਲੀ ਸਿਆਸਤ ਵਿਚ ਦਿਲਚਸਪੀ ਰੱਖਣ ਵਾਲੇ ਕੁਝ ਸਿਆਸੀ ਮਾਹਿਰ ਕਹਿ ਰਹੇ ਹਨ ਕਿ ਅਕਾਲ ਤਖਤ ਸਾਹਿਬ ਨੂੰ ਅਕਾਲੀ ਦਲ ਦੇ ਵੱਖ-ਵੱਖ ਗਰੁੱਪਾਂ ਨੂੰ ਇਕੱਠੇ ਕਰਨਾ ਚਾਹੀਦਾ ਹੈ ਪਰ ਹਕੀਕਤ ਇਹ ਹੈ ਕਿ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਵੀ ਪਹਿਲਾਂ ਹੋ ਚੁੱਕੀਆਂ ਹਨ ਜਿਵੇਂ ਅਕਾਲੀ ਦਲ ਦੇ ਕਈ ਗਰੁੱਪ ਬਣ ਜਾਣ ਕਾਰਨ 1994 ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਦੀ ਹਦਾਇਤ ਉੱਤੇ ਅਕਾਲੀ ਦਲਾਂ ਦਾ ਰਲੇਵਾਂ ਕਰਨ ਦੀ ਕੋਸ਼ਿਸ਼ ਹੋਈ ਸੀ ਪਰ ਇਹ ਬਹੁਤਾ ਸਮਾਂ ਸਫਲ ਨਹੀਂ ਰਹੀ ਸੀ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਅਕਾਲੀ ਦਲ ਦੇ ਸਿਆਸੀ ਨਿਘਾਰ ਲਈ ਬਾਦਲ ਪਰਿਵਾਰ ਮੁੱਖ ਰੂਪ ਵਿਚ ਜ਼ਿੰਮੇਵਾਰ ਹੈ ਪਰ ਸਾਰਾ ਕੁਝ ਬਾਦਲ ਉਪਰ ਸੁੱਟ ਕੇ ਹੁਣ ਪੰਜਾਬ ਪੱਖੀ ਹੋਣ ਦਾ ਦੰਭ ਰਚ ਰਹੇ ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਸੁਖਦੇਵ ਸਿੰਘ ਢੀਂਡਸਾ, ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ ਵਰਗੇ ਅਕਾਲੀ ਆਗੂ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ। ਅਸਲ ਵਿਚ ਹੁਣ ਪ੍ਰਧਾਨ ਨੂੰ ਚੈਲਿੰਜ ਕਰ ਰਹੇ ਸਾਰੇ ਆਗੂ ਅਕਾਲੀ ਦਲ ਦੇ ਨਿਘਾਰ ਵੇਲੇ ਪਾਰਟੀ ਵਿਚ ਹੀ ਸਨ ਅਤੇ ਸੱਤਾ ਦਾ ਸੁੱਖ ਮਾਣ ਰਹੇ ਸਨ। ਜੇ ਇਹ ਪਾਰਟੀ ਅੱਜ ਸੱਤਾ ਵਿਚ ਹੁੰਦੀ ਤਾਂ ਇਹਨਾਂ ਵਿਚੋਂ ਕਿਸੇ ਨੇ ਨਹੀਂ ਬੋਲਣਾ ਸੀ। ਇਹ ਸਾਰੇ ਉਹੀ ਆਗੂ ਹਨ ਜੋ ਪ੍ਰਕਾਸ਼ ਸਿੰਘ ਬਾਦਲ ਨੂੰ 'ਫਖਰ-ਏ-ਕੌਮ' ਐਵਾਰਡ ਦੇਣ/ਦਿਵਾਉਣ ਵਿਚ ਸ਼ਾਮਿਲ ਸਨ। ਹੁਣ ਜਦ ਬਾਦਲ ਦੇ ਸੱਤਾ ਵਿਚ ਰਹਿਣ ਸਮੇਂ ਹੋਈਆਂ ਗਲਤੀਆਂ ਦੀ ਮੁਆਫੀ ਮੰਗ ਰਹੇ ਹਨ ਤਾਂ ਉਸ ਨੂੰ ਦਿੱਤਾ ਐਵਾਰਡ ਵਾਪਸ ਕਿਉਂ ਨਹੀਂ ਮੰਗ ਰਹੇ? ਬਾਗੀ ਧੜੇ ਵੱਲੋਂ 'ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ' ਸ਼ੁਰੂ ਕੀਤੀ ਗਈ ਹੈ ਪਰ ਇਹ ਧੜਾ ਭਾਜਪਾ ਖਿਲਾਫ ਬੋਲਣ ਤੋਂ ਟਾਲਾ ਵੱਟ ਰਿਹਾ ਹੈ। ਇਹ ਤੱਥ ਹੈ ਕਿ ਭਾਜਪਾ ਨਾਲ ਸਾਂਝ ਭਿਆਲੀ ਅਕਾਲੀ ਦਲ ਦੇ ਸਿਆਸੀ ਨਿਘਾਰ ਦੇ ਅਹਿਮ ਕਾਰਨਾਂ ਵਿਚੋਂ ਇਕ ਹੈ ਪਰ ਚੰਦੂਮਾਜਰਾ, ਢੀਂਡਸਾ ਵਰਗੇ ਆਗੂ ਇਕ ਵੀ ਸ਼ਬਦ ਇਸ ਮਾਮਲੇ ਉੱਪਰ ਕਹਿਣ ਤੋਂ ਇਨਕਾਰੀ ਹਨ। ਮਤਲਬ ਸਾਫ ਹੈ ਕਿ ਇਹ ਸਾਰੇ ਆਗੂ ਹੁਣ ਲੋਕਾਂ ਵਿਚੋਂ ਨਿੱਖੜ ਚੁੱਕੇ ਹਨ ਤੇ ਇਹ ਜਿੰਨੇ ਮਰਜ਼ੀ ਪਾਪੜ ਵੇਲ ਲੈਣ ਸੂਬੇ ਦੇ ਲੋਕ ਇਹਨਾਂ ਨੂੰ ਮੂੰਹ ਨਹੀਂ ਲਾਉਣਗੇ।

# ਐਮਰਜੈਂਸੀ ਦਾ ਸੱਚ: ਸੰਘ ਵੱਲੋਂ ਇੰਦਰਾ ਗਾਂਧੀ ਨਾਲ ਗੁਪਤ ਸਮਝੌਤੇ ਦੇ ਯਤਨ


***ਨਵੀਂ ਚੁਣੀ ਲੋਕ ਸਭਾ ਦੇ ਸਪੀਕਰ ਬਿਰਲਾ ਨੇ ਪਹਿਲੇ ਦਿਨ ਹੀ ਐਂਮਰਜੈਂਸੀ ਨੂੰ 'ਦੇਸ਼ ਦੇ ਇਤਿਹਾਸ ਦਾ ਕਾਲਾ ਅਧਿਆਇ' ਦੱਸਦਿਆਂ ਸੰਘ ਬ੍ਰਿਗੇਡ ਦਾ ਧੂਤੂ ਬਣ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਸੰਘ ਐਂਮਰਜੈਂਸੀ ਵਿਰੁੱਧ ਜਮਹੂਰੀ ਲੜਾਈ ਦਾ ਚੈਂਪੀਅਨ ਰਿਹਾ ਹੈ। ਕਰਨਾਟਕ ਤੋਂ ਕਾਲਮਨਵੀਸ ਅਤੇ ਰਾਜਨੀਤਕ ਕਾਰਕੁਨ ਸ਼ਿਵਸੁੰਦਰ ਨੇ ਸੰਘ ਦੇ ਇਸ ਝੂਠ ਨੂੰ ਇਤਿਹਾਸਕ ਤੱਥਾਂ ਸਹਿਤ ਬੇਪਰਦ ਕੀਤਾ ਹੈ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਸ਼ਿਵਸੁੰਦਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**



ਬਾਲਾ ਸਾਹਿਬ ਦੇਵਰਸ

***ਕਾਂਗਰਸ ਪਾਰਟੀ ਨੇ ਮੁਲਕ ਉੱਪਰ ਐਮਰਜੈਂਸੀ ਥੋਪਣ ਅਤੇ ਉਸ ਤੋਂ ਬਾਅਦ ਦੇ ਤਾਨਾਸ਼ਾਹ ਰਾਜ ਲਈ ਘੱਟੋ-ਘੱਟ ਮੁਆਫ਼ੀ ਤਾਂ ਮੰਗੀ ਹੈ, ਭਾਵੇਂ ਅੱਧੇ ਦਿਲ ਨਾਲ ਹੀ ਸਹੀ ਪਰ ਭਾਜਪਾ ਅਤੇ ਆਰ.ਐੱਸ.ਐੱਸ. ਨੇ ਆਪਣੇ ਧੋਖੇ ਲਈ ਮੁਲਕ ਕੋਲੋਂ ਮੁਆਫ਼ੀ ਮੰਗੀ ਨਹੀਂ ਮੰਗੀ। ਇਸ ਦੀ ਬਜਾਇ ਆਪਣੇ ਇਸ ਦੇਸ਼ਧ੍ਰੋਹ ਉੱਪਰ ਉਹ ਗੋਦੀ ਮੀਡੀਆ ਦੀ ਮਦਦ ਨਾਲ ਬੇਸ਼ਰਮੀ ਦਾ ਪਰਦਾ ਪਾ ਕੇ ਬੇਹੱਦ ਘਿਨਾਉਣੇ ਤਰੀਕੇ ਨਾਲ ਐਮਰਜੈਂਸੀ ਵਿਰੁੱਧ ਲੜਾਈ ਦੇ ਚੈਂਪੀਅਨ ਹੋਣ ਦਾ ਦਾਅਵਾ ਕਰਦੇ ਰਹਿੰਦੇ ਹਨ।***




ਦੇਵਰਸ ਦੀ ਕਿਤਾਬ ਦਾ ਟਾਈਟਲ।

ਤੀਜੀ ਵਾਰ ਸਰਕਾਰ ਬਣਾਉਣ ਤੋਂ ਬਾਅਦ ਭਾਜਪਾ ਐਮਰਜੈਂਸੀ ਦੀ ਯਾਦ ਦਿਵਾ ਕੇ ਕਾਂਗਰਸ ਦੇ ਦਾਅਵੇ ਨੂੰ ਕਮਜ਼ੋਰ ਕਰ ਕੇ ਖੁਦ ਨੂੰ ਸੰਵਿਧਾਨ ਦੇ ਰੱਖਿਅਕ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। 18ਵੀਂ ਲੋਕ ਸਭਾ ਦੇ ਪਹਿਲੇ ਦਿਨ 'ਇੰਡੀਆ' ਬਲਾਕ ਹਾਵੀ ਰਿਹਾ ਜਿਸ ਨੇ ਸੰਵਿਧਾਨ ਦੀ ਪਰੇਡ ਕੀਤੀ ਅਤੇ ਇਸ ਦੀ ਰੱਖਿਆ ਲਈ ਇਕਜੁੱਟ ਹੋ ਕੇ ਨਾਅਰੇ ਲਗਾਏ; ਉੱਧਰ, ਭਾਜਪਾ ਦੀ ਅਗਵਾਈ ਵਾਲੀ ਐੱਨ.ਡੀ.ਏ. ਨੇ ਐਮਰਜੈਂਸੀ ਵਿਰੁੱਧ ਮਤਾ ਲਿਆਉਣ ਲਈ ਅਸਾਧਾਰਨ ਉਪਾਵਾਂ ਦਾ ਸਹਾਰਾ ਲਿਆ। ਇਸ ਦੀ ਜਾਣ-ਪਛਾਣ ਨਵੇਂ ਚੁਣੇ ਗਏ ਸਪੀਕਰ ਓਮ ਬਿਰਲਾ ਨੇ ਕਰਵਾਈ।

18ਵੀਂ ਲੋਕ ਸਭਾ ਵਿਚ ਮੁੜ ਚੁਣੇ ਸਪੀਕਰ ਦਾ ਵੀ ਇਹ ਪਹਿਲਾ ਕੰਮ ਸੀ। ਇਸ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਨਵੀਂ ਲੋਕ ਸਭਾ ਦੀ ਸੁਰ ਅਤੇ ਚਾਲ-ਢਾਲ ਕਿਸ ਤਰ੍ਹਾਂ ਦੀ ਹੋਵੇਗੀ। ਅਜਿਹਾ ਕਰ ਕੇ ਮੋਦੀ ਸਰਕਾਰ ਚੋਣਾਂ ਦੌਰਾਨ ਗਵਾਚੀ ਜ਼ਮੀਨ ਨੂੰ ਮੁੜ ਹਾਸਲ ਕਰਨਾ ਚਾਹੁੰਦੀ ਹੈ ਕਿ ਸੰਵਿਧਾਨ ਦਾ ਅਸਲ ਰਖਵਾਲਾ ਕੌਣ ਹੈ।

ਇਹ ਧਾਰਨਾ ਕਿ ਭਾਜਪਾ ਸੰਵਿਧਾਨ 'ਤੇ ਹਮਲਾ ਕਰ ਸਕਦੀ ਹੈ, ਦਾ ਡਰ ਇਸ ਦੀ ਆਪਣੀ ਹਿੰਦੀ ਪੱਟੀ, ਖ਼ਾਸ ਕਰ ਕੇ ਦਲਿਤਾਂ ਅਤੇ ਈ.ਬੀ.ਸੀ. (ਆਰਥਿਕ ਤੌਰ 'ਤੇ ਪਿਛੜੀਆਂ ਸ਼੍ਰੇਣੀਆਂ) ਵਿਚ ਭਾਜਪਾ ਦੀ ਭਾਰੀ ਹਾਰ ਪਿੱਛੇ ਮਹੱਤਵਪੂਰਨ ਕਾਰਨ ਸੀ। ਇਸੇ ਕਰ ਕੇ ਐਮਰਜੈਂਸੀ ਦੇ ਨਾਲ-ਨਾਲ ਇੰਦਰਾ ਗਾਂਧੀ ਦੇ ਤਾਨਾਸ਼ਾਹੀ ਰਾਜ ਦੇ ਵਿਰੁੱਧ ਇਸ ਦਾ ਫੋਕਸ ਅਤੇ ਦਿਖਾਵਾ ਕੁਝ ਹੋਰ ਸਮੇਂ ਲਈ ਜਾਰੀ ਰਹਿਣ ਦੀ ਸੰਭਾਵਨਾ ਹੈ ਪਰ ਐਮਰਜੈਂਸੀ ਵਿਰੁੱਧ ਲੜਨ ਵਾਲੇ ਅਸਲ ਲੋਕਤੰਤਰੀ ਹੋਣ ਦੇ ਭਾਜਪਾ ਦੇ ਦਿਖਾਵੇ ਅਤੇ ਦਾਅਵੇ ਦੋ ਪੱਖਾਂ ਤੋਂ ਪਖੰਡੀ ਅਤੇ ਦੋਗਲੇ ਹਨ।

ਇਕ ਤਾਂ ਭਾਜਪਾ ਦੇ ਪਿਛਲੇ ਦਸ ਸਾਲਾਂ ਦੇ ਰਾਜ ਨੂੰ 'ਅਣਐਲਾਨੀ ਐਮਰਜੈਂਸੀ' ਕਿਹਾ ਜਾ ਸਕਦਾ ਹੈ। ਲੋਕਤੰਤਰ ਦਾ ਨਿਘਾਰ, ਲੋਕਤੰਤਰ ਦੇ ਸਾਰੇ ਅੰਗਾਂ ਉੱਤੇ ਤਾਨਾਸ਼ਾਹ ਕੰਟਰੋਲ ਅਤੇ ਮੁਸਲਮਾਨਾਂ, ਇਸਾਈਆਂ, ਦਲਿਤਾਂ, ਯੂਨੀਵਰਸਿਟੀਆਂ, ਗ਼ਰੀਬ ਬਸਤੀਆਂ, ਮੁਹੱਲਿਆਂ ਤੇ ਅਸਹਿਮਤੀ ਦੇ ਸਾਰੇ ਰੂਪਾਂ ਵਿਰੁੱਧ ਰਾਜ ਦੀ ਹਮਾਇਤ ਪ੍ਰਾਪਤ ਚੌਕਸੀ ਗਰੋਹਾਂ ਦੀ ਹਿੰਸਾ ਦੀ ਮਦਦ ਨਾਲ ਫਿਰਕੂ ਹਿੰਦੂਤਵ ਦਾ ਬੋਲਬਾਲਾ, ਇਹ ਸਾਰਾ ਕੁਝ ਬਖ਼ੂਬੀ ਦਸਤਾਵੇਜ਼ੀ ਰੂਪ ਵਿਚ ਦਰਜ ਹੈ। ਐਮਰਜੈਂਸੀ ਤਾਂ ਭਾਵੇਂ ਦੋ ਸਾਲਾਂ ਵਿਚ ਖ਼ਤਮ ਹੋ ਗਈ ਸੀ, ਮੋਦੀ ਦੇ ਤਾਨਾਸ਼ਾਹ ਰਾਜ ਨੇ ਕਾਮਯਾਬੀ ਨਾਲ ਆਪਣੇ ਗਿਆਰ੍ਹਵੇਂ ਸਾਲ ਵਿਚ ਕਦਮ ਰੱਖ ਲਿਆ ਹੈ। ਕੋਈ ਨਿਸ਼ਚਿਤ ਤੌਰ 'ਤੇ ਇਹ ਸਿੱਟਾ ਕੱਢ ਸਕਦਾ ਹੈ ਕਿ ਮੌਜੂਦਾ ਮੋਦੀ ਰਾਜ ਐਮਰਜੈਂਸੀ ਨਾਲੋਂ ਵੀ ਜ਼ਿਆਦਾ ਤਾਨਾਸ਼ਾਹ ਹੀ ਨਹੀਂ ਸਗੋਂ ਜ਼ਿਆਦਾ ਵਿਆਪਕ ਅਤੇ ਕਰੂਰ ਵੀ ਹੈ।

ਭਾਜਪਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਐਮਰਜੈਂਸੀ ਵਿਰੋਧੀ ਹੋਣ ਅਤੇ ਜਮਹੂਰੀਅਤ ਨੂੰ ਅੱਗੇ ਵਧਾਉਣ ਦੇ ਦਾਅਵੇ ਇਸ ਕਰ ਕੇ ਵੀ ਗ਼ਲਤ ਹਨ ਕਿਉਂਕਿ ਐਮਰਜੈਂਸੀ ਵਿਰੁੱਧ ਉਨ੍ਹਾਂ ਦੀ ਲੜਾਈ ਉਹੋ ਜਿਹੀ ਅਸਲੀ ਨਹੀਂ ਸੀ ਜਿਵੇਂ ਉਹ ਇਸ ਨੂੰ ਪੇਸ਼ ਕਰਦੇ ਹਨ।

ਭਾਜਪਾ ਦੇ ਪਹਿਲੇ ਰੂਪ- ਭਾਰਤੀ ਜਨਸੰਘ (ਬੀ.ਜੇ.ਐੱਸ.) ਦੇ ਚੋਟੀ ਦੇ ਆਗੂਆਂ ਅਟਲ ਬਿਹਾਰੀ ਵਾਜਪਾਈ ਨੇ ਜਿਸ ਤਰ੍ਹਾਂ ਰਹਿਮ ਦੀ ਮੰਗ ਕੀਤੀ ਅਤੇ ਜਿਸ ਤਰ੍ਹਾਂ ਉਸ ਸਮੇਂ ਦੇ ਸਰਸੰਘਚਾਲਕ ਬਾਲਾਸਾਹਿਬ ਦੇਵਰਸ ਸਮੇਤ ਆਰ.ਐੱਸ.ਐੱਸ. ਦੇ ਚੋਟੀ ਦੇ ਆਗੂਆਂ ਨੇ ਬੇਨਤੀਆਂ ਕੀਤੀਆਂ, ਇਸ ਦੇ ਕਈ ਇਤਿਹਾਸਕ ਵੇਰਵੇ ਹਨ। ਐਮਰਜੈਂਸੀ ਦੇ ਟੀਚਿਆਂ ਨੂੰ ਲਾਗੂ ਕਰਨ ਵਿਚ ਆਪਣੇ ਵੱਲੋਂ ਪੂਰਨ ਸਹਿਯੋਗ ਦੀ ਪੇਸ਼ਕਸ਼ ਕਰ ਕੇ ਜਿਵੇਂ ਉਨ੍ਹਾਂ ਨੇ ਇੰਦਰਾ ਗਾਂਧੀ ਤੱਕ ਪਹੁੰਚ ਕੀਤੀ, ਉਸ ਤੋਂ ਉਨ੍ਹਾਂ ਦੇ ਦੰਭੀ ਦਾਅਵਿਆਂ ਦੀ ਪੋਲ ਖੁੱਲ੍ਹ ਜਾਂਦੀ ਹੈ।

## ਵਾਜਪਾਈ ਨੂੰ ਮੁਆਫ਼ੀ?

ਐਮਰਜੈਂਸੀ ਦੇ ਪੂਰੇ ਸਮੇਂ ਦੌਰਾਨ ਕਮਿਊਨਿਸਟ, ਸਮਾਜਵਾਦੀ ਅਤੇ ਨਕਸਲੀ ਧਾਰਾਵਾਂ ਨਾਲ ਸਬੰਧਿਤ ਹਜ਼ਾਰਾਂ ਕਾਰਕੁਨਾਂ ਅਤੇ ਆਗੂਆਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ, ਸੈਂਕੜਿਆਂ ਨੂੰ ਤਸੀਹੇ ਦਿੱਤੇ ਗਏ ਅਤੇ ਬਹੁਤ ਸਾਰੇ ਹੋਰ ਮਾਰ ਦਿੱਤੇ ਗਏ, ਸੰਘ ਤੇ ਬੀ.ਜੇ.ਐੱਸ. ਦੇ ਚੋਟੀ ਦੇ ਆਗੂਆਂ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ। ਮਿਸਾਲ ਲਈ, ਬੀ.ਜੇ.ਐੱਸ. ਦੇ ਆਗੂ ਅਤੇ ਐਮਰਜੈਂਸੀ ਵਿਰੋਧੀ ਅੰਦੋਲਨ ਦੇ ਆਗੂ ਵਜੋਂ ਸ਼ਿੰਗਾਰ ਕੇ ਪੇਸ਼ ਕੀਤੇ ਵਾਜਪਾਈ ਨੇ ਐਮਰਜੈਂਸੀ ਦੇ ਸਿਰਫ਼ ਕੁਝ ਦਿਨ ਜੇਲ੍ਹ ਵਿਚ ਗੁਜ਼ਾਰੇ ਅਤੇ ਐਮਰਜੈਂਸੀ ਦਾ ਲੱਗਭੱਗ ਸਮੁੱਚਾ ਸਮਾਂ 20 ਮਹੀਨੇ ਬਾਹਰ ਪੈਰੋਲ 'ਤੇ ਰਿਹਾ।

ਇਹ ਗੱਲ ਕਿਸੇ ਹੋਰ ਨੇ ਨਹੀਂ ਸਗੋਂ ਸੀਨੀਅਰ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਨੇ ਸਾਹਮਣੇ ਲਿਆਂਦੀ ਸੀ। 13 ਜੂਨ 2000 ਨੂੰ 'ਦਿ ਹਿੰਦੂ' ਵਿਚ ਛਪੇ 'ਦਿ ਅਨਲਰਨਟ ਲੈਸਨਜ਼ ਆਫ ਐਮਰਜੈਂਸੀ' (ਐਮਰਜੈਂਸੀ ਦੇ ਕੁਝ ਭੁੱਲੇ-ਵਿਸਰੇ ਸਬਕ) ਸਿਰਲੇਖ ਵਾਲੇ ਲੇਖ ਵਿਚ ਸਵਾਮੀ ਨੇ ਵਿਸਤਾਰ ਵਿਚ ਖ਼ੁਲਾਸਾ ਕੀਤਾ ਕਿ ਕਿਵੇਂ ਆਰ.ਐੱਸ.ਐੱਸ. ਅਤੇ ਬੀ.ਜੇ.ਐੱਸ. ਦੇ ਕਈ ਆਗੂਆਂ ਨੇ ਗਾਂਧੀ ਨਾਲ ਗੁਪਤ ਗੱਲਬਾਤ ਚਲਾਈ।

ਸਵਾਮੀ ਨੇ ਲਿਖਿਆ ਕਿ ਜੇਲ੍ਹ ਜਾਣ ਦੇ ਕੁਝ ਦਿਨਾਂ ਦੇ ਅੰਦਰ ਹੀ ਵਾਜਪਾਈ ਨੇ ਗਾਂਧੀ ਨਾਲ ਸਮਝੌਤਾ ਕੀਤਾ। ਉਸ ਨੇ ਵਚਨ ਦਿੱਤਾ ਕਿ ਜੇ ਉਸ ਨੂੰ ਪੈਰੋਲ 'ਤੇ ਰਿਹਾਅ ਕੀਤਾ ਜਾਂਦਾ ਹੈ ਤਾਂ ਉਹ ਸਰਕਾਰ ਵਿਰੁੱਧ ਸਰਗਰਮੀਆਂ 'ਚ ਹਿੱਸਾ ਨਹੀਂ ਲਵੇਗਾ। ਸਵਾਮੀ ਨੇ ਕਿਹਾ ਕਿ ਪੈਰੋਲ 'ਤੇ ਬਾਹਰ ਬਿਤਾਏ ਸਮੇਂ ਵਾਜਪਾਈ ਨੇ ਉਹੀ ਕੀਤਾ ਜੋ ਸਰਕਾਰ ਨੇ ਉਸ ਨੂੰ ਲਈ ਕਰਨ ਲਈ ਕਿਹਾ ਸੀ।

## ਆਰ.ਐੱਸ.ਐੱਸ. ਦਾ ਸਮਰਪਣ

ਉਸੇ ਲੇਖ ਵਿਚ ਸਵਾਮੀ ਨੇ ਇਹ ਵੀ ਦੱਸਿਆ ਹੈ ਕਿ ਕਿਵੇਂ ਦਸੰਬਰ 1976 ਦੇ ਆਸ-ਪਾਸ ਆਰ.ਐੱਸ.ਐੱਸ. ਦੇ ਆਗੂਆਂ ਨੇ ਐਮਰਜੈਂਸੀ ਨੂੰ ਆਪਣੀ ਪੂਰੀ ਅਤੇ ਖੁੱਲ੍ਹੀ ਹਮਾਇਤ ਦੇਣ ਦਾ ਐਲਾਨ ਕਰਦੇ ਹੋਏ ਇਕ ਦਸਤਾਵੇਜ਼ ਉੱਤੇ ਦਸਖ਼ਤ ਕਰਨ ਦਾ ਫ਼ੈਸਲਾ ਕੀਤਾ। ਐਮਰਜੈਂਸੀ ਦਾ ਐਲਾਨ ਹੋਣ ਤੋਂ ਬਾਅਦ, ਸੰਘ ਦੇ ਸੀਨੀਅਰ ਆਗੂ ਮਾਧਵਰਾਵ ਮੂਲੇ ਨੂੰ ਸਰਕਾਰ ਦਾ ਵਿਰੋਧ ਕੀਤੇ ਬਿਨਾਂ ਜਥੇਬੰਦੀ ਦੀਆਂ ਸਰਗਰਮੀਆਂ ਦਾ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਜਦੋਂ ਕਿ ਏਕਨਾਥ ਰਾਨਾਡੇ ਨੂੰ ਸਰਕਾਰ ਨਾਲ ਸਮਝੌਤਾ ਕਰਨ ਲਈ ਕਿਹਾ ਗਿਆ। ਇਸ ਦੌਰਾਨ ਖ਼ੁਦ ਸਵਾਮੀ ਨੂੰ ਅਮਰੀਕਾ ਸਮੇਤ ਹੋਰ ਮੁਲਕਾਂ ਦੀਆਂ ਸਰਕਾਰਾਂ ਤੋਂ ਐਮਰਜੈਂਸੀ ਵਿਰੋਧੀ ਅੰਦੋਲਨਾਂ ਲਈ ਹਮਾਇਤ ਹਾਸਲ ਕਰਨ ਲਈ ਕਿਹਾ ਗਿਆ।

ਨਵੰਬਰ 1976 ਵਿਚ ਮੂਲੇ ਨੇ ਸਵਾਮੀ ਨੂੰ ਆਪਣੇ ਯਤਨ ਬੰਦ ਕਰਨ ਲਈ ਕਿਹਾ ਕਿਉਂਕਿ "ਆਰ.ਐੱਸ.ਐੱਸ. ਨੇ ਜਨਵਰੀ ਦੇ ਅੰਤ ਵਿਚ ਦਸਤਖ਼ਤ ਕੀਤੇ ਜਾਣ ਵਾਲੇ ਸਮਰਪਣ ਦੇ ਦਸਤਾਵੇਜ਼ ਨੂੰ ਅੰਤਿਮ ਰੂਪ ਦੇ ਦਿੱਤਾ ਸੀ"। ਇੰਟੈਲੀਜੈਂਸ ਬਿਊਰੋ ਦੇ ਤਤਕਾਲੀ ਮੁਖੀ ਟੀ.ਵੀ. ਰਾਜੇਸ਼ਵਰ ਨੇ ਆਪਣੀ ਕਿਤਾਬ ਇੰਡੀਆ- ਦਿ ਕਰੂਸ਼ੀਅਲ ਈਅਰਜ਼' ਵਿਚ ਆਰ.ਐੱਸ.ਐੱਸ. ਆਗੂਆਂ ਦੇ ਗੋਡੇ ਟੇਕਣ ਦੇ ਫ਼ੈਸਲੇ ਦਾ ਵਰਣਨ ਕੀਤਾ ਹੈ। ਗਾਂਧੀ ਦੇ ਉਸ ਸਮੇਂ ਦੇ ਸੂਚਨਾ ਸਲਾਹਕਾਰ ਐੱਚ.ਵਾਈ. ਸ਼ਾਰਦਾ ਪ੍ਰਸਾਦ ਦੇ ਪੁੱਤਰ ਰਵੀ ਵਿਸਵੇਸਵਰਯਾ ਸ਼ਾਰਦਾ ਪ੍ਰਸਾਦ ਨੇ 'ਦਿ ਪ੍ਰਿੰਟ' ਲਈ ਲਿਖੇ ਲੇਖ ਵਿਚ ਵੀ ਇਨ੍ਹਾਂ ਘਟਨਾਵਾਂ ਨੂੰ ਕਲਮਬੱਧ ਕੀਤਾ ਹੈ।

## ਸਰਸੰਘਚਾਲਕ ਦੇ ਮੁਆਫ਼ੀਨਾਮੇ

ਇਸ ਤੋਂ ਵੀ ਵਧੇਰੇ ਮਹੱਤਵਪੂਰਨ ਉਹ ਚਿੱਠੀਆਂ ਹਨ ਜੋ ਆਰ.ਐੱਸ.ਐੱਸ. ਦੇ ਸਰਵਉੱਚ ਆਗੂ ਦੇਵਰਸ ਨੇ ਪੁਣੇ ਦੀ ਯੇਰਵੜਾ ਜੇਲ੍ਹ ਤੋਂ ਗਾਂਧੀ ਨੂੰ ਲਿਖੀਆਂ ਸਨ। ਉਸ ਨੇ ਵਿਨੋਬਾ ਭਾਵੇ ਨੂੰ ਵੀ ਚਿੱਠੀ ਲਿਖੀ ਸੀ ਜਿਸ ਵਿਚ ਉਸ ਨੂੰ ਗਾਂਧੀ ਨੂੰ ਉਸ ਦੀ ਰਿਹਾਈ ਬਾਰੇ ਵਿਚਾਰ ਕਰਨ ਲਈ ਮਨਾਉਣ ਦੀ ਬੇਨਤੀ ਕੀਤੀ ਗਈ ਸੀ। ਇਹ ਚਿੱਠੀਆਂ ਐਮਰਜੈਂਸੀ ਦੌਰਾਨ ਆਰ.ਐੱਸ.ਐੱਸ. ਅਤੇ ਬੀ.ਜੇ.ਐੱਸ. ਦੀ ਭੂਮਿਕਾ ਅਤੇ ਉਨ੍ਹਾਂ ਦੇ ਬਾਅਦ ਦੇ ਪਾਖੰਡ ਦੀ ਸੱਚਾਈ ਨੂੰ ਸਮਝਣ ਵਿਚ ਮਦਦ ਕਰਦੀਆਂ ਹਨ। ਇਹ ਚਿੱਠੀਆਂ 'ਹਿੰਦੂ ਸੰਗਠਨ ਔਰ ਸੱਤਾਵਾਦੀ ਰਾਜਨੀਤੀ' ਨਾਂ ਦੀ ਕਿਤਾਬ ਦੀ ਅੰਤਿਕਾ ਦੇ ਰੂਪ ਵਿਚ ਦਿੱਤੀਆਂ ਗਈਆਂ ਹਨ ਜੋ ਦੇਵਰਸ ਨੇ ਹਿੰਦੀ ਵਿਚ ਲਿਖੀ ਸੀ (ਵਿਦਵਾਨ ਅਤੇ ਸਿਆਸੀ ਕਾਰਕੁਨ ਯੋਗੇਂਦਰ ਯਾਦਵ ਨੇ ਆਪਣੇ ਐਕਸ ਅਕਾਊਂਟ ਉੱਪਰ ਇਸ ਕਿਤਾਬ ਦੇ ਲਿੰਕ ਦਿੱਤੇ ਹਨ।) ਇਨ੍ਹਾਂ ਚਿੱਠੀਆਂ ਦਾ ਅੰਗਰੇਜ਼ੀ ਅਨੁਵਾਦ ਉਸ ਸਮੇਂ ਦੇ ਭਾਰਤੀ ਲੋਕ ਦਲ ਦੇ ਆਗੂ ਬ੍ਰਹਮ ਦੱਤ ਦੁਆਰਾ ਲਿਖੀ ਕਿਤਾਬ 'ਫਾਈਵ ਹੈੱਡਡ ਮੌਨਸਟਰ: ਏ ਫੈਕਟਚੁਅਲ ਨੈਰੇਟਿਵ ਆਫ ਦੀ ਜੈਨੇਸਿਸ ਆਫ ਜਨਤਾ ਪਾਰਟੀ' ਵਿਚ ਪੜ੍ਹਿਆ ਜਾ ਸਕਦਾ ਹੈ। ਇਹ ਚਿੱਠੀਆਂ 2021 'ਚ ਛਪੀ ਕਿਤਾਬ 'ਇੰਡੀਆ'ਜ਼ ਫਸਟ ਡਿਕਟੇਟਰਸ਼ਿੱਪ' ਜੋ ਪ੍ਰਤਿਨਵ ਅਨਿਲ ਅਤੇ ਕ੍ਰਿਸਟੋਫ ਜੈਫਰੇਲੋਟ ਨੇ ਲਿਖੀ ਹੈ, ਵਿਚ ਵੀ ਮਿਲਦੇ ਹਨ। ਜੈਫਰੇਲੋਟ ਉਹ ਵਿਦਵਾਨ ਹਨ ਜਿਸ ਨੇ ਜ਼ਮੀਨੀ ਪੱਧਰ 'ਤੇ ਭਾਰਤ ਦੇ ਸਮਾਜਿਕ-ਰਾਜਨੀਤਿਕ ਪ੍ਰਸੰਗ-ਪੱਥ ਦਾ ਡੂੰਘਾਈ ਵਿਚ ਅਧਿਐਨ ਕੀਤਾ ਹੈ ਅਤੇ ਬਹੁਤ ਸਾਰੀਆਂ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਹਨ।

## ਮੁਆਫੀ ਚਿੱਠੀ ਨੰਬਰ 1

ਇੰਦਰਾ ਗਾਂਧੀ ਨੇ ਐਮਰਜੈਂਸੀ ਦਾ ਐਲਾਨ 25 ਜੂਨ 1975 ਨੂੰ ਕੀਤਾ। ਲਾਲ ਕਿਲ੍ਹੇ ਤੋਂ ਕੀਤੇ ਸੁਤੰਤਰਤਾ ਦਿਵਸ ਦੇ ਸੰਬੋਧਨ ਦੌਰਾਨ ਉਸ ਨੇ ਕਿਹਾ, ਜਿਵੇਂ ਸਾਰੇ ਤਾਨਾਸ਼ਾਹਾਂ ਕਰਦੇ ਹੀ ਹਨ ਕਿ ਉਸ ਦੀਆਂ ਕਾਰਵਾਈਆਂ ਮੁਲਕ ਦੀ ਸੁਰੱਖਿਆ ਲਈ ਜ਼ਰੂਰੀ ਹਨ ਅਤੇ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਦੇਸ਼ਧ੍ਰੋਹੀ ਹਨ। ਸਾਰੇ ਮੁਲਕ ਵਿਚ ਲੋਕਤੰਤਰ ਪੱਖੀ ਕਾਰਕੁਨਾਂ ਨੇ ਉਸ ਦੇ ਭਾਸ਼ਣ ਅਤੇ ਉਸ ਦੀ ਤਾਨਾਸ਼ਾਹੀ ਦੋਹਾਂ ਦੀ ਨਿੰਦਾ ਕੀਤੀ। 22 ਅਗਸਤ 1975 ਨੂੰ ਗਾਂਧੀ ਨੂੰ ਲਿਖੀ ਆਪਣੀ ਪਹਿਲੀ ਚਿੱਠੀ ਵਿਚ ਦੇਵਰਸ ਨੇ 15 ਅਗਸਤ ਦੇ ਭਾਸ਼ਣ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ! ਉਹ ਤਾਂ ਇਸ ਤੋਂ ਵੀ ਅੱਗੇ ਚਲਾ ਗਿਆ ਅਤੇ ਭਾਸ਼ਣ ਨੂੰ ਸਮੇਂ ਸਿਰ ਅਤੇ ਸੰਤੁਲਤ ਕਹਿ ਕੇ ਇਸ ਦੀ ਸ਼ਲਾਘਾ ਵੀ ਕੀਤੀ। ਉਸ ਨੇ ਇਹ ਵੀ ਕਿਹਾ ਕਿ ਉਹ ਆਰ.ਐੱਸ.ਐੱਸ. ਬਾਰੇ ਗ਼ਲਤਫ਼ਹਿਮੀਆਂ ਦੂਰ ਕਰਨ ਲਈ ਉਸ ਨੂੰ ਲਿਖ ਰਿਹਾ ਹੈ ਅਤੇ ਉਸ ਨੇ ਗਾਂਧੀ ਨੂੰ ਭਰੋਸਾ ਦਿਵਾਇਆ ਕਿ ਉਹ ਤਾਂ ਹਿੰਦੂਆਂ ਦੀ ਜਥੇਬੰਦੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਉਹ ਕਦੇ ਵੀ ਉਸ ਦੀ ਸਰਕਾਰ ਦੇ ਖ਼ਿਲਾਫ਼ ਨਹੀਂ ਸਨ। ਅੰਤ ਵਿਚ ਉਸ ਨੇ ਕਿਹਾ: "ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਧਿਆਨ ਵਿਚ ਰੱਖੋ ਅਤੇ ਆਰ.ਐੱਸ.ਐੱਸ. ਉੱਪਰੋਂ ਪਾਬੰਦੀ ਹਟਾ ਦਿਓ। ਜੇ ਤੁਸੀਂ ਇਸ ਨੂੰ ਉਚਿਤ ਸਮਝੋ ਤਾਂ ਤੁਹਾਨੂੰ ਵਿਅਕਤੀਗਤ ਤੌਰ 'ਤੇ ਮਿਲ ਕੇ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।" ਇਉਂ ਪਹਿਲੀ ਚਿੱਠੀ ਵਿਚ ਉਨ੍ਹਾਂ ਨੇ ਨਾ ਸਿਰਫ਼ ਐਮਰਜੈਂਸੀ ਲਾਏ ਜਾਣ ਨਾਲ ਸਹਿਮਤੀ ਪ੍ਰਗਟਾਈ ਸਗੋਂ ਅੰਤ ਵਿਚ ਉਹ ਐਮਰਜੈਂਸੀ ਦੀ ਨਹੀਂ ਸਗੋਂ ਆਰ.ਐੱਸ.ਐੱਸ. ਉੱਪਰੋਂ ਪਾਬੰਦੀ ਨੂੰ ਹਟਾਉਣ ਦੀ ਮੰਗ ਕਰ ਰਿਹਾ ਸੀ।

## ਮੁਆਫੀ ਚਿੱਠੀ ਨੰਬਰ 2

ਇੰਦਰਾ ਗਾਂਧੀ ਨੇ ਦੇਵਰਸ ਦੀ ਚਿੱਠੀ ਕਦੇ ਵੀ ਸਵੀਕਾਰ ਨਹੀਂ ਕੀਤੀ। ਇਸ ਦੌਰਾਨ ਜਦੋਂ ਉਸ ਨੇ ਮੀਡੀਆ ਨੂੰ ਝੁਕਣ ਲਈ ਕਿਹਾ ਤਾਂ ਉਹ ਰੀਂਗਣ ਲਈ ਤਿਆਰ ਸੀ ਅਤੇ ਸੁਪਰੀਮ ਕੋਰਟ ਨੇ ਉਸੇ ਤਰ੍ਹਾਂ ਕੀਤਾ ਜਿਵੇਂ ਉਸ ਨੇ ਕਰਨ ਲਈ ਕਿਹਾ ਸੀ। ਇਸ ਕਾਰਨ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਬੈਂਚ ਨੇ ਅਲਾਹਾਬਾਦ ਹਾਈਕੋਰਟ ਦੇ ਉਸ ਹੁਕਮ ਨੂੰ ਉਲਟਾ ਦਿੱਤਾ ਜਿਸ ਵਿਚ ਗਾਂਧੀ ਦੀ ਚੋਣ ਨੂੰ ਅਣਉਚਿਤ ਕਰਾਰ ਦਿੱਤਾ ਗਿਆ ਸੀ। ਆਜ਼ਾਦ ਨਿਆਂਪਾਲਿਕਾ ਦੀ ਇਸ ਤਰਸਯੋਗ ਹਾਲਤ ਨੂੰ ਤਾਨਾਸ਼ਾਹੀ ਦਾ ਵਿਸਤਾਰ ਕਰਾਰ ਦਿੰਦੇ ਹੋਏ ਪੂਰੇ ਮੁਲਕ ਦੇ ਲੋਕਤੰਤਰ ਪੱਖੀ ਕਾਰਕੁਨਾਂ ਨੇ ਜੇਲ੍ਹ ਵਿਚ ਅਤੇ ਬਾਹਰ, ਇਸ ਘਟਨਾਕ੍ਰਮ ਦੀ ਘੋਰ ਨਿੰਦਾ ਕੀਤੀ।

ਤੇ ਉੱਧਰ ਸਰਸੰਘਚਾਲਕ ਨੇ ਕੀ ਕੀਤਾ?

10 ਨਵੰਬਰ, 1975 ਦੀ ਗਾਂਧੀ ਨੂੰ ਲਿਖੀ ਆਪਣੀ ਦੂਜੀ ਚਿੱਠੀ ਵਿਚ ਦੇਵਰਸ ਨੇ ਸੁਪਰੀਮ ਕੋਰਟ ਦੀ ਜਿੱਤ 'ਤੇ ਉਸ ਨੂੰ ਵਧਾਈ ਦਿੰਦੇ ਹੋਏ ਇਸ ਤਰ੍ਹਾਂ ਸ਼ੁਰੂਆਤ ਕੀਤੀ: "ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਕਿਉਂਕਿ ਸੁਪਰੀਮ ਕੋਰਟ ਦੇ ਪੰਜ ਜੱਜਾਂ ਨੇ ਤੁਹਾਡੀ ਚੋਣ ਨੂੰ ਸਹੀ ਕਰਾਰ ਦਿੱਤਾ ਹੈ।" ਉਸ ਨੇ ਉਸ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਆਰ.ਐੱਸ.ਐੱਸ. ਸਰਕਾਰ ਜਾਂ ਐਮਰਜੈਂਸੀ ਦੇ ਵਿਰੁੱਧ ਨਹੀਂ। ਅੰਤ ਵਿਚ ਇਕ ਵਾਰ ਫਿਰ ਆਰ.ਐੱਸ.ਐੱਸ. ਉੱਪਰੋਂ ਪਾਬੰਦੀ ਹਟਾਉਣ ਲਈ ਕਿਹਾ: "ਲੱਖਾਂ ਆਰ.ਐੱਸ.ਐੱਸ. ਵਰਕਰਾਂ ਦੇ ਨਿਰਸਵਾਰਥ ਯਤਨਾਂ ਨੂੰ ਸਰਕਾਰ ਦੇ ਵਿਕਾਸ ਪ੍ਰੋਗਰਾਮਾਂ ਨੂੰ ਅੱਗੇ ਵਧਾਉਣ ਲਈ ਵਰਤਿਆ ਜਾ ਸਕਦਾ ਹੈ।"

ਇਹ ਸਪੱਸ਼ਟ ਯਕੀਨਦਹਾਨੀ ਸੀ ਕਿ ਜੇ ਆਰ.ਐੱਸ.ਐੱਸ. ਵਰਕਰਾਂ ਉੱਪਰੋਂ ਪਾਬੰਦੀ ਹਟਾ ਦਿੱਤੀ ਜਾਵੇ ਤਾਂ ਉਹ ਗਾਂਧੀ ਦੀ ਤਾਨਾਸ਼ਾਹ ਸਰਕਾਰ ਨਾਲ ਹੱਥ ਮਿਲਾ ਕੇ ਚੱਲਣਗੇ।

## ਮੁਆਫੀ ਚਿੱਠੀ ਨੰਬਰ 3

ਇੰਦਰਾ ਗਾਂਧੀ ਨੇ ਇਹ ਦੂਜੀ ਚਿੱਠੀ ਵੀ ਅਣਡਿੱਠ ਕਰ ਦਿੱਤੀ। ਫਰਵਰੀ ਦੇ ਅੰਤ ਵਿਚ ਉਸ ਦਾ ਵਿਨੋਬਾ ਭਾਵੇ ਦੇ ਆਸ਼ਰਮ ਵਿਚ ਜਾਣ ਦਾ ਪ੍ਰੋਗਰਾਮ ਸੀ, ਜਦੋਂ ਦੇਵਰਸ ਨੇ ਤੀਜੀ ਚਿੱਠੀ ਲਿਖ ਕੇ ਵਿਨੋਬਾ ਭਾਵੇ (ਜੋ ਆਰ.ਐੱਸ.ਐੱਸ. ਦਾ ਮਿੱਤਰ ਸੀ ਤੇ ਗਾਂਧੀ ਉੱਪਰ ਉਸ ਦਾ ਕੁਝ ਪ੍ਰਭਾਵ ਸੀ) ਆਰ.ਐੱਸ.ਐੱਸ. ਦੇ ਹੱਕ ਵਿਚ ਦਖ਼ਲ ਦੇਣ ਅਤੇ ਗਾਂਧੀ ਨੂੰ ਪਾਬੰਦੀ ਹਟਾਉਣ ਲਈ ਮਨਾਉਣ ਲਈ ਤਰਲੇ ਕੀਤੇ।... ਜੇ ਅਜਿਹਾ ਹੁੰਦਾ ਹੈ ਤਾਂ "ਅਜਿਹੀ ਸਥਿਤੀ ਬਣੇਗੀ ਕਿ ਸੰਘ ਦੇ ਵਲੰਟੀਅਰ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਮੁਲਕ ਦੀ ਤਰੱਕੀ ਅਤੇ ਖ਼ੁਸ਼ਹਾਲੀ ਨਾਲ ਸਬੰਧਿਤ ਕਾਰਜ ਵਿਚ ਹਿੱਸਾ ਲੈਣ ਸਕਣਗੇ"। ਐਮਰਜੈਂਸੀ ਦੌਰਾਨ ਇਹ ਸੀ ਆਰ.ਐੱਸ.ਐੱਸ. ਦਾ ਅਸਲੀ ਚਿਹਰਾ। ਜਦੋਂ ਗਾਂਧੀ ਯੋਜਨਾਬੱਧ ਢੰਗ ਨਾਲ ਲੋਕਾਂ ਦੇ ਹੱਕਾਂ ਨੂੰ ਲਤਾੜ ਰਹੀ ਸੀ ਅਤੇ ਜਦੋਂ ਲੋਕਤੰਤਰ ਦਾ ਕਤਲ ਕੀਤਾ ਜਾ ਰਿਹਾ ਸੀ, ਆਰ.ਐੱਸ.ਐੱਸ. ਅਤੇ ਬੀ.ਜੇ.ਐੱਸ. ਸਰਕਾਰ ਨੂੰ ਇਹ ਵਚਨ ਦੇ ਕੇ ਜੇਲ੍ਹ ਵਿਚੋਂ ਆਪਣੀ ਰਿਹਾਈ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਉਹ ਉਸ ਜਬਰ ਵਿਚ ਗੁਪਤ ਰੂਪ ਵਿਚ ਭਾਗ ਲੈਣਗੇ।

ਇਸ ਦੇ ਵਿਸਤਾਰ ਵਜੋਂ ਉੱਤਰ ਪ੍ਰਦੇਸ਼ ਬੀ.ਜੇ.ਐੱਸ. ਨੇ 25 ਜੂਨ 1976 (ਐਮਰਜੈਂਸੀ ਦੇ ਐਲਾਨ ਦੀ ਪਹਿਲੀ ਵਰ੍ਹੇਗੰਢ) ਨੂੰ ਗਾਂਧੀ ਸਰਕਾਰ ਨੂੰ ਮੁਕੰਮਲ ਹਮਾਇਤ ਦੇਣ ਦਾ ਐਲਾਨ ਕੀਤਾ ਅਤੇ ਸਰਕਾਰ ਵਿਰੋਧੀ ਕਿਸੇ ਵੀ ਸਰਗਰਮੀ ਵਿਚ ਹਿੱਸਾ ਨਾ ਲੈਣ ਦਾ ਵਾਅਦਾ ਵੀ ਕੀਤਾ। ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿਚ ਬੀ.ਜੇ.ਐੱਸ. ਦੇ 34 ਆਗੂ ਕਾਂਗਰਸ ਵਿਚ ਸ਼ਾਮਿਲ ਹੋ ਗਏ।

ਇਹ ਸਭ ਆਰ.ਐੱਸ.ਐੱਸ. ਵੱਲੋਂ ਸਰਕਾਰ ਨਾਲ ਸਮਝੌਤਾ ਕਰਨ ਅਤੇ ਜਨਵਰੀ 1977 ਦੇ ਅੰਤ ਵਿਚ ਸਮਰਪਣ ਦਸਤਾਵੇਜ਼ 'ਤੇ ਦਸਤਖ਼ਤ ਕਰਨ ਦੇ ਫ਼ੈਸਲੇ ਦਾ ਸਿੱਟਾ ਸੀ ਪਰ ਕਿਉਂਕਿ ਗਾਂਧੀ ਨੇ ਇਸ ਤੋਂ ਪਹਿਲਾਂ ਐਮਰਜੈਂਸੀ ਵਾਪਸ ਲੈ ਲਈ ਸੀ, ਫਿਰ ਦਸਤਾਵੇਜ਼ 'ਤੇ ਦਸਤਖ਼ਤ ਕਰਨ ਦੀ ਜ਼ਰੂਰਤ ਹੀ ਨਹੀਂ ਪਈ। ਦਸਤਾਵੇਜ਼ਾਂ 'ਚ ਦਰਜ ਹੈ ਕਿ ਆਰ.ਐੱਸ.ਐੱਸ. ਐਮਰਜੈਂਸੀ ਦੌਰਾਨ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਸੰਜੇ ਗਾਂਧੀ ਦੇ ਪੰਜ ਨੁਕਾਤੀ ਪ੍ਰੋਗਰਾਮ ਦੀ ਪ੍ਰਸੰਸਕ ਸੀ ਜਿਸ ਵਿਚ ਸਮੂਹਿਕ ਨਸਬੰਦੀ ਅਤੇ ਤੁਰਕਮਾਨ ਗੇਟ ਕਤਲੇਆਮ ਸ਼ਾਮਲ ਸੀ।

ਇਉਂ ਨਾ ਤਾਂ ਭਾਜਪਾ ਕੋਲ ਐਮਰਜੈਂਸੀ ਵਿਰੋਧੀ ਲੋਕਤੰਤਰੀ ਹੋਣ ਦਾ ਦਾਅਵਾ ਕਰਨ ਦੀ ਨੈਤਿਕ ਪ੍ਰਮਾਣਿਕਤਾ ਹੈ ਅਤੇ ਅਤੇ ਨਾ ਹੀ ਆਰ.ਐੱਸ.ਐੱਸ. ਕੋਲ। ਉਹ ਇੰਦਰਾ ਗਾਂਧੀ ਦੇ ਤਾਨਾਸ਼ਾਹ ਰਾਜ ਦੇ ਵਿਰੁੱਧ ਨਿਮਾਣੇ ਤੇ ਗੋਡੇ ਟੇਕੂ ਸਨ ਅਤੇ ਉਨ੍ਹਾਂ ਨੇ ਤਾਂ ਵਿਰੋਧ ਪ੍ਰਗਟਾ ਰਹੇ ਲੋਕਾਂ ਉੱਪਰ ਉਸ ਦੇ ਬੇਕਿਰਕ ਜ਼ੁਲਮ ਲਈ ਪੂਰੀ ਹਮਾਇਤ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ।

ਕਾਂਗਰਸ ਪਾਰਟੀ ਨੇ ਮੁਲਕ ਉੱਪਰ ਐਮਰਜੈਂਸੀ ਥੋਪਣ ਅਤੇ ਉਸ ਤੋਂ ਬਾਅਦ ਦੇ ਤਾਨਾਸ਼ਾਹ ਰਾਜ ਲਈ ਘੱਟੋ-ਘੱਟ ਮੁਆਫ਼ੀ ਤਾਂ ਮੰਗੀ ਹੈ, ਭਾਵੇਂ ਅੱਧੇ ਦਿਲ ਨਾਲ ਹੀ ਸਹੀ ਪਰ ਭਾਜਪਾ ਅਤੇ ਆਰ.ਐੱਸ.ਐੱਸ. ਨੇ ਆਪਣੇ ਧੋਖੇ ਲਈ ਮੁਲਕ ਕੋਲੋਂ ਮੁਆਫ਼ੀ ਮੰਗੀ ਨਹੀਂ ਮੰਗੀ। ਇਸ ਦੀ ਬਜਾਇ ਆਪਣੇ ਇਸ ਦੇਸ਼ਧ੍ਰੋਹ ਉੱਪਰ ਉਹ ਗੋਦੀ ਮੀਡੀਆ ਦੀ ਮਦਦ ਨਾਲ ਬੇਸ਼ਰਮੀ ਦਾ ਪਰਦਾ ਪਾ ਕੇ ਬੇਹੱਦ ਘਿਨਾਉਣੇ ਤਰੀਕੇ ਨਾਲ ਐਮਰਜੈਂਸੀ ਵਿਰੁੱਧ ਲੜਾਈ ਦੇ ਚੈਂਪੀਅਨ ਹੋਣ ਦਾ ਦਾਅਵਾ ਕਰਦੇ ਰਹਿੰਦੇ ਹਨ।

ਅਜਿਹੇ ਸਮੇਂ 'ਚ ਜਦੋਂ ਇਕ ਵਾਰ ਫਿਰ ਲੋਕਤੰਤਰ ਨੂੰ ਕੁਚਲਣ ਦੀ ਤਿਆਰੀ ਕੀਤੀ ਜਾ ਰਹੀ ਹੈ ਤਾਂ ਭਾਜਪਾ ਦੇ ਧੋਖੇ ਨੂੰ ਉੱਚੀ ਆਵਾਜ਼ 'ਚ ਨੰਗਾ ਕਰਨ ਦੀ ਜ਼ਰੂਰਤ ਹੈ।

# ਅਰੁੰਧਤੀ ਰਾਏ 'ਤੇ ਯੂ.ਏ.ਪੀ.ਏ. ਲਾਉਣ ਦੇ ਅਰਥ

**ਸੰਸਾਰ ਪ੍ਰਸਿੱਧ ਭਾਰਤੀ ਲਿਖਾਰੀ ਅਰੁੰਧਤੀ ਰਾਏ ਖਿਲਾਫ ਕਾਲੇ ਕਾਨੂੰਨ ਯੂ.ਏ.ਪੀ.ਏ. ਤਹਿਤ ਕਾਰਵਾਈ ਦੀ ਪ੍ਰਵਾਨਗੀ ਨੇ ਹਲਚਲ ਮਚਾ ਦਿੱਤੀ ਹੈ। ਅਸਲ ਵਿਚ, ਮੋਦੀ ਸਰਕਾਰ ਹਰ ਉਹ ਜ਼ਬਾਨ ਬੰਦ ਕਰ ਦੇਣਾ ਚਾਹੁੰਦੀ ਹੈ ਜੋ ਇਸ ਦੀ ਅਤੇ ਇਸ ਦੀਆਂ ਮਾਰੂ ਨੀਤੀਆਂ ਦੀ ਨੁਕਤਾਚੀਨੀ ਕਰਦੀ ਹੈ। ਉਂਝ, ਦੇਸ਼-ਵਿਦੇਸ਼ ਵਿਚ ਅਰੁੰਧਤੀ ਰਾਏ ਦੇ ਹੱਕ ਵਿਚ ਲਾਮਬੰਦੀ ਕੀਤੀ ਜਾ ਰਹੀ ਹੈ। ਇਸ ਲੇਖ ਵਿਚ ਅਰੁੰਧਤੀ ਰਾਏ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ।**

ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਲੇਖਕਾ ਅਰੁੰਧਤੀ ਰਾਏ 'ਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਤਹਿਤ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਉਨ੍ਹਾਂ ਦੇ ਨਾਲ ਹੀ ਕਸ਼ਮੀਰ ਦੇ ਡਾਕਟਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਵੀ ਇਸ ਸਖਤ ਕਾਨੂੰਨ ਤਹਿਤ ਕੇਸ ਦਰਜ ਕੀਤਾ ਜਾਵੇਗਾ। ਇਹ ਮਾਮਲਾ 14 ਸਾਲ ਪੁਰਾਣਾ ਹੈ ਅਤੇ ਅਰੁੰਧਤੀ ਰਾਏ 'ਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਵਿਰੁੱਧ ਟਿੱਪਣੀਆਂ ਕਰਨ ਦਾ ਇਲਜ਼ਾਮ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਦੀ ਜ਼ੋਰਦਾਰ ਆਲੋਚਨਾ ਕਰਨ ਵਾਲੀ ਅਰੁੰਧਤੀ ਰਾਏ ਵਿਰੁੱਧ 2010 ਵਿਚ ਦਿੱਲੀ ਵਿਚ ਦਰਜ ਐਫ.ਆਈ.ਆਰ. ਤਹਿਤ ਇਹ ਕੇਸ ਚਲਾਇਆ ਜਾਵੇਗਾ।

ਪਿਛਲੇ ਸਾਲ ਅਕਤੂਬਰ 'ਚ ਟੈਲੀਵਿਜ਼ਨ ਚੈਨਲ ਅਲ ਜਜ਼ੀਰਾ ਨੂੰ ਦਿੱਤੇ ਇੰਟਰਵਿਊ 'ਚ ਕਸ਼ਮੀਰ 'ਚ ਪੁਲਵਾਮਾ ਹਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੁੜੇ ਸਵਾਲ 'ਤੇ ਅਰੁੰਧਤੀ ਰਾਏ ਨੇ ਕਿਹਾ ਸੀ, "ਮੈਂ ਹਮੇਸ਼ਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖਿਲਾਫ਼ ਰਹੀ ਹਾਂ, ਉਦੋਂ

**ਰੌਕਸੀ ਗਾਗੜੇਕਰ ਛਾਰਾ**

ਵੀ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ।" ਪੱਤਰਕਾਰ ਕਰਨ ਥਾਪਰ ਨੂੰ ਦਿੱਤੇ ਇੰਟਰਵਿਊ 'ਚ ਉਨ੍ਹਾਂ ਕਿਹਾ ਸੀ ਕਿ ਸੱਤਾਧਾਰੀ ਭਾਜਪਾ ਫਾਸ਼ੀਵਾਦੀ ਹੈ ਅਤੇ ਇਕ ਦਿਨ ਇਹ ਦੇਸ਼ ਇਸ ਦੇ ਖਿਲਾਫ਼ ਖੜ੍ਹਾ ਹੋਵੇਗਾ।

ਆਪਣੇ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' ਲਈ 1997 ਵਿਚ ਬੁਕਰ ਪੁਰਸਕਾਰ ਜਿੱਤਣ ਵਾਲੀ ਅਰੁੰਧਤੀ ਰਾਏ ਨੇ 9 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਉਸ ਦਾ ਨਾਵਲ 'ਦਿ ਮਨਿਸਟਰੀ ਆਫ਼ ਅਟਮੋਸਟ ਹੈਪੀਨੇਸ' ਨੈਸ਼ਨਲ ਬੁੱਕ ਕ੍ਰਿਟਿਕਸ ਸਰਕਲ ਅਵਾਰਡ ਲਈ ਫਾਈਨਲਿਸਟਾਂ ਵਿਚੋਂ ਇੱਕ ਸੀ। ਇਨ੍ਹਾਂ ਕਿਤਾਬਾਂ ਵਿਚ ਸੱਤ ਨਾਨ-ਫਿਕਸ਼ਨ ਕਿਤਾਬਾਂ ਵੀ ਹਨ। ਇਨ੍ਹਾਂ ਵਿਚ 1999 ਵਿਚ ਰਿਲੀਜ਼ ਹੋਈ 'ਕੌਸਟ ਆਫ ਲਿਵਿੰਗ' ਵੀ ਸ਼ਾਮਲ ਹੈ ਜਿਸ ਵਿਚ ਨਰਮਦਾ ਡੈਮ ਪ੍ਰੋਜੈਕਟ ਅਤੇ ਪਰਮਾਣੂ ਪ੍ਰੀਖਣ ਪ੍ਰੋਗਰਾਮ ਲਈ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਗਈ ਸੀ। ਇਸ ਤੋਂ ਇਲਾਵਾ ਉਸ ਨੇ 2001 ਵਿਚ 'ਪਾਵਰ ਪਾਲੀਟਿਕਸ' ਲਿਖੀ ਜੋ ਲੇਖਾਂ ਦਾ ਸੰਗ੍ਰਹਿ ਹੈ। ਇਸੇ ਸਾਲ ਉਸ ਦੀ 'ਦਿ ਅਲਜਬਰਾ ਆਫ ਇਨਫਿਨਿਟ ਜਸਟਿਸ' ਆਈ। 2004 ਵਿਚ 'ਦਿ ਆਰਡਿਨਰੀ ਪਰਸਨਜ਼ ਗਾਈਡ ਟੂ ਐਂਪਾਇਰ' ਛਪੀ। 2009 ਵਿਚ ਉਸ ਨੇ 'ਇੰਡੀਆ, ਲਿਸਨਿੰਗ ਟੂ ਗ੍ਰਾਸਹੋਪਰਸ: ਫੀਲਡ ਨੋਟਸ ਆਨ ਡੈਮੋਕਰੇਸੀ' ਕਿਤਾਬ ਲਿਆਂਦੀ। ਇਨ੍ਹਾਂ ਸਭ ਕਿਤਾਬਾਂ ਵਿਚ ਸਮਕਾਲੀ ਭਾਰਤ ਵਿਚ ਲੋਕਤੰਤਰ ਦੇ ਹਨੇਰੇ ਪੱਖ ਦੀ ਖੋਜ ਕੀਤੀ ਗਈ ਹੈ।

ਅਰੁੰਧਤੀ ਦੀ ਉਮਰ 60 ਸਾਲ ਦੇ ਕਰੀਬ ਹੈ ਅਤੇ ਉਨ੍ਹਾਂ ਨੇ ਦਿੱਲੀ ਸਕੂਲ ਆਫ ਆਰਕੀਟੈਕਚਰ ਤੋਂ ਪੜ੍ਹਾਈ ਕੀਤੀ ਹੈ। ਉਸ ਨੇ ਪ੍ਰੋਡਕਸ਼ਨ ਡਿਜ਼ਾਈਨਰ ਵਜੋਂ ਕੰਮ ਕੀਤਾ। ਅਰੁੰਧਤੀ ਰਾਏ ਦੀ ਜ਼ਿੰਦਗੀ ਹਮੇਸ਼ਾ ਥੋੜ੍ਹੀ ਵੱਖਰੀ ਸੀ। ਉਸ ਨੇ 16 ਸਾਲ ਦੀ ਉਮਰ ਵਿਚ ਘਰ ਛੱਡ ਦਿੱਤਾ ਸੀ ਅਤੇ ਦਿੱਲੀ ਦੇ ਇੱਕ ਆਰਕੀਟੈਕਚਰ ਸਕੂਲ ਵਿਚ ਪੁੱਜ ਗਈ। ਫਿਰ ਗੋਆ ਦੇ ਬੀਚਾਂ 'ਤੇ ਕੇਕ ਵੇਚਿਆ, ਐਰੋਬਿਕਸ ਸਿਖਾਇਆ ਅਤੇ ਇੱਕ ਇੰਡੀ ਫਿਲਮ ਵਿਚ ਵੀ ਕੰਮ ਕੀਤਾ। ਉਸ ਨੇ ਆਪਣਾ ਪਹਿਲਾ ਨਾਵਲ ਲਿਖਣ ਤੋਂ ਪਹਿਲਾਂ ਲਗਭਗ ਪੰਜ ਸਾਲ ਸਕ੍ਰੀਨਪਲੇਅ (ਪਟਕਥਾ) ਲਿਖੇ। ਉਸ ਨੂੰ 2002 ਵਿਚ ਲੈਨਿਨ ਫਾਊਂਡੇਸ਼ਨ ਪ੍ਰਾਈਜ਼ ਫਾਰ ਕਲਚਰਲ ਫਰੀਡਮ, 2004 ਵਿਚ ਸਿਡਨੀ ਪੀਸ ਪ੍ਰਾਈਜ਼, 2004 ਵਿਚ ਨੈਸ਼ਨਲ ਕੌਂਸਲ ਆਫ ਟੀਚਰਜ਼ ਆਫ਼ ਇੰਗਲਿਸ਼ ਦੁਆਰਾ ਦਿੱਤਾ ਗਿਆ ਜਾਰਜ ਓਰਵੈਲ ਅਵਾਰਡ ਅਤੇ 2011 ਵਿਚ ਡਿਸਟਿੰਗੁਇਸ਼ਡ ਰਾਈਟਿੰਗ ਲਈ ਨੌਰਮਨ ਮੇਲਰ ਪ੍ਰਾਈਜ਼ ਨਾਲ ਸਨਮਾਨਿਤ ਕੀਤਾ ਗਿਆ ਸੀ।

ਅਰੁੰਧਤੀ 'ਨਰਮਦਾ ਬਚਾਓ ਅੰਦੋਲਨ' ਸਮੇਤ ਦੇਸ਼ ਦੇ ਕੁਝ ਹੋਰ ਅੰਦੋਲਨਾਂ ਵਿਚ ਸਰਗਰਮੀ ਨਾਲ ਸ਼ਾਮਲ ਸੀ। 'ਨਰਮਦਾ ਬਚਾਓ ਅੰਦੋਲਨ' ਦੀ ਅਗਵਾਈ ਮੇਧਾ ਪਾਟਕਰ ਕਰ ਰਹੀ ਸੀ, ਮਨੁੱਖੀ ਅਧਿਕਾਰ ਕਾਰਕੁਨਾਂ ਦੇ ਇੱਕ ਸਮੂਹ ਜੋ ਗੁਜਰਾਤ ਵਿਚ ਸਰਦਾਰ ਸਰੋਵਰ ਡੈਮ ਪ੍ਰੋਜੈਕਟ ਦੁਆਰਾ ਉਜਾੜੇ ਗਏ ਆਦਿਵਾਸੀਆਂ ਦੇ ਅਧਿਕਾਰਾਂ ਦੀ ਵਕਾਲਤ ਕਰ ਰਹੇ ਸਨ। ਇਸ ਅੰਦੋਲਨ ਵਿਚ ਰਾਏ ਦੀ ਸ਼ਮੂਲੀਅਤ ਨੂੰ ਗੁਜਰਾਤ ਦੇ ਕਈ ਸਿਆਸਤਦਾਨਾਂ ਨੇ ਗੁਜਰਾਤ ਵਿਰੋਧੀ ਰੁਖ ਵਜੋਂ ਦੇਖਿਆ।



ਅਰੁੰਧਤੀ ਰਾਏ ਦੇ ਲੇਖ 'ਐਂਡ ਆਫ ਇਮੈਜੀਨੇਸ਼ਨ' ਨੇ ਉਸ ਦੇ ਸਿਆਸੀ ਲੇਖਕ ਵਜੋਂ ਸ਼ੁਰੂਆਤ ਦਾ ਸੰਕੇਤ ਦੇ ਦਿੱਤਾ ਸੀ। ਰਾਏ ਦੇ ਇਸ ਲੇਖ ਦਾ ਹਵਾਲਾ ਦਿੰਦੇ ਹੋਏ ਸਿਧਾਰਥ ਦੇਬ ਨੇ ਨਿਊਯਾਰਕ ਟਾਈਮਜ਼ ਵਿਚ ਛਪੇ ਲੇਖ ਦਾ ਜ਼ਿਕਰ ਕਰਦੇ ਹੋਏ ਲਿਖਿਆ, "ਅਰੁੰਧਤੀ ਰਾਏ ਨੇ ਪਰਮਾਣੂ ਪ੍ਰੀਖਣਾਂ ਦੇ ਸਮਰਥਕਾਂ ਉੱਤੇ ਫੌਜੀ ਤਾਕਤ ਦੇ ਪ੍ਰਦਰਸ਼ਨ ਦਾ ਮਜ਼ਾ ਲੈਣ ਦਾ ਇਲਜ਼ਾਮ ਲਗਾਇਆ, ਉਨ੍ਹਾਂ (ਸਮਰਥਕਾਂ) ਉਸ ਅੰਧਰਾਸ਼ਟਰਵਾਦ ਨੂੰ ਗਲ ਨਾਲ ਲਗਾਇਆ ਜਿਸਦੇ ਦਮ ਉੱਤੇ ਆਜ਼ਾਦੀ ਮਗਰੋਂ ਭਾਜਪਾ ਦੂਜੀ ਵਾਰੀ ਸੱਤਾ ਵਿਚ ਆਈ।" ਅਰੁੰਧਤੀ ਦਾ ਇਹ ਲੇਖ 'ਆਉਟਲੁੱਕ' ਅਤੇ 'ਫਰੰਟਲਾਈਨ' ਵਰਗੇ ਵੱਕਾਰੀ ਰਸਾਲਿਆਂ ਵਿਚ ਇੱਕੋ ਸਮੇਂ ਪ੍ਰਕਾਸ਼ਿਤ ਹੋਇਆ।

ਅਰੁੰਧਤੀ ਰਾਏ 2002 ਵਿਚ ਗੁਜਰਾਤ ਵਿਚ ਹੋਏ ਫਿਰਕੂ ਦੰਗਿਆਂ ਤੋਂ ਬਾਅਦ ਤੋਂ ਹੀ ਨਰਿੰਦਰ ਮੋਦੀ ਸਰਕਾਰ ਵਿਰੁੱਧ ਆਵਾਜ਼ ਉਠਾ ਰਹੀ ਹੈ। ਬਾਅਦ ਵਿਚ ਉਸ ਨੇ ਉੜੀਸਾ ਵਿਚ ਬਾਕਸਾਈਟ ਮਾਈਨਿੰਗ ਦੀਆਂ ਯੋਜਨਾਵਾਂ 'ਤੇ ਵੀ ਆਪਣੀ ਰਾਏ ਜ਼ਾਹਿਰ ਕੀਤੀ ਸੀ। ਉਸ ਨੇ ਭਾਰਤ ਵਿਚ ਨਕਸਲੀ ਲਹਿਰ ਉੱਤੇ ਵੀ ਬਹੁਤ ਕੁਝ ਲਿਖਿਆ ਹੈ। ਉਨ੍ਹਾਂ ਨੇ ਅਕਸਰ ਕਿਹਾ ਹੈ ਕਿ ਜਿਸ ਕਬਾਇਲੀ ਨੂੰ ਹਥਿਆਰਬੰਦ ਸੰਘਰਸ਼ਾਂ ਵਿਚ ਸ਼ਾਮਲ ਹੋਣ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਦਾ, ਉਹ ਹੋਰ ਕੀ ਕਰੇਗਾ?

ਦਿੱਲੀ ਦੇ ਉਪ ਰਾਜਪਾਲ ਵੱਲੋਂ ਯੂ.ਏ.ਪੀ.ਏ. ਤਹਿਤ ਅਰੁੰਧਤੀ ਖ਼ਿਲਾਫ਼ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਭਾਜਪਾ ਦੇ ਬੁਲਾਰੇ ਤੁਹਿਨ ਸਿਨਹਾ ਨੇ ਅਰੁਧਤੀ ਦੇ 14 ਸਾਲ ਪੁਰਾਣੇ ਬਿਆਨ ਦੀ ਆਲੋਚਨਾ ਕੀਤੀ। ਉਹਨੇ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਅਰੁੰਧਤੀ ਰਾਏ ਨੂੰ ਅਜਿਹੇ ਗੈਰ-ਜ਼ਿੰਮੇਵਾਰਾਨਾ ਬਿਆਨ ਦੇਣ ਦੀ ਆਦਤ ਹੈ। ਜੇ ਅਸੀਂ ਇਸ ਇਕੱਲੇ ਮਾਮਲੇ 'ਤੇ ਨਜ਼ਰ ਮਾਰੀਏ ਤਾਂ ਇਹ ਸਾਲ 2010 ਦਾ ਹੈ ਜਿਸ 'ਚ ਰਾਏ ਨੇ ਕਥਿਤ ਤੌਰ 'ਤੇ ਕਿਹਾ ਸੀ ਕਿ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਨਹੀਂ ਹੈ। ਉਂਝ, ਜਿਨ੍ਹਾਂ ਲੋਕਾਂ ਨੇ ਅਰੁੰਧਤੀ ਰਾਏ ਨਾਲ ਕੰਮ ਕੀਤਾ ਹੈ, ਉਨ੍ਹਾਂ ਦੀ ਰਾਏ ਵੱਖਰੀ ਹੈ। ਮਿਸਾਲ ਦੇ ਤੌਰ 'ਤੇ 'ਨਰਮਦਾ ਬਚਾਓ ਅੰਦੋਲਨ' ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਗੁਜਰਾਤ ਦੇ ਵਾਤਾਵਰਨ ਕਾਰਕੁਨ ਰੋਹਿਤ ਪ੍ਰਜਾਪਤੀ ਦਾ ਕਹਿਣਾ ਹੈ ਕਿ ਅੰਦੋਲਨ ਦੇ ਦਿਨਾਂ ਵਿਚ ਉਨ੍ਹਾਂ ਦੇਖਿਆ ਕਿ ਅਰੁੰਧਤੀ ਵਿਚ ਆਦਿਵਾਸੀਆਂ ਦੀਆਂ ਸਮੱਸਿਆਵਾਂ ਨੂੰ ਦੁਨੀਆ ਦੇ ਸਾਹਮਣੇ ਰੱਖਣ ਦਾ ਜਨੂਨ ਸੀ। ਉਹ ਕਹਿੰਦਾ ਹੈ, "ਉਹ ਆਮ ਲੋਕਾਂ ਨਾਲ ਆਸਾਨੀ ਨਾਲ ਜੁੜ ਸਕਦੀ ਸੀ। ਉਹ ਭਾਰਤ ਵਿਚ ਦਲਿਤਾਂ, ਆਦਿਵਾਸੀਆਂ, ਮੁਸਲਮਾਨਾਂ ਵਰਗੇ ਆਵਾਜ਼ਹੀਣ ਲੋਕਾਂ ਦੀ ਆਵਾਜ਼ ਹੈ। ਇੱਕ ਕਾਰਕੁਨ ਵਜੋਂ ਅਸੀਂ ਉਨ੍ਹਾਂ (ਆਵਾਜ਼ਹੀਣ ਲੋਕਾਂ) ਲਈ ਕੰਮ ਕਰਦੇ ਹਾਂ। ਅਰੁੰਧਤੀ ਨੇ ਇਨ੍ਹਾਂ ਲੋਕਾਂ ਦੀ ਆਵਾਜ਼ ਕੌਮਾਂਤਰੀ ਪੱਧਰ ਤੱਕ ਪਹੁੰਚਾਈ। ਮੈਂ ਲਹਿਰ ਵਿਚ ਉਨ੍ਹਾਂ ਨਾਲ ਨੇੜਿਓਂ ਕੰਮ ਕੀਤਾ ਅਤੇ ਉਦੋਂ ਤੋਂ ਅਸੀਂ ਚੰਗੇ ਦੋਸਤ ਹਾਂ। ਮੈਂ ਕਹਿ ਸਕਦਾ ਹਾਂ ਕਿ ਉਹ ਜੋ ਵੀ ਸੋਚਦੀ ਹੈ ਤੇ ਕਰਦੀ ਹੈ, ਉਸ 'ਤੇ ਦ੍ਰਿੜ ਰਹਿੰਦੀ ਹੈ। ਬਹੁਤੇ ਮਸ਼ਹੂਰ ਲੇਖਕਾਂ ਦੇ ਉਲਟ ਅਰੁੰਧਤੀ ਦੀ ਪਹੁੰਚ ਜ਼ਮੀਨੀ ਪੱਧਰ ਦੀ ਹੈ।"

ਮਜ਼ਦੂਰ ਕਿਸਾਨ ਸ਼ਕਤੀ ਸੰਗਠਨ ਦੇ ਨਿਖਿਲ ਡੇ ਨੇ ਵੀ ਨਰਮਦਾ ਬਚਾਓ ਅੰਦੋਲਨ ਦੌਰਾਨ ਅਰੁੰਧਤੀ ਰਾਏ ਨਾਲ ਕੰਮ ਕੀਤਾ। ਲਿਖਣ ਦੇ ਜਨੂਨ ਬਾਰੇ ਉਹ ਕਹਿੰਦਾ ਹੈ, "ਅਰੁੰਧਤੀ ਰਾਏ ਕੋਲ ਲਿਖਣ ਦਾ ਹੁਨਰ ਹੈ ਪਰ ਇਸ ਦੇ ਨਾਲ ਹੀ ਉਸ ਨੇ ਹਮੇਸ਼ਾ ਬਿਨਾਂ ਕਿਸੇ ਏਜੰਡੇ ਦੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।" ਮੰਨੀ-ਪ੍ਰਮੰਨੀ ਲੇਖਕਾ ਅਤੇ ਮਨੁੱਖੀ ਅਧਿਕਾਰ ਕਾਰਕੁਨ ਕਵਿਤਾ ਕ੍ਰਿਸ਼ਨਨ ਦਾ ਮੰਨਣਾ ਹੈ ਕਿ ਵਿਸ਼ਵ ਪੱਧਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਹੀਂ ਸਗੋਂ ਅਰੁੰਧਤੀ ਰਾਏ ਭਾਰਤ ਦੀ ਪ੍ਰਤੀਨਿਧਤਾ ਕਰਦੀ ਹੈ, "ਅਰੁੰਧਤੀ ਰਾਏ ਬਹੁਤ ਦਲੇਰ ਲੇਖਕ ਹੈ। ਮੈਨੂੰ ਯਕੀਨ ਹੈ ਕਿ ਜਦੋਂ ਉਹ 2010 ਵਿਚ ਕਸ਼ਮੀਰ ਬਾਰੇ ਬੋਲ ਰਹੀ ਸੀ ਤਾਂ ਉਸ ਨੂੰ ਪਤਾ ਸੀ ਕਿ ਉਸ ਨੇ ਕਿੰਨਾ ਵੱਡਾ ਜੋਖਮ ਲਿਆ ਹੈ। ਇਸ ਲਈ ਮੈਂ ਉਸ ਬਾਰੇ ਚਿੰਤਤ ਹੀ ਨਹੀਂ ਹਾਂ ਪਰ ਇਹ ਯੂ.ਏ.ਪੀ.ਏ. ਜਾਂਚ ਅਧੀਨ ਕੇਸ ਹੈ। ਇਸ ਲਈ ਹੁਣ ਦੁਨੀਆ ਨੂੰ ਇਹ ਦੱਸਣ ਦਾ ਵਧੀਆ ਤਰੀਕਾ ਹੈ ਕਿ ਭਾਰਤ ਵਿਚ ਕੀ ਹੋ ਰਿਹਾ ਹੈ। ਮੋਦੀ ਆਲਮੀ ਪੱਧਰ 'ਤੇ ਖੁਦ ਨੂੰ ਬੇਨਕਾਬ ਨਹੀਂ ਕਰ ਰਹੇ, ਉਹ ਅਜਿਹਾ ਕਰ ਕੇ ਆਪਣੇ ਆਪ ਨੂੰ ਸ਼ਰਮਿੰਦਾ ਕਰ ਰਹੇ ਹਨ।"



ਅਰੁੰਧਤੀ ਰਾਏ ਦੀ ਭਾਰਤੀ ਸਮਾਜ ਨੂੰ ਸਮਝਣ ਦੀ ਸਮਰੱਥਾ ਬਾਰੇ ਉਨ੍ਹਾਂ ਕਿਹਾ, "ਉਹ ਉਨ੍ਹਾਂ ਲੋਕਾਂ ਵਿਚੋਂ ਇੱਕ ਹਨ ਜੋ ਇਮਾਨਦਾਰੀ ਨਾਲ ਭਰਪੂਰ ਹਨ। ਅਸੀਂ ਇਹ ਉਨ੍ਹਾਂ ਦੀਆਂ ਲਿਖਤਾਂ ਵਿਚ ਦੇਖ ਸਕਦੇ ਹਾਂ। ਉਹ ਜ਼ਮੀਨੀ ਹਕੀਕਤ ਨਾਲ ਜੁੜਦੀ ਹੈ ਅਤੇ ਆਪਣੇ ਆਪ ਨੂੰ ਸਮਾਜ ਦਾ ਹਿੱਸਾ ਮਹਿਸੂਸ ਕਰਦੀ ਹੈ। ਉਸੇ ਦੇ ਕੰਮ ਵਿਚ ਇਮਾਨਦਾਰੀ ਹੈ।"

ਸਲਿਲ ਤ੍ਰਿਪਾਠੀ ਭਾਰਤੀ ਲੇਖਕ ਅਤੇ ਨਿਊਯਾਰਕ ਵਿਚ ਰਹਿ ਰਹੇ ਸੰਪਾਦਕ ਹਨ। ਉਹ ਅਰੁੰਧਤੀ ਰਾਏ ਦੀ ਹਿੰਮਤ ਅਤੇ ਸੋਚ ਦੀ ਸਪਸ਼ਟਤਾ ਦੇ ਨਾਲ-ਨਾਲ ਉਸ ਦੇ ਜਨੂਨ ਦੀ ਪ੍ਰਸ਼ੰਸਾ ਕਰਦੇ ਹਨ, "ਹੋ ਸਕਦਾ ਹੈ ਕਿ ਮੈਂ ਅਰੁੰਧਤੀ ਦੇ ਸਾਰੇ ਵਿਚਾਰਾਂ ਨਾਲ ਸਹਿਮਤ ਨਾ ਹੋਵਾਂ ਪਰ ਮੈਂ ਆਪਣੇ ਵਿਚਾਰ ਪ੍ਰਗਟ ਕਰਨ ਦੇ ਉਨ੍ਹਾਂ ਦੇ ਅਧਿਕਾਰ ਦਾ ਸਨਮਾਨ ਕਰਦਾ ਹਾਂ ਅਤੇ ਹਮੇਸ਼ਾ ਇਸ ਅਧਿਕਾਰ ਦੀ ਰੱਖਿਆ ਕਰਾਂਗਾ। ਉਨ੍ਹਾਂ ਦੇ ਕੰਮ ਦੇ ਕਾਰਨ ਹੀ ਤਿੱਖੀਆਂ ਪ੍ਰਤੀਕਿਰਿਆਵਾਂ ਆਉਂਦੀਆਂ ਹਨ। ਜੋ ਲੋਕ ਉਸ ਨਾਲ ਸਹਿਮਤ ਹੁੰਦੇ ਹਨ, ਉਹ ਉਨ੍ਹਾਂ ਦਾ ਜੋਸ਼ ਨਾਲ ਬਚਾਅ ਕਰਦੇ ਹਨ ਪਰ ਜੋ ਉਸ ਨਾਲ ਅਸਹਿਮਤ ਹੁੰਦੇ ਹਨ, ਉਹ ਇਸ ਨੂੰ ਨਾਪਸੰਦ ਕਰਦੇ ਹਨ। ਦੋਵੇਂ ਧਿਰਾਂ ਦੇ ਇਹ ਵਿਚਾਰ ਮਜ਼ਬੂਤ ਹੁੰਦੇ ਜਾਣਗੇ ਪਰ ਅਰੁੰਧਤੀ ਦੇ ਵਿਚਾਰ ਨਹੀਂ ਬਦਲਣਗੇ, ਉਨ੍ਹਾਂ ਦਾ ਹੁਣ ਤੱਕ ਕੀਤਾ ਕੰਮ ਪ੍ਰਭਾਵਿਤ ਨਹੀਂ ਹੋਵੇਗਾ।"

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਘਨਸ਼ਿਆਮ ਸ਼ਾਹ ਕਈ ਵਾਰ ਅਰੁੰਧਤੀ ਰਾਏ ਨੂੰ ਮਿਲ ਚੁੱਕੇ ਹਨ। ਸ਼ਾਹ ਨੇ ਦੇਖਿਆ ਕਿ ਅਰੁੰਧਤੀ ਰਾਏ ਦੀਆਂ ਭਾਰਤੀ ਸਮਾਜ ਵਿਚ ਡੂੰਘੀਆਂ ਜੜ੍ਹਾਂ ਹਨ ਅਤੇ ਉਹ ਆਪਣੀ ਲੇਖਣੀ ਨੂੰ ਸਮਰਪਿਤ ਸੀ। ਉਹ ਕਹਿੰਦੇ ਹਨ, "ਮੈਂ ਉਸ ਨੂੰ ਆਪਣੇ ਵਿਚਾਰਾਂ ਵਿਚ ਬਹੁਤ ਮਜ਼ਬੂਤ ਪਿਆ।"

ਯੂ.ਏ.ਪੀ.ਏ. ਦੇ ਤਹਿਤ ਅਰੁੰਧਤੀ ਰਾਏ ਵਿਰੁੱਧ ਕੇਸ ਦਾ ਮਤਲਬ

ਜਿਹੜੇ ਲੋਕ ਅਰੁੰਧਤੀ ਰਾਏ ਨਾਲ ਕੰਮ ਕਰਦੇ ਸਨ ਜਾਂ ਉਨ੍ਹਾਂ ਪਾਠਕ ਸਨ, ਉਨ੍ਹਾਂ ਦੇ ਖਿਲਾਫ਼ ਕੇਸ ਦਰਜ ਕਰਨ ਬਾਰੇ ਵੱਖੋ-ਵੱਖਰੇ ਵਿਚਾਰ ਹਨ। ਸਲਿਲ ਤ੍ਰਿਪਾਠੀ ਦਾ ਕਹਿਣਾ ਹੈ, "ਸਿਰਫ਼ ਅਜਿਹੀ ਸਰਕਾਰ ਜਾਂ ਸਮਾਜ ਜੋ ਆਪਣੇ ਆਪ ਨੂੰ ਕਮਜ਼ੋਰ ਅਤੇ ਅਸੁਰੱਖਿਅਤ ਸਮਝਦਾ ਹੈ, ਅਸਹਿਮਤੀ ਦੀ ਆਵਾਜ਼ ਨੂੰ ਦਬਾ ਸਕਦਾ ਹੈ।" ਨਿਖਿਲ ਡੇ ਨੇ ਸਵਾਲੀਆ ਲਹਿਜੇ ਵਿਚ ਕਿਹਾ, "ਮੈਨੂੰ ਇਹ ਸਮਝ ਨਹੀਂ ਆ ਰਿਹਾ ਹੈ ਕਿ ਭਾਰਤ ਉਸ ਉਤੇ ਮੁਕੱਦਮਾ ਚਲਾ ਕੇ ਕਿਹੜੀ ਮਿਸਾਲ ਕਾਇਮ ਕਰ ਰਿਹਾ ਹੈ। ਜੇਕਰ ਉਹ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ ਤਾਂ ਤੁਸੀਂ ਉਸ ਦੇ ਪ੍ਰਗਟਾਵੇ ਨੂੰ ਪਸੰਦ ਜਾਂ ਨਾਪਸੰਦ ਕਰ ਸਕਦੇ ਹੋ ਪਰ ਤੁਸੀਂ ਯੂ.ਏ.ਪੀ.ਏ. ਦੀਆਂ ਗੰਭੀਰ ਧਾਰਾਵਾਂ ਦੇ ਤਹਿਤ ਮੁਕੱਦਮਾ ਕਿਵੇਂ ਚਲਾ ਸਕਦੇ ਹੋ ਜੋ ਅਤਿਵਾਦੀ ਗਤੀਵਿਧੀਆਂ ਨਾਲ ਸਬੰਧਿਤ ਹੈ, ਲੋਕ ਇਸ 'ਤੇ ਹੱਸਣਗੇ।" ਉਨ੍ਹਾਂ ਕਿਹਾ ਕਿ ਯੂ.ਏ.ਪੀ.ਏ. ਵਰਗੇ ਕਾਨੂੰਨ ਤਹਿਤ ਅਰੁੰਧਤੀ ਰਾਏ 'ਤੇ ਮੁਕੱਦਮਾ ਚਲਾਉਣਾ ਯਕੀਨੀ ਤੌਰ 'ਤੇ ਭਾਰਤ ਦੇ ਲੋਕਤੰਤਰੀ ਰਾਸ਼ਟਰ ਵਜੋਂ ਅਕਸ ਨੂੰ ਦਾਹ ਲਾਵੇਗਾ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਰਾਏ ਸੱਤਾਧਾਰੀ ਪਾਰਟੀ ਦੇ ਖਿਲਾਫ਼ ਖੜ੍ਹੇ ਹੋਏ ਹਨ, ਉਹ ਪਹਿਲਾਂ ਵੀ ਅਜਿਹਾ ਕਰ ਚੁੱਕੇ ਹਨ ਅਤੇ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਦਲਿਤਾਂ, ਆਦਿਵਾਸੀਆਂ, ਮੁਸਲਮਾਨਾਂ ਅਤੇ ਵਾਂਝੇ ਵਰਗਾਂ ਬਾਰੇ ਲਿਖ ਚੁੱਕੇ ਹਨ।

ਕੁਝ ਲੇਖਕਾਂ ਨੇ 14 ਸਾਲ ਪੁਰਾਣੇ ਕੇਸ ਵਿਚ ਰਾਏ ਵਿਰੁੱਧ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦੇਣ ਲਈ ਲੈਫਟੀਨੈਂਟ ਗਵਰਨਰ ਦੀ ਆਲੋਚਨਾ ਵੀ ਕੀਤੀ। ਕਵਿਤਾ ਕ੍ਰਿਸ਼ਨਨ ਕਹਿੰਦੇ ਹਨ ਕਿ ਮੋਦੀ ਸਰਕਾਰ ਲਈ ਯੂ.ਏ.ਪੀ.ਏ. ਤਹਿਤ ਲੇਖਕਾਂ, ਪੱਤਰਕਾਰਾਂ ਅਤੇ ਕਾਰਕੁਨਾਂ 'ਤੇ ਦੋਸ਼ ਲਗਾਉਣਾ ਹੁਣ ਉਕਾਊ ਹੁੰਦਾ ਜਾ ਰਿਹਾ ਹੈ।

ਵਿਸ਼ਵ ਪੱਧਰ 'ਤੇ ਕੀ ਪ੍ਰਭਾਵ ਪਵੇਗਾ?

ਘਨਸ਼ਿਆਮ ਸ਼ਾਹ ਦਾ ਮੰਨਣਾ ਹੈ ਕਿ ਅਰੁੰਧਤੀ ਰਾਏ 'ਤੇ ਮੁਕੱਦਮਾ ਚਲਾਉਣ ਨਾਲ ਪ੍ਰਗਟਾਵੇ ਦੀ ਆਜ਼ਾਦੀ ਵਰਗੇ ਲੋਕਤੰਤਰੀ ਮਾਪਦੰਡਾਂ ਵਿਚ ਭਾਰਤ ਦੀ ਦਰਜਾਬੰਦੀ ਯਕੀਨੀ ਤੌਰ 'ਤੇ ਵਿਗੜ ਜਾਵੇਗੀ। ਸ਼ਾਹ ਵਾਂਗ ਮਸ਼ਹੂਰ ਲੇਖਕ ਆਕਾਰ ਪਟੇਲ ਨੇ ਕਿਹਾ, "ਭਾਰਤ ਦੀ ਦਰਜਾਬੰਦੀ ਵਿਸ਼ਵ ਪੱਧਰ 'ਤੇ ਕਈ ਹੋਰ ਲੋਕਤੰਤਰ ਸੰਕੇਤਾਂ 'ਤੇ ਡਿੱਗ ਗਈ ਹੈ ਜਿਸ ਵਿਚ ਫ੍ਰੀਡਮ ਹਾਊਸ, ਵੈਰਾਇਟੀ ਆਫ ਡੈਮੋਕਰੇਸੀਜ਼, ਦ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਸ਼ਾਮਲ ਹਨ। ਮੈਨੂੰ ਲੱਗਦਾ ਹੈ ਕਿ ਇਹ (ਮਾਮਲਾ) ਵਿਅੰਗਾਤਮਕ ਹੈ।" ਦੁਨੀਆ ਨੂੰ ਸੁਨੇਹਾ ਕਿ ਅਸਹਿਮਤੀ ਮੋਦੀ ਸਰਕਾਰ ਲਈ ਅਸਹਿ ਹੈ।

ਸਲਿਲ ਤ੍ਰਿਪਾਠੀ ਦਾ ਕਹਿਣਾ ਹੈ, "ਜੇਕਰ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਜਾਂਦਾ ਹੈ ਤਾਂ ਇਹ ਭਾਰਤ ਦੇ ਵਿਸ਼ਵਵਿਆਪੀ ਅਕਸ ਨੂੰ ਹੀ ਨੁਕਸਾਨ ਪਹੁੰਚਾਏਗਾ। ਸਭਿਅਕ, ਲੋਕਤੰਤਰੀ ਦੇਸ਼ਾਂ ਵਿਚ, ਸਮਾਜ ਆਪਣੇ ਉੱਘੇ ਲੇਖਕਾਂ ਅਤੇ ਕਲਾਕਾਰਾਂ ਦਾ ਸਤਿਕਾਰ ਕਰਦਾ ਹੈ, ਭਾਵੇਂ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਕੁਲੀਨ ਵਰਗ ਵਿਚ ਹੀ ਲੇਖਕਾਂ ਨੂੰ ਸਤਾਇਆ ਜਾਂਦਾ ਹੈ। ਤਾਨਾਸ਼ਾਹੀ ਸ਼ਾਸਨ ਹੈ, ਇਹ ਮਾਮਲਾ ਇਸ ਵਿਚਾਰ ਨੂੰ ਮਜ਼ਬੂਤ ਕਰੇਗਾ ਕਿ ਸੰਸਦੀ ਬਹੁਮਤ ਗੁਆਉਣ ਦੇ ਬਾਵਜੂਦ, ਇਹ ਚੋਣਾਂ ਤੋਂ ਗਲਤ ਸਬਕ ਲੈ ਰਹੀ ਹੈ।

ਅਰੁੰਧਤੀ ਰਾਏ ਲਈ ਅੱਗੇ ਕੀ ਰਾਹ?

ਅਹਿਮਦਾਬਾਦ ਦੇ ਸੀਨੀਅਰ ਵਕੀਲ ਆਈ.ਐਚ. ਸਈਅਦ ਕਹਿੰਦੇ ਹਨ, "ਇਸ ਕੇਸ ਵਿਚ ਯੂ.ਏ.ਪੀ.ਏ. ਧਾਰਾਵਾਂ ਨੂੰ ਮਨਜ਼ੂਰੀ ਦੇਣ ਵਿਚ ਬੇਲੋੜੀ ਦੇਰੀ ਹੋਈ ਹੈ। ਜਦੋਂ ਤੱਕ ਇਸ ਦੇਰੀ ਲਈ ਕੋਈ ਠੋਸ ਸਪੱਸ਼ਟੀਕਰਨ ਨਹੀਂ ਮਿਲਦਾ, ਅਦਾਲਤ ਯਕੀਨੀ ਤੌਰ 'ਤੇ ਅਰੁੰਧਤੀ ਰਾਏ ਦੀ ਗੱਲ ਸੁਣੇਗੀ।" ਉਨ੍ਹਾਂ ਕਿਹਾ, "ਅਰੁੰਧਤੀ ਰਾਏ ਵੀ ਇਸ ਦਲੀਲ (ਮਨਜ਼ੂਰੀ ਵਿਚ ਦੇਰੀ) ਦੇ ਆਧਾਰ 'ਤੇ ਕੇਸ ਨੂੰ ਅਦਾਲਤ ਵਿਚ ਚੁਣੌਤੀ ਦੇ ਸਕਦੀ ਹੈ।"

ਫਰੰਟਲਾਈਨ ਵਿਚ ਪ੍ਰਕਾਸ਼ਿਤ ਰਿਪੋਰਟ ਮੁਤਾਬਕ, ਯੂ.ਏ.ਪੀ.ਏ. ਦੇ ਤਹਿਤ ਰਾਏ ਵਿਰੁੱਧ ਮੁਕੱਦਮਾ ਚਲਾਉਣਾ ਕਾਨੂੰਨੀ ਤੌਰ 'ਤੇ ਕਮਜ਼ੋਰ ਹੋ ਸਕਦਾ ਹੈ ਕਿਉਂਕਿ ਇਸ ਵਿਚ ਸਪੱਸ਼ਟਤਾ ਦੀ ਘਾਟ ਹੈ। ਰਾਏ ਅਤੇ ਕਸ਼ਮੀਰ ਦੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 153ਏ, 153ਬੀ, 504, 505 ਅਤੇ ਯੂ.ਏ.ਪੀ.ਏ. ਦੀ ਧਾਰਾ 13 ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਧਾਰਾ 153 ਧਰਮ, ਜਾਤ, ਜਨਮ ਸਥਾਨ, ਰਿਹਾਇਸ਼, ਭਾਸ਼ਾ ਆਦਿ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਉਤਸ਼ਾਹਿਤ ਕਰਨ ਨਾਲ ਸੰਬੰਧਿਤ ਹੈ। ਧਾਰਾ 153ਬੀ ਰਾਸ਼ਟਰੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਦੋਸ਼ਾਂ ਅਤੇ ਬਿਆਨਾਂ ਲਈ ਸਜ਼ਾ ਪ੍ਰਦਾਨ ਕਰਦੀ ਹੈ। ਧਾਰਾ 505 ਸ਼ਾਂਤੀ ਭੰਗ ਕਰਨ ਲਈ ਜਾਣਬੁੱਝ ਕੇ ਇਰਾਦਿਆਂ ਨਾਲ ਸਬੰਧਿਤ ਹੈ।

SRS NISHKAM KAR-SEVA

SINCE-2008

# ਗਰਮੀਆਂ ਦੀ ਕਾਰਸੇਵਾ

ਨਿਮਰਤਾ ਸਹਿਤ ਬੇਨਤੀ ਹੈ ਕਿ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਗਰਮ ਰੁਤ ਦੀ ਕਾਰਸੇਵਾ ਮਿਤੀ ੧੩ ਜੁਲਾਈ ਦਿਨ ਸ਼ਨੀਵਾਰ ਨੂੰ ਸਵੇਰ ੭ ਵਜੇ ਤੋਂ ਸ਼ਾਮ ਤਕ ਹੋ ਰਹੀ ਹੈ।

ਸ਼ਿਕਾਗੋਲੈਂਡ ਦੀ ਸਮੂਹ ਸੰਗਤ ਨੂੰ ਪਰਿਵਾਰ ਸਮੇਤ ਤਨ ਮਨ ਤੇ ਧੰਨ ਨਾਲ ਕਾਰਸੇਵਾ ਵਿਚ ਯੋਗਦਾਨ ਪਾਉਣ ਦੀ ਬੇਨਤੀ ਹੈ ਜੀ।

ਬੇਨਤੀ ਕਰਤਾ: ਗੁਰਦੁਆਰਾ ਸਾਹਿਬ ਦੇ ਸਮੂਹ ਕਾਰਸੇਵਕ।


# Summer Kar-Seva – 2024

Humble request all to join Gurudwara Sahib Kar-Seva held on 13 July, Saturday from 7 am to evenings. Please join along with the families, nears and dears. Thanks all & Waheguru bless us all for servings Gurudwara Sahib and Society's.

***Requested by: SRS Kar-Sevaks***

# ਚੈਕੋਸਲੋਵਾਕੀਆ ਦੇ ਗੀਤ


ਚੈੱਕ ਰਿਪਬਲਿਕ ਦੀ ਰਾਜਧਾਨੀ ਪਰਾਗ ਦੇ ਡਾਊਨ ਟਾਊਨ ਦਾ ਨਜ਼ਾਰਾ।



ਹਰਿਭਜਨ ਸਿੰਘ

ਉਹਦਾ ਨਾਂ ਕੋਪਾਚਕੋਵਾ ਸੀ। ਉਹ ਚੈਕ ਸੁਆਣੀ ਸੀ ਜਾਂ ਸਲੋਵਾਕ? ਸ਼ਾਇਦ ਚੈਕ ਅਰਸ਼ੋਂ ਉਤਰੀ ਅਪਸਰਾ ਤਾਂ ਨਹੀਂ ਸੀ, ਲੰਮੀ-ਝੰਮੀ ਸੋਹਣੀ ਸੁਨੱਖੀ ਜ਼ਰੂਰ ਸੀ। ਅੱਖਾਂ ਵਿਚ ਚਮਕ ਸੀ। ਚਮਕ ਜੋ ਆਤਮ-ਵਿਸ਼ਵਾਸ ਵਿਚੋਂ ਸਹਿਜ ਹੀ ਜਾਗਦੀ ਹੈ। ਮੈਨੂੰ ਅਜਾਇਬਘਰ 'ਚ ਮਿਲੀ। ਚਲਦਾ ਫਿਰਦਾ ਅਜਾਇਬਘਰ ਜੋ ਕੁਝ ਹਫ਼ਤਿਆਂ ਲਈ ਚੈਕੋਸਲੋਵਾਕੀਆ ਆਇਆ ਸੀ। ਇਸ ਵਿਚ ਪੁਰਾਣੇ ਸਮਿਆਂ ਦੇ ਏਸ਼ੀਆ ਮਾਈਨਰ ਦੇ ਜੀਵਨ ਦਾ ਪ੍ਰਾਰੂਪ ਤਿਆਰ ਕੀਤਾ ਗਿਆ ਸੀ। ਚੈਕ ਦੇਸ ਹੀ ਮੇਰੇ ਲਈ ਅਜਨਬੀ ਸੀ। ਇਸ ਅਜਾਇਬਘਰ ਨੇ ਦੂਹਰੀ ਅਜਨਬੀਅਤ ਜਗਾ ਦਿੱਤੀ। ਅਜਨਬੀਅਤ ਜੋ ਵੰਗਾਰਦੀ ਹੈ ਮੈਨੂੰ ਜਾਣੋ, ਮੈਂ ਫ਼ਾਸਲਾ ਹਾਂ ਮੈਨੂੰ ਲੰਘ ਕੇ ਮੇਰੀ ਹਕੀਕਤ ਤਕ ਪਹੁੰਚੋ। ਵਤਨ ਤੋਂ ਦੂਰ ਸਾਂ। 'ਪ੍ਰੋਫ਼ੈਸਰਾਂ ਦੇ ਘਰ' ਵਿਚ ਮੇਰਾ ਡੇਰਾ ਸੀ। ਕਮਰੇ ਦੀ ਹੀ ਨਹੀਂ, ਬਾਹਰਲੇ ਗੇਟ ਦੀ ਚਾਬੀ ਵੀ ਮੇਰੇ ਪਾਸ ਸੀ। ਆਪਣੇ ਡੇਰੇ ਵਿਚ ਪਹੁੰਚਣ ਦੀ ਕਾਹਲੀ ਨਹੀਂ ਸੀ। ਅਜਾਇਬਘਰ ਦੇ ਵੇਰਵੇ ਬਹੁਤ ਧਿਆਨ ਨਾਲ ਵੇਖ ਰਿਹਾ ਸਾਂ। ਅਨੁਭਵ ਇਉਂ ਹੋ ਰਿਹਾ ਸੀ ਜਿਵੇਂ ਮਨੁੱਖਤਾ ਦੇ ਧੁਰ ਡੂੰਘ ਤਕ ਉਤਰਦੀਆਂ ਪੌੜੀਆਂ ਵਿਚ ਲਹਿ ਰਿਹਾ ਹਾਂ, ਇਕੱਲਾ। ਰਸਮਿਸੇ ਹਨੇਰੇ ਵਿਚ ਪੌੜੀਆਂ ਦਾ ਪਰਲਾ ਸਿਰਾ ਵਿਖਾਈ ਨਹੀਂ ਦੇਂਦਾ।

ਮੈਂ ਕੋਪਾਚਕੋਵਾ ਦੀ ਨਜ਼ਰ ਦੇ ਘੇਰੇ ਵਿਚ ਆ ਗਿਆ। ਉਹ ਆਪ ਚੈਕੋਸਲੋਵਾਕੀਆ ਦੀ ਕਿਸੇ ਸਭਿਆਚਾਰਕ ਸੰਸਥਾ ਦੀ ਅਫ਼ਸਰ ਸੀ। ਭਾਰਤ ਵਿਚ ਇਕ ਦੋ ਵਾਰ ਆ ਚੁੱਕੀ ਸੀ। ਅੰਗਰੇਜ਼ੀ ਚੁਸਤ ਸਲੀਕੇ ਨਾਲ ਬੋਲਦੀ ਸੀ। ਤਲੱਫ਼ੁਜ਼ ਅੰਗਰੇਜ਼ ਵਰਗਾ। ਉਹਨੇ ਬਿਨਾਂ ਤੁਆਰਫ ਮੇਰਾ ਹੱਥ ਆਪਣੇ ਹੱਥਾਂ 'ਚ ਲੈ ਲਿਆ। ਬੇਝਿਜਕ, ਉਹਦਾ ਚਿਹਰਾ ਸਵੇਰਸਾਰ ਦੇ ਸੂਰਜ ਵਾਂਗ ਹੱਸ ਰਿਹਾ ਸੀ। ਉਹਨੇ ਮੈਨੂੰ ਅਗਲੇ ਦਿਨ ਆਪਣੇ ਘਰ ਆਉਣ ਦਾ ਸੱਦਾ ਦਿੱਤਾ। ਮੇਰਾ ਦੁਭਾਸ਼ੀਆ ਡਾ. ਮਾਸ਼ਾ ਉਹਦਾ ਅਤਾ-ਪਤਾ ਜਾਣਦਾ ਸੀ। ਇਸ ਦੇ ਬਾਅਦ ਉਹ ਚੁਪ ਕਰ ਗਿਆ ਪਰ ਕੋਪਾਚਕੋਵਾ ਦੀ ਗੱਲ ਅਜੇ ਮੁੱਕੀ ਨਹੀਂ ਸੀ, ਉਹਨੇ ਮੇਰਾ ਹੱਥ ਅਜੇ ਆਪਣੇ ਹੱਥ ਵਿਚ ਹੀ ਫੜਿਆ ਹੋਇਆ ਸੀ। ਮੇਰਾ ਦੁਭਾਸ਼ੀਆ, ਕਿਸੇ ਗੱਲੇ, ਓਥੇ ਹੋਰ ਠਹਿਰਨਾ ਨਹੀਂ ਚਾਹੁੰਦਾ ਸੀ। ਉਸ ਤੋਂ ਕਤਰਾ ਰਿਹਾ ਸੀ। ਸ਼ਾਮ ਦਾ ਵੇਲਾ ਸੀ। ਅਸਾਂ ਹੋਰ ਕਿਤੇ ਜਾਣਾ ਨਹੀਂ ਸੀ। ਪਰ ਉਹ ਕਾਹਲੀ ਪਾ ਰਿਹਾ ਸੀ। ਮੈਨੂੰ ਜਾਪਿਆ ਜਿਵੇਂ ਉਹ ਕੋਪਾਚਕੋਵਾ ਦੀ ਗ੍ਰਿਫ਼ਤ ਵਿਚ ਸੀ ਤੇ ਉਸ ਤੋਂ ਆਜ਼ਾਦ ਹੋਣ ਲਈ ਛਟਪਟਾ ਰਿਹਾ ਸੀ। ਕੋਪਾ, ਉਹਦੇ ਵੱਲੋਂ ਬੇਪਰਵਾਹ ਮੈਨੂੰ ਵੇਖੀ ਜਾ ਰਹੀ ਸੀ। ਉਹਦੀ ਖ਼ਾਮੋਸ਼ੀ ਕੋਈ ਸੁਨੇਹਾ ਦੇ ਰਹੀ ਸੀ।

ਅਗਲੇ ਦਿਨ ਸ਼ਾਮੀਂ ਅਸੀਂ ਆਪਣੇ ਕਮਰੇ ਵਿਚ ਬੈਠੇ ਗਪਸ਼ਪ ਮਾਰ ਰਹੇ ਸਾਂ ਕਿ ਕੋਪਾਚਕੋਵਾ ਦਾ ਫੋਨ ਆਇਆ। ਡਾ. ਮਾਸ਼ਾ ਮੈਨੂੰ ਉਸ ਤੋਂ ਦੂਰ ਰੱਖਣਾ ਚਾਹੁੰਦਾ ਸੀ। ਫੋਨ ਉਸੇ ਨੇ ਚੁੱਕਿਆ ਤੇ ਉਤਰ ਵਜੋਂ ਕਹਿ ਦਿੱਤਾ ਕਿ ਡਾ. ਸਿੰਘ ਤਾਂ ਏਥੇ ਨਹੀਂ। ਉਹਦੇ ਝੂਠ ਨੂੰ ਫੜਨਾ ਮੁਸ਼ਕਿਲ ਨਹੀਂ ਸੀ। ਜੇ ਡਾ. ਸਿੰਘ ਆਪਣੇ ਕਮਰੇ 'ਚ ਨਹੀਂ ਤਾਂ ਉਹਦਾ ਦੁਭਾਸ਼ੀਆ ਡਾ. ਮਾਸਾ ਏਥੇ ਕਿਵੇਂ ਹੋ ਸਕਦਾ ਹੈ। ਇਕ ਮਿੰਟ ਬਾਅਦ ਫੇਰ ਫੋਨ ਆਇਆ। ਐਤਕੀਂ ਟੈਲੀਫੋਨ ਓਪਰੇਟਰ ਦਾ ਓਪਰੇਟਰ ਨੂੰ ਤਾਂ ਪਤਾ ਸੀ ਕਿ ਮੈਂ ਆਪਣੇ ਕਮਰੇ 'ਚ ਹਾਂ। ਡਾ. ਮਾਸ਼ਾ ਉਹਦੇ ਅੱਗੇ ਝੂਠ ਨਾ ਮਾਰ ਸਕਿਆ। ਮੈਂ ਫੋਨ ਲਿਆ ਤਾਂ ਓਪਰੇਟਰ ਨੇ ਲਾਈਨ ਕੋਪਾਚਕੋਵਾ ਨਾਲ ਮਿਲਾ ਦਿੱਤੀ। ਕੋਪਾਚਕੋਵਾ ਭਰੀ-ਪੀਤੀ ਬੈਠੀ ਸੀ, ਉਹ ਮੇਰੇ 'ਤੇ ਵਰ੍ਹ ਪਈ ਜਿਵੇਂ ਕੋਈ ਬੀਵੀ ਆਪਣੇ ਝੂਠੇ ਸ਼ੌਹਰ 'ਤੇ ਵਰ੍ਹਦੀ ਹੈ। ਉਹਦੀ ਆਵਾਜ਼ ਵਿਚ ਪਿਆਰ ਦੀ ਚਮਕ ਸੀ ਤੇ ਰੋਸ ਦਾ ਸੇਕ ਵੀ। ਉਹਨੇ ਕਿਹਾ ਟਰਾਮ ਫੜੋ, ਫਲਾਣੀ ਥਾਂ 'ਤੇ ਉਤਰੋ। ਓਥੇ ਮੈਂ ਆਪਣਾ ਪੁੱਤਰ ਭੇਜ ਰਹੀ ਹਾਂ, ਤੁਹਾਨੂੰ ਸਿੱਧਾ ਮੇਰੇ ਘਰ ਲੈ ਆਏਗਾ।

ਹੁਣ ਕੋਈ ਚਾਰਾ ਨਹੀਂ ਸੀ। ਅਜਨਬੀਅਤ ਖ਼ਤਮ ਹੋ ਚੁੱਕੀ ਸੀ। ਕੋਪਾਚਕੋਵਾ ਹੁਣ ਅਪਣੱਤ ਵਿਚ ਕੋਪਾ ਬਣ ਚੁੱਕੀ ਸੀ। ਦੂਰ ਆਪਣੇ ਘਰ ਬੈਠੀ ਹੀ ਜਿਵੇਂ ਉਸਨੇ ਮੇਰਾ ਹੱਥ ਫੜਿਆ ਹੋਇਆ ਸੀ। ਮੇਰੇ ਉਪਰ ਆਪਣਾ ਹੰਮਾ, ਆਪਣਾ ਅਧਿਕਾਰ ਪ੍ਰਗਟਾ ਰਹੀ ਸੀ। ਪ੍ਰਾਗ ਕੋਈ ਵੱਡਾ ਸ਼ਹਿਰ ਨਹੀਂ। ਵੀਹ-ਪੰਝੀ ਮਿੰਟਾਂ ਵਿਚ ਮੈਂ ਉਹਦੇ ਘਰ ਸਾਂ। ਛੋਟਾ ਜਿਹਾ ਪਰਿਵਾਰ ਸੀ। ਮੀਆਂ-ਬੀਵੀ ਤੇ ਦੋ ਬੱਚੇ। ਮੇਜ਼ ਖਾਣ-ਪੀਣ ਦੀਆਂ ਚੀਜ਼ਾਂ ਨਾਲ ਸਜਿਆ ਹੋਇਆ ਸੀ। ਮੇਰੇ ਪਹੁੰਚਦਿਆਂ ਹੀ ਵਾਈਨ ਦੀ ਬੋਤਲ ਖੁਲ੍ਹ ਗਈ। ਦੂਜੇ ਕਮਰੇ ਵਿਚ ਵੱਡੇ ਪੁੱਤਰ ਨੇ ਪਿਆਨੋ 'ਤੇ ਬੀਥੋਵਨ ਦੀ ਸਿੰਫਨੀ ਛੋਹ ਦਿੱਤੀ। ਉਹਦਾ ਪਤੀ ਉਹਦੇ ਹੀ ਵਾਂਗ ਸੋਹਣਾ-ਸੁਨੱਖਾ ਤੇ ਖ਼ੁਸ਼ਬਾਸ਼ ਕਿਸਮ ਦਾ ਜੀ ਸੀ, ਚੰਗਾ ਪੜ੍ਹਿਆ ਲਿਖਿਆ। ਗੱਲਾਂ ਬੀਥੋਵਨ ਤੋਂ ਸ਼ੁਰੂ ਹੋ ਕੇ ਗੇਟੇ ਤਕ ਤੇ ਫੇਰ ਕਾਫ਼ਕਾ ਤਕ ਪਹੁੰਚੀਆਂ। ਇਹ ਚੈਕ ਪਰਿਵਾਰ ਅੰਗਰੇਜ਼ੀ ਬੋਲ ਸਕਦਾ ਸੀ। ਜਰਮਨ ਸਾਹਿਤ ਉਪਰ ਇਸਦਾ ਅਧਿਕਾਰ ਸੀ। ਸ਼ਾਮ ਗਹਿਰਾ ਚੁੱਕੀ ਸੀ। ਖਾਂਦਿਆਂ-ਪੀਂਦਿਆਂ ਅੱਧੀ ਰਾਤ ਹੋ ਗਈ। ਉਹਨਾਂ ਮੇਰੀ ਕਵਿਤਾ ਸੁਣੀ ਜਿਵੇਂ ਮੈਂ ਉਹਨਾਂ ਦੀ ਸਿੰਫਨੀ ਸੁਣੀ ਸੀ। ਅਰਥਾਂ ਤੋਂ ਪਰ੍ਹਾਂ ਅਸੀਂ. ਅਪਣੱਤ ਦੀ ਦੁਨੀਆ 'ਚ ਪਹੁੰਚ ਚੁੱਕੇ ਸਾਂ। ਆਖ਼ਰ ਫ਼ੈਸਲਾ ਹੋਇਆ, ਕੋਪਾ ਆਪ ਮੈਨੂੰ ਪ੍ਰੋਫ਼ੈਸਰਾਂ ਦੇ ਘਰ ਤਕ ਛੱਡਣ ਜਾਏਗੀ। ਉਹਦਾ ਪਤੀ ਵੀ ਨਾਲ ਜਾਣਾ ਚਾਹੁੰਦਾ ਸੀ ਪਰ ਕੋਪਾ ਨੇ ਬੜੀ ਦ੍ਰਿੜਤਾ ਨਾਲ ਉਹਨੂੰ ਵਰਜ ਦਿੱਤਾ। ਦਸਾਂ ਪੰਦਰਾਂ ਮਿੰਟਾਂ ਵਿਚ ਕੋਪਾ ਦੀ ਕਾਰ ਮੇਰੇ ਡੇਰੇ 'ਤੇ ਸੀ।


ਅੱਧੀ ਰਾਤ ਦਾ ਪਹਿਰ ਸੀ। ਸੜਕ ਸੁੰਨਸਾਨ ਸੀ। ਨਾਲ ਦੇ ਘਰਾਂ ਦੀਆਂ ਬੱਤੀਆਂ ਬੁਝੀਆਂ ਹੋਈਆਂ ਸਨ। ਸੜਕ 'ਤੇ ਵੀ ਘਸਮੈਲਾ ਜਿਹਾ ਚਾਨਣ ਸੀ। ਅਲਵਿਦਾ ਕਹਿਣ ਦੇ ਬਹਾਨੇ ਕੋਪਾ ਨੇ ਮੇਰਾ ਹੱਥ ਆਪਣੇ ਹੱਥਾਂ ਵਿਚ ਲੈ ਲਿਆ। ਫੇਰ ਪਤਾ ਨਹੀਂ ਸਾਥੋਂ ਕੀ ਕੀ ਗੱਲਾਂ ਹੋਈਆਂ। ਗੱਲਾਂ ਕਰਦੇ ਕਰਦੇ ਅਸੀਂ ਚੁਭੀ ਮਾਰ ਜਾਂਦੇ, ਲੰਮਾ ਅਰਸਾ ਖ਼ਾਮੋਸ਼ ਹੋ ਜਾਂਦੇ। ਸੜਕ 'ਤੇ ਮੁਕੰਮਲ ਏਕਾਂਤ, ਮੁਕੰਮਲ ਖ਼ਾਮੋਸ਼ੀ ਸੀ। ਜਾਪਦਾ ਸੀ ਪੂਰੀ ਦੁਨੀਆ ਵਿਚ ਸਿਰਫ਼ ਅਸੀਂ ਦੋ ਹੀ ਜਣੇ ਹਾਂ। ਸਾਡੇ ਲਾਗਿਓਂ ਪੂਰੀ ਸਮਾਧੀ ਜਿਹੀ ਦੀ ਹਾਲਤ ਵਿਚ, ਉਸ ਵੇਲੇ ਕੋਈ ਲੰਘਿਆ ਹੋਵੇਗਾ ਤਾਂ ਮੈਨੂੰ ਨਾ ਉਦੋਂ ਪਤਾ ਲੱਗਾ ਨਾ ਅੱਜ ਕਲਪਨਾ ਕਰਦਾ ਹਾਂ। ਠੰਢੀ ਰੇਤ 'ਤੇ ਰੀਂਗਦੇ ਸੱਪ ਵਾਂਗ ਸਮਾਂ ਸਰਕ ਰਿਹਾ ਸੀ।

ਹਵਾ ਵੀ ਸਾਡੇ ਹੀ ਸਾਹਾਂ ਦਾ ਉਤਾਰ-ਚੜ੍ਹਾਅ ਜਾਪਦੀ ਸੀ। ਦੋ ਜਣਿਆਂ ਵਿਚਕਾਰ ਬੋਲਦੀ ਖ਼ਾਮੋਸ਼ੀ ਤੋਂ ਬਿਹਤਰ ਭਾਸ਼ਾ ਹੋਰ ਕੋਈ ਨਹੀਂ। ਜਾਪਦਾ ਸੀ ਮੈਂ ਚੁੱਪ ਸਾਂ, ਪਰ ਕੋਈ ਮੇਰੇ ਬੋਲਾਂ ਨੂੰ ਸੁਣੀ ਜਾ ਰਿਹਾ ਹੈ। ਅਜਨਬੀਅਤ ਅਤੇ ਅਪਣੱਤ ਦਾ ਇਕੋ ਵੇਲੇ ਇਹਸਾਸ ਜਾਗ ਰਿਹਾ ਸੀ।

ਅਸੀਂ ਕਿੰਨੀ ਦੇਰ ਏਦਾਂ ਅਹਿੱਲ ਖਲੋਤੇ ਰਹੇ, ਕੋਈ ਅੰਦਾਜ਼ਾ ਨਹੀਂ। ਉਹ ਚਲੀ ਗਈ ਤਾਂ ਜਾਪਿਆ ਅਜੇ ਵੀ ਮੇਰੇ ਪਾਸ ਖਲੋਤੀ ਮੈਨੂੰ ਮੁਖ਼ਾਤਿਬ ਹੈ। ਬੋਲਾਂ ਦੇ ਖ਼ਾਮੋਸ਼ ਹੋ ਜਾਣ ਬਾਦ ਵੀ ਕੁਝ ਕਿਹਾ ਜਾ ਰਿਹਾ ਹੈ। ਇਸ ਅਵਸਥਾ ਨੂੰ ਮੈਂ ਸ਼ਾਇਰੀ ਦੀ ਪਰਮ-ਅਵਸਥਾ ਸਮਝਦਾ ਹਾਂ। ਸ਼ਿਅਰ ਦਾ ਪੰਛੀ ਭਾਸ਼ਾ ਦੇ ਖੰਭ ਝਾੜ ਕੇ ਅਗਾਂਹ ਉਡ ਜਾਂਦਾ ਹੈ। ਕਿਉਂਕਿ ਦੁਨੀਆ ਵਿਚ ਪਹਿਲਾਂ ਕਹੀ ਜਾ ਚੁੱਕੀ ਗੱਲ ਕਹਿਣ ਦੀ ਲੋੜ ਨਹੀਂ, ਇਸ ਲਈ ਪਹਿਲਾਂ ਸਾਜੀ ਜਾ ਚੁੱਕੀ ਭਾਸ਼ਾ ਨੂੰ ਵਰਤਣ ਦੀ ਮਜਬੂਰੀ ਨਹੀਂ। ਏਸ ਪੜਾਅ ਉਪਰ ਪਹੁੰਚ ਕੇ ਬੰਦਾ ਸ਼ਬਦਾਂ ਤੇ ਅਰਥਾਂ ਤੋਂ ਮੁਕਤ ਹੋ ਜਾਂਦਾ ਹੈ, ਨਿਰੋਲ ਸਾਰਥਕਤਾ ਕਾਰੇ ਲਗ ਜਾਂਦੀ ਹੈ:

ਜੀ ਕਰਦੈ ਕੋਈ ਐਸਾ ਬੋਲ ਸੁਣਾਵਾਂ
ਜੋ ਵੀ ਸੁਣੇ ਉਹੀ ਸਮਝੇ ਮੈਂ ਖ਼ੁਦ ਹੀ ਇਸਨੂੰ ਗਾਵਾਂ।
ਤੇਰੇ ਮਨ-ਹੁਜਰੇ ਵਿਚ ਬਹਿ ਕੇ ਤੈਨੂੰ ਇਵੇਂ ਧਿਆਵਾਂ
ਧੂਪ ਦੇ ਉਹਲੇ ਦੀਵਾ ਬਲਦਾ, ਛਾਂਵੇਂ ਜਿਉਂ ਪਰਛਾਵਾਂ।
ਤੇਰੇ ਮੁਖ ਤੇ ਤੇਰਾ ਹਾਸਾ ਬਣ ਮੈਨੂੰ ਹੱਥ ਲਾਵਾਂ
ਤੇਰੇ ਜਿਸਮ ਵਿਚ ਤੇਰਾ ਥਕੇਵਾਂ ਬਣ ਕੇ ਮੈਂ ਬਹਿ ਜਾਵਾਂ।
ਤੇਰੇ ਦੁਖ-ਸੁਖ ਦੇ ਵਿਚ ਰਚਿਆ ਤੈਨੂੰ ਇਵੇਂ ਬੁਲਾਵਾਂ
ਕਦੀ ਨਾ ਜਾਪੇ ਆਪਣੀ ਵਲੋਂ ਮੈਂ ਕੋਈ ਬਾਤ ਬਣਾਵਾਂ
ਕਿਸੇ ਕਾਲਜੇ ਮੱਠੀ ਅਗ ਦੀ ਲੀਕ ਜਿਹੀ ਇਕ ਵਾਹਵਾਂ
ਲੋਕ ਕਹਿਣ ਇਹ ਅਜੇ ਬੋਲਦਾ ਭਾਵੇਂ ਚੁਪ ਕਰ ਜਾਵਾਂ।

ਅਜੇ ਕੁਝ ਦੇਰ ਪਰਾਗ ਵਿਚ ਰਹਿਣਾ ਸੀ। ਕੋਪਾ ਨਾਲ ਫੇਰ ਮੇਲ ਨਾ ਹੋਇਆ। ਵਿਛੋੜੇ ਦਾ ਇਹਸਾਸ ਵੀ ਨਾ ਜਾਗਿਆ। ਸਚਮੁਚ ਉਹ ਦਰਿਆ ਵਾਂਗ ਚਲੀ ਵੀ ਗਈ ਤੇ ਪਿੱਛੇ ਰਹਿ ਵੀ ਗਈ, ਉਵੇਂ ਦੀ ਉਵੇਂ। ਮੇਰੀ ਪਰਾਗ-ਯਾਤ੍ਰਾ ਵਿਚ ਕੋਪਾ ਕੇਂਦਰੀ ਨੁਕਤਾ ਸੀ। ਪਰਾਗ ਦਾ ਪੂਰਾ ਵਾਤਾਵਰਨ ਉਸੇ ਦੇ ਆਲੇ-ਦੁਆਲੇ ਇਕ ਨੁਕਤੇ ਵਾਂਗ ਫੈਲਿਆ ਪ੍ਰਤੀਤ ਹੁੰਦਾ ਸੀ। ਇਸ ਸ਼ਹਿਰ ਦੇ ਮੁੰਡੇ-ਕੁੜੀਆਂ ਦੇ ਪਿਆਰ ਦੀ ਇਕ ਵੱਖਰੀ ਹੀ ਅਦਾ ਸੀ। ਪ੍ਰੇਮੀ ਲੋਕ ਕਿਸੇ ਕੰਧ ਨਾਲ ਲਗ ਕੇ, ਕਿਸੇ ਬੈਂਚ 'ਤੇ ਬਹਿ ਕੇ ਜਾਂ ਕਿਸੇ ਵੀ ਬੁੱਤ ਜਾਂ ਫੁਹਾਰੇ ਨਾਲ ਢਾਸਣਾ ਲਾ ਕੇ, ਇਕ ਦੂਜੇ ਦੀਆਂ ਬਾਹਾਂ ਵਿਚ ਕਿੰਨਾ ਕਿੰਨਾ ਚਿਰ ਬੈਠੇ-ਖਲੋਤੇ ਰਹਿੰਦੇ। ਜਿਸਮ ਦਾ ਕੋਈ ਅੰਗ ਨਾ ਹਿਲਦਾ, ਪਲਕਾਂ ਤਕ ਨਾ ਉਠਦੀਆਂ-ਡਿਗਦੀਆਂ। ਹਵਾ ਠਹਿਰ ਗਈ ਲਗਦੀ। ਇਕ ਦੂਜੇ ਨਾਲ ਇਕਮਿਕ ਹੋਏ ਰੁਖ-ਵੇਲ ਦਾ ਪੱਤਾ ਤਕ ਹਿੱਲਣ ਦਾ ਝਾਉਲਾ ਨਾ ਪੈਂਦਾ। ਕੋਪਾ ਚਲੀ ਗਈ ਤਾਂ ਮੈਂ ਬਹੁਤ ਦੇਰ ਤਕ ਆਪਣੇ ਡੇਰੇ ਦੇ ਮੂਖ ਦਰਵਾਜ਼ੇ ਦੇ ਬਾਹਰ ਖਲੋਤਾ ਉਹਨੂੰ ਵੇਖਦਾ ਰਿਹਾ। ਇਸੇ ਇਹਸਾਸ ਵਿਚ ਉਪਰਲਾ ਗੀਤ ਰਚਿਆ ਗਿਆ।


*ਪਰਾਗ ਵਿਚ ਉਘੇ ਲਿਖਾਰੀ ਫਰਾਂਜ਼ ਕਾਫਕਾ ਦਾ ਬੁੱਤ। ਇਹ ਬੁੱਤ ਡੇਵਿਡ ਸਰਨੀ ਦਾ ਬਣਾਇਆ ਹੋਇਆ ਹੈ।*

ਇਸ ਸ਼ਹਿਰ ਵਿਚ ਜਿਪਸੀ ਲੋਕ ਬਹੁਤ ਸਨ। ਇਕ ਵਾਰ ਇਕ ਰੈਸਤੋਰਾਂ ਦੇ ਬਾਹਰ ਖਲੋਤੇ ਸਾਂ ਕਿ ਜਿਪਸੀ ਲੋਕਾਂ ਦੀ ਟੋਲੀ ਸਾਡੇ ਲਾਗਿਓਂ ਲੰਘੀ। ਉਹਨਾਂ 'ਚੋਂ ਨਿੱਖੜ ਕੇ ਇਕ ਜਿਪਸਣ ਨੇ ਮੇਰਾ ਹੱਥ ਫੜ ਲਿਆ। ਉਹ ਸੈਨਤ ਨਾਲ ਸਮਝਾ ਰਹੀ ਸੀ ਕਿ ਮੇਰੇ ਨਾਲ ਚੱਲ। ਟੋਲੀ ਦੇ ਬਾਕੀ ਜਣੇ ਵੀ ਓਥੇ ਹੀ ਖਲੋ ਗਏ, ਇਸ ਉਡੀਕ ਵਿਚ ਕਿ ਅਸੀਂ ਦੋਵੇਂ ਜਣੇ ਚੱਲਾਂਗੇ ਤਾਂ ਉਹ ਵੀ ਤੁਰ ਪੈਣਗੇ। ਕੋਪਾ ਜਿਪਸਣ ਨਹੀਂ ਸੀ, ਪਰ ਉਹੰਦੇ ਕਿਰਦਾਰ ਵਿਚ ਜਿਪਸੀ ਸ਼ੈਲੀ ਦਾ ਇਕ ਟੋਟਾ ਝਲਕਦਾ ਮੈਨੂੰ ਪ੍ਰਤੀਤ ਹੋਇਆ। ਚੈਕੋਸਲੋਵਾਕੀਆ ਤੋਂ ਜਹਾਜ਼ੇ ਚੜ੍ਹ ਕੇ ਇੰਗਲੈਂਡ ਪਹੁੰਚਣ ਤਕ ਇਕ ਗੀਤ ਮੇਰੇ ਅੰਗ-ਸੰਗ ਤੁਰਿਆ ਆ ਰਿਹਾ ਹੈ :

ਤੇਰੀ ਗਲੀ ਵਣਜਾਰੇ ਆਏ
ਆਪਣਾ ਚਾਨਣ ਟੋਲਦੇ
ਸਾਨੂੰ ਤਾਂ ਸਭ ਦੇਸ ਬਿਗਾਨੇ
ਕੋਈ ਨ ਆਪਣੇ ਕੋਲ ਦੇ
ਕਾਲੀ ਰਾਤ ਵਿਚ ਰਸਤੇ ਸੁਤੇ
ਮੂੰਹੋਂ ਕੁਝ ਨਹੀਂ ਬੋਲਦੇ
ਅੰਬਰ ਠੰਢੇ ਧਰਤੀ ਤੱਤੀ
ਮੌਸਮ ਰੋਲ-ਘਚੋਲ ਦੇ
ਏਸ ਸੁਆਹ ਵਿਚ ਇਹ ਵਣਜਾਰੇ
ਚਿਣਗਾਂ ਪਏ ਫਰੋਲਦੇ
ਹੈ ਕੋਈ ਐਸੀ ਚਾਨਣ ਵਾਲੀ
ਜੋ ਆਪਣੇ ਬੂਹੇ ਖੋਲ੍ਹ ਦੇ
ਜਿਸ ਚਾਨਣ ਨੂੰ ਜੰਦਰੇ ਵੱਜੇ
ਉਸ ਨੂੰ ਅਸੀਂ ਨਾ ਗੌਲਦੇ
ਜੋ ਚਾਨਣ ਮਿੱਟੀ ਨੂੰ ਚੁੰਮੇ
ਉਸ ਤੇ ਜਿੰਦੜੀ ਘੋਲਦੇ।

ਇਸ ਕੁੜੀ ਦਾ ਨਾਂ ਸੀ ਪੈਸ਼ੀਨੋਵਾ। ਪੂਰਾ ਨਾਂ ਸੀ ਬਲਾਂਕਾ ਪੈਸ਼ੀਨੋਵਾ। ਦੋ ਕੁ ਹਫ਼ਤਿਆਂ ਲਈ ਉਹ ਮੇਰੀ ਦੁਭਾਸ਼ਣ ਸੀ। ਮੈਨੂੰ ਪਤਾ ਸੀ ਕਿ ਇਹਨੂੰ ਬਲਾਂਕਾ ਕਹਿ ਕੇ ਨਹੀਂ ਬੁਲਾਉਣਾ। ਪੈਸ਼ੀਨੋਵਾ ਕਹਿ ਕੇ ਬੁਲਾਇਆ ਤਾਂ ਉਹਨੇ ਮਿੱਠੀ ਜਿਹੀ ਘੂਰੀ ਵੱਟ ਕੇ ਸਮਝਾ ਦਿੱਤਾ: ਮਿਸ ਪੈਸ਼ੀਨੋਵਾ। ਮਿਸ ਦਾ ਲਫ਼ਜ਼ੀ ਅਰਥ ਭਾਵੇਂ ਕੁਝ ਵੀ ਹੋਵੇ, ਸਮਾਜਿਕ ਸਾਰਥਕਤਾ ਇਹ ਸੀ ਕਿ ਤੇਰੇ ਮੇਰੇ ਵਿਚਕਾਰ ਧਰਮ ਭੈਣ ਜਾਂ ਧਰਮ ਧੀ ਜਿਹਾ ਰਿਸ਼ਤਾ ਹੈ। ਮੈਂ ਇਕ ਅਧ ਵਾਰ ਫੇਰ ਖੁੰਝਾ ਤਾਂ ਉਹਦੀ ਘੂਰੀ ਕੁਝ ਘੱਟ ਮਿੱਠੀ ਹੋ ਗਈ। ਉਹਨੇ 'ਮਿਸ' ਉਪਰ ਰਤਾ ਕੁ ਵਾਧੂ ਜ਼ੋਰ ਦੇ ਕੇ ਮੈਨੂੰ ਆਪਣੇ ਵਿਚਾਲੇ ਸਮਾਜਿਕ ਸ਼ੁੱਛਤਾ ਦੀ ਲੋੜ ਵਧੇਰੇ ਸਪਸ਼ਟ ਕਰਵਾ ਦਿੱਤੀ। ਕੁਝ ਹੀ ਦਿਨਾਂ ਵਿਚ ਉਹਨੂੰ ਮੇਰੇ 'ਤੇ ਭਰੋਸਾ ਬੱਝਾ ਤਾਂ ਕਹਿਣ ਲੱਗੀ। ਤੁਸੀਂ ਤਾਂ ਕੋਈ ਸੇਂਟ ਹੋ, ਓਲਡ ਬਾਈਬਲ 'ਚੋਂ ਸਿੱਧੇ ਚਲ ਕੇ ਆਏ ਐਬਰਾਹਮ ਵਰਗੇ ਕੋਈ ਪਰਾਫਿਟ। ਤੁਸੀਂ ਚਾਹੇ ਤਾਂ ਮੈਨੂੰ ਬਲਾਕਾ ਕਹਿ ਲਵੇ। ਮੈਂ ਕਿਹਾ ਮੈਨੂੰ ਪੈਸ਼ੀਨੇਵਾ ਨਾਂ ਹੀ ਪਸੰਦ ਹੈ। ਇਹ ਵਧੇਰੇ ਪੇਇਟਿਕ ਹੈ। ਉਹਨੇ ਸਵਾਲ ਕੀਤਾ, ਬਲਾਂਕਾ ਕਿਉਂ ਨਹੀਂ? ਮੈਂ ਕਿਹਾ, 'ਬਲਾਂਕਾ ਨਾਲ ਬਲੈਕ ਜਿਹਾ, ਖ਼ਾਲੀ ਜਿਹਾ, ਸੁੰਵਾ ਜਿਹਾ ਬਿੰਬ ਬਣਦਾ ਹੈ'। 'ਤੇ ਪੈਸ਼ੀਨੇਵਾ ਨਾਲ?'। 'ਲਾਲੇ ਸੂਹੇ ਪੈਸ਼ਨ ਵਰਗਾ। ਮੇਰੀ ਜਾਚੇ ਇਹਦਾ ਅਰਥ ਹੈ ਨਵਾਂ ਨਵਾਂ ਪੈਸ਼ਨ, ਮਨੋਵੇਗ'। ਮੇਰੀ ਗੱਲ ਸੁਣ ਕੇ ਉਹ ਲਾਲ ਸੂਹੀ ਹੋ ਗਈ। ਉਹਨੂੰ ਮੇਰੀ ਇਹ ਵਿਆਖਿਆ ਭਾ ਗਈ। ਕਹਿੰਦੀ, 'ਠੀਕ ਹੈ, ਹੁਣ ਤੁਸੀਂ ਮਿਸ ਨਾ ਕਹਿਣਾ।'

ਇਕ ਦਿਨ ਅਸੀਂ ਕਿਸੇ ਪੁਰਾਣੇ ਮਹਿਲ ਦੀ ਯਾਤਰਾ ਕਰਕੇ ਵਾਪਸ ਆ ਰਹੇ ਸਾਂ ਤਾਂ ਗੱਲਾਂ

(ਬਾਕੀ ਅਗਲੇ ਸਫੇ 'ਤੇ)

ਗੱਲਾਂ 'ਚ ਪੈਸ਼ੀਨੋਵਾ ਨੇ ਕਿਹਾ, "ਚੈਕ ਕੁੜੀ ਕਿਸੇ ਵੀ ਪਰਦੇਸੀ ਨਾਲ ਚਲਾ ਜਾਣਾ ਚਾਹੁੰਦੀ ਹੈ, ਵੈਸਟ ਜਰਮਨ ਤੋਂ ਲੈ ਕੇ ਇੰਡੀਅਨ ਤਕ ਨਾਲ।" ਮੇਰੇ ਨਾਲ ਇਕ ਹੋਰ ਭਾਰਤੀ ਯਾਤ੍ਰੀ ਡਾ. ਕਿਸ਼ੋਰ ਵੀ ਸਫ਼ਰ ਕਰ ਰਿਹਾ ਸੀ। ਉਹਨੂੰ 'ਇੰਡੀਅਨ ਤਕ' ਦਾ ਜ਼ਿਕਰ ਬੜਾ ਨਾਗਵਾਰ ਗੁਜ਼ਰਿਆ। ਕੁਝ ਦੇਰ ਦੋਹਾਂ 'ਚ ਤਲਖ਼ ਕਲਾਮੀ ਹੁੰਦੀ ਰਹੀ। ਪੈਸ਼ੀਨੋਵਾ ਤੁਰਕੀ ਬਤੁਰਕੀ ਜਵਾਬ ਦੇ ਰਹੀ ਸੀ। ਆਖ਼ਰ ਉਹਨੇ ਕਿਹਾ, "ਡਾ. ਸਿੰਘ, ਮਿਸਟਰ ਕਿਸ਼ੋਰ ਸਮਝਦੇ ਕਿਉਂ ਨਹੀਂ, ਤੁਸੀਂ ਤਾਂ ਸ਼ਾਇਰ ਹੋ, ਸਮਝਦੇ ਹੋ। ਇਹਨਾਂ ਨੂੰ ਸਮਝਾਓ।" ਮੈਂ ਕਿਸ਼ੋਰ ਸਾਹਿਬ ਨੂੰ ਕਿਹਾ, "ਕਿਸ਼ੋਰ ਜੀ ਮੰਨ ਵੀ ਜਾਓ। ਕੋਈ ਵੈਸਟ ਜਰਮਨ ਤਾਂ ਏਥੇ ਹੈ ਨਹੀਂ, ਤੁਸੀਂ ਇਕੋ-ਇਕ ਇੰਡੀਅਨ ਹੀ ਤਾਂ ਹੋ ਸਮਝਦੇ ਤਾਂ ਹੋ, ਫੇਰ ਝਗੜਾ ਕਾਹਦਾ?" ਇਸਦੇ ਬਾ ਦ ਪੈਸ਼ੀਨੋਵਾ ਦੇ ਸੁਭਾ ਵਿਚ ਬੜੀ ਤਬਦੀਲੀ ਆ ਗਈ। ਦਿਨੇ ਕਮਲਕੱਲੇ ਅਜਾਇਬ-ਘਰਾਂ ਵਿਚ, ਯਹੂਦੀ ਸਿਨਾਗਾਗਾਂ ਵਿਚ, ਰਾਤੀਂ ਨਿਰਤ-ਨਾਟਕਾਂ ਵਿਚ ਨਿਰਤ-ਘਰਾਂ ਵਿਚ ਮਹਿਮਾਨਾਂ ਲਈ ਵੱਖਰੇ ਬਾਕਸ ਸਨ। ਮੈਨੂੰ ਜਾਪਿਆ ਲਛਮਨ ਰੇਖਾ ਦੇ ਆਰ-ਪਾਰ ਖੜ੍ਹੇ ਅਸੀਂ ਇਕ ਦੂਜੇ ਦੇ ਕੁਝ ਜ਼ਿਆਦਾ ਹੀ ਨੇੜੇ ਖਿੱਚੇ ਆ ਰਹੇ ਹਾਂ। ਖ਼ੁਸ਼ਕਿਸਮਤੀ ਨਾਲ ਸਾਡਾ ਦੁਭਾਸ਼ੀਆ ਬਦਲ ਦਿੱਤਾ ਗਿਆ। ਡਾ. ਮਾਸ਼ਾ ਨੇ ਮਿਸ ਪੈਸ਼ੀਨੋਵਾ ਦੀ ਥਾਂ ਲੈ ਲਈ। ਮੇਰੇ ਜਹਾਜ਼ ਚੜ੍ਹਨ ਤੋਂ ਇਕ ਦਿਨ ਪਹਿਲਾਂ ਪੈਸ਼ੀਨੋਵਾ ਸਾਨੂੰ ਰਾਹ ਤੁਰਦਿਆਂ ਬਾਜ਼ਾਰ ਵਿਚ ਮਿਲੀ। ਕਹਿੰਦੀ, "ਤੁਸੀਂ ਕਲ੍ਹ ਜਾ ਰਹੇ ਹੋ, ਮੈਨੂੰ ਪਤੈ। ਮੇਰੇ ਲਈ ਕਵਿਤਾ ਜ਼ਰੂਰ ਲਿਖਣਾ।" ਕਵਿਤਾ ਤਾਂ ਜ਼ਿਹਨ ਵਿਚ ਰੂਪਮਾਨ ਹੋ ਰਹੀ ਸੀ। ਮੈਂ ਇਕ ਸ਼ਹਿਰ ਨੂੰ ਅਲਵਿਦਾ ਕਹਿ ਰਿਹਾ ਸਾਂ ਜਿਸ ਨਾਲ ਤੱਤ-ਭੜੱਤੀ ਜਿਹਾ ਪਿਆਰ ਪੈ ਗਿਆ ਸੀ। ਕੋਪਾ, ਪੈਸ਼ੀਨੋਵਾ ਤੇ ਜਿਪਸਣ ਸਭ ਮੈਨੂੰ ਆਪਣੇ ਜਿਹੇ ਲੱਗ ਰਹੇ ਸਨ ਪਰ ਸਭਨਾਂ ਦੀ ਅਪਣੱਤ ਵਿਚ ਮੈਂ ਸ਼ਾਮਿਲ ਨਹੀਂ ਹੋ ਸਕਦਾ ਸਾਂ। ਇਸ ਦੇ ਬਾਅਦ ਮੈਂ ਹੋਰ ਕਈ ਦੇਸਾਂ ਵਿਚ ਗਿਆ ਪਰ ਜਿਸ ਕਿਸਮ ਦੀ ਸ਼ਾਇਰਾਨਾ ਤਬੀਅਤ ਮੈਨੂੰ ਚੈਕੋਸਲੋਵਾਕੀਆ ਦੀ ਲੱਗੀ, ਉਹੋ ਜਿਹੀ ਕਿਸੇ ਹੋਰ ਪੱਛਮੀ ਦੇਸ ਦੀ ਨਹੀਂ ਲੱਗੀ। ਮੈਨੂੰ ਲੱਗਾ ਜਿਵੇਂ ਪੱਛਮ 'ਤਰੱਕੀ' ਕਰਦਾ ਕਰਦਾ 'ਵਾਰਤਕ' ਜ਼ੋਨ ਵਿਚ ਪਹੁੰਚ ਚੁੱਕਾ ਹੈ, ਆਪਣੇ ਉਸ ਮੂਲ ਤੋਂ ਬਹੁਤ ਦੂਰ ਜਾ ਚੁੱਕਾ ਹੈ ਜੋ ਸ਼ਾਇਰੀ ਲਈ ਵੱਤਰ ਹੈ। ਪਰਾਗ ਪੁਰਾਣੇ ਢੰਗ ਦਾ ਸ਼ਹਿਰ ਸੀ ਜਿਸ ਦੀਆਂ ਬਾਹਰਲੀਆਂ ਸੜਕਾਂ ਪੱਥਰ ਜੋੜ ਜੋੜ ਕੇ ਬਣਾਈਆਂ ਗਈਆਂ ਸਨ। ਥਾਂ-ਪਰ-ਥਾਂ ਪੁਰਾਣੀਆਂ



ਪਰਾਗ ਦੀ ਕੈਂਪਾ ਪਾਰਕ ਵਿਚ ਡੇਵਿਡ ਸਰਨੀ ਦਾ ਬੁੱਤ 'ਰਿੜ੍ਹਦੇ ਬਾਲ'।

ਇਮਾਰਤਾਂ ਨੂੰ ਗੋਆਂ ਲੱਗੀਆਂ ਹੋਈਆਂ ਸਨ ਤੇ ਉਹਨਾਂ ਦੀ ਮੁਰੰਮਤ ਕੀਤੀ ਜਾ ਰਹੀ ਸੀ। ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਰੀਝ ਬਣੀ ਹੋਈ ਸੀ। ਇਸ ਕਾਵਿਕ ਸੁਭਾਅ ਵਾਲੇ ਸ਼ਹਿਰ ਵਿਚ ਦੋ-ਤਿੰਨ ਕੁੜੀਆਂ ਦੇ ਦਿਲ ਤਕ ਮੈਂ ਪਹੁੰਚ ਗਿਆ ਸਾਂ ਪਰ ਉਹਨਾਂ ਵਿਚ ਭਿੱਜੇ ਬਿਨਾਂ ਹੀ ਮੈਂ ਉਹਨਾਂ ਤੋਂ ਵਿਦਾ ਹੋ ਰਿਹਾ ਸਾਂ। ਅਜਨਬੀਆਂ ਪਾਸੋਂ ਇਹੋ ਜਿਹੀ ਅਪਣੱਤ ਮੈਂ ਹੋਰਥੇ ਨਾ ਕਦੇ ਪਹਿਲਾਂ ਵੇਖੀ ਸੀ ਨਾ ਫੇਰ ਇਸ ਦੇ ਬਾਅਦ:

ਨਿਰਮਲ ਨਿਰਮਲ ਤੇਰੀ ਝੀਲ
ਮੈਂ ਤਿਲਮਿਲ ਝਿਲਮਿਲ ਤਾਰਾ
ਨਾ ਇਹ ਤਾਰਾ ਘੁਲਿਆ ਮਿਲਿਆ
ਨਾ ਇਹ ਵਖਰਾ ਨਿਆਰਾ।
ਨਿਰੀ ਪੈਣ ਹਾਂ ਅੰਗ ਚਿਰਵਾ ਕੇ
ਕੰਡਿਆਂ 'ਚੋਂ ਲੰਘ ਜਾਵਾਂ
ਅਪਣੇ ਪਿੱਛੇ ਛੱਡ ਨ ਸੱਕਾਂ
ਅਪਣਾ ਲੀਰ ਲੰਗਾਰਾ
ਉਮਰ ਦੁਪਹਿਰਾ ਸੜਦਾ ਸੂਰਜ
ਪਾਣੀ ਪਾਣੀ ਖੁਰਿਆ
ਆਖ ਨ ਸਕਿਆ ਬਕਲੇ ਪਾਣੀ
ਪੀ ਲੈ ਪੀ ਲੈ ਯਾਰਾ
ਦਰਿਆਵਾਂ ਤਾਂ ਕਿਹਾ ਬਥੇਰਾ
ਨੰਗ ਮੁਨੰਗਾ ਨਾ ਲੈ
ਦਰਿਆਵਾਂ ਤੋਂ ਕੰਢਿਆਂ ਤੀਕਰ
ਇਕ ਰਸਤਾ ਸੀ ਭਾਰਾ
ਪਹਿਲੀ ਨਜ਼ਰੇ ਕੋਰੇ ਬਦਨ ਤਕ
ਸਭ ਤੈਨੂੰ ਦੇ ਦਿੱਤਾ
ਭਾਵੇਂ ਪਤਾ ਸੀ ਇਹਨੀਂ ਰਾਹੀਂ
ਲੰਘਣਾ ਨਹੀਂ ਦੋਬਾਰਾ।
ਪਹਿਲੀ ਥਰਹਰ ਬਣ ਕੇ,
ਤੇਰੇ ਪਿੰਡੇ ਤੇ ਜੀ ਲੀਤਾ
ਦੂਜੀ ਥਰਹਰ ਤੀਕ ਉਡੀਕੇ
ਉਹ ਨਹੀਂ ਜਿੰਦ ਅਵਾਰਾ
ਸ਼ਾਮ ਪਈ ਹੁਣ ਨ੍ਹੇਰਾ ਬਣ ਕੇ
ਥਾਂ-ਪਰ-ਥਾਂ ਡੁੱਲ੍ਹ ਜਾਵਾਂ
ਕਲ੍ਹ ਨੂੰ ਸੂਰਜ ਹੂੰਝ ਲਵੇਗਾ
ਮੇਰਾ ਖੇਲ-ਖਿਲਾਰਾ।

ਵਿਦਿਆ ਵੇਲੇ ਤਿੱਖਿਆਂ ਨਕਸ਼ਾਂ ਵਾਲੀ ਉਹ ਜਿਪਸੀ ਕੁੜੀ ਵੀ ਮੇਰੇ ਮਨ ਵਿਚ ਵਸੀ ਹੋਈ ਸੀ ਜਿਸਨੇ ਆਪਣੇ ਭਾਈਚਾਰੇ ਦੇ ਬਿਲਕੁਲ ਸਾਹਵੇਂ, ਮੇਰਾ ਅਤਾ-ਪਤਾ ਪੁੱਛੇ ਬਿਨਾਂ, ਮੈਨੂੰ ਆਪਣੇ ਨਾਲ ਤੁਰਨ ਦਾ ਸੱਦਾ ਦਿੱਤਾ ਸੀ। ਉਸ ਸ਼ਹਿਰ ਮੈਂ ਵੀ ਤਾਂ ਇਕ ਜਿਪਸੀ ਹੀ ਸਾਂ। ਮੁਸਾਫ਼ਿਰ ਵਰਗੀ ਹੋਂਦ ਸੀ ਮੇਰੀ। ਮੈਂ ਉਸ ਕੁੜੀ ਨਾਲ ਮੁਸਾਫ਼ਿਰਾਂ ਵਾਂਗ ਚੱਲਣ ਤੋਂ ਇਨਕਾਰ ਕਰ ਦਿੱਤਾ ਸੀ। ਹਾਸੇ ਹਾਸੇ ਵਿਚ ਟਾਲਦਿਆਂ ਕਿਹਾ ਸੀ : ਕੱਲ੍ਹ ਚੱਲਾਂਗੇ। ਰੇਸਤੋਰਾਂ ਵਿਚ ਇਕ ਗਲਾਸ ਬੀਅਰ ਦਾ ਸਾਂਝਾ ਕਰਨ ਦੀ ਫੋਕੀ ਸੁਲ੍ਹਾ ਵੀ ਨਹੀਂ ਸੀ ਮਾਰੀ। ਜੀ ਚਾਹੁੰਦਾ ਸੀ ਜਾਂਦੀ ਵਾਰ ਉਹਨੂੰ ਵੀ ਮਿਲਾਂ, ਪਿਆਰ ਦਾ ਜੋ ਮੌਕਾ ਕੱਲ੍ਹ ਮਿਲਿਆ ਉਸ ਨੂੰ ਖੁੰਝਾ ਦੇਣ ਦਾ ਅੱਜ ਅਫ਼ਸੋਸ ਪ੍ਰਗਟਾ ਦਿਆਂ। ਪਰ ਗੁਆਚਾ ਹੋਇਆ ਕੱਲ੍ਹ ਅੱਜ ਕਿੱਥੇ ਆਉਂਦਾ ਹੈ। ਜਿਪਸੀ ਦੀ ਜੀਵਨ-ਜਾਚ ਵਿਚ ਵਰਤਮਾਨ, ਹੁਣੇ ਬਿਲਕੁਲ ਹੁਣੇ ਦਾ ਛਿਣ, ਦਾ ਸ਼ਿਰੋਮਣੀ ਮਹੱਤਵ ਹੈ। ਇਹ ਇਹਸਾਸ ਵੀ ਇਕ ਗੀਤ ਬਣਦਾ ਜਾਪਦਾ ਸੀ। ਇਹਨੂੰ ਮੈਂ ਇੰਗਲੈਂਡ ਪਹੁੰਚ ਕੇ ਰੂਪਮਾਨ ਕੀਤਾ:

ਕਲ੍ਹ ਦੇ ਮੀਤਾ ਅੱਜ ਨਾ ਆ
ਕਲ੍ਹ ਮੇਰਾ ਜੀ ਸੀ ਮਘਿਆ ਮਘਿਆ
ਅੱਜ ਦਾ ਕੌਣ ਵਸਾਹ
ਬੁਝ ਗਈ ਕਲ੍ਹ ਦੀ ਅਗ ਵਣਜਾਰਣ
ਬਾਕੀ ਤਾਂ ਠੰਢੜੀ ਠਾਰ ਸੁਆਹ
ਕਲ੍ਹ ਦੀ ਬਦਲੀ ਅੱਜ ਨਹੀਂ ਵਰ੍ਹਨਾ
ਨਾਲ ਕਦੋਂ ਤੁਰਦੇ ਦਰਿਆ
ਰਾਹ ਵਿਚ ਚੰਬੜੇ ਘਗਰੀ ਨੂੰ ਛਾਪੇ
ਇਨ੍ਹਾਂ ਨਾ ਤੁਰਨਾ ਸਾਰਾ ਰਾਹ
ਰਾਹ ਤਾਂ ਕਦੇ ਵੀ ਹੋਏ ਨ ਪੂਰਾ
ਹੋਰ ਅਗਾਂਹ ਤੋਂ ਹੋਰ ਅਗਾਂਹ
ਬੰਦਾ ਨਹੀਓਂ ਰੁਖ ਉਇ ਬੰਦਿਆ
ਇਸਦੀ ਛਾਵੇਂ ਬੈਠ ਨ ਜਾ
ਚਾਰ ਕਦਮ ਤੇਰੀ ਧੁੱਪ ਤੁਰੇ ਜੋ
ਸਾਰੀ ਉਮਰ ਨਾ ਯਾਰ ਬਣਾ
ਕਲ੍ਹ ਤੈਨੂੰ ਦਿਤੜੇ ਕੁਲ ਚੰਗਿਆੜੇ
ਬਾਕੀ ਨਾ ਰੱਖਿਆ ਕੋਲ ਬਚਾ
ਅੱਜ ਚੰਗਿਆੜੇ ਹੋਰ ਕਿਸੇ ਦੇ
ਅੱਜ ਦੀ ਅਗ ਦੇ ਅੱਜ ਦੇ ਚਾਅ
ਹਾਰ ਗੁੰਦਾਈਏ ਗਲ ਵਿਚ ਪਾਈਏ
ਚਾਹੀਏ ਤਾਂ ਸੁਟੀਏ ਤੋੜ ਵਗਾਹ
ਬਹੇ ਫੁੱਲਾਂ ਦਾ ਹੇਜ ਨ ਕਰੀਏ
ਸਿਰ ਤੇ ਨ ਚੁਕੀਏ ਸਦਾ ਗੁਨਾਹ
ਜਿਸ ਪਲ ਲਾਈਏ ਰੱਜ ਹੰਢਾਈਏ
ਹੰਢ ਜਾਵੇ ਤਾਂ ਸੁਟੀਏ ਲਾਹ
ਦਿਲ ਦੌਲਤ ਦਾ ਅੰਤ ਨ ਕੋਈ
ਰੋਜ਼ ਕਮਾ ਨਿਤ ਨਵੀਆਂ ਖਾਹ
ਇਸ਼ਕ ਜੇ ਕੋਈ ਕਤੂਰਾ ਹੋਵੇ
ਤੂੰ ਘਰ ਰੱਖ ਲੈ ਸੰਗਲੀ ਪਾ
ਇਸ਼ਕ ਤਾਂ ਸਾਡਾ ਸ਼ੇਰ ਬਘੇਲਾ
ਉਸ ਤੇ ਨ ਸਕੀਏ ਕਾਠੀ ਪਾ
ਕਲ੍ਹ ਦੇ ਮੀਤਾ ਅੱਜ ਨਾ ਆ
ਕਲ੍ਹ ਮੇਰਾ ਜੀ ਸੀ ਮਘਿਆ ਮਘਿਆ
ਅੱਜ ਮੇਰੇ ਜੀ ਦਾ ਕੌਣ ਵਸਾਹ।

# ਸਾਗਰ ਦੀਆਂ ਛੱਲਾਂ

ਪੁਲਾੜ ਤੋਂ ਵੇਖਣ 'ਤੇ ਧਰਤੀ ਨੀਲੇ ਰੰਗ ਦੇ ਗੋਲੇ ਦੀ ਤਰ੍ਹਾਂ ਨਜ਼ਰ ਆਉਂਦੀ ਹੈ ਜਿਸ ਉੱਤੇ ਭੂਰੇ, ਚਿੱਟੇ, ਹਰੇ ਅਤੇ ਪੀਲੇ ਰੰਗ ਦੇ ਧੱਬੇ ਬਣੇ ਹੋਏ ਨਜ਼ਰ ਆਉਂਦੇ ਹਨ। ਹਰਾ ਰੰਗ ਜੰਗਲਾਂ, ਚਿੱਟਾ ਰੰਗ ਬਰਫ਼ ਦੀਆਂ ਚੱਟਾਨਾਂ, ਪੀਲਾ ਤੇ ਭੂਰਾ ਰੰਗ ਜ਼ਮੀਨ ਤੇ ਪਹਾੜਾਂ ਅਤੇ ਨੀਲਾ ਰੰਗ ਧਰਤੀ ਦੇ ਵੱਖ-ਵੱਖ ਮਹਾਸਾਗਰਾਂ ਕਰਕੇ ਨਜ਼ਰ ਆਉਂਦਾ ਹੈ। ਧਰਤੀ ਦੇ ਕੁੱਲ ਰਕਬੇ ਦੇ ਦੋ ਤਿਹਾਈ (71 ਫ਼ੀਸਦੀ) ਹਿੱਸੇ ਉੱਤੇ ਮਹਾਸਾਗਰ ਹੀ ਹਨ। ਧਰਤੀ ਦੇ ਕੁੱਲ ਪਾਣੀ ਦਾ 97 ਫ਼ੀਸਦੀ ਹਿੱਸਾ ਮਹਾਸਾਗਰਾਂ ਵਿਚ ਹੀ ਹੈ। ਖਣਿਜ ਪਦਾਰਥ ਘੁਲੇ ਹੋਣ ਕਰਕੇ ਇਹ ਪਾਣੀ ਖਾਰਾ ਭਾਵ ਲੂਣਾ ਹੈ ਅਤੇ ਮਨੁੱਖੀ ਆਬਾਦੀ ਦੇ ਪੀਣ ਯੋਗ ਨਹੀਂ

**ਅਸ਼ਵਨੀ ਚਤਰਥ**
ਫੋਨ: +91-62842-20595

ਹੈ। ਮਹਾਸਾਗਰਾਂ ਦੀ ਹੇਠਲੀ ਤਹਿ ਉੱਤੇ ਪਏ ਰੇਤ, ਚਿੱਕੜ ਅਤੇ ਪਥਰੀਲੇ ਕਣ ਧਰਤੀ ਦੀਆਂ ਵੱਖ-ਵੱਖ ਕੁਦਰਤੀ ਗਤੀਵਿਧੀਆਂ ਜਿਵੇਂ ਜਵਾਲਾਮੁਖੀਆਂ ਦੇ ਫਟਣ, ਭੋਇੰ-ਖੋਰ ਅਤੇ ਪਹਾੜਾਂ ਦੇ ਟੁੱਟਣ ਕਾਰਨ ਪੈਦਾ ਹੋਏ ਕਣਾਂ ਦੇ ਦਰਿਆਈ ਪਾਣੀਆਂ ਨਾਲ ਵਹਿ ਕੇ ਸਮੁੰਦਰਾਂ ਵਿਚ ਆ ਕੇ ਮਿਲਣ ਨਾਲ ਬਣਦੇ ਹਨ। ਮਹਾਸਾਗਰਾਂ ਦਾ ਕੁੱਲ ਖੇਤਰਫਲ 36 ਕਰੋੜ ਵਰਗ ਕਿਲੋਮੀਟਰ ਦੇ ਕਰੀਬ ਹੈ ਜੋ ਆਪਣੇ ਅੰਦਰ 1.35 ਅਰਬ ਘਣ ਕਿਲੋਮੀਟਰ ਆਇਤਨ ਦੇ ਬਰਾਬਰ ਪਾਣੀ ਨੂੰ ਸਮੋਈ ਬੈਠੇ ਹਨ।

ਮਹਾਸਾਗਰਾਂ ਦੀ ਔਸਤ ਗਹਿਰਾਈ 3688 ਮੀਟਰ ਹੈ ਜਦੋਂਕਿ ਮਾਰੀਆਨਾ ਟਾਪੂ ਨੇੜੇ ਮਾਰੀਆਨਾ ਖੱਡ ਸਮੁੰਦਰ ਦੀ ਸਭ ਤੋਂ ਡੂੰਘੀ ਜਗ੍ਹਾ ਹੈ ਜਿਸ ਦੀ ਡੂੰਘਾਈ 10,994 ਮੀਟਰ ਹੈ। ਮਹਾਸਾਗਰਾਂ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਗਿਆ ਹੈ ਜੋ ਕਿ ਖੇਤਰਫਲ ਦੀ ਘਟਦੀ ਤਰਤੀਬ ਵਿਚ ਇੰਝ ਹਨ: ਪ੍ਰਸ਼ਾਂਤ ਮਹਾਸਾਗਰ, ਅਟਲਾਂਟਿਕ, ਹਿੰਦ ਮਹਾਸਾਗਰ, ਅੰਟਾਰਕਟਿਕ (ਦੱਖਣੀ)ਅਤੇ ਆਰਕਟਿਕ ਮਹਾਸਾਗਰ। ਵਿਗਿਆਨੀਆਂ ਦਾ ਖ਼ਿਆਲ ਹੈ ਕਿ ਮਹਾਸਾਗਰਾਂ ਵਿਚ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਤਕਰੀਬਨ ਦਸ ਲੱਖ ਪ੍ਰਜਾਤੀਆਂ ਮੌਜੂਦ ਹਨ। ਸਮੁੰਦਰ ਇਨ੍ਹਾਂ ਜੀਵ-ਜੰਤੂਆਂ ਦਾ ਕੁਦਰਤੀ ਘਰ ਹੈ ਜਿੱਥੇ ਇਹ ਜੀਵ ਆਪਣੇ ਜੀਵਨ ਦੀਆਂ ਸਾਰੀਆਂ ਕੁਦਰਤੀ ਗਤੀਵਿਧੀਆਂ ਨੂੰ ਨੇਪਰੇ ਚਾੜ੍ਹਦੇ ਹਨ। ਵਿਗਿਆਨੀ ਇਹ ਵੀ ਦੱਸਦੇ ਹਨ ਕਿ ਉਹ ਹੁਣ ਤੱਕ ਇਸ ਸਮੁੰਦਰੀ ਖ਼ਜ਼ਾਨੇ ਦਾ ਸਿਰਫ਼ ਪੰਜਵਾਂ ਹਿੱਸਾ ਹੀ ਲੱਭ ਸਕੇ ਹਨ। ਸਮੁੰਦਰਾਂ ਵਿਚ ਮਿਲਦੀ ਬਨਸਪਤੀ ਵਿਚ ਅਨੇਕਾਂ ਤਰ੍ਹਾਂ ਦੀਆਂ ਕਾਈਆਂ ਜਿਵੇਂ ਲਾਲ, ਭੂਰੀ, ਪੀਲੀ ਅਤੇ ਹਰੀ ਕਾਈਆਂ ਤੋਂ ਇਲਾਵਾ ਸਮੁੰਦਰੀ ਉੱਲੀ, ਸਮੁੰਦਰੀ ਘਾਹ ਅਤੇ ਨੀਲੇ ਹਰੇ ਰੰਗ ਦੇ ਸਾਈਨੋ ਬੈਕਟੀਰੀਆ ਆਦਿ ਮੌਜੂਦ ਹਨ। ਇਹ ਸਾਰੀ ਬਨਸਪਤੀਆਂ ਸਮੁੰਦਰ ਦੇ ਉੱਪਰਲੇ ਤਲ ਤੋਂ ਸਿਰਫ਼ 200 ਮੀਟਰ ਦੀ ਡੂੰਘਾਈ ਤੱਕ ਹੀ ਮਿਲਦੀਆਂ ਹਨ। ਇਨ੍ਹਾਂ ਬਨਸਪਤੀਆਂ ਦੁਆਰਾ ਤਿਆਰ ਕੀਤਾ ਗਿਆ ਭੋਜਨ ਹੀ ਸਮੁੱਚੇ ਸਮੁੰਦਰਾਂ ਦੇ ਸਾਰੇ ਜੀਵਾਂ ਲਈ ਖ਼ੁਰਾਕ ਦਾ ਕੰਮ ਕਰਦਾ ਹੈ। ਮਹਾਸਾਗਰਾਂ ਵਿਚ ਮਿਲਦੇ ਜੰਤੂਆਂ ਵਿਚ ਡਾਲਫਿਨ, ਵੇਲ ਮੱਛੀ, ਸ਼ਾਰਕ, ਜੈਲੀ ਫਿਸ਼, ਸਮੁੰਦਰੀ ਸ਼ੇਰ, ਕੈੱਲਪ, ਕੱਛੂਕੁੰਮੇ, ਮੂੰਗੇ, ਧਰੂਵੀ ਰਿੱਛ, ਨੀਲੀ ਵੇਲ ਆਦਿ ਸ਼ਾਮਿਲ ਹਨ। ਅਣਗਿਣਤ ਬਨਸਪਤੀਆਂ ਅਤੇ ਜੰਤੂਆਂ ਨੂੰ ਆਪਣੇ ਅੰਦਰ ਧਾਰਨ ਕਰੀ ਬੈਠੇ ਸਮੁੰਦਰ ਧਰਤੀ ਉੱਪਰ ਵੱਸਦੇ ਜੀਵਾਂ ਲਈ ਫੇਫੜਿਆਂ ਦੀ ਨਿਆਈਂ ਹਨ ਕਿਉਂਕਿ ਵਾਯੂਮੰਡਲ ਵਿਚਲੀ ਕੁੱਲ ਆਕਸੀਜਨ ਦਾ ਤਕਰੀਬਨ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਆਉਂਦਾ ਹੈ। ਇਸ ਆਕਸੀਜਨ ਸਦਕਾ ਹੀ ਅਸੀਂ ਸਾਰੇ ਸਾਹ ਲੈਂਦੇ ਹਾਂ। ਇਸ ਲਈ ਸਮੂਹ ਜੀਵਾਂ ਦੀਆਂ ਸਾਹ ਕਿਰਿਆਵਾਂ ਜਾਰੀ ਰੱਖਣ ਲਈ ਸਮੁੰਦਰਾਂ ਨੂੰ ਸੁਰੱਖਿਅਤ ਰੱਖਣਾ ਬੇਹੱਦ ਲਾਜ਼ਮੀ ਹੈ। ਇਸ ਤੋਂ ਇਲਾਵਾ ਮਨੁੱਖ ਦੁਆਰਾ ਵੱਖ-ਵੱਖ ਕਿਰਿਆਵਾਂ ਰਾਹੀਂ ਛੱਡੀ ਗਈ ਕਾਰਬਨ ਡਾਇਆਕਸਾਈਡ ਦਾ ਤੀਜਾ ਹਿੱਸਾ ਸਮੁੰਦਰ ਹੀ ਸੋਖ ਲੈਂਦੇ ਹਨ। ਅਜਿਹਾ ਕਰਦਿਆਂ ਸਮੁੰਦਰ ਹਵਾ ਨੂੰ ਸ਼ੁੱਧ ਵੀ ਕਰਦੇ ਹਨ ਅਤੇ ਹਵਾ ਵਿਚਲੀ ਆਕਸੀਜਨ ਤੇ ਕਾਰਬਨ ਡਾਇਆਕਸਾਈਡ ਦੀ ਮਾਤਰਾ ਦਾ ਸੰਤੁਲਨ ਬਣਾਈ ਰੱਖਦੇ ਹਨ।



ਸਾਗਰ ਦੇ ਹੇਠਾਂ ਦਾ ਅਦਭੁੱਤ ਨਜ਼ਾਰਾ।

ਮਹਾਸਾਗਰਾਂ ਦਾ ਪਾਣੀ ਸੂਰਜ ਦੀ ਗਰਮੀ ਆਪਣੇ ਅੰਦਰ ਸੋਖ ਕੇ ਆਲਮੀ ਤਪਸ਼ ਦੇ ਪ੍ਰਭਾਵ ਨੂੰ ਘੱਟ ਕਰਦਾ ਹੈ। ਸਮੁੰਦਰ ਗਰਮੀਆਂ ਵਿਚ ਧਰਤੀ ਦੀ ਗਰਮੀ ਸੋਖ ਕੇ ਠੰਢਕ ਪੈਦਾ ਕਰਦੇ ਹਨ ਅਤੇ ਸਰਦੀਆਂ ਵਿਚ ਧਰਤੀ ਨੂੰ ਗਰਮਾਹਟ ਦੇ ਕੇ ਵਾਤਾਵਰਨ ਨੂੰ ਨਿੱਘਾ ਕਰਦੇ ਹਨ। ਇਉਂ ਇਹ ਗਰਮੀਆਂ ਵਿਚ ਕੂਲਰ ਅਤੇ ਸਰਦੀਆਂ ਵਿਚ ਹੀਟਰ ਦਾ ਕੰਮ ਕਰਦੇ ਹਨ। ਮਹਾਸਾਗਰਾਂ ਤੋਂ ਚੱਲਦੀਆਂ ਪਾਣੀ ਨਾਲ ਭਰੀਆਂ ਹਵਾਵਾਂ ਵਿਸ਼ਵ ਦੇ ਜ਼ਿਆਦਾਤਰ ਇਲਾਕਿਆਂ ਵਿਚ ਮੀਂਹ ਵਰ੍ਹਾਉਣ ਦਾ ਕੰਮ ਕਰਦੀਆਂ ਹਨ ਜਿਸ ਨਾਲ ਫ਼ਸਲਾਂ ਦੀ ਸਿੰਚਾਈ ਕਰਨ ਦੇ ਨਾਲ-ਨਾਲ ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਦੇ ਪੱਧਰ ਨੂੰ ਕਾਇਮ ਰੱਖਣ ਵਿਚ ਮਦਦ ਮਿਲਦੀ ਹੈ। ਇਹ ਪਾਣੀ ਧਰਤੀ ਦੇ ਜੀਵਾਂ ਲਈ ਪੀਣ ਦੇ ਕੰਮ ਆਉਂਦਾ ਹੈ ਅਤੇ ਪ੍ਰਿਥਵੀ ਉੱਤੇ ਜੀਵਨ ਦਾ ਆਧਾਰ ਹੈ। ਮੌਨਸੂਨ ਪੌਣਾਂ ਭਾਰਤ ਸਮੇਤ ਏਸ਼ੀਆ ਦੇ ਵੱਡੇ ਖਿੱਤੇ ਵਿਚ ਮੀਂਹ ਵਰ੍ਹਾ ਕੇ ਇਨ੍ਹਾਂ ਇਲਾਕਿਆਂ ਵਿਚ ਖੇਤੀ ਪ੍ਰਫੁੱਲਿਤ ਕਰਦੀਆਂ ਹਨ ਜਿਸ ਨਾਲ ਇਨ੍ਹਾਂ ਮੁਲਕਾਂ ਦੀ ਭੋਜਨ ਦੀ ਸਮੱਸਿਆ ਹੱਲ ਹੁੰਦੀ ਹੈ ਅਤੇ ਅਰਥਚਾਰੇ ਨੂੰ ਬਲ ਮਿਲਦਾ ਹੈ। ਇਹ ਪੌਣਾਂ ਏਸ਼ਿਆਈ ਖਿੱਤੇ 'ਚ ਰਹਿੰਦੇ ਲੋਕਾਂ ਲਈ ਬਹੁਪੱਖੀ ਢੰਗ ਨਾਲ ਫ਼ਾਇਦੇਮੰਦ ਹਨ।

ਸਮੁੰਦਰ ਕੰਢੇ ਵੱਸਦੇ ਲੋਕਾਂ ਦੇ ਤਕਰੀਬਨ ਤੀਜੇ ਹਿੱਸਾ ਦਾ ਜੀਵਨ ਨਿਰਬਾਹ ਇਨ੍ਹਾਂ ਉੱਤੇ ਹੀ ਨਿਰਭਰ ਕਰਦਾ ਹੈ। ਇਨ੍ਹਾਂ ਲੋਕਾਂ ਲਈ ਸਮੁੰਦਰ ਭੋਜਨ ਪਦਾਰਥਾਂ ਦਾ ਸਰੋਤ ਹਨ ਅਤੇ ਨਮਕ, ਖਣਿਜ, ਰੇਤ, ਬਜਰੀ, ਮੱਛੀ, ਮੋਤੀ, ਮੂੰਗੇ, ਦਵਾਈਆਂ ਅਤੇ ਸਮੁੰਦਰੀ ਘਾਹ ਆਦਿ ਵਸਤਾਂ ਉਨ੍ਹਾਂ ਲਈ ਰੁਜ਼ਗਾਰ ਦਾ ਸਾਧਨ ਵੀ ਬਣਦੀਆਂ ਹਨ। ਉਕਤ ਤੋਂ ਇਲਾਵਾ ਸੈਰ ਸਪਾਟਾ ਅਤੇ ਊਰਜਾ ਦੇ ਸਾਧਨ ਪ੍ਰਾਪਤ ਕਰਕੇ ਇਨ੍ਹਾਂ ਲੋਕਾਂ ਦੁਆਰਾ ਹਰ ਸਾਲ ਤੀਹ ਖਰਬ ਡਾਲਰ ਦੇ ਕਰੀਬ ਆਮਦਨ ਵੀ ਕਮਾਈ ਜਾਂਦੀ ਹੈ। ਮਹਾਸਾਗਰਾਂ ਸਬੰਧੀ ਕੁਝ ਦਿਲਚਸਪ ਗੱਲਾਂ ਜਾਣਨਾ ਜ਼ਰੂਰੀ ਹੈ ਜਿਵੇਂ ਧਰਤੀ ਦੇ 90 ਫ਼ੀਸਦੀ ਜਵਾਲਾਮੁਖੀ ਸਮੁੰਦਰ ਵਿਚ ਹੀ ਆਉਂਦੇ ਹਨ। ਸਮੁੰਦਰ ਵਿਚ ਉੱਪਰੀ ਤਲ ਤੋਂ 330 ਫੁੱਟ ਡੂੰਘੇ ਪਾਣੀ ਤੱਕ ਹੀ ਰੌਸ਼ਨੀ ਹੈ ਅਤੇ ਇਸ ਤੋਂ ਥੱਲੇ ਹਨੇਰਾ ਹੀ ਹੈ।

ਸਮੁੰਦਰ ਵਿਚ ਤਕਰੀਬਨ 2 ਕਰੋੜ ਟਨ ਸੋਨਾ ਪਾਣੀ ਵਿਚ ਘੁਲਿਆ ਹੋਇਆ ਹੈ। ਅਮਰੀਕਾ ਦੀ ਇੱਕ ਖੋਜ ਏਜੰਸੀ ਅਨੁਸਾਰ ਧਰਤੀ ਗ੍ਰਹਿ ਦੇ ਜੀਵਾਂ ਦੀ ਕੁੱਲ ਆਬਾਦੀ ਦਾ 94 ਫ਼ੀਸਦੀ ਹਿੱਸਾ ਮਹਾਸਾਗਰਾਂ ਵਿਚ ਹੀ ਹੈ। ਵਿਗਿਆਨੀਆਂ ਵੱਲੋਂ 2002 ਦੀ ਇੱਕ ਖੋਜ ਵਿਚ ਪਤਾ ਲੱਗਾ ਹੈ ਕਿ ਕੈਲੀਫੋਰਨੀਆ ਨੇੜੇ ਪ੍ਰਸ਼ਾਂਤ ਮਹਾਸਾਗਰ ਵਿਚ ਵ੍ਹਾਈਟ ਸ਼ਾਰਕ ਕੈਫੇ ਨਾਂ ਦੀ ਜਗ੍ਹਾ ਉੱਤੇ ਚਿੱਟੇ ਰੰਗ ਦੀਆਂ ਸ਼ਾਰਕਾਂ ਸਰਦ ਰੁੱਤ ਦੀਆਂ ਛੁੱਟੀਆਂ ਮਨਾਉਣ ਚਲੀਆਂ ਜਾਂਦੀਆਂ ਹਨ। ਸਮੁੰਦਰ ਵਿਚ ਮਿੱਡ ਓਸ਼ਨਿਕ ਰਿਜ ਨਾਂ ਦੀ ਪਹਾੜੀ ਦੀ ਲੰਬਾਈ 40390 ਮੀਲ ਹੈ ਜੋ ਕਿ ਧਰਤੀ ਦੀ ਸਭ ਤੋਂ ਵੱਡੀ ਪਹਾੜੀ ਤੋਂ ਕਿਤੇ ਜ਼ਿਆਦਾ ਲੰਮੀ ਹੈ। ਸਤਾਰਾਂ ਜਨਵਰੀ 1966 ਨੂੰ ਇੱਕ ਹਾਦਸੇ ਕਾਰਨ ਅਮਰੀਕਾ ਦਾ ਹਾਈਡ੍ਰੋਜਨ ਬੰਬ ਭੂ-ਮੱਧ ਸਾਗਰ ਵਿਚ ਡਿੱਗ ਪਿਆ ਜੋ ਕਿ ਗੋਤਾਖੋਰਾਂ ਦੀ ਢਾਈ ਮਹੀਨਿਆਂ ਦੀ ਮਿਹਨਤ ਨਾਲ ਲੱਭਿਆ ਜਾ ਸਕਿਆ ਸੀ। ਸਮੁੰਦਰ ਦੇ ਹੇਠਲੇ ਤਲ ਉੱਤੇ ਵੰਨ-ਸੁਵੰਨੀ ਕਲਾ ਦੀਆਂ ਮੂਰਤੀਆਂ ਹੀ ਵੇਖੀਆਂ ਗਈਆਂ ਹਨ।

ਮਹਾਸਾਗਰਾਂ ਨਾਲ ਸਬੰਧਿਤ ਕੁਝ ਮੁੱਦੇ ਵੀ ਹਨ ਜਿਨ੍ਹਾਂ ਵੱਲ ਫੌਰੀ ਤੌਰ 'ਤੇ ਧਿਆਨ ਦੇਣ ਦੀ ਲੋੜ ਹੈ। ਵਾਯੂਮੰਡਲ ਦੀ ਓਜ਼ੋਨ ਪਰਤ ਵਿਚ ਪੈਦਾ ਹੋਏ ਓਜ਼ੋਨ ਛੇਕ ਕਾਰਨ ਧਰਤੀ 'ਤੇ ਪਹੁੰਚ ਰਹੀਆਂ ਸੂਰਜ ਦੀਆਂ ਪਰਾ-ਬੈਂਗਣੀ ਕਿਰਨਾਂ ਕਰਕੇ ਸਮੁੰਦਰਾਂ ਵਿਚਲੇ ਅਣਗਿਣਤ ਜੀਵ ਮਰ ਚੁੱਕੇ ਹਨ ਜਿਸ ਕਰਕੇ ਮਹਾਸਾਗਰਾਂ ਤੋਂ ਪ੍ਰਾਪਤ ਹੁੰਦੇ ਸਮੁੰਦਰੀ ਭੋਜਨ ਦਾ 15 ਫ਼ੀਸਦੀ ਹਿੱਸਾ ਘਟ ਚੁੱਕਾ ਹੈ। ਕਈ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਦਾ ਤਾਂ ਹੁਣ ਤੱਕ ਵੰਸ਼ ਨਾਸ਼ ਹੀ ਕਰ ਛੱਡਿਆ ਹੈ। ਇੱਕ ਅਨੁਮਾਨ ਅਨੁਸਾਰ ਸਮੁੰਦਰਾਂ 'ਚੋਂ ਜਿੰਨੀਆਂ ਮੱਛੀਆਂ ਫੜਨ ਦੀ ਇਜਾਜ਼ਤ ਹੈ ਉਸ ਤੋਂ ਪੰਜ ਗੁਣਾ ਮੱਛੀਆਂ ਗ਼ੈਰ-ਮਨਜ਼ੂਰਸ਼ੁਦਾ ਤਰੀਕੇ ਨਾਲ ਫੜ ਲਈਆਂ ਜਾਂਦੀਆਂ ਹਨ। ਅਜਿਹਾ ਕਰਨ ਨਾਲ ਸਮੁੰਦਰੀ ਜਲ ਜੀਵਨ ਦਾ ਭਵਿੱਖ ਖ਼ਤਰੇ ਵਿਚ ਪੈ ਰਿਹਾ ਹੈ। ਸਮਝਣ ਦੀ ਲੋੜ ਹੈ ਕਿ ਰੋਜ਼ਾਨਾ ਹੀ ਲੱਖਾਂ-ਕਰੋੜਾਂ ਪੰਛੀ-ਪੰਖੇਰੂ ਸਮੁੰਦਰੀ ਜੀਵਾਂ ਨੂੰ ਆਪਣਾ ਭੋਜਨ ਬਣਾਉਂਦੇ ਹਨ। ਇਸ ਤਰ੍ਹਾਂ ਸਮੁੰਦਰੀ ਜੀਵਾਂ ਦੇ ਘਟਣ ਨਾਲ ਕੁਦਰਤੀ ਭੋਜਨ ਲੜੀ ਅਤੇ ਕੁਦਰਤੀ ਸੰਤੁਲਨ ਖ਼ਤਰੇ ਵਿਚ ਪੈ ਜਾਂਦੇ ਹਨ। ਇਸ ਲਈ ਗ਼ੈਰ-ਕਾਨੂੰਨੀ ਢੰਗ ਨਾਲ ਮੱਛੀ ਫੜਨ ਨੂੰ ਸਮਾਂ ਰਹਿੰਦੇ ਠੱਲ੍ਹ ਪਾਉਣ ਦੀ ਲੋੜ ਹੈ।

# ਕੈਨਵਸ ਦੀ ਦੁਗਦੀ ਰਗ

ਕਲਾ ਪਰਿਕਰਮਾ

ਮਨੁੱਖ ਦੀ ਹੋਣੀ ਤ੍ਰਾਸਦੀਆਂ ਨਾਲ ਜੁੜੀ ਹੋਈ ਹੈ। ਹਰ ਕਾਲ ਖੰਡ ਵਿਚ ਮਨੁੱਖ ਨੂੰ ਕਿਸੇ ਨਾ ਕਿਸੇ ਰੂਪ ਵਿਚ ਦੁੱਖ ਸਹਿਣੇ ਪੈਂਦੇ ਹਨ। ਇਤਿਹਾਸ ਦੁਖਾਂਤਾਂ ਦੇ ਬਿਰਤਾਂਤਾਂ ਨਾਲ ਭਰਿਆ ਪਿਆ ਹੈ। ਪੰਜਾਬ ਦੀ ਹੋਣੀ ਇਤਿਹਾਸਕ ਸਮਿਆਂ ਤੋਂ ਦੁਖਾਂਤਾਂ ਨਾਲ ਬਰ ਮੇਚਦੀ ਰਹੀ ਹੈ। ਜੇ ਮੱਧਕਾਲ ਨੂੰ ਛੱਡ ਵੀ ਦੇਈਏ ਤਾਂ ਆਧੁਨਿਕ ਕਾਲ ਵਿਚ ਸੰਤਾਲੀ ਦੀ ਵੰਡ ਤੇ ਜੂਨ ਤੋਂ ਨਵੰਬਰ ਚੁਰਾਸੀ ਤੱਕ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਭਾਰਤੀ ਫ਼ੌਜ ਦਾ ਹਮਲਾ ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਤੇ



ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਵਰਤਮਾਨ ਦੀਆਂ ਅਜਿਹੀਆਂ ਤ੍ਰਾਸਦੀਆਂ ਹਨ ਜਿਨ੍ਹਾਂ ਨੇ ਨਾ ਸਿਰਫ਼ ਧਰਮ, ਸਭਿਆਚਾਰ, ਭੂਗੋਲ, ਭਾਸ਼ਾ ਤੇ

**ਪਰਮਜੀਤ ਢੀਂਗਰਾ**
ਫੋਨ: +91-88476-10125


ਇਤਿਹਾਸ ਨੂੰ ਪ੍ਰਭਾਵਿਤ ਕੀਤਾ ਸਗੋਂ ਇਸ ਨੇ ਪੰਜਾਬੀਆਂ ਤੇ ਸਿੱਖ ਮਾਨਸਿਕਤਾ ਵਿਚ ਅਜਿਹੇ ਨਕਸ਼ ਉੱਕਰ ਦਿੱਤੇ ਹਨ ਜਿਨ੍ਹਾਂ ਦੀ ਯਾਦ ਸਦੀਵੀ ਹੈ। ਸ਼ਾਇਦ ਹੀ ਕਦੇ ਇਨ੍ਹਾਂ ਦੁਖਾਂਤਾਂ ਦੇ ਜ਼ਖ਼ਮ ਭਰ ਸਕਣ।

ਸੰਤਾਲੀ ਬਾਰੇ ਹੰਢਾਏ ਦਰਦ ਨੂੰ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਲੇਖਕਾਂ ਨੇ ਆਪੋ-ਆਪਣੇ ਤਰੀਕੇ ਨਾਲ ਪੇਸ਼ ਕੀਤਾ ਅਤੇ ਧਰਮ ਦੇ ਨਾਂ 'ਤੇ ਹੋਈ ਕਤਲੋਗਾਰਤ ਤੇ ਔਰਤਾਂ ਦੀ ਬੇਹੁਰਮਤੀ ਨੂੰ ਮਨੁੱਖਤਾ ਦੇ ਨਾਂ 'ਤੇ ਕਲੰਕ ਵਜੋਂ ਪੇਸ਼ ਕੀਤਾ। ਅਜੇ ਤੱਕ ਇਹ ਸਵਾਲ ਬਰਕਰਾਰ ਹੈ ਕਿ ਭਾਰਤੀ ਤੇ ਪਾਕਿਸਤਾਨੀ ਲੀਡਰਾਂ ਨੇ ਬਸਤੀਵਾਦੀਆਂ ਨਾਲ ਮਿਲ ਕੇ ਜਿਹੜੀ ਵੰਡ ਦੀ ਸਾਜ਼ਿਸ਼ ਰਚੀ, ਉਨ੍ਹਾਂ ਨੂੰ ਕਟਹਿਰੇ ਵਿਚ ਕਦੋਂ ਖੜ੍ਹਾ ਕੀਤਾ ਜਾਵੇਗਾ। ਨਿਹੱਕੇ ਤੇ ਨਿਹੱਥੇ ਮਾਰੇ ਗਏ ਦਸ ਲੱਖ ਲੋਕਾਂ ਦਾ ਕੀ ਕਸੂਰ ਸੀ? ਇਸ ਦਾ ਜਵਾਬ ਇੱਕ ਨਾ ਇੱਕ ਦਿਨ ਦੇਣਾ ਪਵੇਗਾ।

ਸਾਹਿਤ ਦੇ ਨਾਲ-ਨਾਲ ਇਨ੍ਹਾਂ ਦੁਖਾਂਤਾਂ ਨੂੰ ਬੁਰਸ਼ ਤੇ ਪੈਨਸਿਲ ਨਾਲ ਚਿਤਰਨ ਦਾ ਉਪਰਾਲਾ ਚਿੱਤਰਕਾਰਾਂ ਨੇ ਕੀਤਾ। ਕਿਸੇ ਵਿਦਵਾਨ, ਕਲਾ ਚਿੰਤਕ ਜਾਂ ਵਿਸ਼ਲੇਸ਼ਕ ਨੇ ਇਨ੍ਹਾਂ ਚਿੱਤਰਾਂ ਦੀ ਵਿਆਖਿਆ ਦਾ ਅੱਜ ਤੱਕ ਕੋਈ ਉਪਰਾਲਾ ਨਹੀਂ ਕੀਤਾ।

ਡਾ. ਜਗਤਾਰਜੀਤ ਸਿੰਘ ਉੱਘਾ ਕਵੀ ਤੇ ਆਲੋਚਕ ਹੈ। ਉਸ ਨੇ ਪਹਿਲਾਂ ਤਾਂ ਦੋਵੇਂ ਤ੍ਰਾਸਦੀਆਂ ਨਾਲ ਸਬੰਧਿਤ ਚਿੱਤਰਾਂ ਦੀ ਭਾਲ ਕੀਤੀ। ਫਿਰ ਉਨ੍ਹਾਂ ਦੇ ਵਿਆਖਿਆ ਪਾਠ ਤਿਆਰ ਕੀਤੇ। ਲੇਖਕ ਕੋਲ ਬਾਰੀਕ ਬੁੱਧ ਤੇ ਕਲਾ ਬਾਰੇ ਸਟੀਕ ਮੁਹਾਰਤ ਹੈ। ਇਸੇ ਕਰ ਕੇ ਉਹ ਇਸ ਵਿਸ਼ੇਸ਼ ਕੰਮ ਨੂੰ ਸਿਰੇ ਲਾ ਸਕਿਆ। ਭਾਰਤੀ ਭਾਸ਼ਾਵਾਂ ਵਿਚ ਇਹ ਆਪਣੀ ਕਿਸਮ ਦਾ ਪਹਿਲਾ ਅਜਿਹਾ ਨਿਵੇਕਲਾ ਕਾਰਜ ਹੈ।

ਇਨ੍ਹਾਂ ਲੇਖਾਂ ਦੇ ਸੰਗ੍ਰਹਿ ਕਿਤਾਬ 'ਸੰਤਾਲੀ ਤੋਂ ਚੁਰਾਸੀ ਤੱਕ' ਦੇ ਵਿਸ਼ੇ-ਵਸਤੂ ਦੀ ਗੱਲ ਕਰਦਿਆਂ ਜਗਤਾਰਜੀਤ ਸਿੰਘ ਲਿਖਦਾ ਹੈ: 'ਸੰਤਾਲੀ ਤੋਂ ਚੁਰਾਸੀ ਤੱਕ- ਚਿੱਤਰਕਾਰਾਂ ਦੀ ਨਜ਼ਰ ਵਿਚ' ਕਿਤਾਬ ਦਾ ਵਿਸ਼ਾ-ਵਸਤੂ ਪ੍ਰਚੱਲਿਤ ਦਾਇਰੇ ਤੋਂ ਬਾਹਰੀ ਹੈ। ਇਹ ਖੇਤਰ ਹਾਲੇ ਤੱਕ ਅਛੋਹ ਰਿਹਾ ਹੈ ਤੇ ਭਵਿੱਖ ਵਿਚ ਵੀ ਇਹੋ ਸਥਿਤੀ ਰਹੇਗੀ। ਕਿਤਾਬ ਦੀ ਆਧਾਰ ਸਮੱਗਰੀ ਚਿੱਤਰਕਾਰਾਂ ਦੇ ਬਣਾਏ ਹੋਏ ਚਿੱਤਰ ਹਨ। ਚਿੱਤਰ ਚੋਣ ਉਪਰੰਤ ਉਸ ਦੇ ਗੁਣ-ਲੱਛਣਾਂ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਕੋਸ਼ਿਸ਼ ਰਹੀ ਹੈ ਕਿ ਖ਼ੁਦ ਨੂੰ ਸਾਹਮਣੇ ਪਈ ਕਿਰਤ ਦੇ ਅੰਦਰੇ-ਅੰਦਰ ਰੱਖਿਆ ਜਾਵੇ।'




*ਜਗਤਾਰਜੀਤ ਸਿੰਘ ਦੀ ਕਿਤਾਬ 'ਸੰਤਾਲੀ ਤੋਂ ਚੁਰਾਸੀ' ਦਾ ਮੁਖੜਾ।*



*ਜਗਤਾਰਜੀਤ ਸਿੰਘ*

ਇਨ੍ਹਾਂ ਚਿੱਤਰਕਾਰਾਂ ਵਿਚ ਸੋਭਾ ਸਿੰਘ, ਐੱਸ.ਐਲ. ਪਰਾਸ਼ਰ, ਧੰਨ ਰਾਜ ਭਗਤ, ਅਮਰਨਾਥ ਸਹਿਗਲ, ਪ੍ਰਾਣ ਨਾਥ ਮਾਗੋ, ਕ੍ਰਿਸ਼ਨ ਖੰਨਾ, ਸਤੀਸ਼ ਗੁਜਰਾਲ, ਪ੍ਰੇਮ ਸਿੰਘ, ਵਿਵਾਨ ਸੁੰਦਰਮ, ਅਰਪਨਾ ਕੌਰ, ਸੁਰਜੀਤ ਅਕਰੇ ਤੇ ਸਿੰਘ ਟਵਿਨਜ਼ ਸ਼ਾਮਲ ਹਨ। ਇਹ ਸਾਰੇ ਹੀ ਭਾਰਤ ਦੇ ਉੱਘੇ ਚਿੱਤਰਕਾਰ ਹਨ। ਇਨ੍ਹਾਂ ਵਿਚੋਂ ਕਈਆਂ ਨੇ ਸੰਤਾਲੀ ਦਾ ਦਰਦ ਕਿਸੇ ਨਾ ਕਿਸੇ ਰੂਪ ਵਿਚ ਹੰਢਾਇਆ ਹੈ, ਇਸ ਕਰ ਕੇ ਸੰਤਾਲੀ ਦੇ ਦੁਖਾਂਤ ਬਾਰੇ ਬਹੁਤੇ ਚਿੱਤਰ ਮਿਲਦੇ ਹਨ ਪਰ ਚੁਰਾਸੀ ਬਾਰੇ ਸਿਰਫ਼ ਤਿੰਨ ਚਿੱਤਰਕਾਰਾਂ ਦਾ ਕੰਮ ਹੀ ਮਿਲਦਾ ਹੈ। ਇਸ ਦਾ ਕਾਰਨ ਖੋਜਿਆ ਜਾ ਸਕਦਾ ਹੈ ਕਿਉਂਕਿ ਸਿੱਖ ਅਵਾਮ ਵਿਚ ਇਸ ਬਾਰੇ ਗੁੱਸਾ ਤੇ ਰੋਸ ਬਰਕਰਾਰ ਹੈ ਪਰ ਚਿੱਤਰਕਾਰਾਂ ਨੇ ਇਸ ਦੇ ਵਿਭਿੰਨ ਰੂਪਾਂ ਨੂੰ ਚਿਤਰਨ ਦਾ ਉਪਰਾਲਾ ਨਹੀਂ ਕੀਤਾ।

ਜੇ ਇਨ੍ਹਾਂ ਆਲੇਖਾਂ ਦੀ ਘੋਖ ਕਰੀਏ ਤਾਂ ਕੁਝ ਨੁਕਤੇ ਸਾਹਮਣੇ ਆਉਂਦੇ ਹਨ:

*ਸੋਭਾ ਸਿੰਘ ਦਾ ਕਥਨ ਹੈ ਕਿ ਕੈਨਵਸ 'ਤੇ ਹਿੰਸਾ, ਵੱਢ, ਟੁੱਕ ਨਹੀਂ ਦਿਖਾਉਣੀ ਚਾਹੀਦੀ ਪਰ ਉਹਦੇ ਚਿੱਤਰ 'ਦੁਖੀ ਜੀਵਨ' ਵਿਚ ਹਿੰਸਾ ਤੇ ਹਿੰਸਾ ਦੇ ਪ੍ਰਭਾਵ ਨੂੰ ਉਭਾਰਿਆ ਗਿਆ ਹੈ।

*ਪਰਾਸ਼ਰ ਦੇ ਲਕੀਰੀ ਚਿੱਤਰ 'ਚੀਕ' ਵਿਚ ਦੁੱਖ ਦਾ ਪ੍ਰਭਾਵ ਬੜਾ ਗੂੜ੍ਹਾ ਨਜ਼ਰ ਆਉਂਦਾ ਹੈ। ਇਹ ਚੀਕ ਅਸਲ ਵਿਚ ਦੁੱਖ ਦੀ ਹੂਕ ਦੇ ਨਾਲ ਨਾਲ ਉਨ੍ਹਾਂ ਲੀਡਰਾਂ ਲਈ ਚਿਤਾਵਨੀ ਹੈ ਜੋ ਇਸ ਚੀਕ ਨੂੰ ਸਮਝਣ ਤੋਂ ਅਸਮਰੱਥ ਹਨ।

*ਅਮਰ ਨਾਥ ਸਹਿਗਲ ਦੀ 'ਐਂਗੁਇਸ਼ਡ ਕਰਾਈਜ਼' ਵਿਚ ਪ੍ਰਤੀਤ ਹੁੰਦਾ ਹੈ ਕਿ ਵਿਅਕਤੀ ਪਹਿਲਾਂ ਹਿੰਸਾ ਦਾ ਸਾਮਾਨ ਤਿਆਰ ਕਰਦਾ ਹੈ, ਫਿਰ ਹਿੰਸਾ ਕਰਦਾ ਹੈ ਤੇ ਫਿਰ ਉਸ ਤੋਂ ਮੁਕਤ ਹੋਣ ਲਈ ਚਾਰਾਜੋਈ ਕਰਦਾ ਹੈ। ਕਲਾ ਦਾ ਇਹ ਧਰਮ ਹੁੰਦਾ ਹੈ ਕਿ ਉਹ ਹਿੰਸਾ ਵਰਗੇ ਥੀਮ ਵਿਚੋਂ ਤ੍ਰਾਸ ਦੇ ਭਾਵ ਪੈਦਾ ਕਰੇ ਨਾ ਕਿ ਹਿੰਸਾ ਲਈ ਉਕਸਾਵੇ ਜਾਂ ਜ਼ਮੀਨ ਤਿਆਰ ਕਰੇ।

*ਸਿੰਘ ਟਵਿਨਜ਼ ਅੰਮ੍ਰਿਤ ਕੌਰ ਤੇ ਰਬਿੰਦਰ ਕੌਰ ਜੌੜੀਆਂ ਭੈਣਾਂ ਦਾ ਚੁਰਾਸੀ ਬਾਰੇ ਚਿੱਤਰ 'ਸਟਾਰਮਿੰਗ ਆੱਫ ਗੋਲਡਨ ਟੈਂਪਲ' ਬਲੂ ਸਟਾਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵਿਚ ਪੇਸ਼ ਕਰਦਾ ਹੈ। ਨਾਲ ਹੀ ਸ੍ਰੀ ਦਰਬਾਰ ਸਾਹਿਬ ਦੀ ਇਤਿਹਾਸਕਤਾ ਨੂੰ ਸ਼ਹਾਦਤ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ।

*ਅਰਪਨਾ ਕੌਰ ਦਾ '1947' ਅਤੇ ਸੁਰਜੀਤ ਅਕਰੇ ਦਾ 'ਪਾਸਟ ਮੈਮੋਰੀਜ਼' ਵਿਸ਼ੇਸ਼ ਤੇ ਸਲਾਹੁਣਯੋਗ ਚਿੱਤਰ ਹਨ।

ਪੰਜਾਬੀ ਵਿਚ ਕਲਾ ਦੀ ਵਿਆਖਿਆ ਬਾਰੇ ਅਜਿਹੀ ਕਿਤਾਬ ਦਾ ਛਪਣਾ ਵੱਡੀ ਗੱਲ ਹੈ। ਇਸ ਦੇ ਅਨੇਕਾਂ ਨਿਵੇਕਲੇ ਪੱਖ ਹਨ ਜੋ ਵਿਸਥਾਰ ਤੇ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ। ਇਤਿਹਾਸ ਦੇ ਦੁਖਾਂਤਕ ਪੱਖ ਨੂੰ ਚਿਤਰਨਾ ਤੇ ਉਹਦੀ ਵਿਆਖਿਆ ਕਰ ਕੇ ਉਹਦੇ ਸੂਖ਼ਮ ਪੱਖਾਂ ਨੂੰ ਪਾਠਕਾਂ ਸਾਹਮਣੇ ਰੱਖਣਾ ਸ਼ਲਾਘਾਯੋਗ ਕਾਰਜ ਹੈ। ਆਸ ਹੈ ਕਿ ਪਾਠਕ ਇਤਿਹਾਸ ਦੀ ਦੁਖਾਂਤਕ ਚਿੱਤਰਕਾਰੀ ਤੇ ਵਿਸ਼ਲੇਸ਼ਣ ਦੇ ਇਸ ਸੁਮੇਲ ਦਾ ਭਰਵਾਂ ਸੁਆਗਤ ਕਰਨਗੇ।







*ਖੱਬਿਓਂ: ਸੰਤਾਲੀ ਦੇ ਸੰਤਾਪ ਬਾਰੇ ਐੱਸ.ਐੱਲ. ਪ੍ਰਾਸ਼ਰ ਦਾ ਚਿੱਤਰ 'ਚੀਕ', ਟਵਿਨ ਸਿਸਟਰਜ਼ ਅੰਮ੍ਰਿਤ ਸਿੰਘ ਤੇ ਰਾਬਿੰਦਰ ਸਿੰਘ ਦਾ ਚਿੱਤਰ 'ਸਟੌਰਮਿੰਗ ਆਫ ਗੋਲਡਨ ਟੈਂਪਲ' ਅਤੇ ਅਪਰਨਾ ਕੌਰ ਦਾ ਚਿੱਤਰ '1947'।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜੁਲਾਈ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-646



*ਵਿਚ ਜੰਗ.ਲਾਂ ਦੇ ਕਿੰਝ ਹੈ ਜੀਵਣਾ, ਦਿਖਾਉਂਦੀ ਹੈ ਤਸਵੀਰ ਕਹਾਣੀ,*
*ਬੇਬੇ ਨੇ ਹੈ ਰੱਖਿਆ ਹੌਸਲਾ ਬੁਲੰਦ, ਭਾਵੇਂ ਉਮਰਾਂ ਹੈ ਕੀਤੀ ਨਿਤਾਣੀ।*
*ਜ਼ਿੰਦ.ਗੀ ਦਾ ਸੰਘਰਸ਼ ਹੈ ਕਰ ਰਹੀ, ਬੁੱਢੜੀ ਪਿੱਠ 'ਤੇ ਪੰਡ ਹੈ ਚੁੱਕੀ,*
*ਡਿਗਦੇ ਢਹਿੰਦੇ ਹੈ ਚੱਲਦੀ ਆ ਰਹੀ, ਸਰਕਾਰ ਕੋ.ਲੋਂ ਆਸ ਹੈ ਮੁੱਕੀ।*

### ਕੈਪਸ਼ਨ ਮੁਕਾਬਲਾ-644



ਮਿੱਟੀ ਦੇ ਨਾਲ ਮਿੱਟੀ ਹੋ ਕੇ।
ਭੱਠੇ ਦੀਆਂ ਲਪਟਾਂ ਕੋਲ ਖਲੋ ਕੇ।
ਪੱਕੀਆਂ ਇੱਟਾਂ ਦੇ ਢੇਰ ਲਗਾਉਂਦਾ।
ਸਭ ਲਈ ਰੈਣ-ਬਸੇਰੇ ਬਣਾਉਂਦਾ।
ਥੱਕ ਟੁੱਟ ਜਦ ਚੂਰ ਹੋ ਜਾਂਦਾ,
ਜ਼ੋਰ ਨਾ ਚਲਦਾ ਨੀਂਦ ਦੇ ਅੱਗੇ।
ਬੱਜਣ ਘਰਾੜੇ ਇੱਟਾਂ ਉੱਤੇ,
ਸੁਰਗਾਂ ਦੇ ਝੂਟੇ ਲੈਂਦਾ ਲੱਗੇ।
**-ਗੁਰਦੇਵ ਸਿੰਘ ਢਪਾਲੀ**
**ਫੋਨ: 94176-49275**

---

ਇੱਕ ਪਾਸੇ ਤਾਂ ਭੱਠਾ ਤਪਦਾ
ਉੱਤੋਂ ਸੂਰਜ ਕਹਿਰ ਕਮਾਵੇ।
ਨਾ.ਲ ਧੂੜ ਦੇ ਲੱਥ ਪੱਥ ਹੋਇਆ
ਭੋਰਾ ਹਿੱਲਿਆ ਵੀ ਨਾ ਜਾਵੇ।
ਨੀਂਦਰ ਆ ਕੇ ਘੇਰ ਹੈ ਲੈਂਦੀ
ਜਦ ਭੋਰਾ ਉਹ ਢੂਹੀ ਲਾਵੇ।

ਕੁੱਝ ਸੌਂਦੇ ਨੇ ਏ.ਸੀ. ਦੇ ਵਿੱਚ
ਗੋ.ਲੀਆਂ ਖਾ ਵੀ ਨੀਂਦ ਨਾ ਆਵੇ।
**-ਜਗਮੀਤ ਸਿੰਘ ਪੰਧੇਰ**

---

ਕਾਹਦੀ ਜ਼ਿੰਦਗੀ ਮਜ਼ਦੂਰਾਂ ਦੀ
ਥੱਕ ਟੁੱਟ ਕੇ ਹੋ ਜਾਂਦੇ ਚਕਨਾਚੂਰ
ਸੁਰਤ ਸੰਭਾਲਣ ਤੋਂ ਲੈ ਕੇ ਸਾਰਾ ਜੀਵਨ
ਦਿਹਾੜੀ ਕਰਨ ਲਈ ਮਜਬੂਰ
ਨਾ ਘਰੇ ਚੈਨ ਨਾ ਕੰਮ ਉਤੇ
ਕਿਹੋ ਜਿਹਾ ਬਣਿਆ ਦਸਤੂਰ
ਵਿਚ ਵਿਚਾਲੇ ਨੀਂਦ ਹਾਵੀ ਹੋ ਜਾਂਦੀ
ਪਤਾ ਹੀ ਨਹੀਂ ਰਹਿੰਦਾ
ਅੰਤ ਨੇੜੇ ਹੈ ਜਾਂ ਦੂਰ।
**-ਅਮਰਜੀਤ ਸਿੰਘ ਤੂਰ**
**ਫੋਨ: 98784-69639**

---

ਤਨ 'ਤੇ ਹੰਢਾਈ ਜਿਨ੍ਹਾਂ ਕਾਰਗੁਜ਼ਾਰੀ
ਜਾਣਦੇ ਓਹੀਓ ਅਨੁਭਵ ਮਜ਼ਦੂਰੀ ਦਾ
ਥਕਾਵਟ ਭੰਨਦੀ ਹੀ ਨਹੀਂ ਸਰੀਰ ਨੂੰ ਸਿਰਫ਼
ਕਰ ਦਿੰਦੀ ਹੈ ਚਕਨਾਚੂਰ
ਤੁਰਨ ਤੋਂ ਆਰੀ
ਹੋ ਨਿਢਾਲ ਡਿੱਗ ਜਾਂਦਾ ਜਦ ਜਿੱਥੇ ਵੀ ਹੈ
ਇੱਟਾਂ ਦੀ ਧਾਂਕ ਨਾਲ ਹੀ ਲਾ ਢੋਹ
ਲੁੜਕ ਜਾਂਦਾ ਸਿਰ ਸਰੀਰ ਉਧਰ ਹੀ
ਜਿੱਧਰੋਂ ਸਕੂਨ ਮਿਲਦਾ ਥੋੜ੍ਹਾ
ਵੱਜਦੇ ਰਹਿਣ ਭਾਵੇਂ ਢੋਲ ਢਮੱਕੇ
ਨੀਂਦ ਨਹੀਂ ਇਹ
ਹੱਡ ਤੋੜ ਥਕਾਵਟ ਹੈ
ਜੋ ਕਰਾਉਂਦੀ ਹੈ ਅਹਿਸਾਸ
ਜ਼ਿੰਦਾ ਰੂਹ ਨੂੰ
ਕਿਉਂ, ਕਿਵੇਂ ਢਿੱਡ ਹੈ
ਉਸਦਾ ਕੱਟਿਆ ਗਿਆ ਵੰਡ ਕਾਣੀ ਨਾਲ।
**-ਦਰਸ਼ਨ ਪਾਲ ਦੋਸਾਂਝ**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਕੀ ਖੱਟਿਆ ਅਕਾਲੀਆਂ ਨੇ ਪੰਜਾਬੀ ਸੂਬਾ ਲੈ ਕੇ

ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਲਈ ਸ਼੍ਰੋਮਣੀ ਅਕਾਲੀ ਦਲ ਨੇ ਲੰਮਾ ਅੰਦੋਲਨ ਵਿੱਢਿਆ। ਉਸ ਮਗਰੋਂ ਅਕਾਲੀ ਦਲ ਦੀਆਂ ਕਈ ਸਰਕਾਰਾਂ ਬਣੀਆਂ ਪਰ ਮਾਰਚ 2022 ਨੂੰ ਗਠਿਤ ਸੋਲ੍ਹਵੀਂ ਅਸੈਂਬਲੀ 'ਚ ਉਸ ਦੀਆਂ ਸੀਟਾਂ ਘਟ ਕੇ ਸਿਰਫ਼ 3 ਰਹਿ ਗਈਆਂ ਅਤੇ ਦੇਸ਼ ਦੀ ਅਠਾਰ੍ਹਵੀਂ ਸੰਸਦ 'ਚ ਗਿਣਤੀ ਦੀ ਸਿਰਫ਼ 1 ਸੀਟ। ਪਿਛਲੀ ਵਾਰ ਪੰਦਰ੍ਹਵੀਂ ਪੰਜਾਬ ਵਿਧਾਨ ਸਭਾ 'ਚ ਅਕਾਲੀ ਦਲ ਦੇ 15 ਵਿਧਾਇਕ ਸਨ ਅਤੇ ਸਤ੍ਹਾਰਵੀਂ ਸੰਸਦ 'ਚ ਸਿਰਫ਼ 2 ਸੰਸਦ ਮੈਂਬਰ (ਐਮ.ਪੀਜ਼.)।

ਪੰਜਾਬੀ ਸੂਬਾ ਬਣਾਉਣ ਪਿੱਛੇ ਅਕਾਲੀਆਂ ਦੀ ਸੋਚ ਸੀ ਕਿ ਇਸ ਦੇ ਗਠਨ ਨਾਲ ਪੰਜਾਬ 'ਚ ਸਿੱਖ ਅਕਸਰੀਅਤ (ਬਹੁਗਿਣਤੀ) 'ਚ ਆ ਜਾਣਗੇ। ਇਸ ਕਾਰਨ ਅਕਾਲੀਆਂ ਦਾ ਪੰਜਾਬ 'ਚ ਰਾਜ ਭਾਗ ਸਦਾ ਬਣਿਆ



**ਮਨਮੋਹਨ**
**ਫੋਨ: 82839-48811**

ਰਹੇਗਾ ਪਰ ਇਹ ਵਿਚਾਰ ਉਨ੍ਹਾਂ ਦਾ ਮੁਗ਼ਾਲਤਾ ਸੀ। ਕਾਰਨ ਇਹ ਕਿ ਸਿੱਖ ਕੋਈ ਇਕਹਿਰੀ ਪਛਾਣ ਨਹੀਂ ਸਗੋਂ ਬਹੁ-ਪਰਤੀ ਅਤੇ ਬਹੁ-ਪਾਸਾਰੀ ਪਛਾਣ ਹੈ। ਉਹ ਸਿਰਫ਼ ਅਕਾਲੀ ਨਹੀਂ ਸਗੋਂ ਉਸਦੀ ਸ਼ਮੂਲੀਅਤ ਕਈ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਵਾਲੀਆਂ ਪਾਰਟੀਆਂ 'ਚ ਰਹੀ ਹੈ।

ਪੰਜਾਬੀ ਸੂਬੇ ਪਿੱਛੇ ਕਾਰਜਸ਼ੀਲ ਵਿਚਾਰਧਾਰਾਈ ਵਰਤਾਰੇ ਨੂੰ ਸਮਝਣ ਲਈ ਇਤਿਹਾਸ ਬਾਰੇ ਜਾਣਨਾ ਜ਼ਰੂਰੀ ਹੈ ਕਿਉਂਕਿ ਅਮਰੀਕਾ ਦਾ ਨਵਮਾਰਕਸਵਾਦੀ ਚਿੰਤਕ ਫਰੈਡਰਿਕ ਜੇਮਸਨ ਕਹਿੰਦਾ ਹੈ ਕਿ ਵਰਤਮਾਨ ਨੂੰ ਸਮਝਣ ਲਈ ਇਤਿਹਾਸ ਵੱਲ ਪਰਤੋ...।

ਸੰਨ ਸੰਤਾਲੀ ਦੀ ਦੇਸ਼ ਵੰਡ ਵੇਲੇ ਸ਼੍ਰੋਮਣੀ ਅਕਾਲੀ ਦਲ ਆਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਾ ਜਮਾਤ ਸਮਝਦਾ ਸੀ। ਆਜ਼ਾਦੀ ਮਗਰੋਂ ਚੜ੍ਹਦੇ ਪੰਜਾਬ ਦਾ ਪਹਿਲਾ ਮੁੱਖ ਮੰਤਰੀ ਕਾਂਗਰਸ ਦਾ ਗੋਪੀ ਚੰਦ ਭਾਰਗਵ ਬਣਿਆ। ਅਕਾਲੀਆਂ ਦੀ ਇਹ ਇੱਛਾ ਮਨ 'ਚ ਦੱਬੀ ਰਹਿ ਗਈ ਕਿ ਜੇ ਸਾਨੂੰ 'ਸਿੱਖ ਹੋਮਲੈਂਡ' ਨਹੀਂ ਮਿਲਿਆ ਤਾਂ ਕੋਈ ਗੱਲ ਨਹੀਂ ਪਰ ਪੰਜਾਬ 'ਚ ਸਾਡਾ ਰਾਜ ਆਉਣਾ ਚਾਹੀਦਾ ਹੈ ਕਿਉਂਕਿ ਪੰਜਾਬ 'ਤੇ ਸਿੱਖਾਂ ਦਾ ਪਹਿਲਾ ਹੱਕ ਹੈ। 1967 ਤੱਕ ਪੰਜਾਬ 'ਚ ਅੱਗੜ-ਪਿੱਛੜ ਕਾਂਗਰਸ ਦੇ ਹੀ ਮੁੱਖ ਮੰਤਰੀ ਬਣਦੇ ਰਹੇ ਜਿਵੇਂ ਭਾਰਗਵ ਤੋਂ ਬਾਅਦ ਭੀਮ ਸੈਨ ਸੱਚਰ, ਪ੍ਰਤਾਪ ਸਿੰਘ ਕੈਰੋਂ, ਰਾਮ ਕਿਸ਼ਨ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਆਦਿ। ਆਜ਼ਾਦੀ ਤੋਂ ਵੀਹ ਸਾਲ ਤੱਕ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਸੱਤਾ 'ਚ ਨਹੀਂ ਆਇਆ। ਇਸ ਸਭ ਕੁਝ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਅੰਦਰੋਂ-ਅੰਦਰ ਇਹ ਅਹਿਸਾਸ ਹੋਣ ਲੱਗਿਆ ਕਿ ਜਿੰਨੀ ਦੇਰ ਤੱਕ ਪੰਜਾਬ 'ਚ ਹਿੰਦੂ ਅਕਸਰੀਅਤ ਹਨ, ਓਨੀ ਦੇਰ ਤੱਕ ਉਨ੍ਹਾਂ ਦਾ ਕਥਿਤ ਸਿੱਖ ਰਾਜ ਆਉਣਾ ਸੰਭਵ ਨਹੀਂ।

ਇਸ ਦੌਰਾਨ ਪਹਿਲੀ ਨਵੰਬਰ 1956 ਨੂੰ ਪੈਪਸੂ ਦਾ ਪੰਜਾਬ ਰਾਜ ਵਿਚ ਰਲੇਵਾਂ ਕਰ ਦਿੱਤਾ ਗਿਆ। ਉਸ ਵੇਲੇ ਪੈਪਸੂ ਦੇ ਰਾਜ ਪ੍ਰਮੁੱਖ ਮਹਾਰਾਜਾ ਯਾਦਵਿੰਦਰ ਸਿੰਘ ਸਨ ਅਤੇ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ। ਪੰਜਾਬੀ ਸੂਬੇ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੜੇ ਗਏ ਲੰਮੇ ਅੰਦੋਲਨ ਮਗਰੋਂ ਪਹਿਲੀ ਨਵੰਬਰ 1966 ਨੂੰ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬ ਰਾਜ ਦਾ ਪੁਨਰਗਠਨ ਹੋਇਆ। ਪੰਜਾਬ ਰਾਜ ਬਣਨ ਤੋਂ ਬਾਅਦ ਹਰਿਆਣਾ ਦੇਸ਼ ਦਾ 17ਵਾਂ ਸੂਬਾ ਸਵੈ-ਸਿੱਧ ਹੀ ਬਣ ਗਿਆ। ਪੰਜਾਬ ਸਿਰਫ਼ ਤੇਰ੍ਹਾਂ ਜ਼ਿਲ੍ਹਿਆਂ ਦਾ ਇਕ ਛੋਟਾ ਜਿਹਾ ਸੂਬਾ ਬਣ ਗਿਆ ਜੋ ਵਾਹਗੇ ਤੋਂ ਰਾਜਪੁਰੇ ਤੱਕ ਸਾਢੇ ਚਾਰ ਘੰਟਿਆਂ 'ਚ ਤੈਅ ਹੋ ਜਾਂਦਾ ਹੈ। ਕਾਂਗੜਾ ਜ਼ਿਲ੍ਹਾ ਜੋ ਪੰਜਾਬ ਦਾ ਹਿੱਸਾ ਸੀ, ਉਹ ਹਿਮਾਚਲ ਪ੍ਰਦੇਸ਼ 'ਚ ਚਲਿਆ ਗਿਆ।

1947 ਤੋਂ ਪਹਿਲਾਂ ਪੰਜਾਬ ਦਾ ਖੇਤਰਫਲ 2,56,0000 ਵਰਗ ਕਿਲੋਮੀਟਰ ਸੀ ਜੋ 1947 ਦੀ ਦੇਸ਼ਵੰਡ ਮਗਰੋਂ ਘਟ ਕੇ ਚੜ੍ਹਦੇ ਪੰਜਾਬ ਵਿਚ, ਕੁੱਲ ਖੇਤਰਫਲ ਦਾ 47.85 ਫ਼ੀਸਦੀ, ਭਾਵ 1,22,000 ਵਰਗ ਕਿਲੋਮੀਟਰ ਰਹਿ ਗਿਆ। ਪਹਿਲੀ ਨਵੰਬਰ 1966 ਵਿਚ ਇਹ ਖੇਤਰਫਲ ਘਟ ਕੇ ਕੁੱਲ ਖੇਤਰ ਦਾ 19.6 ਫ਼ੀਸਦੀ ਭਾਵ 50,362 ਕਿਲੋਮੀਟਰ ਰਹਿ ਗਿਆ।

ਪੰਜਾਬ ਬਾਰੇ ਅੱਜ ਗੱਲ ਕਰਦੇ ਹਾਂ ਤਾਂ ਸਵਾਲ ਉੱਠਦਾ ਹੈ ਕਿ ਕਿਹੜੇ ਪੰਜਾਬ ਦੀ ਗੱਲ ਕੀਤੀ ਜਾਵੇ? ਕੀ ਸਪਤਸਿੰਧੂ ਵਾਲੇ ਪੰਜਾਬ ਦੀ ਗੱਲ ਕੀਤੀ ਜਾਵੇ? ਪੰਜ ਦਰਿਆਵਾਂ ਵਾਲੇ ਪੰਜਾਬ ਦੀ ਗੱਲ ਕੀਤੀ ਜਾਵੇ? ਕੀ ਇਬਨ-ਏ-ਬਤੂਤਾ ਵਾਲੇ ਪੰਜਾਬ ਬਾਰੇ ਸੋਚਿਆ ਜਾਵੇ? ਮੁਗ਼ਲਾਂ ਵਾਲੇ ਸੂਬਾ ਲਾਹੌਰ ਜਾਂ ਸੂਬਾ ਸਰਹਿੰਦ ਦਾ ਚਰਚਾ ਕੀਤਾ ਜਾਵੇ? ਕੀ 'ਸਰਕਾਰ-ਏ-ਖ਼ਾਲਸਾ' ਵਾਲੇ ਫਿਲੌਰ ਤੋਂ ਪਿਸ਼ਾਵਰ ਤੱਕ ਫੈਲੇ ਪੰਜਾਬ ਦੀ ਗੱਲ ਕੀਤੀ ਜਾਵੇ? ਕੀ ਅੰਗਰੇਜ਼ਾਂ ਦੇ ਅਟਕ ਤੋਂ ਦਿੱਲੀ ਤੱਕ ਫੈਲੇ ਪੰਜਾਬ ਦਾ ਜ਼ਿਕਰ ਕੀਤਾ ਜਾਵੇ? ਕੀ 1966 ਤੋਂ ਬਾਅਦ ਦੇ ਢਾਈ ਦਰਿਆਵਾਂ ਵਾਲੇ ਪੰਜਾਬ ਦੀ ਗੱਲ ਕੀਤੀ ਜਾਵੇ? ਕੀ ਕਾਰਨ ਸਨ ਕਿ ਏਡਾ ਵੱਡਾ ਪੰਜਾਬ ਅੱਜ ਛੋਟੇ ਛੋਟੇ ਤੇਈ ਜ਼ਿਲ੍ਹਿਆਂ ਵਾਲਾ ਪੰਜਾਬ ਹੋ ਗਿਆ? ਅੱਜ ਦੇ ਇਸ ਸੁੰਗੜੇ ਪੰਜਾਬ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਮੜ੍ਹੀ ਜਾਵੇ, ਇਸ ਬਾਰੇ ਸੋਚਣਾ ਅੱਜ ਬਹੁਤ ਜ਼ਰੂਰੀ ਹੈ?


ਪੰਜਾਬ 'ਚ ਭਾਸ਼ਾ ਸਬੰਧੀ ਮਸਲਿਆਂ ਅਤੇ ਇਸ ਨਾਲ ਜੁੜੀ ਸਿਆਸਤ ਦੀ ਸ਼ੁਰੂਆਤ ਅੰਗਰੇਜ਼ਾਂ ਦੀ ਆਮਦ ਨਾਲ ਹੋਈ। ਇਸ ਝਗੜੇ ਨੂੰ ਮਿਟਾਉਣ ਲਈ ਲਾਰਡ ਟੀ.ਬੀ. ਮੈਕਾਲੇ ਨੇ ਫਰਵਰੀ 1835 ਦੀ 'ਦਿ ਮਿਨਟਸ ਆਫ਼ ਐਜੂਕੇਸ਼ਨ' ਰਿਪੋਰਟ ਸੌਂਪੀ। ਇਸ ਰਿਪੋਰਟ ਨਾਲ ਨਾ ਸਿਰਫ਼ ਸੰਸਕ੍ਰਿਤ, ਅਰਬੀ, ਫ਼ਾਰਸੀ ਦਾ ਹੀ ਸਗੋਂ ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਸਮੇਤ ਪੰਜਾਬੀ ਦਾ ਵੀ ਬਹੁਤ ਨੁਕਸਾਨ ਹੋਇਆ। ਆਉਣ ਵਾਲੇ ਸਮਿਆਂ ਵਿਚ ਪੰਜਾਬ 'ਚ ਅੰਗਰੇਜ਼ਾਂ ਦੇ ਰਾਜ 'ਚ ਇਸਾਈਅਤ ਦੇ ਵਧ ਰਹੇ ਪ੍ਰਭਾਵ ਨੂੰ ਠੱਲ੍ਹ ਪਾਉਣ ਵਾਸਤੇ ਆਰੀਆ ਸਮਾਜ, ਸਿੰਘ ਸਭਾ ਲਹਿਰ ਅਤੇ ਮੁਸਲਿਮ ਅਲੀਗੜ੍ਹ ਮੂਵਮੈਂਟ ਕਾਰਨ ਭਾਸ਼ਾਵਾਂ ਦਾ ਵੀ ਧਾਰਮਿਕੀਕਰਨ ਹੋਣ ਲੱਗਾ ਤਾਂ ਪੰਜਾਬੀ ਨੂੰ ਸਿੱਖਾਂ, ਉਰਦੂ ਨੂੰ ਮੁਸਲਮਾਨਾਂ ਅਤੇ ਹਿੰਦੀ ਨੂੰ ਹਿੰਦੂਆਂ ਦੀ ਭਾਸ਼ਾ ਗਰਦਾਨ ਦਿੱਤਾ ਗਿਆ। ਭਾਸ਼ਾ ਦੇ ਨਾਲ ਨਾਲ ਲਿੱਪੀਆਂ ਦਾ ਵੀ ਧਾਰਮਿਕੀਕਰਨ ਹੋ ਗਿਆ। ਗੁਰਮੁਖੀ ਸਿੱਖਾਂ, ਦੇਵਨਾਗਰੀ ਹਿੰਦੂਆਂ ਅਤੇ ਫ਼ਾਰਸੀ-ਅਰਬੀ ਲਿੱਪੀ ਮੁਸਲਮਾਨਾਂ ਦੀ ਹੋ ਗਈ।

ਅੰਗਰੇਜ਼ਾਂ ਨੇ ਹਿੰਦੋਸਤਾਨੀ ਸਮਾਜ ਦੀ ਸੰਰਚਨਾ ਨੂੰ ਸਮਝਣ ਹਿੱਤ ਸਭ ਤੋਂ ਪਹਿਲਾਂ 1831 ਵਿਚ ਜਨਗਣਨਾ ਕਰਵਾਈ। ਇਸ ਦਾ ਮਕਸਦ ਦੇਸ਼ ਦੀ ਜਨਸੰਖਿਆ ਜਾਣਨਾ ਸੀ, ਪਰ ਸਭ ਤੋਂ ਮਹੱਤਵਪੂਰਨ ਮਰਦਮਸ਼ੁਮਾਰੀ 1871 ਦੀ ਸੀ। ਇਸ ਵਿਚ ਧਰਮ ਅਤੇ ਜਾਤ ਦਾ ਇੰਦਰਾਜ ਸ਼ਾਮਿਲ ਕਰ ਦਿੱਤਾ ਗਿਆ। ਹਿੰਦੋਸਤਾਨੀ ਸਮਾਜ ਵਿਚ ਧਰਮ ਦੇ ਆਧਾਰ 'ਤੇ ਦੂਜੇ ਨੂੰ ਦੇਖਣ ਦੀ ਸਮਝ ਦੀ ਸ਼ੁਰੂਆਤ ਹੋਈ। ਇਸ ਤੋਂ ਪਹਿਲਾਂ ਧਰਮ ਸਨ, ਧਾਰਮਿਕ ਲੜਾਈਆਂ ਵੀ ਸਨ ਪਰ ਧਰਮ ਦੇ ਆਧਾਰ 'ਤੇ ਦੂਜੇਪਣ ਦਾ ਘਿਣਾਉਣਾ ਰੂਪ ਸਾਹਮਣੇ ਨਹੀਂ ਸੀ ਆਇਆ। ਬਾਅਦ ਵਿਚ ਕੁਝ ਸਾਲਾਂ ਵਿਚ ਹੀ ਇਸੇ ਦੂਜੇਪਣ ਦੇ ਆਧਾਰ 'ਤੇ 'ਦੋ ਕੌਮਾਂ ਦਾ ਸਿਧਾਂਤ' ਸਾਹਮਣੇ ਆਇਆ ਜਿਸ ਨੂੰ ਅੰਗਰੇਜ਼ਾਂ ਨੇ ਸ਼ਹਿ ਦੇ ਕੇ ਸਦਾ ਮਘਾਈ ਰੱਖਿਆ। ਇਸੇ ਦਾ ਨਤੀਜਾ ਭਾਰਤ ਪਾਕਿਸਤਾਨ ਦੀ ਵੰਡ ਦੇ ਰੂਪ ਵਿਚ ਸਾਹਮਣੇ ਆਇਆ। ਇਹ ਅੰਗਰੇਜ਼ ਦਾ ਹਿੰਦੋਸਤਾਨ ਨੂੰ ਧਰਮ ਦੇ ਆਧਾਰ 'ਤੇ ਕੋਲੋਨਾਈਜ਼ ਕਰਨ ਦਾ ਸ਼ਾਤਿਰ ਤਰੀਕਾ ਸੀ। ਇਸ ਨੀਤੀ ਦਾ ਸਭ ਤੋਂ ਵੱਧ ਸ਼ਿਕਾਰ ਪੰਜਾਬ ਹੋਇਆ।

ਹਿੰਦੋਸਤਾਨ ਦੇ ਤਿੰਨਾਂ ਮੁੱਖ ਧਰਮਾਂ ਭਾਵ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਵਿਚ ਇਸਾਈਅਤ ਵੱਲੋਂ ਕੀਤੇ ਜਾ ਰਹੇ ਧਰਮ ਪਰਿਵਰਤਨ ਨੂੰ ਰੋਕਣ ਲਈ ਅਤੇ ਆਪੋ-ਆਪਣੇ ਧਰਮਾਂ ਤੇ ਪਛਾਣਾਂ ਨੂੰ ਬਚਾਉਣ ਦੀ ਧਰਮ ਸੁਧਾਰਕ ਭਾਵਨਾ ਦੀ ਪੁੱਠ ਚੜ੍ਹੀ ਰਾਜਨੀਤੀ ਦੇ ਆਰੰਭ ਹਿੱਤ 'ਸਿੰਘ ਸਭਾ ਲਹਿਰ' ਦਾ ਗਠਨ 1873 ਵਿਚ, ਅਲੀਗੜ੍ਹ ਮੁਸਲਿਮ ਮੂਵਮੈਂਟ ਦਾ ਗਠਨ 1875 ਵਿਚ ਅਤੇ ਆਰੀਆ ਸਮਾਜ ਦਾ ਗਠਨ 1881 ਵਿਚ ਹੋਇਆ। ਉਦੋਂ ਅੰਗਰੇਜ਼ਾਂ ਨੇ ਫ਼ਿਰਕੂ ਘੁਣਤਰੀ ਲਕੀਰਾਂ ਦਾ ਲਾਹਾ ਲੈਂਦਿਆਂ ਬਸਤੀਕਰਨ ਕਰਨਾ ਸ਼ੂਰੂ ਕੀਤਾ ਜਿਸ ਦਾ ਸਭ ਤੋਂ ਪਹਿਲਾਂ ਅਤੇ ਸਾਰਿਆਂ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਇਆ। ਇਸ ਫ਼ਿਰਕੂ ਰਾਜਨੀਤੀ ਨੂੰ ਨਵਾਂ ਮੋੜ ਉਦੋਂ ਵੀ ਮਿਲਿਆ ਜਦੋਂ ਸਿੰਘ ਸਭਾ ਲਹਿਰ ਨੇ ਸਿੱਖੀ ਦੀ ਹੋਂਦ ਬਚਾਉਣ ਦੇ ਏਜੰਡੇ ਹੇਠ ਸੰਨ 1920 ਵਿਚ ਮਹੰਤਾਂ ਖ਼ਿਲਾਫ਼ ਗੁਰਦੁਆਰਾ ਸੁਧਾਰ ਲਹਿਰ ਚਲਾਈ। ਇਸ ਦੀ ਪਿੱਠਭੂਮੀ 'ਚ 1905 'ਚ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੇ ਭਾਈ ਕਾਹਨ ਸਿੰਘ ਨਾਭਾ ਦੀ ਸਿਧਾਂਤਕ-ਰਾਜਨੀਤਕ ਸੂਝ ਦੀ ਰਹਿਨੁਮਾਈ ਹੇਠ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਪਈਆਂ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਹਟਾਉਣ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਚਿੱਠੀ ਲਿਖੀ। 1920 'ਚ ਬਣੇ ਅਕਾਲੀ ਦਲ ਵੱਲੋਂ ਵਿੱਢੀ ਗੁਰਦੁਆਰਾ ਸੁਧਾਰ ਲਹਿਰ ਦਾ ਅੰਤ ਸਿੱਖ



*ਸੰਤ ਫਤਿਹ ਸਿੰਘ*



*ਮਾਸਟਰ ਤਾਰਾ ਸਿੰਘ*

ਗੁਰਦੁਆਰਾ ਐਕਟ 1925 ਨਾਲ ਹੋਇਆ। ਇਸ ਕਾਨੂੰਨ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ। ਅੰਗਰੇਜ਼ਾਂ ਨੇ ਬੜੀ ਬਾਰੀਕਬੀਨੀ ਨਾਲ ਸਿੱਖ ਸਭਿਆਚਾਰਕ ਕਦਰਾਂ ਵਿਚ ਪੱਛਮੀ ਲੋਕਤੰਤਰ ਪੱਧਤੀ ਦੀ ਪੁੱਠ ਚਾੜ੍ਹ ਦਿੱਤੀ ਕਿ ਸ਼੍ਰੋਮਣੀ ਕਮੇਟੀ 'ਚ ਸਿੱਖਾਂ ਦੇ ਸਿੱਖ ਸੰਗਤ ਵੱਲੋਂ ਚੁਣੇ ਨੁਮਾਇੰਦੇ ਹੀ ਹੋਣਗੇ। ਸਿੱਖ ਧਰਮ ਕੋਲ ਆਪਣਾ ਧਰਮ ਅਤੇ ਰਾਜਨੀਤੀ ਦੇ ਸੰਤੁਲਨ ਦਾ ਦ੍ਰਿਸ਼ਟੀਕੋਣ ਸੀ ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ 'ਮੀਰੀ ਪੀਰੀ' ਦੇ ਸੰਕਲਪ ਨਾਲ ਸ਼ੁਰੂ ਕੀਤਾ ਸੀ ਜੋ ਸਮੇਂ ਨਾਲ;

'ਦੋ ਤਲਵਾਰਾਂ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ

ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰੀ ਦੀ'

ਦੀ ਸਮਝ ਹੇਠ ਸਿੱਖ ਰਹਿਤਲ ਦਾ ਖਾਸਾ ਬਣ ਗਿਆ ਸੀ। ਇਸ ਵਿਚ ਸੰਗਤ ਦੀ ਭੂਮਿਕਾ ਦੇ ਨਾਲ ਨਾਲ ਸਰਬੱਤ ਖ਼ਾਲਸਾ ਦੀ ਪਰੰਪਰਾ ਬੜੀ ਮਹੱਤਵਪੂਰਨ ਸੀ ਪਰ ਅੰਗਰੇਜ਼ਾਂ ਦੇ ਪੱਛਮੀ ਜਮਹੂਰੀ ਲਬਾਦੇ ਨੇ ਬੜੀ ਸ਼ਾਤਿਰਤਾ ਨਾਲ ਇਸ 'ਚ ਘੁਸਪੈਠ ਕੀਤੀ। ਸਿੱਖ ਸੰਗਤ ਨੂੰ ਅੱਗਿਓਂ ਅੰਮ੍ਰਿਤਧਾਰੀ, ਕੇਸਧਾਰੀ, ਸਹਿਜਧਾਰੀ, ਨਾਨਕ ਨਾਮ ਲੇਵਾ (ਜਿਵੇਂ ਸਿੰਧੀ ਅਤੇ ਹਿੰਦੂ ਖੱਤਰੀ) ਅਤੇ ਪਤਿਤ ਦੇ ਕਈ ਵਰਗਾਂ ਵਿਚ ਵੰਡ ਕੇ 'ਸਿੱਖ' ਤੋਂ 'ਵੋਟਰ' ਤੱਕ ਘਟਾ ਕੇ ਉਸ ਦੀ ਸ਼ਰਧਾ-ਆਸਥਾ ਨੂੰ 'ਵੋਟ' ਵਿਚ ਬਦਲ ਦਿੱਤਾ। ਇਸ ਨਾਲ ਸਿੱਖਾਂ ਦੇ ਅੰਦਰ ਹੀ ਵੰਡ ਦਰ ਵੰਡ ਪੈ ਗਈ ਜੋ ਅੱਗੇ ਧੜੇਬੰਦੀਆਂ ਦਾ ਆਧਾਰ ਬਣੀ। ਇਹ ਧੜੇਬੰਦੀ ਅਤੇ ਲੜਾਈ ਬਾਅਦ ਵਿਚ ਦਿੱਲੀ ਗੁਰਦੁਵਾਰਾ ਮੈਨੇਜਮੈਂਟ ਕਮੇਟੀ ਅਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਸਾਹਮਣੇ ਆਈ। ਭਾਵੇਂ ਸਿੱਖਾਂ ਦੀ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਦੀ ਮੁੱਖ ਮੰਗ ਅਜੇ ਲੰਬਿਤ ਹੈ।

ਅੰਗਰੇਜ਼ਾਂ ਦੀ ਬਸਤੀਵਾਦੀ ਨੀਤੀ ਨੇ ਨਾ ਸਿਰਫ਼ ਪੰਜਾਬ ਵਿਚ ਮੁਸਲਮਾਨ ਤੇ ਹਿੰਦੂ+ਸਿੱਖਾਂ ਵਿਚ ਪਾੜ ਪਾਇਆ ਸਗੋਂ ਅੰਦਰਖਾਤੇ ਹਿੰਦੂ ਤੇ ਸਿੱਖਾਂ ਵਿਚ ਵੀ ਪਾੜ ਦਾ ਬੀਜ ਉਦੋਂ ਹੀ ਬੀਜਿਆ ਗਿਆ ਜਦ ਅੰਮ੍ਰਿਤਸਰ ਸ਼ਹਿਰ ਦੀ ਹਿੰਦੂ ਮਹਾਸਭਾ ਨੇ 1925 'ਚ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚੋਂ ਸਿੰਘ ਸਭਾ ਦੇ ਦਬਾ" ਹੇਠ ਹਟਾਈਆਂ ਮੂਰਤੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਆਰਕੀਟੈਕਚਰ ਵਰਗਾ ਦੁਰਗਿਆਣਾ ਮੰਦਰ ਬਣਾ ਕੇ ਉਸ ਵਿਚ ਸਥਾਪਤ ਕਰ ਦਿੱਤੀਆਂ। ਇਹੋ ਅੰਤਰੀਵੀ ਧਾਰਮਿਕ ਵਿਰੋਧ ਆਉਣ ਵਾਲੇ ਸਮਿਆਂ ਵਿਚ ਹਿੰਦੂ ਸਿੱਖ ਵਿਰੋਧ ਦੇ ਰੂਪ ਵਿਚ ਪੰਜਾਬੀ ਸੂਬੇ ਵੇਲੇ ਪ੍ਰਗਟ ਹੋਇਆ ਜਦ ਹਿੰਦੂ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਈ।

ਅੰਗਰੇਜ਼ਾਂ ਦਾ ਧਰਮ ਦੇ ਆਧਾਰ 'ਤੇ ਘੜੇ 'ਦੋ ਕੌਮਾਂ ਦੇ ਸਿਧਾਂਤ' ਦਾ ਨਤੀਜਾ ਇਹ ਨਿਕਲਿਆ ਕਿ ਹਿੰਦੋਸਤਾਨ ਅਤੇ ਪਾਕਿਸਤਾਨ ਨੂੰ ਧਰਮਾਂ ਦੇ ਆਧਾਰ 'ਤੇ ਤਾਂ ਆਜ਼ਾਦੀ ਮਿਲ ਗਈ ਪਰ ਪੰਜਾਬ ਅਤੇ ਬੰਗਾਲ ਨੂੰ ਅਣਚਾਹੀ ਵੰਡ ਝੱਲਣੀ ਪਈ। ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ ਅਤੇ ਹਿੰਦੂਆਂ ਨੂੰ ਭਾਰਤ ਪਰ ਸਿੱਖਾਂ ਦੇ ਮਨ 'ਚ ਇਹ ਟੀਸ ਸਦਾ ਕਾਇਮ ਰਹੀ ਕਿ ਉਹ 'ਸਿੱਖ ਹੋਮਲੈਂਡ' ਤੋਂ ਵਿਰਵੇ ਰਹਿ ਗਏ। ਦਰਅਸਲ, ਪੰਜਾਬੀ ਸੂਬੇ ਦੀ ਮੰਗ ਅਤੇ ਸਥਾਪਤੀ ਲਈ ਅੰਦੋਲਨ ਪਿੱਛੇ ਲੁਕਵੇਂ ਰੂਪ ਵਿਚ ਇਹੋ ਟੀਸ ਤੇ ਵਿਰਵੇਪਣ ਦਾ ਅਹਿਸਾਸ ਹੈ।

ਸੰਨ ਸੰਤਾਲੀ 'ਚ ਦੋਵੇਂ ਪਾਸੇ ਦੇ ਪੰਜਾਬ 'ਚ ਵਢਾਂਗਾ ਅਤੇ ਉਜਾੜਾ ਹੋਇਆ। ਇਸ ਦੀ ਪਹਿਲਾਂ ਸ਼ੁਰੂਆਤ ਜਨਵਰੀ 1945-ਮਾਰਚ 1947 ਦਰਮਿਆਨ ਵਾਪਰੀਆਂ ਫ਼ਿਰਕੂ ਤਣਾਅ ਦੀਆਂ ਘਟਨਾਵਾਂ ਨਾਲ ਹੋਈ। ਫਿਰ ਇਹ ਤਣਾਅ ਹੌਲੀ ਹੌਲੀ ਖ਼ੂਨੀ ਟਕਰਾ" ਵਿਚ ਬਦਲਦਾ ਗਿਆ। ਇਸ ਫ਼ਿਰਕੂ ਟਕਰਾਅ ਦਾ ਦੂਜਾ ਦੌਰ ਅਪਰੈਲ 1947 ਤੋਂ 14 ਅਗਸਤ 1947 ਤੱਕ ਵਾਪਰਿਆ। ਤੀਜਾ ਤੇ ਅੰਤਿਮ ਦੌਰ ਸੰਪਰਦਾਇਕ ਸਫ਼ਾਏ ਦਾ ਸੀ ਜੋ 15 ਅਗਸਤ ਤੋਂ ਦਸੰਬਰ ਦੇ ਆਖ਼ਰੀ ਸਮੇਂ ਤੱਕ ਵਾਪਰਿਆ। ਪੰਜਾਬ ਵਿਚ ਦੋਹਾਂ ਮੁਲਕਾਂ ਦਰਮਿਆਨ ਆਲਮੀ ਸਰਹੱਦ ਨਿਸ਼ਚਿਤ ਕਰਨ ਵਾਲੇ ਰੈਡਕਲਿਫ ਫ਼ੈਸਲੇ ਦਾ ਜਨਤਕ ਐਲਾਨ 17 ਅਗਸਤ ਨੂੰ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬ 'ਚ ਦੋਵੇਂ ਪਾਸੇ ਕਤਲੇਆਮ ਹੋਣ ਲੱਗੇ ਜੋ ਨਸਲਕੁਸ਼ੀ ਦੀ ਹੱਦ ਤੱਕ ਪਹੁੰਚ ਗਏ। ਇਸ ਦੇ ਪ੍ਰਤੀਕਰਮ ਵਜੋਂ ਬਾਅਦ ਵਿਚ ਪੂਰਬੀ ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਨਾਲ ਨਾਲ ਪੂਰਬੀ ਪੰਜਾਬ ਦੀਆਂ ਰਜਵਾੜਾਸ਼ਾਹੀ ਰਿਆਸਤਾਂ ਵਿਚੋਂ ਬਹੁਤ ਵੱਡੇ ਪੱਧਰ 'ਤੇ ਮੁਸਲਮਾਨਾਂ ਦਾ ਉਜਾੜਾ, ਨਸਲਕੁਸ਼ੀ ਅਤੇ ਸੰਪਰਦਾਇਕ ਸਫ਼ਾਇਆ ਹੋਇਆ। ਇਨ੍ਹਾਂ ਕਾਰਵਾਈਆਂ ਪਿੱਛੇ ਰਿਆਸਤਾਂ ਦੇ ਰਜਵਾੜਿਆਂ, ਅਕਾਲੀ ਜਥੇਦਾਰਾਂ ਦੀ ਪ੍ਰਤੱਖ ਅਪ੍ਰਤੱਖ ਸ਼ਹਿ ਦੇ ਚਰਚੇ ਮਗਰੋਂ ਭਾਰਤ ਅਤੇ ਪਾਕਿਸਤਾਨ 'ਚ ਲਿਖੀਆਂ ਇਤਿਹਾਸ ਦੀਆਂ ਕਈ ਕਿਤਾਬਾਂ 'ਚ ਅਕਸਰ ਮਿਲਦੇ ਹਨ। ਸਿੱਖਾਂ ਦੇ ਮਨ 'ਚ ਆਪਣਾ ਸਿੱਖ ਰਾਜ ਨਾ ਮਿਲਣ ਦਾ ਮਲਾਲ ਸੀ। ਪੰਜਾਬ ਵਿਚ ਸਿੱਖਾਂ ਦਾ ਦਬਦਬਾ ਤਾਂ ਹੀ ਕਾਇਮ ਹੋ ਸਕਦਾ ਸੀ ਜੇ ਸਾਰੇ ਮੁਸਲਮਾਨ ਪਾਕਿਸਤਾਨ 'ਚ ਜ਼ਬਰਦਸਤੀ ਧੱਕ ਦਿੱਤੇ ਜਾਂਦੇ। ਇਸ ਖ਼ਾਤਰ ਡਰ ਅਤੇ ਭੈਅ ਪੈਦਾ ਕਰਨ ਲਈ ਵਢਾਂਗਾ ਅਤੇ ਨਸਲੀ ਸਫ਼ਾਇਆ ਜ਼ਰੂਰੀ ਸੀ। ਇਸ ਦੇ ਨਤੀਜੇ ਵਜੋਂ ਪੰਜ-ਛੇ ਕੁ ਲੱਖ ਦੇ ਕਰੀਬ ਗ਼ਰੀਬ-ਗ਼ੁਰਬਾ ਮੁਸਲਮਾਨ ਜਿਸ 'ਚ ਤੇਲੀ, ਨਾਈ, ਘੁਮਿਆਰ, ਅਰਾਈਂ, ਦਰਜ਼ੀ ਆਦਿ ਸ਼ਾਮਿਲ ਸਨ, ਮਾਰ ਦਿੱਤੇ ਗਏ।

ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬ 'ਚ ਦੋ ਤਰ੍ਹਾਂ ਦਾ ਰਾਜ ਸੀ। ਪੈਪਸੂ ਅਧੀਨ ਪੰਜਾਬ ਦੀਆਂ ਰਿਆਸਤਾਂ ਦਾ ਗਠਬੰਧਨ ਬਣਾਇਆ ਗਿਆ ਜਿਸ ਦਾ ਰਾਜ ਪ੍ਰਮੁੱਖ ਪਟਿਆਲਾ ਦਾ ਮਹਾਰਾਜਾ ਯਾਦਵਿੰਦਰ ਸਿੰਘ ਸੀ ਅਤੇ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ। ਸਿੱਖਾਂ ਖ਼ਾਸਕਰ ਅਕਾਲੀਆਂ ਦੀ ਆਸ 'ਤੇ ਉਦੋਂ ਪਾਣੀ ਫਿਰ ਗਿਆ ਜਾਪਣ ਲੱਗਾ। ਦਿੱਲੀ 'ਚ ਸੀਨੀਅਰ ਅਕਾਲੀ ਜਥੇਦਾਰਾਂ ਦੀ ਡਾ. ਭੀਮ ਰਾ" ਅੰਬੇਡਕਰ ਨਾਲ ਇਕ ਮੁਲਾਕਾਤ ਵਿਚ 'ਸਿੱਖ ਹੋਮਲੈਂਡ' ਦੇ ਮਸਲੇ 'ਤੇ ਵਿਚਾਰ ਹੋਈ ਤਾਂ ਡਾ. ਅੰਬੇਡਕਰ ਨੇ ਸੁਝਾਅ ਦਿੱਤਾ ਸੀ ਕਿ ਅਕਾਲੀਆਂ ਨੇ ਜੇ ਪੰਜਾਬ ਵਿਚ ਆਪਣੀ ਵਜ਼ਾਰਤ ਬਣਾਉਣੀ ਹੈ ਤਾਂ ਪੰਜਾਬੀ ਸੂਬੇ ਦੀ ਮੰਗ ਉਠਾਉਣ। ਇਹ ਸੁਝਾਅ ਅਕਾਲੀ ਜਥੇਦਾਰਾਂ ਨੂੰ ਰਾਸ ਆ ਗਿਆ ਤਾਂ ਉਨ੍ਹਾਂ ਨੇ ਪੰਜਾਬੀ ਸੂਬੇ ਦਾ ਮੋਰਚਾ ਸ਼ੁਰੂ ਕਰ ਦਿੱਤਾ। ਪੰਜਾਬ 'ਚ ਹਿੰਦੂ-ਸਿੱਖਾਂ, ਜੋ ਵੰਡ ਤੋਂ ਪਹਿਲਾਂ ਮੁਸਲਮਾਨਾਂ ਵਿਰੁੱਧ ਇਕੱਠੇ ਸਨ, ਦਰਮਿਆਨ ਹੁਣ ਭਾਸ਼ਾ ਦੇ ਆਧਾਰ 'ਤੇ ਪਾੜਾ ਵਧਣ ਲੱਗਾ ਕਿਉਂਕਿ ਭਾਸ਼ਾ ਦੇ ਆਧਾਰ 'ਤੇ ਹੋਈ ਮਰਦਮਸ਼ੁਮਾਰੀ ਵਿਚ ਜਨਸੰਘ, ਆਰੀਆ ਸਮਾਜ ਅਤੇ ਕਾਂਗਰਸ ਦੇ ਪ੍ਰਭਾਵ ਅਧੀਨ ਪੰਜਾਬ ਦੇ ਕਈ ਹਿੰਦੂਆਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ। ਇਸ ਕਾਰਨ ਬਹੁਤੇ ਸਿੱਖ ਇਲਾਕੇ ਹਰਿਆਣਾ 'ਚ ਜਾਣ ਕਰਕੇ ਪੰਜਾਬੀ ਸੂਬੇ ਤੋਂ ਬਾਹਰ ਰਹਿ ਗਏ। ਅੰਤ 1 ਨਵੰਬਰ 1966 ਨੂੰ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਹੋਇਆ। ਪੰਜਾਬ ਵਿਚੋਂ ਹੀ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਭਾਰਤ ਦੇ ਨਵੇਂ ਪ੍ਰਦੇਸ਼ ਬਣੇ। ਪੰਜਾਬ ਦੇ ਜਿਹੜੇ ਹਿੰਦੂ ਸਿੱਖ ਧਰਮ ਦੇ ਆਧਾਰ 'ਤੇ ਪਾਕਿਸਤਾਨ ਦੇ ਵਿਚਾਰ ਵਿਰੁੱਧ ਮੁਸਲਮਾਨਾਂ ਖਿਲਾਫ਼ ਮਿਲ ਕੇ ਲੜੇ ਸਨ, ਹੁਣ ਉਹੀ ਆਪਸ ਵਿਚ ਭਾਸ਼ਾ ਦੇ ਆਧਾਰ 'ਤੇ ਲੜ ਮਰੇ ਅਤੇ ਇਹ ਲੜਾਈ ਅੰਦਰਖਾਤੇ ਅਜੇ ਵੀ ਸੁਲਗ਼ ਰਹੀ ਹੈ।

ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬ ਵਿਚ ਅਕਾਲੀ ਦਲ ਦੀ ਪੰਜ ਛੇ ਵਾਰ ਸਰਕਾਰ ਬਣੀ। ਪਹਿਲੀ ਸਰਕਾਰ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਸੀਪੀਆਈ ਨਾਲ ਗੱਠਜੋੜ ਦੀ ਬਣੀ। ਦੂਜੀ ਵਾਰ ਭਾਰਤੀ ਜਨਸੰਘ ਨਾਲ ਮਿਲ ਕੇ ਸਰਕਾਰ ਬਣੀ। ਤੀਜੀ ਵਾਰ ਪ੍ਰਕਾਸ਼ ਸਿੰਘ ਬਾਦਲ ਨੇ ਜਨਸੰਘ ਨਾਲ ਮਿਲ ਕੇ ਸਰਕਾਰ ਬਣਾਈ। ਫਿਰ ਇਕ ਵਾਰ ਸ਼੍ਰੋਮਣੀ ਅਕਾਲੀ ਦਲ ਨੇ ਜਨਤਾ ਪਾਰਟੀ ਅਤੇ ਸੀਪੀਆਈ ਨਾਲ ਮਿਲ ਕੇ ਸਰਕਾਰ ਬਣਾਈ। ਫਿਰ ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ ਸੁਰਜੀਤ ਸਿੰਘ ਬਰਨਾਲਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਈ। ਫਿਰ ਕਾਂਗਰਸ ਸਰਕਾਰਾਂ ਮਗਰੋਂ ਅਕਾਲੀ ਦਲ ਨੇ ਤਿੰਨ ਵਾਰ ਭਾਰਤੀ ਜਨਤਾ ਪਾਰਟੀ ਨਾਲ ਮਿਲ ਕੇ ਸਰਕਾਰਾਂ ਬਣਾਈਆਂ। ਕਹਿਣ ਦਾ ਭਾਵ ਹੈ ਕਿ ਅਕਾਲੀ ਦਲ ਦੀ ਉਸ ਦੇ ਸੁਫ਼ਨੇ ਅਨੁਸਾਰ ਕਦੇ ਵੀ ਸਿੱਖ ਅਕਸਰੀਅਤ ਵਾਲੀ ਸਰਕਾਰ ਨਹੀਂ ਬਣੀ। ਪੰਜਾਬੀ ਸੂਬਾ ਬਣਨ ਮਗਰੋਂ ਪਿਛਲੀਆਂ ਸੋਲ੍ਹਾਂ ਅਸੈਂਬਲੀਆਂ 'ਚ ਸ਼੍ਰੋਮਣੀ ਅਕਾਲੀ ਦਲ ਦੀਆਂ ਸੀਟਾਂ ਦੀ ਗਿਣਤੀ ਘੱਟ ਤੋਂ ਘੱਟ 24 ਤੋਂ ਲੈ ਕੇ ਵੱਧ ਤੋਂ ਵੱਧ 58 ਦੇ ਦਰਮਿਆਨ ਰਹੀ। ਸਿਰਫ਼ ਪੰਜਾਬ ਸੰਕਟ ਦੇ ਦੌਰ 'ਚ ਗਰਮਖ਼ਿਆਲੀ ਸਿਆਸਤ ਦੇ ਪ੍ਰਭਾਵ ਹੇਠ ਅਕਾਲੀਆਂ ਹਿੱਸੇ ਸੰਨ 1985 'ਚ 73 ਅਤੇ ਸੰਨ 1997 'ਚ 75 ਸੀਟਾਂ ਆਈਆਂ।

ਪਹਿਲੇ ਦਿਨ ਤੋਂ ਹੀ ਸ਼੍ਰੋਮਣੀ ਆਕਲੀ ਦਲ ਪੰਜਾਬੀ ਸੂਬੇ ਦੇ ਗਠਨ ਤੋਂ ਸੰਤੁਸ਼ਟ ਨਹੀਂ ਸੀ। ਲੰਮੇ ਅੰਦੋਲਨ ਬਾਅਦ ਪੰਜਾਬੀ ਸੂਬਾ ਬਣਨ 'ਤੇ ਵੀ ਅਕਾਲੀਆਂ ਦੀ ਨਾਰਾਜ਼ਗੀ ਬਣੀ ਰਹੀ ਕਿਉਂਕਿ ਇਸ ਪੁਨਰਗਠਨ ਨਾਲ ਬਹੁਤ ਸਾਰੇ ਇਲਾਕੇ ਹਰਿਆਣਾ 'ਚ ਚਲੇ ਗਏ। ਪੰਜਾਬ ਦੀ ਜ਼ਮੀਨ 'ਤੇ ਹੀ ਬਣੇ ਚੰਡੀਗੜ੍ਹ ਨੂੰ ਵੀ ਯੂ.ਟੀ. ਬਣਾ ਕੇ ਪੰਜਾਬ ਹਰਿਆਣਾ ਦੀ ਸਾਂਝੀ ਰਾਜਧਾਨੀ ਬਣਾ ਦਿੱਤਾ ਗਿਆ। ਹਾਈ ਕੋਰਟ ਵੀ ਦੋਹਾਂ ਰਾਜਾਂ ਦੀ ਸਾਂਝੀ ਰਹੀ। ਪੰਜਾਬ ਦੇ ਦਰਿਆਈ ਪਾਣੀਆਂ, ਇਲਾਕਿਆਂ ਅਤੇ ਸਰੋਤਾਂ ਦੀ ਵੰਡ ਦੇ ਮਸਲਿਆਂ ਦਾ ਹੱਲ ਨਾ ਹੋਣ ਕਾਰਨ ਇਸੇ ਅਸੰਤੁਸ਼ਟੀ ਵਿਚੋਂ ਪੈਦਾ ਹੋ ਕੇ ਪੰਜਾਬ ਵਿਚ ਅਕਾਲੀਆਂ ਦੇ 'ਆਨੰਦਪੁਰ ਸਾਹਿਬ ਦੇ ਮਤੇ' ਨੂੰ ਲਾਗੂ ਕਰਨ ਵਾਸਤੇ ਧਰਮ ਯੁੱਧ ਮੋਰਚਾ ਲੱਗਾ ਅਤੇ ਫਿਰ ਸੰਨ 1984 ਮਗਰੋਂ ਦਹਿਸ਼ਤ ਦਾ ਲਗਪਗ ਵੀਹ ਸਾਲ ਕਾਲਾ ਦੌਰ ਚੱਲਿਆ ਜਿਸ 'ਚ ਅਨੇਕਾਂ ਬੇਦੋਸ਼ੇ ਪੰਜਾਬੀ ਮਾਰੇ ਗਏ। ਵੱਡਾ ਜਾਨੀ ਅਤੇ ਮਾਲੀ ਨੁਕਸਾਨ ਤਾਂ ਹੋਇਆ ਹੀ, ਪੰਜਾਬ ਕਈ ਸਾਲਾਂ ਲਈ ਜੀਵਨ ਦੇ ਸਾਰੇ ਖੇਤਰਾਂ ਵਿਚ ਪੱਛੜ ਗਿਆ। ਇਸ ਸਥਿਤੀ ਦੀ ਤਰਜ਼ਮਾਨੀ ਮੁਜ਼ੱਫ਼ਰ ਰਜ਼ਮੀ ਦਾ ਇਹ ਸ਼ਿਅਰ ਬੜੇ ਸੰਜੀਦਾ ਅੰਦਾਜ਼ ਵਿਚ ਕਰਦਾ ਹੈ:

'ਯਹ ਜਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ,

ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।'

ਅੱਜ ਪੁਨਰਗਠਨ ਦੇ ਆਧਾਰ 'ਤੇ ਪੰਜਾਬ 23 ਛੋਟੇ ਛੋਟੇ ਜ਼ਿਲ੍ਹਿਆਂ ਵਾਲਾ ਨਿੱਕਾ ਜਿਹਾ ਸੂਬਾ ਬਣ ਕੇ ਰਹਿ ਗਿਆ। ਵਿਅੰਗ ਨਾਲ ਇਸ ਨੂੰ ਸੂਬੀ ਵੀ ਕਿਹਾ ਜਾਂਦਾ ਰਿਹਾ। ਜੇਕਰ ਧਿਆਨ ਨਾਲ ਸੋਚੀਏ ਤਾਂ ਪੰਜਾਬੀ ਸੂਬਾ ਬਣਨ ਤੋਂ ਜੋ ਵੀ ਅਣਚਾਹੇ ਨਤੀਜੇ ਨਿਕਲੇ ਹਨ, ਉਸ ਵਿਚੋਂ ਸਬਕ ਮਿਲਦਾ ਹੈ ਕਿ ਨਕਾਰਾਤਮਕਤਾ, ਘਟਾਉਵਾਦ ਅਤੇ ਬਾਹਰੀਕਰਨ ਦਾ ਅੰਤ ਵੀ ਹਮੇਸ਼ਾ ਨਾਂਹਮੂਲਕ ਅਤੇ ਘਟਾਉਵਾਦੀ ਹੀ ਹੁੰਦਾ ਹੈ।

# ਇਕ ਮਿਠੀ ਯਾਦ: ਬਲਰਾਜ ਸਾਹਨੀ

***ਕੰਗਾਲੀ ਤੇ ਮਜਬੂਰੀ ਦੀ ਹਾਲਤ ਵਿਚ ਵੀ ਮਜ਼ਦੂਰ ਏਨਾ ਹਸਮੁਖ, ਖੁਸ਼ਮਿਜ਼ਾਜ ਤੇ ਏਨਾ ਬਾਦਸ਼ਾਹ ਦਿਲ ਹੋ ਸਕਦੈ, ਇਹ ਮੇਰੀ ਕਲਪਨਾ ਤੋਂ ਕਿਤੇ ਬਾਹਰੀ ਗੱਲ ਸੀ। ਇਹ ਹੈ ਮੇਰੀ ਫਿਲਮੀ ਜ਼ਿੰਦਗੀ ਦੀ ਉਹ ਅਭੁੱਲ ਯਾਦ। ਕਹਾਣੀ ਲਿਖਣ ਕਲਾ ਭੁੱਲ ਨਾ ਗਿਆ ਹੁੰਦਾ ਤਾਂ ਸ਼ਾਇਦ ਇਸ ਦੀ ਇਕ ਅਤਿਅੰਤ ਪਿਆਰੀ ਤੇ ਬੇਮਿਸਾਲ ਕਹਾਣੀ ਲਿਖ ਮਾਰਦਾ।***

ਕੋਈ ਜ਼ਮਾਨਾ ਸੀ ਜਦੋਂ ਜ਼ਿੰਦਗੀ ਦੇ ਰੰਗ ਮੰਚ ਤੇ ਮੈਂ ਇਕ ਸਹਿਤਕਾਰ ਦੇ ਤੌਰ ਤੇ ਵਿਚਰਨ ਦਾ ਖਾਹਿਸ਼ਮੰਦ ਸਾਂ। ਉਦੋਂ ਇਸ ਗੱਲ ਦੀ ਸ਼ਾਇਦ ਮੈਂ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਕਿ ਇਸ ਵਿਸ਼ਾਲ ਜੀਵਨ ਨਾਟਕ ਵਿਚ ਮੈਂ ਇਕ ਅਦਾਕਾਰ ਦਾ ਪਾਰਟ ਵਧੇਰੇ ਨਿਪੁੰਨਤਾ ਨਾਲ ਨਿਭਾ ਸਕਾਂਗਾ। ਇਸ ਦਾ ਅਹਿਸਾਸ ਉਦੋਂ ਹੋਇਆ ਜਦੋਂ ਕੁਦਰਤ ਦੇ ਇਸ ਵਿਸ਼ਾਲ ਮੰਚ ਉਤੇ ਕਈ ਤਰ੍ਹਾਂ ਦੇ ਨਿਪੁੰਨ ਅਦਾਕਾਰਾਂ ਦੇ ਵਿਚਕਾਰ ਆਪਣੀ ਵੱਖਰੀ ਹੋਂਦ ਕਾਇਮ ਰੱਖਣ ਲਈ ਮੈਂ ਹਾਲਾਤ ਨਾਲ ਘੁਲਦਾ ਰਿਹਾ। ਪ੍ਰਸਥਿਤੀਆਂ ਦੀਆਂ ਮਜਬੂਰੀਆਂ ਨੇ ਮੈਥੋਂ ਕਈ ਤਰ੍ਹਾਂ ਦੀ ਅਦਾਕਾਰੀ ਕਰਵਾਈ। ਇਸ ਸਾਰੀ ਭਟਕਣ ਵਿਚ ਆਖਰ ਅਦਾਕਾਰ ਦਾ ਪਾਰਟ ਹੀ ਅਜਿਹਾ ਨਿਕਲਿਆ ਜਿਸ ਵਿਚ ਮੈਂ ਆਪਣੇ ਆਪ ਨੂੰ 'ਮੈਂ' ਬਣਾਉਣ ਦੀ ਰੀਝ ਪੂਰੀ ਹੁੰਦੀ ਵੇਖੀ।

ਜਦੋਂ ਵੀ ਕਦੇ ਅਤੀਤ ਵੱਲ ਝਾਤੀ ਮਾਰਦਾ ਹਾਂ, ਤਾਂ ਜਾਪਦੈ ਮੈਂ ਹਮੇਸ਼ਾ ਹੀ ਕਿਸੇ ਅਜਿਹੇ ਪਹਾੜੀ ਦਰਿਆ ਵਿਚ ਪਏ ਪੱਥਰ ਦੇ ਗੀਟੇ ਵਾਂਗ ਰਿੜ੍ਹਦਾ ਰਿਹਾ ਹਾਂ, ਜੋ ਨਾਲੇ ਤਾਂ ਉਸਨੂੰ ਉਂਗਲੀ ਲਾਈ ਆਪਣੀ ਤੋਰੇ ਤੋਰਦਾ ਰਹਿੰਦੈ ਤੇ ਨਾਲੇ ਬੁੱਤ ਘਾੜੇ ਵਾਂਗ ਉਹਦੀ ਸ਼ਕਲ ਘੜ ਕੇ ਵੀ ਸੁਆਦ ਮਾਣਦਾ ਹੈ। ਅਜਿਹੀ ਹਾਲਤ ਵਿਚ ਵਿਚਾਰਾ ਪੱਥਰ ਗੀਟਾ ਏਦੂੰ ਵੱਧ ਹੋਰ ਕੀ ਕਰ ਸਕਦੈ ਕਿ ਜਿੱਥੇ ਵੀ ਕੋਈ ਚੰਗੀ ਜਿਹੀ ਥਾਂ ਲੱਭੇ ਫੱਟ ਡੇਰਾ ਲਾ ਲਵੇ, ਪਰ ਏਨੀ ਗੱਲ ਦਾ ਖਿਆਲ ਰੱਖੇ ਕਿ ਥਾਂ ਕੋਈ ਅਜਿਹੀ ਹੀ ਹੋਵੇ, ਜਿੱਥੇ ਪਾਣੀ ਦਾ ਵਹਿਣ ਉਸ ਨੂੰ ਉੱਕਾ ਗੋਲ-ਮਟੋਲ ਗੋਲਾ ਹੀ ਨਾ ਬਣੇ ਧਰੇ, ਕਿਉਂਕਿ ਅਜਿਹੀ ਵਸਤ ਦਾ ਕੋਈ ਥਾਂ ਟਿਕਾਣਾ ਤਾਂ ਹੁੰਦਾ ਨਹੀਂ।

ਜਿੱਥੋਂ ਤੱਕ ਸਾਹਿਤ ਦੇ ਚੇਟਕ ਦਾ ਸਵਾਲ ਹੈ ਮੇਰਾ ਤਾਂ ਇਹ ਹਾਲ ਹੈ ਕਿ ਜੇ ਕਦੇ ਮੈਨੂੰ ਕੋਈ ਇਹ ਸਵਾਲ ਕਰ ਬੈਠੇ ਕਿ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਖਾਹਸ਼ ਕੀ ਹੈ ਤਾਂ ਮੈਂ ਆਖਾਂਗਾ, 'ਕਾਸ਼! ਮੈਂ ਇਕ ਅਤਿ ਪਿਆਰਾ ਕਵੀ ਹੋ ਸਕਦਾ ਹੁੰਦਾ ਤਾਂ…।' ਭਾਵੇਂ ਇਹ ਵੀ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹ ਖਾਹਸ਼ ਸ਼ਾਇਦ ਜ਼ਿੰਦਗੀ ਭਰ ਵੀ ਪੂਰੀ ਨਹੀਂ ਕਰ ਸਕਾਂਗਾ। ਪਰ ਇਸ ਤੋਂ ਮੇਰਾ ਮਤਲਬ ਇਹ ਨਹੀਂ ਕਿ ਇਸ ਇੱਛਾ ਦੇ ਫਲਸਰੂਪ ਮੈਨੂੰ ਆਪਣੀ ਅਦਾਕਾਰੀ ਦੀ ਜ਼ਿੰਦਗੀ ਤੋਂ ਨਫਰਤ ਹੈ। ਅਦਾਕਾਰੀ ਤਾਂ ਮੇਰੀਆਂ ਨਜ਼ਰਾਂ ਵਿਚ ਇਕ ਮਹਾਨ ਕਲਾ ਹੈ, ਜਿਸ ਵਿਚ ਪੂਰੀ ਨਿਪੁੰਨਤਾ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਤੇ ਲਗਨ ਬਗੈਰ ਗੱਲ ਨਹੀਂ ਬਣਦੀ। ਪਰ ਜੇ ਕਦੇ ਮਨ ਜ਼ਰਾ ਉਚਾਟ ਹੋ ਵੀ ਜਾਂਦੈ ਤਾਂ ਇਸੇ ਕਰ ਕੇ ਕਿ ਫਿਲਮੀ ਦੁਨੀਆਂ ਦੇ ਮੌਜੂਦਾ ਮਾਹੌਲ ਵਿਚ ਇੰਜ ਦੀ ਮਿਹਨਤ ਤੇ ਲਗਨ ਜੇ ਅਸੰਭਵ ਨਹੀਂ ਤਾਂ ਘੱਟੋ-ਘੱਟ ਮੁਸ਼ਕਲ ਜ਼ਰੂਰ ਹੈ। ਜੇ ਪ੍ਰੇਮ ਚੰਦ ਵਾਂਗ ਮੈਂ ਵੀ ਇਸ ਮਾਹੌਲ ਤੋਂ ਘਬਰਾ ਕੇ ਨੱਸ ਨਹੀਂ ਤੁਰਿਆ ਤਾਂ ਇਸ ਦਾ ਕਾਰਨ ਇਹੀ ਹੈ ਕਿ ਸਮੇਂ ਦੀ ਤੋਰ ਨਾਲ ਫਿਲਮੀ ਮਾਹੌਲ ਵਿਚ ਕਾਫੀ ਤਬਦੀਲੀ ਆ ਗਈ ਹੈ ਅਤੇ ਚੰਗੀਆਂ ਅਤੇ ਉੱਚ ਪੱਧਰ ਦੀਆਂ ਫਿਲਮਾਂ ਨੂੰ ਦਰਸ਼ਕ ਅੱਜ ਕੱਲ ਵਧੇਰੇ ਉਤੇਜਨਾ ਨਾਲ ਉਡੀਕਦੇ ਹਨ। ਪਰ ਕੀ ਪਤਾ, ਹੋ ਸਕਦੈ! ਇਹ ਮੇਰੀ ਖੁਸ਼ਫਹਿਮੀ ਹੀ ਹੋਵੇ।

ਪਰ ਨਹੀਂ ਕਈ ਵਾਰ ਕੁਝ ਅਜਿਹੀਆਂ ਪਿਆਰੀਆਂ ਜਿਹੀਆਂ ਗੱਲਾਂ ਵਾਪਰ ਜਾਂਦੀਆਂ ਹਨ ਕਿ ਮਨ ਉਮੀਦਾਂ ਤੇ ਉਮੰਗਾਂ ਦੀ ਲੋਅ ਵਿਚ ਖਿੜ-ਪੁੜ ਜਾਂਦੈ ਤੇ ਘੱਟੋ-ਘੱਟ ਉਸ ਵੇਲੇ ਕੁਝ ਚਿਰ ਲਈ ਮੈਨੂੰ ਆਪਣੀ ਇਹ ਅਦਾਕਾਰੀ ਦੀ ਜ਼ਿੰਦਗੀ ਪਿਆਰੀ ਜਿਹੀ ਲੱਗਣ ਲੱਗ ਪੈਂਦੀ ਹੈ। ਕਹਾਣੀ ਘੜਨ ਦਾ ਨਾ ਤਾਂ ਸਮਾਂ ਹੀ ਮਿਲਦੈ ਤੇ ਨਾ ਹੀ ਮੇਰੇ ਖਿਆਲ ਵਿਚ ਮੈਂ ਹੁਣ ਤਕਨੀਕ ਦੀ ਉਸ ਕਲਾ ਦਾ ਹੀ ਮਾਲਕ ਹਾਂ, ਜਿਸ ਦੀਆਂ ਕਲਾਤਮਕ ਛੁਹਾਂ ਨਾਲ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮੈਂ ਕਦੇ ਕਦੇ ਕੋਈ ਚੰਗੀ ਜਿਹੀ ਕਹਾਣੀ ਲਿਖ ਲੈਂਦਾ ਹੁੰਦਾ ਸਾਂ। ਪਰ ਅਜਿਹੀ ਇੱਕ ਅਭੁੱਲ ਯਾਦ ਦੀ ਕਹਾਣੀ ਸੁਣਾਵਾਂ ਤੁਹਾਨੂੰ

ਅਦਾਕਾਰੀ ਦੇ ਜੀਵਨ ਵਿਚ ਮੋਟਰ-ਸਾਇਕਲ ਕਾਫੀ ਚਿਰ ਮੇਰਾ ਸਾਥ ਨਿਭਾਉਂਦਾ ਰਿਹਾ ਹੈ। ਇਹ ਮੋਟਰ-ਸਾਇਕਲ ਮੈਂ ਉਨ੍ਹੀਂ ਸੌ ਸੰਤਾਲੀ 'ਚ ਲਿਆ ਸੀ ਤੇ ਜੇ ਹੋਰ ਵੀ ਸੱਚ ਆਖਾਂ ਤਾਂ ਇਹ ਮੈਂ ਉਸ ਦਿਨ ਖਰੀਦਿਆ ਸੀ, ਜਿਸ ਦਿਨ ਹਿੰਦੋਸਤਾਨ ਨੇ ਪਹਿਲੀ ਵਾਰ ਆਜ਼ਾਦ ਫਿਜ਼ਾ ਵਿਚ ਸਾਹ ਲਿਆ ਸੀ। ਹੁਣ ਜਿਵੇਂ ਸਾਡੀ ਆਜ਼ਾਦੀ ਦੀ ਰਾਜਸੀ ਮਸ਼ੀਨ ਦੇ ਕੁਝ ਪੁਰਜ਼ੇ ਤਾਂ ਇੱਕ ਦਮ ਵਧੀਆ ਤੇ ਮਜ਼ਬੂਤ ਹਨ ਤੇ ਕੁਝ ਉੱਕਾ ਹੀ ਢਿੱਲੜ ਤੇ ਨਿਢਾਲ ਪਏ ਹਨ, ਬਿਲਕੁਲ ਉਹੀ ਹਾਲ ਮੇਰੇ ਮੋਟਰ-ਸਾਇਕਲ ਦਾ ਹੈ। ਕਈ ਮਿੱਤਰਾਂ ਯਾਰਾਂ ਨੇ ਮੈਨੂੰ ਮੋਟਰ-ਸਾਇਕਲ ਵੇਚ ਕੇ ਕਾਰ ਲੈਣ ਦੀ ਸਲਾਹ ਵੀ ਦਿੱਤੀ ਹੈ, ਪਰ ਕੀ ਕਰਾਂ, ਇਸ ਅਤਿ ਪਿਆਰੇ ਮਿੱਤਰ ਨਾਲੋਂ ਵਿਛੜਨਾ ਮੇਰੇ ਲਈ ਓਨਾ ਹੀ ਅਸਹਿ ਹੈ, ਜਿੰਨਾ ਜਵਾਹਰ ਲਾਲ ਨਹਿਰੂ ਲਈ ਕਾਂਗਰਸ ਨੂੰ ਛੱਡਣਾ ਸੀ।

ਪਿਛਲੇ ਸਾਲ ਦੀ ਗੱਲ ਏ, ਇਕ ਦਿਨ ਮੈਂ ਆਪਣੇ ਸਨੇਹੀ ਮਿੱਤਰ ਲੇਖਕ, ਕ੍ਰਿਸ਼ਨ ਚੰਦਰ ਹੁਰਾਂ ਦੇ ਘਰੋਂ ਵਾਪਸ ਆਪਣੇ ਘਰ ਵੱਲ ਜਾ ਰਿਹਾ ਸਾਂ ਕਿ ਅੰਧੇਰੀ ਸਟੇਸ਼ਨ ਦੇ ਚੌਂਕ ਕੋਲ ਆ ਕੇ, ਮੇਰਾ ਮੋਟਰ-ਸਾਇਕਲ ਜਵਾਬ ਦੇ ਗਿਆ। ਸ਼ਾਇਦ ਕਲੱਚ ਦੇ ਤਾਰ ਦਾ ਟਾਂਕਾ ਟੁੱਟ ਗਿਆ ਸੀ, ਤੇ ਹੁਣ ਮੁਰੰਮਤ ਬਗੈਰ ਇਸ ਚਲਣਾ ਵੀ ਨਹੀਂ ਸੀ। ਮੈਨੂੰ ਡਾਢਾ ਗੁੱਸਾ ਆਇਆ। ਸਵੇਰੇ ਵੀ ਘਰੋਂ ਬਗੈਰ ਕੁਝ ਖਾਧਿਆਂ-ਪੀਤਿਆਂ, ਬਗੈਰ ਨ੍ਹਾਤਿਆਂ ਧੋਤਿਆਂ ਤੁਰ ਪਿਆ ਸਾਂ। ਕਪੜੇ ਵੀ ਐਵੇਂ ਜਿਹੇ ਹੀ ਪਾ ਛੱਡੇ ਹੋਏ ਸਨ। ਕ੍ਰਿਸ਼ਨ ਨਾਲ ਗੱਪਾਂ ਜਿਉਂ ਚੱਲੀਆਂ ਟਾਈਮ ਦਾ ਪਤਾ ਹੀ ਨਾ ਲੱਗਾ। ਹੁਣ ਦੁਪਹਿਰ ਸਿਰ 'ਤੇ ਸਵਾਰ ਸੀ। ਕੜਕਦੀ ਧੁੱਪ ਤੇ ਉੱਤੋਂ ਉਨ੍ਹਾਂ ਲੋਕਾਂ ਦੀਆਂ ਨਜ਼ਰਾਂ ਦੀ ਅਸਹਿ ਗਰਮੀ ਜੋ ਹਰ ਫਿਲਮੀ ਅਦਾਕਾਰ ਦੀ ਹਰ ਹਰਕਤ ਦਿਲਚਸਪੀ ਨਾਲ ਵਾਚਦੇ ਹਨ, ਨਾਲ ਮੇਰਾ ਮਨ ਕਾਹਲਾ ਪੈਣ ਲੱਗਾ। ਕਮਬਖਤ ਮੋਟਰ-ਸਾਇਕਲ ਉੱਤੇ ਅੰਦਰੇ-ਅੰਦਰ ਕੁੜ੍ਹਦਾ ਮੈਂ ਬਾਜ਼ਾਰ ਵਿਚ ਏਧਰ-ਓਧਰ ਝਾਤੀਆਂ ਮਾਰਨ ਲੱਗਾ ਤਾਂ ਕਿ ਠੀਕ ਕਰਵਾਉਣ ਲਈ ਕੋਈ ਮਿਸਤਰੀ ਨਜ਼ਰੀਂ ਪੈ ਜਾਵੇ। ਕਈ ਥਾਂਈਂ ਪੁੱਛ ਪੜਤਾਲ ਕੀਤੀ, ਪਰ ਵੈਲਡਿੰਗ ਦਾ ਕੰਮ ਕਿਸੇ ਨੂੰ ਵੀ ਨਹੀਂ ਸੀ ਆਉਂਦਾ। ਆਖਰ ਇਕ ਸੱਜਣ ਨੇ ਦੱਸਿਆ ਕਿ ਚੌਂਕ ਕੋਲ ਇਕ ਠੇਲ੍ਹੇ ਵਾਲੇ ਦੀ ਦੁਕਾਨ ਹੈ ਤੇ ਉਸ ਦਾ ਮੁੰਡਾ ਪਹਿਲੇ ਕਿਸੇ ਵਰਕਸ਼ਾਪ ਵਿਚ ਲੱਗਾ ਹੋਇਆ ਸੀ, ਪਰ ਅੱਜ ਕੱਲ੍ਹ ਵਿਹਲਾ ਹੀ ਹੈ ਤੇ ਅਕਸਰ ਬਾਪੂ ਦੀ ਦੁਕਾਨ ਤੇ ਹੀ ਬੈਠਾ ਰਹਿੰਦੈ। ਮੁੜਕੇ 'ਚ ਭਿੱਜਾ ਉਸ ਲੋਹੇ ਦੇ ਹਾਥੀ ਨੂੰ ਰੇੜਦਾ, ਆਖਰ ਉਸ ਠੇਲ੍ਹੇ ਵਾਲੇ ਦੀ ਦੁਕਾਨ 'ਤੇ ਪੁੱਜਾ। ਕਈ ਤਮਾਸ਼ਬੀਨ ਮੇਰੇ ਮਗਰ ਲੱਗੇ ਹੋਏ ਸਨ।



ਦੁਕਾਨ 'ਤੇ ਉਸ ਬੁੱਢੇ ਦਾ ਮੁੰਡਾ ਬੈਠਾ ਡਾਲਡੇ ਦਾ ਟੀਨ ਕੁੱਟਣ ਵਿਚ ਮਸਤ ਸੀ। ਉਸ ਲਾਪਰਵਾਹੀ ਜਿਹੀ ਵਿਚ ਇੱਕ ਨਜ਼ਰ ਮੇਰੇ ਤੇ ਸੁੱਟੀ ਤੇ ਫਿਰ ਕੰਮ ਵਿਚ ਜੁੱਟ ਪਿਆ। ਮੇਰੀ ਗੱਲ ਵੀ ਉਸ ਉਸੇ ਹੀ ਆਜੀਬ ਅੰਦਾਜ ਨਾਲ ਸੁਣੀ ਤੇ ਫੇਰ ਬਗੈਰ ਮੋਟਰ-ਸਾਇਕਲ ਨੂੰ ਹੱਥ ਲਾਇਆਂ ਹੀ ਆਖਣ ਲੱਗਾ, 'ਇਸ ਕੋ ਏਕ ਸਾਈਡ ਪਰ ਉਧਰ ਛੋੜ ਦੋ, ਦੋ ਘੰਟੇ ਬਾਅਦ ਆ ਕਰ ਲੇ ਜਾਨਾ।' ਤੇ ਫੇਰ ਉਹ ਟੀਨ ਕੁੱਟਣ ਵਿਚ ਲੀਨ ਹੋ ਗਿਆ।

ਮੈਂ ਪਹਿਲਾਂ ਹੀ ਬੜਾ ਪਰੇਸ਼ਾਨ ਸਾਂ। ਉਸ ਦਾ ਵਤੀਰਾ ਮੈਨੂੰ ਬੜਾ ਚੁਭਿਆ। ਨਾਲ ਹੀ ਉਸ ਦੀ ਲਿਆਕਤ 'ਤੇ ਵੀ ਮੈਨੂੰ ਸੰਦੇਹ ਹੋਣ ਲੱਗਾ, ਕਿੱਥੇ ਡਾਲਡੇ ਦੇ ਟੀਨ ਨੂੰ ਟਾਂਕੇ ਲਾਉਣੇ ਤੇ ਕਿੱਥੇ ਕਲੱਚ ਨੂੰ। ਫਿਰ ਪਤਾ ਨਹੀਂ ਉਸ ਕੋਲ ਵੈਲਡਿੰਗ ਦਾ ਲੋੜੀਂਦਾ ਸਾਮਾਨ ਵੀ ਹੈ ਸੀ ਜਾਂ ਨਹੀਂ। ਆਪਣੀ ਤਸੱਲੀ ਲਈ ਉਸ ਨੂੰ ਮੈਂ ਕਈ ਤਰ੍ਹਾਂ ਦੇ ਸਵਾਲ ਕੀਤੇ, ਪਰ ਉਸ ਪਿਉ ਦੇ ਪੁੱਤਰ ਨੇ ਇਕ ਦਾ ਵੀ ਤਸੱਲੀਬਖਸ਼ ਜਵਾਬ ਨਾ ਦਿੱਤਾ। ਘੜੀ-ਮੁੜੀ ਬਸ ਏਨਾ ਹੀ ਆਖ ਛੱਡਦਾ, 'ਹਾਂ, ਹਾਂ ਹੋ ਜਾਏਗਾ, ਦੋ ਘੰਟੇ ਬਾਅਦ ਆ ਕਰ ਲੇ ਜਾਨਾ।'

ਗੁੱਸਾ ਤਾਂ ਏਨਾ ਆਇਆ ਕਿ ਜੇ ਮੋਟਰ-ਸਾਇਕਲ ਉੱਥੇ ਛੱਡਣ ਬਗੈਰ ਕੋਈ ਹੋਰ ਚਾਰਾ ਹੋ ਸਕਦਾ ਹੁੰਦਾ ਤਾਂ ਸ਼ਾਇਦ ਉਸ ਦੀ ਚੰਗੀ ਖਬਰ ਲੈਂਦਾ, ਪਰ ਮਜਬੂਰੀ ਸੀ, ਮੈਂ ਚੁੱਪ ਧਾਰ ਲਈ। ਮੋਟਰ-ਸਾਇਕਲ ਉਸ ਦੇ ਦੱਸੇ ਥਾਂ ਤੇ ਟਿਕਾ ਕੇ ਜਾਣ ਲੱਗਿਆਂ ਮੈਂ ਫਿਰ ਆਖ ਬੈਠਾ, 'ਪੈਸੇ ਕਿਤਨੇ ਲੋਗੇ' ਅਤੇ ਫੇਰ ਉਵੇਂ ਦੀ ਲਾਪਰਵਾਹੀ ਦੇ ਅੰਦਾਜ਼ ਵਿਚ ਉਸ ਦੇ ਹਾਸੇ ਦੀ ਆਵਾਜ਼ ਗੂੰਜੀ, 'ਦੋ ਰੁਪਏ ਦੇ ਦੇਨਾ ਔਰ ਕਿਆ'

ਮੈਨੂੰ ਜਾਪਿਆ, ਮੇਰੀ ਕਾਫੀ ਬੇਇੱਜਤੀ ਹੋ ਚੁੱਕੀ ਹੈ। ਆਪਣੀ ਜ਼ਮੀਰ ਕਾਇਮ ਰੱਖਣ ਲਈ ਜ਼ਰਾ ਰੋਅਬਦਾਰ ਅਵਾਜ ਵਿਚ, ਤਾਂ ਕਿ ਆਲੇ-ਦੁਆਲੇ ਖਲੋਤੇ ਤਮਾਸ਼ਬੀਨਾਂ ਦੇ ਕੰਨਾਂ ਤੱਕ ਵੀ ਅੱਪੜ ਜਾਏ, ਮੈਂ ਉਸ ਨੂੰ ਆਖਿਆ, 'ਦੇਖੋ ਦੋ ਘੰਟੇ ਕੇ ਬਾਅਦ ਆਨਾ ਤੋ ਹਮਾਰੇ ਲੀਏ ਮੁਸ਼ਕਿਲ ਹੋਗਾ। ਤੁਮ ਠੀਕ ਰਖਨਾ ਹਮ ਸ਼ਾਮ ਕੋ ਪਾਂਚ-ਛੇ ਬਜੇ ਆ ਕਰ ਲੇ ਜਾਂਏਗੇ।'

ਬੇਧਿਆਨੀ ਜਿਹੀ ਵਿਚ ਉਸ 'ਅੱਛਾ' ਆਖਿਆ ਤੇ ਮੈਂ ਚੌਂਕ ਵੱਲ ਵਾਪਿਸ ਤੁਰ ਪਿਆ। ਉਮੀਦ ਸੀ ਚੌਂਕ ਤੇ ਕੋਈ ਨਾ ਕੋਈ ਟੈਕਸੀ ਮਿਲ ਜਾਏਗੀ, ਪਰ ਨਿਰਾਸ਼ਾ ਹੀ ਹੱਥ ਲੱਗੀ। ਨਾਲ ਹੀ ਬੱਸ ਸਟਾਪ ਸੀ। ਬੜਾ ਦਿਲ ਕੀਤਾ ਜਾ ਕੇ ਲਾਈਨ 'ਚ ਲੱਗ ਜਾਵਾਂ। ਲਾਈਨ ਕੋਈ ਲੰਬੀ ਵੀ ਨਹੀਂ ਸੀ ਤੇ ਪੰਜਾਂ ਦਸਾਂ ਮਿੰਟਾਂ ਵਿਚ ਬੱਸ ਵੀ ਆਉਣ ਵਾਲੀ ਸੀ, ਪਰ ਖਿਆਲ ਆਇਆ ਕਿ ਇਹ ਸਾਰੇ ਤਮਾਸ਼ਬੀਨ ਜੋ ਮਗਰ ਲੱਗੇ ਫਿਰਦੇ ਸਨ, ਵਿਚਾਰੇ ਕੀ ਸੋਚਣਗੇ। ਇਕ ਕਾਮਯਾਬ ਫਿਲਮੀ ਅਦਾਕਾਰ ਲਈ ਤਾਂ ਮੋਟਰ-ਸਾਇਕਲ 'ਤੇ ਵੀ ਕਿਤੇ ਜਾਣਾ ਰੌਲ਼- ਰੱਪੇ ਦਾ ਮਸਾਲਾ ਇਕੱਠਾ ਕਰਨ ਵਾਲੀ ਗੱਲ ਸੀ। ਉਸ ਕੋਲ ਤਾਂ ਇਕ ਸ਼ਾਨਦਾਰ ਕਾਰ ਹੋਣੀ ਚਾਹੀਦੀ ਹੈ। ਤੇ ਫਿਰ ਬਸ ਦੀ ਲਾਈਨ 'ਚ ਲੱਗਣਾ… ਉਫ! ਇਹ ਤਾਂ ਉਨ੍ਹਾਂ ਵਿਚਾਰਿਆਂ ਲਈ ਬੜੀ ਹਿਰਦੇ-ਵੇਧਕ ਗੱਲ ਸੀ। ਨਾਲੇ ਉਨ੍ਹਾਂ ਦਾ ਕੀ ਪਤਾ, ਮੇਰੇ ਬੱਸ ਸਟਾਪ ਤੇ ਪਹੁੰਚਦਿਆਂ ਹੀ ਕਈ ਤਰ੍ਹਾਂ ਦੇ ਫਿਕਰੇ ਕੱਸਣੇ ਸ਼ੁਰੂ ਕਰ ਦੇਣ। ਚਾਹੁੰਦਿਆਂ ਹੋਇਆਂ ਵੀ ਮੈਂ ਬੱਸ ਸਟਾਪ ਤੇ ਜਾਣ ਦੀ ਦਲੇਰੀ ਨਾ ਕਰ ਸਕਿਆ। ਬਸ ਆਈ ਤੇ ਤੁਰ ਵੀ ਗਈ ਤੇ ਮੈਂ ਸੋਚਾਂ ਵਿਚ ਗੁੰਮ ਉਥੇ ਹੀ ਖਲੋਤਾ ਰਹਿ ਗਿਆ।

ਏਸੇ ਵੇਲੇ ਅਚਾਨਕ ਹੀ ਖਵਾਜਾ ਅਹਿਮਦ ਅੱਬਾਸ ਆਪਣੀ ਕਾਰ ਵਿਚ ਆਉਂਦੇ ਦਿੱਸੇ। ਮੈਨੂੰ ਸੁਖ ਦਾ ਸਾਹ ਆਇਆ। ਕਾਰ ਵਿਚ ਉਨ੍ਹਾਂ ਦੇ ਨਾਲ ਬਹਿ ਤਾਂ ਗਿਆ, ਪਰ ਇਥੇ ਵੀ ਖੂਹ 'ਚੋਂ ਨਿਕਲ ਕੇ ਖਾਈ ਵਿਚ ਡਿੱਗਣ ਵਾਲੀ ਗੱਲ ਹੀ ਹੋਈ। ਅੱਬਾਸ ਨੂੰ ਸ਼ਾਇਦ ਉਸ ਦਿਨ ਕਿਸੇ ਸਾਥ ਦੀ ਬੇਹੱਦ ਲੋੜ ਸੀ। ਮੈਨੂੰ ਘਰ ਅਪੜਾਉਣ ਦੀ ਥਾਂ ਉਹ ਸਾਰਾ ਦਿਨ ਆਪਣੇ ਨਾਲ ਹੀ ਭੁਆਉਂਦਾ ਰਿਹਾ, ਕਦੇ ਇਕ ਸਟੂਡੀਓ, ਕਦੇ ਦੂਜੇ, ਕਦੇ ਲੇਬਾਰਟਰੀ ਤੇ ਕਦੇ ਆਪਣੇ ਘਰ। ਸ਼ਾਮ ਦੇ ਸੱਤ ਵਜੇ ਤੱਕ ਇੰਜ ਹੀ ਉਸ ਦੇ ਨਾਲ ਫਿਰਦਾ-ਫਿਰਾਉਂਦਾ ਰਿਹਾ। ਮੋਟਰ-ਸਾਇਕਲ ਤਾਂ ਮੈਨੂੰ ਉੱਕਾ ਹੀ ਵਿਸਰ ਚੁੱਕਿਆ ਸੀ। ਕੋਈ ਅੱਠ ਕੁ ਵਜੇ ਕਰੀਬ ਜਦੋਂ ਮੇਰਾ ਘਰ ਜਾਣ ਦਾ ਇਰਾਦਾ ਹੋਇਆ ਤਾਂ ਇਕਦਮ ਮੋਟਰ-ਸਾਇਕਲ ਦਾ ਖਿਆਲ ਆਇਆ। ਕਾਫੀ ਨੇਰ੍ਹਾ ਹੋ ਚੁੱਕਿਆ ਸੀ। ਪਰ ਸ਼ਹਿਰ ਦੇ ਬਾਹਰਲੇ ਇਲਾਕੇ ਦੀਆਂ ਦੁਕਾਨਾਂ ਤਾਂ ਕਾਫੀ ਛੇਤੀ ਬੰਦ ਹੋ ਜਾਂਦੀਆਂ ਹਨ। ਇਹ ਵੀ ਡਰ ਭਾਸਿਆ ਕਿ ਕਿਤੇ ਉਹ ਮਿਸਤਰੀ ਮੁੰਡਾ ਮੇਰਾ ਮੋਟਰ-ਸਾਇਕਲ ਓਥੇ ਸੜਕ 'ਤੇ ਹੀ ਛੱਡ ਕੇ ਕਿਤੇ ਤੁਰ ਨਾ ਗਿਆ ਹੋਵੇ। ਮੈਂ ਫਟਾ-ਫਟ ਅੰਧੇਰੀ ਵੱਲ ਟੈਕਸੀ ਦੁੜਾਈ।

ਅੰਧੇਰੀ ਚੌਂਕ ਦੇ ਨੇੜੇ-ਤੇੜੇ ਦੀਆਂ ਸਾਰੀਆਂ ਦੁਕਾਨਾਂ ਬੰਦ ਪਈਆਂ ਸਨ। ਸਿਰਫ ਕੁਝ ਕੁ ਹੋਟਲ ਖੁੱਲੇ ਸਨ। ਠੇਲ੍ਹੇ ਵਾਲੇ ਦੀ ਦੁਕਾਨ ਦੇ ਕੋਲ ਪਹੁੰਚ ਕੇ ਮੈਂ ਚਾਰੇ ਪਾਸੇ ਵੱਲ ਨਜ਼ਰ ਦੁੜਾਈ, ਉਸ ਲਾਈਨ ਦੀਆਂ ਸਾਰੀਆਂ ਦੁਕਾਨਾ ਬੰਦ ਸਨ ਤੇ ਮੇਰਾ ਮੋਟਰ-ਸਾਇਕਲ ਕਿਸੇ ਯਤੀਮ ਬੱਚੇ ਵਾਂਗ ਕੱਲਮ-ਕੱਲਾ ਸੜਕ ਤੇ ਇੱਕ ਪਾਸੇ ਪਿਆ ਸੀ। ਟੈਕਸੀ ਤੋਂ ਉਤਰ ਕਿ ਮੈਂ ਕੋਲ ਗਿਆ, ਸਾਰੇ ਦਿਨ ਦੇ ਮਿੱਟੀ ਘੱਟੇ ਨਾਲ ਲਿਬੜੇ ਮੋਟਰ-ਸਾਇਕਲ ਦੀ ਹਾਲਤ ਠੀਕ ਹੋਣ ਦੀ ਥਾਂ ਮੈਨੂੰ ਹੋਰ ਵੀ ਭੈੜੀ ਜਾਪ ਰਹੀ ਸੀ। ਹਾਂ ਇਸ ਖਿਆਲ ਨਾਲ ਜ਼ਰੂਰ ਤਸੱਲੀ ਜਿਹੀ ਹੋਈ ਕਿ ਘੱਟੋ-ਘੱਟ ਉਸ ਨੂੰ ਕਿਸੇ ਚੁੱਕ ਨਹੀਂ ਸੀ ਖੜਿਆ। ਮੈਂ ਕਲੱਚ ਵੱਲ ਨਜ਼ਰ ਮਾਰੀ, ਦਬਾ ਕੇ ਵੇਖਿਆ, ਉਹ ਸੱਚ-ਮੁੱਚ ਮੁੰਡੇ ਨੇ ਠੀਕ ਕਰ ਦਿੱਤਾ ਹੋਇਆ ਸੀ। ਹਨੇਰੇ ਵਿਚ ਮੈਂ ਫਿਰ ਆਲੇ-ਦੁਆਲੇ ਵੇਖਣ ਲੱਗਾ ਕਿ ਕਿਤੇ ਉਹ ਮੁੰਡਾ ਨਜ਼ਰੀ ਪਵੇ ਤੇ ਉਹਨੂੰ ਪੈਸੇ ਦੇ ਕੇ ਆਪਣਾ ਰਾਹ ਫੜਾਂ। ਏਸੇ ਵੇਲੇ ਇਕ ਈਰਾਨੀ ਚਾਹ ਵਾਲੇ ਦੀ ਦੁਕਾਨ 'ਚੋਂ ਦੋ ਮੁੰਡੇ ਮੈਨੂੰ ਆਪਣੇ ਵੱਲ ਤੁਰੇ ਆਉਂਦੇ ਦਿਸੇ। ਉਨ੍ਹਾਂ 'ਚੋਂ ਇਕ ਉਹੀ ਠੇਲ੍ਹੇ ਵਾਲੇ ਦਾ ਮੁੰਡਾ ਸੀ। ਤਸੱਲੀ ਹੋਣ ਤੇ ਮੈਂ ਟੈਕਸੀ ਵਾਲੇ ਨੂੰ ਪੈਸੇ ਦੇ ਕੇ ਭੇਜ ਦਿੱਤਾ। ਉਸੇ ਮੁੰਡੇ ਨੇ ਮੇਰੇ ਕੋਲ ਆ ਕੇ ਉਵੇਂ ਹੀ ਲਾਪਰਵਾਹ ਅੰਦਾਜ਼ ਵਿਚ ਆਖਿਆ 'ਅਰੇ ਸਾਹਬ, ਤੁਮ ਇਤਨਾ ਦੇਰ ਸੇ ਕਿਉਂ ਆਇਆ। ਤੁਮਾਰੀ ਵਜਾ ਸੇ ਤੋ ਆਜ ਹਮਾਰਾ ਬਹੁਤ ਨੁਕਸਾਨ ਹੋ ਗਿਆ।'

'ਮੁਝੇ ਅਫਸੋਸ ਹੈ, ਕੁਛ ਜ਼ਰੂਰੀ ਕਾਮ ਸੇ ਦੇਰ ਹੋ ਗਈ', ਮੈਂ ਏਨਾ ਹੀ ਆਖਿਆ, ਪਰ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੇਰੇ ਦੇਰ ਨਾਲ ਆਉਣ ਕਰ ਕੇ ਉਸ ਦਾ ਐਸਾ ਕਿਹੜਾ ਨੁਕਸਾਨ ਹੋ ਸਕਦਾ ਸੀ। ਹੋ ਸਕਦਾ ਉਸ ਨੇ ਕਿਤੇ ਜਾਣਾ ਹੋਵੇ ਤੇ ਮੇਰੇ ਕਰ ਕੇ ਨਾ ਜਾ ਸਕਿਆ ਹੋਵੇ। ਮੈਂ ਸੋਚਿਆ ਇਕ ਰੁਪਿਆ ਵੱਧ ਦੇ ਦੇਵਾਂਗਾ ਸੁ।

ਮੇਰੇ ਕਈ ਵਾਰ ਪੁੱਛਣ 'ਤੇ ਵੀ ਜਦੋਂ ਉਸ ਆਪਣਾ ਨੁਕਸਾਨ ਦਾ ਭਾਂਡਾ ਨਾ ਭੰਨਿਆ ਤਾਂ ਮੈਨੂੰ ਡਾਢਾ ਗੁੱਸਾ ਆਇਆ। ਆਖਰ ਉਸ ਆਖ ਹੀ ਦਿੱਤਾ, 'ਅਰੇ ਸਾਹਬ, ਤੁਮਾਰਾ ਗਾੜੀ ਯਹਾਂ ਸੜਕ ਪਰ ਖੜਾ ਥਾ। ਕੋਈ ਸਾਲਾ ਟੰਕੀ ਕੀ ਕੈਪ ਉਤਾਰ ਕੇ ਲੇ ਗਿਆ। ਅਬੀ ਹਮ ਦੋ ਰੁਪਿਆ ਖਰਚ ਕੇ ਇਸ ਕੇ ਉਪਰ ਲਗਾਇਆ ਹੈ।'

ਟੰਕੀ ਵੱਲ ਮੇਰੀ ਨਜ਼ਰ ਗਈ। ਮੇਰੀ ਆਪਣੀ ਚਮਕਦਾਰ ਤੇ ਖੂਬਸੂਰਤ ਕੈਪ ਗਾਇਬ ਸੀ ਤੇ ਉਸ ਦੀ ਥਾਂ ਇਕ ਦੂਜੀ ਸਲੇਟੀ ਰੰਗ ਦੀ ਐਲੂਮੇਨੀਅਮ ਦੀ ਕੈਪ ਚੜ੍ਹੀ ਹੋਈ ਸੀ ਜਿਸ ਨੇ ਮੇਰੇ ਮੋਟਰ ਸਾਈਕਲ ਦੀ ਰਹਿੰਦੀ ਖੂੰਹਦੀ ਸ਼ਾਨ ਵੀ ਮਿੱਟੀ ਕਰ ਸੁੱਟੀ ਸੀ। ਕੁਝ ਦਿਨ ਪਹਿਲਾਂ ਮੋਬਿਲ-ਆਇਲ ਦੀ ਟੰਕੀ ਤੋਂ ਵੀ ਕੈਪ ਇਵੇਂ ਹੀ ਗਾਇਬ ਹੋਈ ਸੀ। ਉਵੇਂ ਦੀ ਹੀ ਕੈਪ ਖਰੀਦਣ ਲਈ ਮੈਂ ਸਾਰੀ ਬੰਬਈ ਛਾਣ ਮਾਰੀ ਸੀ, ਪਰ ਕਿਸੇ ਵੀ ਦੁਕਾਨ ਤੇ ਉਸ ਦੇ ਨਾਲ ਦੀ ਕੈਪ ਨਹੀਂ ਮਿਲੀ। ਉਹ ਵਿਦੇਸ਼ੀ ਕੈਪ ਹੁਣ ਇੱਥੇ ਮਿਲਦੀ ਨਹੀਂ। ਮੈਨੂੰ ਪੂਰਾ ਯਕੀਨ ਹੋ ਗਿਆ ਕਿ ਇਸ ਮੁੰਡੇ ਨੇ ਆਪ ਹੀ ਕੈਪ ਗਾਇਬ ਕੀਤੀ ਹੈ ਤੇ ਉਹਨੂੰ ਵੇਚ-ਵਾਚ ਕੇ ਕਿਤੋਂ ਪੰਜ ਦਸ ਰੁਪਏ ਝਾੜ ਲਏਗਾ ਤੇ ਉੱਤੋਂ ਹਰਾਮੀ ਆਖ ਰਿਹਾ ਸੀ ਨੁਕਸਾਨ ਹੋ ਗਿਆ।

'ਤੁਮਾਰਾ ਕੈਸਾ ਨੁਕਸਾਨ ਹੂਆ ਮਾਸਟਰ ਦਸ ਬੀਸ ਰੁਪਏ ਕੀ ਮੇਰੀ ਕੈਪ ਗੁਮ ਹੋ ਗਈ ਔਰ ਬਜ਼ਾਰ ਮੇਂ ਆਜ ਕਲ ਯੇ ਮਿਲਤੀ ਬੀ ਨਹੀਂ। ਦੁਕਾਨ ਕੇ ਸਾਮਨੇ ਗਾੜੀ ਖੜੀ ਥੀ, ਕਿਆ ਤੁਮ ਉਸ ਕਾ ਖਿਆਲ ਭੀ ਨਹੀਂ ਰਖ ਸਕਤੇ ਥੇ' ਗੁੱਸੇ ਵਿਚ ਭਰਿਆ ਪੀਤਾ ਮੈਂ ਵਰ੍ਹ ਪਿਆ।

ਤੇ ਉਸ ਦਾ ਜਵਾਬ ਸੀ, 'ਹਮ ਕੋ ਮਾਲੂਮ ਥਾ, ਤੁਮ ਐਸਾ ਹੀ ਬੋਲੇਗਾ। ਤਬੀ ਤੋ ਅਪਨੀ ਜੇਬ ਸੇ ਪੈਸਾ ਖਰਚ ਕਰ ਕੇ ਦੂਸਰਾ ਫਿਟ ਕੀਆ ਹੈ। ਹਮ ਦੁਕਾਨ ਪਰ ਬੈਠ ਕਰ ਅਪਨਾ ਕਾਮ ਕਰੇਗਾ ਯਾ ਤੁਮਾਰੀ ਗਾੜੀ ਕੀ ਚੌਕੀਦਾਰੀ'

ਮਨ 'ਚ ਆਇਆ ਇਕ ਵਾਰੀ ਇਹਨੂੰ ਇਹਦੀ ਬੇਲਿਹਾਜ਼ੀ ਦਾ ਸੁਆਦ ਤਾਂ ਚਖਾਵਾਂ, ਪਰ ਹਾਲਾਤ ਜਾਂਚ ਕੇ ਮੈਂ ਆਪਣੇ ਆਪ ਤੇ ਕਾਬੂ ਪਾ ਲਿਆ। ਮੈਂ ਇਕੱਲਾ ਸਾਂ, ਪਰਾਈ ਥਾਂ ਸੀ। ਉਹ ਦੋ ਜਾਣੇ ਸਨ ਤੇ ਚੰਗੇ ਛਟੇ ਹੋਏ ਲੋਫਰ ਲੱਗਦੇ ਸਨ। ਨਾਲੇ ਕੀ ਪਤਾ ਗੱਲ ਵੱਧ ਜਾਂਦੀ ਤਾਂ ਹੋਰ ਕਿੰਨੇ ਯਾਰ ਦੋਸਤ ਉਨ੍ਹਾਂ ਦੇ ਨੇੜਿਉਂ-ਤੇੜਿਉਂ ਨਿੱਕਲ ਆਉਂਦੇ। ਗੱਲ ਠੱਪਣ ਲਈ ਮੈਂ ਕਲੱਚ ਦੀ ਮਜ਼ਦੂਰੀ ਦੇ ਦੋ ਰੁਪਈਆਂ ਦੇ ਨਾਲ ਦੋ ਰੁਪਏ ਉਸ ਲੀਚੜ ਦੀ ਕੈਪ ਦੇ ਵੀ ਧਰ ਦਿੱਤੇ। ਇਕ ਵਾਰ ਤਾਂ ਉਸ ਬੜੇ ਸ਼ਾਹਾਨਾ ਅੰਦਾਜ਼ ਵਿਚ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਫਿਰ ਲੈ ਵੀ ਲਏ।

ਉਸਦੀ ਕਮੀਨਗੀ ਹੱਦੋਂ ਵੱਧ ਰਹੀ ਸੀ। ਮੈਂ ਫਟਾਫਟ ਮੋਟਰ-ਸਾਇਕਲ ਸਟਾਰਟ ਕਰਕੇ ਛੇਤੀ ਤੋਂ ਛੇਤੀ ਇਸ ਮਾਹੌਲ 'ਚੋਂ ਖਿਸਕ ਜਾਣਾ ਚਾਹੁੰਦਾ ਸਾਂ, ਉਨ੍ਹਾਂ ਹਰਾਮੀਆਂ ਦੀਆਂ ਤਿੱਖੀਆਂ ਨਜ਼ਰਾਂ ਤੋਂ ਬਹੁਤ ਦੂਰ। ਗੱਲਾਂ-ਗੱਲਾਂ ਵਿਚ ਹੀ ਤਿੰਨ ਚਾਰ ਮੁੰਡੇ ਕਿਤੋਂ ਹੋਰ ਨਿਕਲ ਆਏ। ਮੈਂ ਮਨ 'ਚ ਬੜਾ ਕੁੜ੍ਹਿਆ, ਇਸ ਮੁਲਕ ਵਿਚ ਫਿਲਮੀ ਅਦਾਕਾਰ ਹੋਣਾ ਵੀ ਪਾਪ ਏ।

ਚੰਗੇ ਕਰਮਾਂ ਨੂੰ ਪਹਿਲੀ ਕਿੱਕ ਮਾਰਦਿਆਂ ਹੀ ਮੋਟਰ-ਸਾਇਕਲ ਸਟਾਰਟ ਹੋ ਗਿਆ। ਮੇਰੀਆਂ ਨਜ਼ਰਾਂ ਉਸ ਮੁੰਡੇ ਦਾ ਧੰਨਵਾਦ ਕਰਨੋਂ ਨਾ ਰਹਿ ਸਕੀਆਂ ਕਿਉਂਕਿ ਪਿਛਲੇ ਕੁਝ ਚਿਰ ਤੋਂ ਕਾਰਬੋਰੇਟਰ ਸਾਫ ਕਰਨ ਵਾਲਾ ਹੋਇਆ ਪਿਆ ਸੀ ਜਿਸ ਕਰਕੇ ਪੰਜ ਸੱਤ ਕਿੱਕਾਂ ਮਾਰਨ ਪਿਛੋਂ ਹੀ ਮੋਟਰ-ਸਾਇਕਲ ਸਟਾਰਟ ਹੁੰਦਾ ਸੀ। ਤੇ ਹੁਣ ਜੇ ਛੇਤੀ ਸਟਾਰਟ ਨਾ ਹੁੰਦਾ ਤਾਂ ਇਨ੍ਹਾਂ ਮੁੰਡਿਆਂ ਨੂੰ ਮੈਨੂੰ ਚਿੜਾਉਣ ਦਾ ਹੋਰ ਵੀ ਮੌਕਾ ਮਿਲ ਜਾਣਾ ਸੀ। ਇੰਜਨ ਸਟਾਰਟ ਹੁੰਦਿਆਂ ਹੀ ਮੈਂ ਫਟਾਫਟ ਤੁਰਨ ਦੀ ਕੀਤੀ। ਕਾਹਲ 'ਚ ਬੱਤੀ ਜਗਾਉਣੀ ਵੀ ਭੁੱਲ ਗਿਆ।

ਕੁਝ ਅਗਾਂਹ ਜਾ ਕੇ ਮੈਂ ਬੱਤੀ ਦਾ ਸਵਿਚ ਆਨ ਕੀਤਾ। ਕਾਫੀ ਦਿਨਾਂ ਤੋਂ ਇਹ ਕੁਝ ਢਿੱਲਾ ਜਿਹਾ ਸੀ, ਜਿਸ ਕਰਕੇ ਪਿਛਲੀ ਬੱਤੀ ਉੱਕਾ ਹੀ ਨਹੀਂ ਸੀ ਜਗਦੀ ਤੇ ਅਗਲੀ ਵੀ ਜਗਦੀ-ਬੁਝਦੀ ਹੀ ਰਹਿੰਦੀ ਸੀ। ਪਰ ਹੁਣ ਤਾਂ ਬੜੀ ਸੋਹਣੀ ਤਰ੍ਹਾਂ ਜਗ ਰਹੀ ਸੀ। ਇਸ ਨਾਲ ਮਨ ਨੂੰ ਕੁਝ ਤਾਂ ਧੀਰਜ ਹੋਇਆ, ਨਹੀਂ ਤਾਂ ਹੋ ਸਕਦਾ ਸੀ, ਚੁਰਾਹੇ ਤੇ ਕੋਈ ਪੁਲਸੀਆ ਨੰਬਰ ਨੋਟ ਕਰ ਬਹਿੰਦਾ ਤੇ ਪੰਦਰਾਂ ਵੀਹ ਰੁਪਏ ਹੋਰ ਗਵਾਉਣੇ ਪੈਂਦੇ।

ਕੁਝ ਹੋਰ ਅਗਾਂਹ ਜਾ ਕੇ ਐਕਸਲਰੇਟਰ ਦਬਾਉਂਦਿਆਂ ਅਚਾਨਕ ਹੀ ਮੇਰਾ ਹੱਥ ਹਾਰਨ ਵਜਾਉਣ ਵਾਲੇ ਬਟਨ ਨਾਲ ਜਾ ਲੱਗਾ। ਇਹ ਬਟਨ ਵੀ ਕਾਫੀ ਚਿਰ ਤੋਂ ਢਿੱਲੜ ਮਾਲ ਹੀ ਹੋਇਆ ਪਿਆ ਸੀ ਇਹ ਹਾਰਨ ਵੀ ਨਹੀਂ ਸੀ ਵੱਜਦਾ। ਮੈਂ ਠੀਕ ਕਰਵਾਉਣ ਦੀ ਕੋਸ਼ਿਸ਼ ਨਾ ਕੀਤੀ ਕਿਉਂਕਿ ਹਾਰਨ ਵਜਾਉਣਾ ਮੈਨੂੰ ਪਸੰਦ ਨਹੀਂ ਸੀ। ਪਰ ਅੱਜ ਮੇਰਾ ਹੱਥ ਵੱਜਦਿਆਂ ਹੀ ਹਾਰਨ ਜੋਰ ਦੀ ਅਜੀਬ ਜਿਹੀ ਅਵਾਜ ਵਿਚ ਵੱਜ ਪਿਆ। ਇਸ ਦੀ ਏਨੀ ਪਿਆਰੀ ਆਵਾਜ ਸੁਣ ਕੇ ਮੈਨੂੰ ਹੈਰਾਨੀ ਹੋਈ, ਪਹਿਲਾਂ ਤਾਂ ਇਹ ਭੁੱਖੇ ਬਘਿਆੜ ਵਾਂਗ ਘਊਂ-ਘਾਊਂ ਹੀ ਕਰਦਾ ਹੁੰਦਾ ਸੀ। ਤੇ ਇਕ ਹੋਰ ਅਜੀਬ ਗੱਲ ਇਹ ਹੋਈ ਕਿ ਹਾਰਨ ਦੀ ਆਵਾਜ਼ ਐਨ ਮੇਰੀ ਸੀਟ ਦੇ ਥੱਲਿਓਂ ਦੀ ਨਿਕਲੀ ਸੀ। ਜਿਸ ਨਾਲ ਖਾਹ-ਮਖਾਹ ਮੇਰੇ ਸਾਰੇ ਸਰੀਰ ਵਿਚ ਝੁਣਝੁਣੀ ਜਿਹੀ ਛਾ ਗਈ। ਜਿਵੇਂ ਬੇਧਿਆਨੀ ਵਿਚ ਹੀ ਮੈਂ ਕੋਈ ਐਸੀ-ਵੈਸੀ ਹਰਕਤ ਕਰ ਬੈਠਾਂ ਹੋਵਾਂ। ਇਸ ਦਾ ਮਤਲਬ ਮਿਸਤਰੀ ਦਾ ਮੁੰਡਾ ਮੇਰੇ ਨਾਲ ਇੱਕ ਹੋਰ ਸ਼ਰਾਰਤ ਕਰ ਗਿਆ ਸੀ। ਗੁੱਸਾ ਬੜਾ ਆਇਆ, ਪਰ ਪਤਾ ਨਹੀਂ ਕਿਉਂ ਬੱਚਿਆਂ ਵਾਂਗ ਘੜੀ-ਮੁੜੀ ਹਾਰਨ ਵਜਾਉਣ ਲਈ ਮੇਰਾ ਮਨ ਕਾਹਲਾ ਪੈਣ ਲੱਗਾ। ਜਦੋਂ ਅਵਾਜ਼ ਸੀਟ ਦੇ ਵਿਚੋਂ ਦੀ ਨਿਕਲਦੀ ਤਾਂ ਆਪਣੇ ਆਪ ਹੀ ਮੇਰਾ ਹਾਸਾ ਨਿਕਲ ਜਾਂਦਾ।

ਫੇਰ ਕੁਝ ਦੂਰ ਜਾ ਕੇ ਮੈਨੂੰ ਮਹਿਸੂਸ ਹੋਇਆ ਕਿ ਇੰਜਨ ਅੱਜ ਬੜਾ ਸੋਹਣਾ ਚੱਲ ਰਿਹੈ। ਖਿਆਲ ਆਇਆ ਰਾਤ ਦਾ ਵੇਲਾ ਹੈ, ਠੰਡੀ ਹਵਾ ਹੈ, ਸ਼ਾਇਦ ਇਸੇ ਕਰਕੇ ਹਲਕਾ ਫੁਲਕਾ ਜਾਪ ਰਿਹੈ, ਪਰ ਫਿਰ ਇਕ ਹੋਰ ਗੱਲ ਮੇਰੇ ਧਿਆਨ ਵਿਚ ਆਈ। ਚੈਨ ਦੇ ਚੇਨ ਬਾਕਸ ਨਾਲ ਰਗੜਨ ਤੇ ਜਿਹੜੀ ਖੜਖੜ ਪਹਿਲਾਂ ਹੁੰਦੀ ਸੀ ਹੁਣ ਉਸਦਾ ਨਾਂ-ਨਿਸ਼ਾਨ ਤੱਕ ਨਹੀਂ ਸੀ। ਮੈਨੂੰ ਪੂਰਾ ਯਕੀਨ ਹੋ ਗਿਆ ਕਿ ਮੁੰਡੇ ਨੇ ਕਲੱਚ ਦਾ ਟਾਂਕਾ ਲਾ ਕੇ ਜ਼ਰੂਰ ਮੋਟਰ-ਸਾਇਕਲ ਦੀ ਹੋਰ ਵੀ ਥੋੜੀ-ਬਹੁਤ ਮੁਰੰਮਤ ਕੀਤੀ ਸੀ। ਪਰ ਇਹ ਸਭ ਕੁਝ ਏਨਾ ਅਜੀਬ ਜਿਹਾ ਜਾਪਿਆ ਕਿ ਮੈਂ ਮੋਟਰ-ਸਾਇਕਲ ਖਲਾਰ ਕੇ ਉਸ ਦੇ ਇੱਕ-ਇੱਕ ਪੁਰਜੇ ਨੂੰ ਧਿਆਨ ਨਾਲ ਵਾਚਣ ਲੱਗ ਪਿਆ। ਪਿਛਲੀ ਬੱਤੀ ਵੱਲ ਮੇਰਾ ਧਿਆਨ ਪਿਆ, ਉਹ ਵੀ ਜਗਦੀ ਪਈ ਸੀ। ਇਸਦਾ ਮਤਲਬ ਉਸਨੇ ਇਸਦੀ ਵਾਇਰਿੰਗ ਵੀ ਠੀਕ ਕੀਤੀ ਸੀ। ਮੋਬਿਲ-ਆਇਲ ਦੀ ਟੰਕੀ ਵੱਲ ਧਿਆਨ ਮਾਰਿਆ ਤਾਂ ਉਥੇ ਵੀ ਇਕ ਸਸਤੀ ਜਿਹੀ ਕੈਪ ਲੱਗੀ ਹੋਈ, ਮੈਂ ਤਾਂ ਉਸਤੇ ਸਿਗਰਟ ਦਾ ਖਾਲੀ ਟੀਨ ਹੀ ਮੂਧਾ ਮਾਰ ਛੱਡਿਆ ਹੋਇਆ ਸੀ। ਬਰੇਕ ਵੇਖੀ ਉਹ ਵੀ ਕਸੀ ਪਈ ਸੀ। ਚੈਨ ਵੀ ਐਨ ਟਿੱਚ ਸੀ। ਗੇਅਰ-ਬਾਕਸ ਵੀ ਠੀਕ ਕੀਤਾ

(ਬਾਕੀ ਅਗਲੇ ਸਫੇ 'ਤੇ)

# ਭੁੱਖਮਰੀ ਦਾ ਸੰਕਟ ਤੇ ਭਾਰਤ ਅੰਦਰ ਆਰਥਿਕ ਅਸਮਾਨਤਾ

ਜ਼ਮੀਨੀ ਪੱਧਰ 'ਤੇ ਇਹ ਕਿਵੇਂ ਮੰਨਿਆ ਜਾਵੇ ਕਿ ਭਾਰਤ ਦੁਨੀਆਂ ਦੀ ਪੰਜਵੀਂ ਆਰਥਿਕ ਸ਼ਕਤੀ ਬਣ ਗਿਆ ਹੈ? ਜਦਕਿ ਸੰਸਾਰ ਭੁੱਖਮਰੀ ਦੇ ਸੂਚਕ ਅੰਕ 2023 ਦੇ ਮੁਤਾਬਕ ਭਾਰਤ 28.7 ਅੰਕਾਂ ਨਾਲ ਭੁੱਖਮਰੀ ਦੇ ਗੰਭੀਰ ਸੰਕਟ ਵਿਚ ਸ਼ਾਮਲ ਹੈ। ਸੰਯੁਕਤ ਰਾਸ਼ਟਰ ਦੀਆਂ ਦੋ ਹੋਰ ਅਜਿਹੀਆਂ ਤਾਜ਼ਾ ਰਿਪੋਰਟਾਂ ਜੋ ਦੇਸ਼ ਦੇ ਲੋਕਾਂ ਦੀ ਭੁੱਖਮਰੀ ਤੇ ਭੋਜਨ ਨਾਲ ਜੁੜੀਆਂ ਹੋਈਆਂ ਹਨ, ਉਹ ਵੀ ਨਸ਼ਰ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਤਾਂ ਭੋਜਨ ਦੀ ਬਰਬਾਦੀ ਨਾਲ ਅਤੇ ਦੂਸਰੀ ਭੋਜਨ ਤੋਂ ਬਿਨਾਂ ਭੁੱਖਮਰੀ ਨਾਲ ਜੁੜੀ ਹੋਈ ਹੈ!

**ਰਾਜਿੰਦਰ ਕੌਰ ਚੋਹਕਾ**
**ਫੋਨ: 91-98725-44738**

ਸੰਯੁਕਤ-ਰਾਸ਼ਟਰ ਨੇ ਪਹਿਲੀ ਰਿਪੋਰਟ ਰਾਹੀਂ ਭੋਜਨ ਦੀ ਹੋ ਰਹੀ ਬਰਬਾਦੀ ਨੂੰ ਗੰਭੀਰਤਾ ਨਾਲ ਲਿਆ ਹੈ। ਪਹਿਲਾਂ ਭੋਜਨ ਦੀ 'ਬਰਬਾਦੀ' ਦੀ ਰਿਪੋਰਟ ਜਾਰੀ ਕੀਤੀ ਗਈ ਹੈ ਤੇ ਦੂਸਰੀ 'ਭੁੱਖਮਰੀ' ਨਾਲ ਸਬੰਧਤ ਰਿਪੋਰਟ। ਸੰਯੁਕਤ-ਰਾਸ਼ਟਰ ਦੀ ਰਿਪੋਰਟ ਵਿਚ ਕਿਹਾ ਗਿਆ ਹੈ, 'ਜੇਕਰ ਭੋਜਨ ਦੀ ਹੋ ਰਹੀ ਬਰਬਾਦੀ ਨੂੰ ਸੌ ਫੀਸਦ ਰੋਕ ਦਿੱਤਾ ਜਾਵੇ ਤਾਂ! ਜੋ ਲੋਕ ਭੁੱਖ ਦੇ ਦੁੱਖ ਕਾਰਨ ਤੜਫ਼ ਰਹੇ ਹਨ, ਉਨ੍ਹਾਂ ਨੂੰ ਕੁਝ ਢਾਰਸ ਮਿਲ ਸਕਦੀ ਹੈ।'

2024 ਅਪ੍ਰੈਲ ਦੇ ਅੰਤ ਵਿਚ ਸੰਯੁਕਤ ਰਾਸ਼ਟਰ ਦੀ 'ਗਲੋਬਲ ਰਿਪੋਰਟ ਔਨ ਫੂਡ ਕਰਾਈਸ' ਵਿਚ ਦੱਸਿਆ ਗਿਆ ਹੈ ਕਿ ਦੁਨੀਆਂ ਭਰ ਦੇ ਕੁੱਲ 59 ਦੇਸ਼ਾਂ ਦੇ ਲਗਪਗ 28.2 ਕਰੋੜ ਲੋਕ 2023 ਵਿਚ ਭੁੱਖੇ ਰਹਿਣ ਲਈ ਮਜਬੂਰ ਹੋਏ। ਇਸ ਰਿਪੋਰਟ ਮੁਤਾਬਕ ਯੁੱਧ ਦੀ ਲਪੇਟ ਵਿਚ ਗਾਜ਼ਾਪੱਟੀ ਅਤੇ ਸੂਡਾਨ ਦੇ ਵਿਗੜੇ ਖਾਧ ਸੁਰੱਖਿਆ ਦੇ ਹਾਲਾਤ ਕਾਰਨ 2022 ਵਿਚ 2.4 ਕਰੋੜ ਤੋਂ ਵੀ ਵੱਧ ਲੋਕਾਂ ਨੂੰ ਭੁੱਖੇ ਰਹਿਣਾ ਪਿਆ। ਭੋਜਨ ਤੋਂ ਬਿਨਾਂ ਭੁੱਖੇ ਰਹਿਣ ਦੀ ਰਿਪੋਰਟ 2016 ਵਿਚ ਪਹਿਲਾਂ ਸੰਯੁਕਤ ਰਾਸ਼ਟਰ ਨੇ ਸ਼ੁਰੂ ਕੀਤੀ ਸੀ। ਪਹਿਲੀ ਰਿਪੋਰਟ ਦੀ ਤੁਲਨਾ ਵਿਚ ਤੇ ਤਾਜ਼ਾ ਰਿਪੋਰਟ ਵਿਚ ਲੋਕਾਂ ਦੇ ਭੁੱਖੇ ਰਹਿਣ ਦੀ ਗਿਣਤੀ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਨਾਲ ਦੀ ਨਾਲ ਖਾਧ ਸਮੱਗਰੀ ਤੋਂ ਬਿਨਾਂ ਵੀ ਭੁੱਖ ਨਾਲ ਤੜਫ਼ਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਭਾਵੇਂ! ਭੁੱਖੇ ਰਹਿਣ ਦਾ ਇਕ ਕਾਰਨ ਗਰੀਬੀ ਤੇ ਬੇਰੁਜ਼ਗਾਰੀ ਵੀ ਹੋਵੇਗਾ; ਜੋ ਭੋਜਨ ਤੋਂ ਬਿਨਾਂ ਭੁੱਖ ਨਾਲ ਮਰਨ ਦਾ ਪ੍ਰਤੀਕ ਰੂਪ ਵਿਚ ਸਾਫ਼ ਦਿਖਾਈ ਦਿੰਦਾ ਹੈ। ਜਿਨ੍ਹਾਂ ਵਿਚ ਭਾਰਤ ਵੀ ਆਉਂਦਾ ਹੈ।

ਦੁਨੀਆਂ ਭਰ ਦੇ ਅਰਥ-ਸ਼ਾਸਤਰੀਆਂ ਤੇ ਵਿਗਿਆਨੀਆਂ ਨੇ ਭੁੱਖਮਰੀ ਦੀ ਸਮੱਸਿਆਂ ਨੂੰ ਸਮਝਣ ਲਈ ਇਕ ਪੈਮਾਨਾ ਨਿਰਧਾਰਤ ਕੀਤਾ ਹੈ। ਸੰਯੁਕਤ-ਰਾਸ਼ਟਰ ਦੇ 'ਖਾਧ ਅਤੇ ਖੇਤੀ ਸੰਗਠਨ' (ਡਬਲਯੂ.ਐਫ.ਓ.) ਦੇ ਅਰਥ-ਸ਼ਾਸਤਰੀ 'ਮੈਕਸਿਮੋ ਟੋਰੇਰੋ' ਦੇ ਅਨੁਸਾਰ ਇਸ ਦੇ ਕੁੱਲ ਪੰਜ ਕਾਰਨ ਹਨ। ਇਸ ਵਿਚ ਭੁੱਖ ਨਾਲ (ਸੰਵਿਧਾਨਕ) ਪੀੜਤ ਲੋਕਾਂ ਨੂੰ ਪੰਜਵੇਂ ਥਾਂ 'ਤੇ ਰੱਖਿਆ ਗਿਆ ਹੈ। ਜਿਸ ਦੇ ਅੰਤਰਗਤ ਭਾਰਤ ਸਮੇਤ ਪੰਜ ਦੇਸ਼ਾਂ ਦੇ ਸੱਤਰ ਲੱਖ ਪੰਜ ਹਜ਼ਾਰ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿਚੋਂ 80 ਫੀਸਦ ਜਾਂ 57,07,000 ਤਾਂ ਕੇਵਲ ਇਕੱਲੇ ਹੀ ਯੁੱਧ ਪੀੜਤ ਗਾਜ਼ਾਪੱਟੀ ਵਿਚ ਹਨ। ਵਿਸ਼ਵ ਭੁੱਖ ਸੂਚਕ ਅੰਕ 2023 ਅਨੁਸਾਰ ਭਾਰਤ ਭੁੱਖਮਰੀ ਦੇ ਸ਼ਿਕਾਰ 125 ਦੇਸ਼ਾਂ ਦੀ ਸੂਚੀ ਵਿਚ 111ਵੇਂ ਸਥਾਨ 'ਤੇ ਸੀ।

ਦੇਸ਼ ਦੀ ਰਾਜ ਸੱਤਾ 'ਤੇ ਕਾਬਜ਼ ਰਾਜਨੀਤਕ ਲੋਕਾਂ ਨੂੰ ਖਾਸ ਕਰਕੇ ਤੀਜੀ ਵਾਰ 2024 ਵਿਚ ਐਨ.ਡੀ.ਏ. ਦੀ ਬਣੀ ਮੋਦੀ ਸਰਕਾਰ ਨੂੰ ਇਹ ਵੀ ਸੋਚਣਾ ਚਾਹੀਦਾ ਹੈ, ਕਿ ਅਸੀਂ 21ਵੀਂ ਸਦੀ ਵਿਚ ਤਾਂ ਪਹੁੰਚ ਗਏ ਹਾਂ, ਤੇ ਪੰਜਵੀਂ ਸੰਸਾਰ ਆਰਥਿਕ ਸ਼ਕਤੀ ਵੀ ਬਣ ਗਏ ਹਾਂ! ਪਰ ਸਾਡੇ ਦੇਸ਼ ਦੀ ਭੁੱਖਮਰੀ ਨਾਲ ਪੀੜਤ ਲੋਕਾਂ ਵਾਲੇ ਦੇਸ਼ਾਂ ਦੇ ਰੂਪ ਵਿਚ ਪਛਾਣ ਅਜੇ ਵੀ ਹੋ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ 2024 ਦੀਆਂ ਸੰਸਦ ਚੋਣਾਂ ਵਿਚ ਚੋਣ ਦਾ ਮੁੱਖ ਮੁੱਦਾ ਦੇਸ਼ ਵਿਚੋਂ 25 ਕਰੋੜ ਲੋਕਾਂ ਨੂੰ ਗਰੀਬੀ ਵਿਚੋਂ ਬਾਹਰ ਕੱਢਣ ਦੀਆਂ ਟਾਹਰਾਂ ਮਾਰੀਆਂ ਸਨ। ਪਰ! ਦੇਸ਼ ਵਿਚ ਗਰੀਬੀ ਤੇ ਭੁੱਖਮਰੀ ਦੇ ਅੰਕੜੇ ਡਰਾਉਣ ਵਾਲੇ ਆਏ ਹਨ। ਅਸੀਂ ਭਾਵੇਂ! ਕਹਿ ਰਹੇ ਹਾਂ, ਕਿ ਅਸੀਂ ਆਤਮ ਨਿਰਭਰ ਤੇ ਆਧੁਨਿਕ ਵਿਗਿਆਨਕ ਤਰੱਕੀ ਕਰ ਕੇ ਚੰਦ ਤਕ ਪੰਹੁਚਣ ਤੇ ਰੱਖਿਆ ਉਪਕਰਨਾਂ ਦਾ ਨਿਰਮਾਣ ਅਤੇ ਨਿਰਯਾਤ ਸਮੇਤ ਵੱਖ-ਵੱਖ ਖੇਤਰਾਂ ਵਿਚ ਆਤਮ ਨਿਰਭਰ ਬਣ ਗਏ ਹਾਂ? ਇਹ ਵੀ ਕਹਿ ਰਹੇ ਹਾਂ, ਕਿ ਸਾਡੀ ਵਿਦੇਸ਼ੀ ਨੀਤੀ, ਕੂਟਨੀਤਕ ਸੁਰੱਖਿਆ ਪ੍ਰਣਾਲੀ ਅਤੇ ਸਾਡੇ ਲੋਕਤੰਤਰ, ਸਾਹਿਤ-ਸੱਭਿਆਚਾਰ 'ਤੇ ਕਲਾਤਮਕ ਤੌਰ 'ਤੇ ਦੁਨੀਆਂ ਵਿਚ ਸਾਡੀ ਪਹਿਚਾਣ ਹੋ ਰਹੀ ਹੈ? ਅਸੀਂ ਪੰਜਵੀਂ ਅਰਥ-ਵਿਵਸਥਾ 'ਚ ਪਹੁੰਚ ਗਏ ਹਾਂ ਅਤੇ ਜਲਦੀ ਹੀ ਕੁਝ ਸਾਲਾਂ ਵਿਚ ਦੁਨੀਆਂ ਦੀ ਤੀਸਰੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣਾਉਣ ਦੀਆਂ ਡੀਂਗਾਂ ਵੀ ਮਾਰ ਰਹੇ ਹਾਂ! ਪਰ ਭੁੱਖ ਨਾਲ ਲੋਕ ਮਰ ਰਹੇ ਹਨ। ਦੁਨੀਆਂ ਭਰ ਵਿਚ ਇਹ ਵੀ ਇਕ ਚਰਚਾ ਹੈ, ਕਿ 'ਭਾਰਤ ਦੇਸ਼ ਵਿਚ ਲੋਕ ਭੁੱਖ ਦੁਖੋਂ ਮਰ ਰਹੇ ਹਨ। (ਮੀਡੀਆ ਰਿਪੋਰਟਾਂ)

''ਯੂ.ਐਨ.ਈ.ਪੀ. ਅਨੁਸਾਰ ਖਾਧ ਬਰਬਾਦੀ ਸੂਚਕ ਅੰਕ'' 2024 ਦੀ ਰਿਪੋਰਟ ਵਿਚ ਕਿਹਾ ਗਿਆ ਹੈ, ਕਿ ਰੋਜ਼ਾਨਾ ਦੁਨੀਆ ਭਰ ਵਿਚ ਜਿੰਨੇ ਭੁੱਖੇ ਲੋਕ ਸੌਂਦੇ ਹਨ, ਉਸ ਤੋਂ ਕਿਤੇ ਜ਼ਿਆਦਾ ਅਨਾਜ ਬਰਬਾਦ ਹੋ ਜਾਂਦਾ ਹੈ। ਜਿਸ ਵਿਚ ਸਭ ਤੋਂ ਵੱਡੀ ਭੂਮਿਕਾ ਹੋਟਲ, ਰੇਸਤਰਾਂ ਤੇ ਵਿਆਹਾਂ-ਸ਼ਾਦੀਆਂ, ਸਮਾਗਮਾਂ, ਭੰਡਾਰਿਆਂ ਅਤੇ ਧਾਰਮਿਕ ਸਥਾਨਾਂ ਰਾਹੀਂ ਨਿਭਾਈ ਜਾਂਦੀ ਹੈ। ਇਕ ਹੋਰ ਰਿਪੋਰਟ ਅਨੁਸਾਰ 2022 ਵਿਚ ਸੰਸਾਰ ਭਰ ਵਿਚ ਕੁੱਲ ਅਨਾਜ ਦੇ ਉਤਪਾਦਨ ਦਾ 19 ਫੀਸਦ ਭਾਵ! ਲਗਪਗ 1.05 ਅਰਬ ਟਨ ਅਨਾਜ ਬਰਬਾਦ ਹੋ ਗਿਆ ਸੀ। ਇਸ ਰਿਪੋਰਟ ਮੁਤਾਬਕ, ਇਹ ਅਨਾਜ ਖੇਤ ਤੋਂ ਲੈ ਕੇ ਥਾਲੀ ਤਕ ਪਹੁੰਚਦਿਆਂ-ਪਹੁੰਚਦਿਆਂ 13 ਫੀਸਦ ਬਰਬਾਦ ਹੋ ਜਾਂਦਾ ਹੈ।

''ਸੰਯੁਕਤ ਰਾਸ਼ਟਰ ਵਾਤਾਵਰਣ ਸਰਗਰਮੀ'' ਦੀ ਖਾਧ ਬਰਬਾਦੀ ਸੂਚਕ ਅੰਕ ਦੀ ਰਿਪੋਰਟ ਸਾਲ 2030 ਤੱਕ ਭੋਜਨ ਦੀ ਬਰਬਾਦੀ ਨੂੰ ਅੱਧਾ ਕਰਨ ਲਈ ਦੇਸ਼ਾਂ ਦੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ, ਕਿ ਜੇਕਰ ਅਨਾਜ ਦੀ ਬਰਬਾਦੀ ਨੂੰ ਰੋਕ ਲਿਆ ਜਾਵੇ! ਤਾਂ ਦੁਨੀਆਂ ਵਿਚ ਹੋ ਰਹੀ ਭੁੱਖਮਰੀ ਖਤਮ ਹੋ ਸਕਦੀ ਹੈ। ਕਿਉਂਕਿ ਅੱਜ ਦੁਨੀਆਂ ਵਿਚ ਰੋਜ਼ਾਨਾ 78.3 ਕਰੋੜ ਲੋਕ ਗੰਭੀਰ ਭੁੱਖ ਦਾ ਸਾਹਮਣਾ ਕਰ ਰਹੇ ਹਨ ਜਦਕਿ ਇਕ ਅਰਬ ਲੋਕਾਂ ਦਾ ਖਾਣਾ ਬਰਬਾਦ ਹੋ ਜਾਂਦਾ ਹੈ।

ਅਨਾਜ ਦੀ ਹੋ ਰਹੀ ਬਰਬਾਦੀ ਦੇ ਸੁਧਾਰ ਚਾਹੁਣ ਵਾਲਿਆਂ ਦੇ ਅਨੁਸਾਰ ਪ੍ਰਤੀ ਵਿਅਕਤੀ ਲਗਪਗ 79 ਕਿਲੋਗ੍ਰਾਮ ਭੋਜਨ ਹਰ ਸਾਲ ਬਰਬਾਦ ਹੋ ਜਾਂਦਾ ਹੈ? ਜੋ ਦੁਨੀਆਂ ਭਰ ਵਿਚ ਪ੍ਰਤੀ ਦਿਨ ਬਰਬਾਦ ਹੋਣ ਵਾਲੇ ਘੱਟੋ-ਘੱਟ ਇਕ ਅਰਬ ਲੋਕਾਂ ਦੇ ਭੋਜਨ ਦੀ ਥਾਲੀ ਦੇ ਬਰਾਬਰ ਹੈ। ਜੇਕਰ ਦੇਖਿਆ ਜਾਵੇ ਤਾਂ ਭੋਜਨ ਦੀ ਬਰਬਾਦੀ ਵੀ ਸੰਸਾਰ ਦੀ ਤਰਾਸਦੀ ਹੈ। ਜਿਸ ਨੂੰ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਸਮੱਸਿਆ ਸਾਰੇ ਸੰਸਾਰ ਦੀ ਅਰਥ-ਵਿਵਸਥਾ 'ਤੇ ਨਕਾਰਾਤਮਕ ਪ੍ਰਭਾਵ ਹੀ ਨਹੀਂ ਪਾਉਂਦੀ ਸਗੋਂ ਜਲ-ਵਾਯੂ ਪਰਿਵਰਤਨ ਅਤੇ ਜੀਵਾਂ ਲਈ ਵੀ ਨੁਕਸਾਨ ਪਹੁੰਚਾਉਣ ਲਈ ਜ਼ਿੰਮੇਵਾਰ ਹੈ।



ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਵਿਚ ਸਾਲ 2022-23 ਦੀ ਰਿਪੋਰਟ ਅਨੁਸਾਰ 74 ਮਿਲੀਅਨ ਅੰਨ ਖਾਧ ਪਦਾਰਥ ਬਰਬਾਦ ਹੋਇਆ ਸੀ। ਇਸੇ ਤਰ੍ਹਾਂ ਦੇਸ਼ ਅੰਦਰ ਪੈਦਾ ਹੋਏ ਅਨਾਜ ਦਾ 22 ਫੀਸਦ ਜਾਂ 10 ਫੀਸਦ ਕੁੱਲ ਪੈਦਾ ਹੋਏ ਅਨਾਜ, ਸਬਜ਼ੀਆਂ ਅਤੇ ਫਲਾਂ ਦੀ ਸਾਂਭ-ਸੰਭਾਲ ਅਤੇ ਦੁਰ-ਪ੍ਰਬੰਧਨ ਕਾਰਨ ਹੀ ਬਰਬਾਦ ਹੋ ਜਾਂਦਾ ਹੈ। ਸੰਸਾਰ ਅੰਦਰ ਪੈਦਾ ਹੋਏ 931-ਮਿਲੀਅਨ ਟਨ ਅਨਾਜ (17 ਫੀਸਦ ਹਿੱਸੇ 'ਚੋਂ) ਕੇਵਲ 8 ਫੀਸਦ ਹੀ ਭਾਰਤ ਦਾ ਹਿੱਸਾ ਹੈ (2019)। ''ਭਾਰਤੀ ਖੇਤੀ ਕੌਂਸਲ ਅਤੇ ਖੋਜ'' ਦਿੱਲੀ ਦੀ ਰਿਪੋਰਟ ਅਨੁਸਾਰ ਭਾਰਤ ਅੰਦਰ 10-ਫੀਸਦ ਅਨਾਜ, ਸਬਜ਼ੀਆਂ, ਫਲ, ਦੁੱਧ ਅਤੇ ਆਂਡਿਆਂ ਦੀ ਪੈਦਾਵਾਰ ਦਾ ਮਨੁੱਖ ਦੀ ਥਾਲੀ ਤਕ ਪਹੁੰਚਦੇ-ਪਹੁੰਚਦੇ ਹੀ ਬਰਬਾਦ ਅਤੇ ਖਰਾਬ ਹੋ ਜਾਣਾ, ਬਹੁਤ ਵੱਡਾ ਦੁਖਾਂਤ ਹੈ! ਜਦਕਿ ਇਸ ਦੇ ਮੁਕਾਬਲੇ ਸੰਸਾਰ ਦੀ ਕੁੱਲ 15.3 ਬਿਲੀਅਨ ਸਾਲਾਨਾ ਖਾਧ ਦੀ ਪੈਦਾਵਾਰ ਵਿਚੋਂ ਕੇਵਲ 19 ਫੀਸਦ ਹੀ ਬਰਬਾਦੀ ਹੁੰਦੀ ਹੈ। ਸੰਸਾਰ ਅੰਦਰ 121-ਕਿਲੋਗ੍ਰਾਮ ਪ੍ਰਤੀ ਵਿਅਕਤੀ ਸਾਲਾਨਾ ਅਨਾਜ ਦੀ ਬਰਬਾਦੀ ਹੁੰਦੀ ਹੈ, (ਸੰਯੁਕਤ ਰਾਸ਼ਟਰ ਆਰਥਿਕ ਵਾਧਾ 2021-ਰਿਪੋਰਟ)।

ਵਿਸ਼ਵ ਅਸਮਾਨਤਾ ਦੀ ਇਕ ਹੈਰਾਨੀ ਵਾਲੀ ਸੰਯੁਕਤ -ਰਾਸ਼ਟਰ ਦੀ ਤਾਜ਼ਾ ਰਿਪੋਰਟ ਮੁਤਾਬਿਕ ਦੁਨੀਆਂ ਵਿਚ ਲਗਪਗ 80 ਕਰੋੜ ਲੋਕ ਰੋਜ਼ਾਨਾ ਭੁੱਖੇ ਸੌਂਦੇ ਹਨ ਅਤੇ ਦੂਸਰੇ ਪਾਸੇ ਭੋਜਨ ਦੀਆਂ ਲਗਪਗ 'ਇਕ ਅਰਬ' ਥਾਲੀਆਂ ਬਰਬਾਦ ਕਰ ਦਿੱਤੀਆਂ ਜਾਂਦੀਆਂ ਹਨ। ''ਸੰਯੁਕਤ ਰਾਸ਼ਟਰ ਨੇ ਗਲੋਬਲ ਰਿਪੋਰਟ ਔਨ ਫੂਡ ਕਰਾਈਸਿਸ (ਖਾਧ ਸੰਕਟ ਤੇ ਵਿਸ਼ਵ ਰਿਪੋਰਟ) ਵਿਚ ਦੱਸਿਆ ਹੈ, ਕਿ ਭੁੱਖ ਨਾਲ ਤੜਫਣ ਵਾਲਿਆਂ ਵਿਚ ਬੱਚੇ, ਇਸਤਰੀਆਂ ਅਤੇ ਬਜ਼ੁਰਗ ਸਭ ਤੋਂ ਜ਼ਿਆਦਾ ਹਨ।''

ਭਾਰਤ ਭਾਵੇਂ ਚੀਨ ਅਤੇ ਅਮਰੀਕਾ ਤੋਂ ਬਾਅਦ ਅੰਨ ਦੀ ਪੈਦਾਵਾਰ 'ਚ ਮੋਹਰੀ ਦੇਸ਼ ਹੈ। ਕਿਉਂਕਿ? ਇੱਥੋਂ ਦੀ ਜ਼ਮੀਨ, ਪਾਣੀ (ਕਾਰਬਨ ਫੂਡ ਪ੍ਰਿੰਟ ਤੇ ਵਾਤਾਵਰਣ) ਖੇਤੀ ਲਈ ਅਨੁਕੂਲ ਹੁੰਦਾ ਹੈ। ਪਰ! ਇੱਥੇ ਭੁੱਖਮਰੀ ਤੇ ਮਹਿੰਗਾਈ ਦੇ ਬਾਵਜੂਦ 50 ਕਿਲੋਗ੍ਰਾਮ ਪ੍ਰਤੀ ਵਿਅਕਤੀ ਹਰ ਸਾਲ ਖਾਧ ਪਦਾਰਥ ਬਰਬਾਦ ਅਤੇ ਖਰਾਬ ਹੋ ਜਾਂਦਾ ਹੈ। ਜਿਸ ਲਈ ਸਾਡੇ ਪਾਸ ਅਨਾਜ ਦੀ ਪੈਦਾਵਾਰ ਤੋਂ ਲੈ ਕੇ ਸਟੋਰ ਕਰਨ ਤੱਕ ਵਧੀਆ ਸਹੂਲਤਾਂ ਅਤੇ ਪ੍ਰਬੰਧ ਨਹੀਂ ਹਨ। ਫਸਲਾਂ ਦੀ ਕਟਾਈ, ਸਾਂਭ-ਸੰਭਾਲ, ਟਰਾਂਸਪੋਰਟ, ਮੰਡੀਕਰਨ, ਸਟੋਰ, ਕੋਲਡ ਸਟੋਰ 'ਤੇ ਫਸਲ ਬੀਜਣ ਤੋਂ ਲੈ ਕੇ ਮਨੁੱਖ ਦੀ ਥਾਲੀ ਤੱਕ ਸਾਰੇ ਰਾਹਾਂ 'ਤੇ ਵਿਚਲੇ ਸ਼ੋਸ਼ਣ ਕਰਨ ਲਈ ਬੈਠੇ ਹਨ। ਜਿਸ ਕਰਕੇ ਅਜੇ ਤੱਕ ਵੀ ਅਸੀਂ ਰਵਾਇਤੀ ਢੰਗ-ਤਰੀਕਿਆਂ ਤੇ ਗੈਰ-ਵਿਗਿਆਨਕ ਢੰਗਾਂ ਨਾਲ ਹੀ ਜੁੜੇ ਹੋਏ ਹਾਂ। 74 ਮਿਲੀਅਨ ਟਨ ਪੈਦਾਵਾਰ, ਉਪਜ ਦਾ 22 ਫੀਸਦ ਹਿੱਸਾ ਹਰ ਸਾਲ ਬਰਬਾਦ ਜਾਂ ਖਰਾਬ ਹੋ ਜਾਂਦਾ ਹੈ। ਜੋ ਕੁੱਲ ਪੈਦਾਵਾਰ ਦਾ 10 ਫੀਸਦ ਬਣਦਾ ਹੈ। ਇਸ ਕਰਕੇ ਹੀ ਭਾਰਤ ਦੇ ਲੋਕ ਹਰ ਸਾਲ ਭੁੱਖ ਨਾਲ ਵਿਆਕੁਲ ਹੁੰਦੇ ਹਨ। (ਗਲੋਬਲ ਹੰਗਰ ਇੰਡੈਕਸ ਰਿਪੋਰਟ)। ਭਾਰਤ ਅੰਦਰ 'ਹਿੰਦੂ' ਦੀ ਰਿਪੋਰਟ ਨਵੰਬਰ 2021 ਅਨੁਸਾਰ 194.6 ਮਿਲੀਅਨ ਲੋਕ ਕੁਪੋਸ਼ਣ ਦੇ ਸ਼ਿਕਾਰ, ''ਖੁਰਾਕ ਤੇ ਖੇਤੀ ਸੰਸਥਾ ਦੀ ਰਿਪੋਰਟ ਅਨੁਸਾਰ 28.7 ਫੀਸਦ ਲੋਕ ਭੱਖ-ਮਰੀ ਦਾ ਸ਼ਿਕਾਰ (2023) ਸਨ। ਡਾ. ਅਮ੍ਰਿਤਿਆ ਸੇਨ ਦਾ ਕਹਿਣਾ ਹੈ, ''ਲੋਕਾਂ ਕੋਲ ਖਾਧ ਪਦਾਰਥ ਖਰੀਦਣ ਦੀ ਸ਼ਕਤੀ ਨਹੀਂ ਹੈ। ਜਿਸ ਦਾ ਮੁੱਖ ਕਾਰਨ ਖਾਧ ਸਬੰਧੀ ਸਰਕਾਰੀ ਨੀਤੀਆਂ ਹੀ ਨੁਕਸਦਾਰ ਹਨ। ਕੇਂਦਰ ਦੀ ਭਾਜਪਾ ਸਰਕਾਰ ਦੀਆਂ ਕੁਝ ਨੀਤੀਆਂ ਕਾਰਨ ਪਾੜਾ ਦਿਨੋਂ ਦਿਨ ਵਧ ਰਿਹਾ ਹੈ। ਜਦਕਿ ਉਪਰਲਾ ਵਰਗ ਜਿਸ ਨੂੰ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੈ, ਹੋਰ ਅਮੀਰ ਹੋ ਰਿਹਾ ਹੈ। ਦੇਸ਼ ਅੰਦਰ ਆਰਥਿਕ ਪਾੜਾ ਵਧਣ ਕਾਰਨ ਗਰੀਬ ਵਰਗ ਗਰੀਬੀ-ਗੁਰਬਤ ਵੱਲ ਜਾ ਰਿਹਾ ਹੈ।

ਭਾਰਤ ਦੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਅਸੀਂ ਚੌਲਾਂ, ਕਣਕ, ਦਾਲਾਂ, ਦੁੱਧ, ਗੰਨਾ ਅਤੇ ਮੋਟੇ ਅਨਾਜ ਵਿਚ ਭਾਵੇਂ! ਅਸੀਂ ਅੱਗੇ ਵਧੇ ਹਾਂ, ਪਰ! ਭੁੱਖ ਅਤੇ ਕੁਪੋਸ਼ਣ ਸਾਡਾ ਪਿੱਛਾ ਨਹੀਂ ਛੱਡ ਰਹੀ। ਅੱਜ ਅਸੀਂ 125 ਦੇਸ਼ਾਂ ਅੰਦਰ 'ਭੁੱਖਮਰੀ' ਦੇ 111ਵੇਂ ਸਥਾਨ 'ਤੇ ਹਾਂ! ਕਿਉਂਕਿ? ਸਾਨੂੰ ਗੁਣਵਤਾ ਵਾਲੀ ਖੁਰਾਕ ਅਤੇ ਪੇਟ ਭਰਵੀਂ ਰੋਟੀ ਨਹੀਂ ਮਿਲ ਰਹੀ! ਅੱਜ ਵੀ 1.41 ਬਿਲੀਅਨ ਅਬਾਦੀ ਵਿਚੋਂ 190 ਮਿਲੀਅਨ ਭਾਰਤੀ ਭੁੱਖੇ ਹਨ। ਕਿਉਂਕਿ? ਦੇਸ਼ ਅੰਦਰ ਪੂੰਜੀਵਾਦੀ, ਫਿਰਕੂ ਅਤੇ ਅਜ਼ਾਰੇਦਾਰੀ ਪੱਖੀ ਆਰਥਿਕ ਨੀਤੀਆ ਨੂੰ ਕੇਂਦਰ ਦੀ ਬੀ.ਜੇ.ਪੀ. ਸਰਕਾਰ ਵਲੋਂ ਲਾਗੂ ਕਰਨ ਅਤੇ ਜਾਰੀ ਰੱਖਣ ਕਾਰਨ ਸਾਡੇ ਦੇਸ਼ ਦੀ ਕੌਮੀ ਸੰਪਤੀ ਅਤੇ ਆਰਥਿਕਤਾ ਇਕ ਪਾਸੜ ਵਧ ਰਹੀ ਹੈ। ਅੱਜ ਪੂੰਜੀ ਦਾ ਵਿਕਾਸ ਤੇ ਵਹਾਅ ਅਜ਼ਾਰੇਦਾਰ ਪੱਖੀ ਹੋਣ ਕਰਕੇ, 'ਆਰਥਿਕ ਨਾ-ਬਰਾਬਰੀਆਂ ਅਤੇ ਅਸਮਾਨਤਾਵਾਂ ਵਧੀਆਂ ਹਨ। ਇਸ ਨਾ-ਬਰਾਬਰੀ ਵਾਲੇ ਆਰਥਿਕ ਸਿਸਟਮ ਨੇ ਆਮ ਲੋਕਾਂ ਤੇ ਕਿਰਤੀ ਦੀ ਰੋਜ਼ੀ-ਰੋਟੀ ਬਰਬਾਦ ਕਰ ਦਿੱਤੀ ਹੈ ਅਤੇ ਖੋਹੀ ਜਾ ਰਹੀ ਹੈ। ਖੇਤੀ ਸੈਕਟਰ, ਮੌਜੂਦਾ ਉਦਾਰਵਾਦੀ ਆਰਥਿਕ ਨੀਤੀਆਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਇਸ ਕਾਰਨ ਅੱਜ ਛੋਟਾ ਕਿਸਾਨ, ਪੇਂਡੂ ਮਜ਼ਦੂਰ ਅਤੇ ਕਿਰਤੀ ਲੋਕਾਂ ਦੀ ਬਹੁ-ਗਿਣਤੀ ਦਾ ਹਿੱਸਾ ਪ੍ਰਤੀ-ਦਿਨ ਦੋ ਡਾਲਰ ਜਾਂ ਇਸ ਤੋਂ ਵੀ ਘੱਟ ਰੋਜ਼ਾਨਾ ਆਮਦਨ ਹੋਣ ਕਾਰਨ ਦੋ ਵੇਲੇ ਦੀ ਰੋਟੀ ਖਾਣ ਤੋਂ ਵੀ ਆਤੁਰ ਹਨ। ਇਸ ਕਰਕੇ ਹੀ ਭਾਰਤ ਨੂੰ 'ਸਮੂਹਿਕ ਗਰੀਬੀ' ਭਾਵ! ਜਨ-ਗਰੀਬੀ ਦਾ ਦੇਸ਼ ਕਿਹਾ ਜਾ ਰਿਹਾ ਹੈ। ਜਦਕਿ ਕੇਂਦਰ ਦੀ ਸਰਕਾਰ ਖੁਦ ਮੰਨ ਰਹੀ ਹੈ, ਕਿ 'ਅਸੀਂ ਦੇਸ਼ ਦੇ 80 ਕਰੋੜ ਲੋਕਾਂ ਨੂੰ ਅਨਾਜ ਹਰ ਮਹੀਨੇ ਦੇ ਰਹੇ ਹਾਂ।' ਭਾਵ! ਭਾਰਤ ਦਾ ਅਵਾਮ ਇਕ ਦਿਨ ਦਾ ਲੋੜ ਬਰਾਬਰ ਖੁਦ ਖਾਣਾ ਪੈਦਾ ਕਰਨ 'ਚ ਨਾ-ਕਾਮਯਾਬ ਹੈ।

ਸਮੂਹਿਕ ਗਰੀਬੀ ਜਾਂ ਜਨ ਗਰੀਬੀ 'ਚੋਂ ਮੁਕਤੀ ਦਿਵਾਉਣ ਲਈ ਭਾਰਤ ਅੰਦਰ ਅਨਾਜ, ਸਬਜ਼ੀਆਂ, ਫਲ, ਦੁੱਧ, ਆਂਡੇ ਅਤੇ ਹੋਰ ਜ਼ਰੂਰੀ ਪਦਾਰਥਾਂ ਦੀ ਪੈਦਾਵਾਰ ਤੋਂ ਲੈ ਕੇ ਥਾਲੀ ਤੱਕ ਪਹੁੰਚਾਉਣ ਲਈ ਇਕ ਵਿਗਿਆਨਕ ਚੇਨ ਹੋਵੇ। ਜਿਸ ਵਿਚੋਂ ਵਿਚੋਲੇ ਕੱਢ ਦਿੱਤੇ ਜਾਣ 'ਤੇ ਜਨਤਕ ਜਮਹੂਰੀ ਢੰਗਾਂ ਨਾਲ ਚੁਣੇ ਲੋਕਾਂ ਦੇ ਨੁਮਾਇੰਦਿਆਂ ਦੀ ਦੇਖ-ਭਾਲ ਤੇ ਸਹਾਇਤਾ ਲਈ ਲੋਕ ਨਿਗਰਾਨੀ ਵਾਲੀ ਸਪਲਾਈ ਚੇਨ ਹੋਵੇ। ਨੁਕਸਦਾਰ ਸਾਰਾ ਢਾਂਚਾ ਜੋ 40 ਫੀਸਦ ਅਨਾਜ ਦੀ ਬਰਬਾਦੀ ਲਈ ਜ਼ਿੰਮੇਵਾਰ ਹੈ, ਬਦਲ ਦਿੱਤਾ ਜਾਵੇ। ਦੇਸ਼ ਅੰਦਰ ਖਾਧ-ਖੁਰਾਕ ਦੀ ਜਨਤਕ ਵੰਡ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ। ਅਜਿਹੇ ਜਮਹੂਰੀ ਪ੍ਰਬੰਧ ਹੀ ਕਿਸਾਨ ਤੇ ਖਪਤਕਾਰ ਨੂੰ ਪੂਰਾ ਇਨਸਾਫ ਦੇ ਸਕਣਗੇ ਅਤੇ ਹਰ ਭਾਰਤੀ ਨੂੰ ਖਾਣ ਲਈ ਤੇ ਪੇਟ ਭਰਨ ਲਈ ਦੋ ਢੰਗ ਦੀ ਰੋਟੀ ਦੇਣ ਦੇ ਯੋਗ ਬਣਾਉਣ ਯੋਗ ਹੋ ਸਕੇਗਾ।

ਜਦੋਂ ਹਰ ਭਾਰਤੀ ਨੂੰ ਹਾਕਮ ਸਿਹਤ, ਸਿੱਖਿਆ, ਰੁਜ਼ਗਾਰ ਦੀ ਸੰਵਿਧਾਨਕ ਗ੍ਰੰਟੀ ਅਤੇ ਸਮਾਜਿਕ ਸੁਰੱਖਿਆ ਲਈ ਆਰਥਿਕ ਆਜ਼ਾਦੀ ਦੀ ਢਾਲ ਅਤੇ ਓਟ ਦੇਣ ਯੋਗ ਹੋਣਗੇ, ਉਦੋਂ ਦੇਸ਼ ਦਾ ਹਰ ਨਾਗਰਿਕ ਆਪਣੇ ਆਪ ਨੂੰ ਖੁਦ ਆਪਣੇ ਆਪ 'ਤੇ ਨਿਰਭਰ ਮਹਿਸੂਸ ਕਰੇਗਾ ਅਤੇ ਉਹ ਖੁਦ ਵੀ ਪੇਟ ਭਰਨ ਯੋਗ ਹੋ ਜਾਵੇਗਾ। ਫਿਰ ਭਾਰਤੀ ਨਾਗਰਿਕ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ''ਰਿਉੜੀਆਂ ਤੇ ਚੋਗੇ'' ਦੀ ਲੋੜ ਨਹੀਂ ਪਏਗੀ? ਜੋ ਭੁੱਖਿਆਂ ਨੂੰ ਗੁਮਰਾਹ ਕਰ ਕੇ, ਵੋਟ ਪ੍ਰਾਪਤ ਕਰ ਕੇ ਫਿਰ ਲੋਕਾਂ ਨੂੰ 'ਗਰੀਬੀ-ਗੁਰਬਤ' ਦੀ ਖਾਈ ਵਿਚ ਸੁੱਟ ਦਿੰਦੇ ਹਨ। ਲੋਕਾਂ ਅੰਦਰ ਜਾਗਰੂਕਤਾ ਦੀ ਲਹਿਰ ਅਤੇ ਆਪਣੀ ਹੋਂਦ ਨੂੰ ਸਮਝਣ ਲਈ ਰਾਜਨੀਤਕ-ਆਰਥਿਕ ਸੰਘਰਸ਼ ਕਰਨਾ ਪਏਗਾ? ਤਾਂ ਹੀ, ਉਹ ਆਪਣੀ ਮੁਕਤੀ ਵੱਲ ਕਦਮ ਪੁੱਟ ਕੇ ਆਰਥਿਕ ਬਰਾਬਰਤਾ ਪ੍ਰਾਪਤ ਕਰ ਸਕਣਗੇ?

---

## *ਇਕ ਮਿਠੀ ਯਾਦ: ਬਲਰਾਜ ਸਾਹਨੀ*

*(ਪਿਛਲੇ ਸਫੇ ਦੀ ਬਾਕੀ)*

ਪਿਆ ਸੀ। ਮੈਨੂੰ ਇੱਕ ਦਮ ਖਿਆਲ ਆਇਆ, ਆਪਣਾ ਟੂਲ ਬਾਕਸ ਤਾਂ ਦੇਖ ਲਵਾਂ ਕੀ ਪਤਾ ਕੋਈ ਔਜ਼ਾਰ ਹੀ ਨਾ ਖਿਸਕਾ ਗਿਆ ਹੋਵੇ। ਪਰ ਟੂਲ ਬਾਕਸ ਵਿਚੋਂ ਔਜ਼ਾਰ ਤਾਂ ਕੀ ਜਾਣੇ ਸਨ, ਸਗੋਂ ਪੈਟਰੋਲ ਟੈਂਕ ਦੀ ਕੈਪ ਵੀ ਸਹੀ ਸਲਾਮਤ ਉਸਦੇ ਵਿਚ ਪਈ ਸੀ ਜਿਸ ਬਾਰੇ ਉਸ ਵਿਚਾਰੇ ਨੇ ਸੋਚਿਆ ਸੀ, ਸ਼ਾਇਦ ਗੁਆਚ ਗਈ ਹੈ। ਮੈਂ ਹੱਕਾ ਬੱਕਾ ਹੋਇਆ ਕਦੇ ਇੱਕ ਚੀਜ ਵੱਲ ਝਾਤੀ ਮਾਰ ਰਿਹਾਂ ਸਾਂ ਤੇ ਕਦੇ ਦੂਜੀ ਵੱਲ। ਉਸ ਮੁੰਡੇ ਨੇ ਲਏ ਤਾਂ ਮੇਰੇ ਸਿਰਫ ਕੋਲੋਂ ਚਾਰ ਰੁਪਏ ਸਨ। ਤੇ ਕੰਮ ਉਸ ਘੱਟੋ-ਘੱਟ ਪੰਦਰਾਂ ਵੀਹਾਂ ਦਾ ਕੀਤਾ ਜਾਪਦਾ ਸੀ। ਮੈਨੂੰ ਕੱਖ ਸਮਝ ਨਹੀਂ ਸੀ ਆ ਰਹੀ। ਜੇ ਉਸ ਨੇ ਕੀਤਾ ਸੂ, ਤੇ ਦੱਸਿਆ ਕਿਉਂ ਨਾ, ਇੰਜ ਮਜਾਕ ਕਰਨ ਦਾ ਭਲਾ ਕੀ ਮਤਲਬ ਹੋਇਆ।

ਹੁਣ ਮੈਨੂੰ ਉਹ ਮੁੰਡਾ ਚੰਗਾ-ਚੰਗਾ ਲੱਗਣ ਲਗਾ। ਇਕ ਬੇਕਾਰ, ਬੇਰੁਜ਼ਗਾਰ ਕਾਰੀਗਰ ਜੋ ਮੋਟਰਾਂ ਦੇ ਇੰਜ਼ਨ ਠੀਕ ਕਰਨ ਦੀ ਥਾਂ ਆਪਣਾ-ਆਪ ਡਾਲਡੇ ਦੇ ਡੱਬੇ ਕੁੱਟਣ ਵਿਚ ਗੁਆ ਰਿਹਾ ਸੀ, ਭਲਾ ਏਨਾ ਮਜਾਕੀਆ ਕਿਸਮ ਦਾ ਇਨਸਾਨ ਵੀ ਹੋ ਸਕਦੈ। ਇਹ ਸਭ ਕੁਝ ਮੇਰੇ ਲਈ ਅਜੀਬ ਜਿਹੀ ਬੁਝਾਰਤ ਬਣ ਗਈ।

ਘਰ ਵੱਲ ਜਾਣਾ ਤਾਂ ਹੁਣ ਅਸੰਭਵ ਸੀ। ਉਸ ਦੀ ਮਿਹਨਤ ਦਾ ਮੁਆਵਜਾ ਦਿੱਤਿਆ ਬਗੈਰ ਜਾਂਦਾ ਕਿਵੇਂ ਤੇ ਮੈਂ ਇੱਕ ਦਮ ਵਾਪਸ ਅੰਧੇਰੀ ਵਲ ਤੁਰ ਪਿਆ।

ਰਾਹ ਵਿਚ ਇੱਕ-ਦੋ ਵਾਰ ਮੈਂ ਫਿਰ ਮੋਟਰ-ਸਾਇਕਲ ਰੋਕ ਕੇ ਚੰਗੀ ਤਰ੍ਹਾਂ ਜਾਂਚਿਆ। ਪਰਖਿਆ ਕਿ ਕਿਤੇ ਮੈਨੂੰ ਭਰਮ ਤਾਂ ਨਹੀਂ ਲਗ ਰਿਹਾ। ਪਰ ਏਨਾ ਵੀ ਕਾਹਦਾ ਭੁਲੇਖਾ ਹੋਇਆ, ਕੱਲ ਤੱਕ ਤਾਂ ਮੈਂ ਇਸ ਨੂੰ ਗੈਰੇਜ ਵਿਚ ਭੇਜ ਕੇ ਸਰਵਿਸ ਕਰਵਾਉਣ ਦੀ ਜਰੂਰਤ ਮਹਿਸੂਸ ਕਰ ਰਿਹਾ ਸਾਂ ਤੇ ਅੱਜ ਇੰਜ ਜਾਪ ਰਿਹਾ ਸੀ ਜਿਵੇਂ ਹੁਣੇ ਹੀ ਗੈਰੇਜ ਵਿਚੋਂ ਸਰਵਿਸ ਕਰਵਾ ਕੇ ਵਾਪਸ ਲਿਆਂਦੀ ਹੋਵੇ। ਉਸ ਦੇ ਪੂਰੇ ਪੈਸੇ ਜਰੂਰ ਦੇਣੇ ਸਨ ਤੇ ਨਾਲੇ ਉਸ ਦੇ ਮਜਾਕ ਦੀ ਦਾਦ ਦੇਣ ਨੂੰ ਬੜਾ ਜੀ ਕੀਤਾ।

ਹੁਣ ਥੋੜਾ ਜਿਹਾ ਮਨ ਘਬਰਾਇਆ ਕਿ ਕਿਤੇ ਮੈਂ ਕੋਈ ਹਰੋ ਨਵੀਂ ਮੁਸੀਬਤ ਤਾਂ ਨਹੀਂ ਮੁੱਲ ਲੈ ਰਿਹਾ। ਕੀ ਪਤਾ ਉਹ ਮੁੰਡਾ ਹੁਣ ਉੱਥੇ ਹੋਵੇ ਵੀ ਕਿ ਨਾ। ਹੋ ਸਕਦੈ ਮੈਨੂੰ ਵੇਖ ਕੇ ਉਹ ਤੇ ਉਹਦੇ ਸਾਥੀ ਕੋਈ ਹੋਰ ਸ਼ਰਾਰਤ ਕਰਨ 'ਤੇ ਤੁਲ ਪੈਣ, ਫੇਰ ਕੀ ਬਣੇਗਾ ਪਰ ਪਤਾ ਨਹੀਂ ਕਿਉਂ ਮੈਂ ਰੁਕਿਆ ਨਹੀਂ।

ਚੌਂਕ ਪਾਰ ਕਰ ਕੇ ਮੈਂ ਨਜ਼ਰ ਮਾਰੀ, ਟੀਨਾਂ ਵਾਲੀ ਦੁਕਾਨ ਖੁੱਲ੍ਹੀ ਪਈ ਸੀ। ਤੇ ਉਸੇ ਮੁੰਡੇ ਦਾ ਬਾਪੂ ਟੀਨ ਭੰਨਣ ਵਿਚ ਮਗਨ ਸੀ। ਮੋਟਰ-ਸਾਇਕਲ ਦਾ ਇੰਜਨ ਬੰਦ ਕਰ ਕੇ ਉਸ ਪਾਸੇ ਵੱਲ ਤੁਰਿਆ ਹੀ ਸੀ ਕਿ ਪਤਾ ਨਹੀਂ ਕਿਹੜੇ ਪਾਸਿਓਂ ਉਹੀ ਮੁੰਡਾ ਤੇ ਉਹਦੇ ਯਾਰ ਮੇਰੇ ਸਾਹਮਣੇ ਆ ਖਲੋਤੇ। ਮੁੰਡਾ ਮੋਟਰ-ਸਾਇਕਲ ਕੋਲ ਜਾ ਖਲੋਤਾ ਤੇ ਉਸ ਨੂੰ ਜਾਂਚਦਿਆਂ ਬੋਲਿਆ 'ਕਿਉਂ ਸਾਬ, ਫਿਰ ਕੋਈ ਖਰਾਬੀ ਹੋ ਗਈ ਕਿਆ'

ਮੈਂ ਸਿੱਧਾ ਜਾ ਕੇ ਉਸ ਦਾ ਸੱਜਾ ਹੱਥ, ਆਪਣੇ ਹੱਥ ਵਿਚ ਘੁੱਟ ਲਿਆ ਤੇ ਆਖਿਆ, 'ਅਰੇ ਯਾਰ, ਤੁਮ ਤੋ ਬੜੇ ਸ਼ਾਨਦਾਰ ਆਦਮੀ ਹੋ। ਮੁਝੇ ਮਾਲੂਮ ਨਹੀਂ ਥਾ ਕਿ ਤੁਮ ਨੇ ਗਾੜੀ ਪਰ ਇਤਨਾ ਕਾਮ ਕੀਆ ਹੈ। ਬਤਾਉ ਮੁਝੇ ਔਰ ਕਿਤਨੇ ਪੈਸੇ ਦੇਨੇ ਹੈਂ।'

'ਕੁਛ ਨਹੀਂ, ਕੁਛ ਨਹੀਂ, ਤੁਮ 'ਹਮ ਲੋਗ' ਪਿਕਚਰ ਮੇਂ ਬਹੁਤ ਅਛਾ ਕਾਮ ਕਰਤਾ ਹੈ, ਬਸ।'

ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਮੈਂ ਆਖਿਆ, 'ਮਗਰ ਮੈਂ ਤੋ ਤਮਾਮ ਵਕਤ ਯੇ ਸੋਚਤਾ ਰਹਾ ਕਿ ਤੁਮ ਮੇਰਾ ਮਜ਼ਾਕ ਉੜਾ ਰਹੇ ਹੋ।'

'ਐਕਟਰ ਲੋਗ ਕੇ ਸਾਥ ਥੋੜਾ ਮਜਾਕ ਕਰਨਾ ਮਾਂਗਤਾ ਹੈ', ਉਹ ਹੋਠਾਂ ਵਿਚ ਆਪਣੀ ਮੁਸਕਣੀ ਘੁੱਟ ਕੇ ਸ਼ਰਾਰਤ ਨਾਲ ਬੋਲਿਆ।

ਮੈਂ ਪੈਸੇ ਦੇਣ ਲਈ ਬਥੇਰਾ ਜ਼ੋਰ ਲਗਾਇਆ, ਪਰ ਉਸ ਮੇਰੀ ਇਕ ਨਾ ਮੰਨੀ। ਸਗੋਂ ਉਸ ਦੀ ਯਾਰ ਮੰਡਲੀ ਮੈਨੂੰ ਉਸੇ ਚਾਹ ਵਾਲੇ ਦੀ ਦੁਕਾਨ ਵਿਚ ਲੈ ਤੁਰੀ। ਮੈਨੂੰ ਉਨ੍ਹਾਂ ਚਾਹ ਪਿਆਈ, ਤੇ ਫਿਰ ਫਿਲਮਾਂ ਬਾਰੇ ਐਕਟਰੈਸਾਂ ਬਾਰੇ ਬੜੇ ਮਜ਼ੇਦਾਰ ਸਵਾਲ ਪੁੱਛਦੇ ਰਹੇ। ਮੈਂ ਸਾਰਾ ਸੰਕੋਚ ਮਿਟਾ ਕੇ ਉਨ੍ਹਾਂ ਦੀ ਮਿੱਤਰਤਾ ਵਿਚੋਂ ਅਕਹਿ ਸੁਆਦ ਮਾਣ ਰਿਹਾ ਸਾਂ। ਹੁਣ ਤੱਕ ਮਜਦੂਰਾਂ ਬਾਰੇ ਮੇਰਾ ਨਜ਼ਰੀਆ ਕੁਝ ਹੋਰ ਹੀ ਸੀ। ਕੰਗਾਲੀ ਤੇ ਮਜਬੂਰੀ ਦੀ ਹਾਲਤ ਵਿਚ ਵੀ ਮਜ਼ਦੂਰ ਏਨਾ ਹਸਮੁਖ, ਖੁਸ਼ਮਿਜ਼ਾਜ ਤੇ ਏਨਾ ਬਾਦਸ਼ਾਹ ਦਿਲ ਹੋ ਸਕਦੈ, ਇਹ ਮੇਰੀ ਕਲਪਨਾ ਤੋਂ ਕਿਤੇ ਬਾਹਰੀ ਗੱਲ ਸੀ।

ਇਹ ਹੈ ਮੇਰੀ ਫਿਲਮੀ ਜਿੰਦਗੀ ਦੀ ਉਹ ਅਭੁੱਲ ਯਾਦ। ਕਹਾਣੀ ਲਿਖਣ ਕਲਾ ਭੁੱਲ ਨਾ ਗਿਆ ਹੁੰਦਾ ਤਾਂ ਸ਼ਾਇਦ ਇਸ ਦੀ ਇਕ ਅਤਿਅੰਤ ਪਿਆਰੀ ਤੇ ਬੇਮਿਸਾਲ ਕਹਾਣੀ ਲਿਖ ਮਾਰਦਾ।

# ਭਾਰਤ ਵਿਚ ਸਿੱਖਿਆ ਵਪਾਰ ਅਤੇ ਨੀਟ ਘਪਲਾ

ਨੌਜਵਾਨਾਂ ਦੇ ਜੀਵਨ ਪੰਧ ਦਾ ਖ਼ਾਕਾ ਘੜਨ ਵਾਲੇ ਨੀਟ (ਕੌਮੀ ਯੋਗਤਾ ਤੇ ਦਾਖ਼ਲਾ ਟੈਸਟ) ਅਤੇ ਨੈੱਟ (ਕੌਮੀ ਯੋਗਤਾ ਟੈਸਟ) ਜਿਹੇ ਇਕਸਾਰ ਟੈਸਟਾਂ ਵਿਚ ਹੋਏ ਘਪਲਿਆਂ ਬਾਰੇ ਕਾਫ਼ੀ ਕੁਝ ਆਖਿਆ ਤੇ ਲਿਖਿਆ ਜਾ ਚੁੱਕਿਆ ਹੈ। ਕੌਮੀ ਟੈਸਟਿੰਗ ਅਥਾਰਿਟੀ (ਐੱਨ.ਟੀ.ਏ.) ਦੇ ਕਾਰਵਿਹਾਰ ਖ਼ਿਲਾਫ਼ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਰੋਹ ਅਤੇ ਸਿਆਸੀ ਪਾਰਟੀਆਂ ਦੇ ਪ੍ਰਦਰਸ਼ਨਾਂ ਤੋਂ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਟੈਸਟਾਂ ਨੇ ਕਿਵੇਂ ਦੇਸ਼ ਦੇ ਸਿੱਖਿਆ ਧਰਾਤਲ ਦੀ ਕੇਂਦਰੀ ਸਪੇਸ 'ਤੇ ਕਬਜ਼ਾ ਕਰ ਲਿਆ ਹੈ। ਫਿਰ ਵੀ ਇਸ ਸਾਰੇ ਰੌਲੇ ਰੱਪੇ ਦੇ ਬਾਵਜੂਦ ਜਿਸ

**ਅਵਿਜੀਤ ਪਾਠਕ**

ਗੱਲ ਦੀ ਕਮੀ ਰੜਕ ਰਹੀ ਹੈ, ਉਹ ਹੈ ਇਸ ਕਿਸਮ ਦੇ ਟੈਸਟਾਂ ਦੇ ਮੂਲ ਤਰਕ 'ਤੇ ਕਿੰਤੂ ਕਰਨ ਅਤੇ ਇਹ ਸੋਚ ਵਿਚਾਰ ਕਰਨ ਦੀ ਹਿੰਮਤ ਕਿ ਇਸ ਦੇ ਨਾਲੋ-ਨਾਲ ਕੋਚਿੰਗ ਸਨਅਤ ਦੇ ਵਿਕਾਸ ਨੇ ਸਾਡੇ ਯੁਵਾ ਮਨਾਂ ਦੇ ਮਾਨਸਿਕ, ਸੱਭਿਆਚਾਰਕ ਅਤੇ ਸੁਹਜਮਈ ਵਿਕਾਸ ਨੂੰ ਕਿੰਨੀ ਵੱਡੀ ਸੱਟ ਮਾਰੀ ਹੈ। ਮੱਤ ਭੁੱਲੋ ਕਿ ਦੌਲਤ ਬਣਾਉਣ ਦਾ ਇਹ ਮਹਾ ਕਾਰੋਬਾਰ ਬੇਚੈਨੀ ਵਿਚ ਗ੍ਰਸੇ ਮਾਪਿਆਂ ਨੂੰ ਇਸ ਵਾਅਦੇ ਨਾਲ ਫੁਸਲਾਉਂਦਾ ਰਹਿੰਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਇੱਕ ਦਿਸ਼ਾਵੀ 'ਪ੍ਰੀਖਿਆ ਯੋਧਾ' ਬਣਾ ਕੇ ਇਨ੍ਹਾਂ ਟੈਸਟਾਂ ਨੂੰ ਪਾਸ ਕਰਨ ਦਾ 'ਗੁਰਮੰਤਰ' ਦੇ ਦਿੱਤਾ ਜਾਵੇਗਾ ਤਾਂ ਕਿ ਉਹ ਇੱਕ ਦੂਜੇ ਨਾਲ ਹੋੜ ਵਿਚ ਪਏ ਸਮਾਜ ਅੰਦਰ ਡਾਕਟਰ ਜਾਂ ਇੰਜਨੀਅਰ ਬਣ ਕੇ ਲਾਹੇਵੰਦ ਪੈਕੇਜ ਹਾਸਿਲ ਕਰ ਕੇ 'ਸਫਲ' ਅਖਵਾ ਸਕੇ।

ਅਜੇ ਵੀ ਸਮਾਂ ਹੈ ਕਿ ਅਸੀਂ ਇਸ ਤੱਥ ਨੂੰ ਸਵੀਕਾਰ ਕਰ ਲਈਏ ਕਿ ਬਹੁ-ਚੋਣੀ ਪ੍ਰਸ਼ਨ (ਐੱਮ.ਸੀ.ਕਿਊ.) ਕੇਂਦਰਿਤ ਇਕਸਾਰ ਟੈਸਟ ਕਿਸੇ ਵਿਦਿਆਰਥੀ ਦੀ ਅਕਾਦਮਿਕ ਗਹਿਰਾਈ, ਗਹਿਨ ਸੋਚ ਅਤੇ ਰਚਨਾਕਾਰੀ ਕਲਪਨਾ ਦਾ ਮੁਲਾਂਕਣ ਨਹੀਂ ਕਰ ਸਕਦੇ। ਅਧਿਆਪਨ ਅਤੇ ਖੋਜ ਨਾਲ ਵਾਹ ਰੱਖਣ ਵਾਲਾ ਕੋਈ ਵੀ ਸੂਝਵਾਨ ਵਿਦਵਾਨ ਇਸ ਗੱਲ 'ਤੇ ਸਹਿਮਤ ਹੋਵੇਗਾ ਕਿ ਕਿਸੇ ਵਿਅਕਤੀ ਦੀ ਅਕਾਦਮਿਕ ਰੁਚੀ ਅਤੇ ਚਾਰ ਪੰਜ ਆਪਸ਼ਨਾਂ 'ਚੋਂ ਕੋਈ 'ਸਹੀ ਉੱਤਰ' ਲੱਭਣ ਅਤੇ ਓ.ਐਮ.ਆਰ. ਸ਼ੀਟ ਵਿਚ ਝਟਪਟ ਸਹੀ ਪਾਉਣ ਦੀ ਯੋਗਤਾ ਵਿਚਕਾਰ ਨਾਤਾ ਹੋਣਾ ਜ਼ਰੂਰੀ ਨਹੀਂ ਹੁੰਦਾ। ਕਿਸੇ ਮੁੱਦੇ ਦੀ ਘੋਖ ਕਰਨ ਜਾਂ ਭੰਬਲਭੂਸਿਆਂ ਨੂੰ ਪ੍ਰਵਾਨ ਕਰਨ ਤੇ ਨਵੇਂ ਸੁਆਲ ਖੜ੍ਹੇ ਕਰਨ ਲਈ ਕਿਸੇ ਅਕਾਦਮਿਕ ਗਿਆਨ ਜਾਂ ਰਚਨਾਤਮਿਕ ਗਹਿਰੀ ਸੋਚ ਨੂੰ ਵਕਤ ਦਰਕਾਰ ਹੁੰਦਾ ਹੈ ਜਦਕਿ ਐੱਮ.ਸੀ.ਕਿਊ. ਕੇਂਦਰਿਤ ਇਕਸਾਰ ਟੈਸਟ ਰੱਟਾ ਗਿਆਨ ਜਾਂ ਬਿਨਾਂ ਸੋਚ ਵਿਚਾਰ ਤੋਂ ਸਹੀ ਉੱਤਰ ਤਲਾਸ਼ ਕਰਨ ਦੀ ਕਿਸੇ



ਤਰਕੀਬ ਨੂੰ ਆਤਮਸਾਤ ਕਰਨ ਦੀ ਮੰਗ ਕਰਦੇ ਹਨ। ਦਰਅਸਲ, ਇਸ ਲਈ ਹਰ ਤਰ੍ਹਾਂ ਦੇ ਮੌਕ ਟੈਸਟਾਂ ਰਾਹੀਂ ਐੱਮ.ਸੀ.ਕਿਊ.ਜ਼ ਦੀਆਂ ਅਮੁੱਕ ਲੜੀਆਂ ਨੂੰ ਹੱਲ ਕਰਨ ਲਈ ਬੇਤਹਾਸ਼ਾ ਅਭਿਆਸ ਜਾਂ ਮਕਾਨਕੀ ਰੁਟੀਨ ਦੀ ਲੋੜ ਪੈਂਦੀ ਹੈ।

ਅਕਾਦਮਿਕ ਗਿਆਨ ਜਾਂ ਰਚਨਾਤਮਿਕ ਸੋਚ ਲਈ ਮਹਾਨ ਅਧਿਆਪਕਾਂ ਅਤੇ ਮੁਰਸ਼ਦਾਂ ਦੀ ਸੰਗਤ ਮਾਣਨ ਦੀ ਲੋੜ ਹੁੰਦੀ ਹੈ ਜਦੋਂ ਕਿ ਇਕਸਾਰ ਟੈਸਟਾਂ ਲਈ ਕੋਚਿੰਗ ਰਣਨੀਤੀਕਾਰਾਂ ਦੀ ਲੋੜ ਪੈਂਦੀ ਹੈ। ਮਿਸਾਲ ਦੇ ਤੌਰ 'ਤੇ ਨੀਟ ਜਿਹੀ ਪ੍ਰੀਖਿਆ 'ਤੇ ਗੌਰ ਕਰੋ। ਕੀ ਇਹ ਵਾਕਈ ਮੁਲਾਂਕਣ ਕਰਦੀ ਹੈ ਕਿ ਕਿਸੇ ਨੌਜਵਾਨ ਪ੍ਰੀਖਿਆਰਥੀ ਅੰਦਰ ਮੈਡੀਕਲ ਵਿਗਿਆਨ ਵਿਚ ਕਰੀਅਰ ਬਣਾਉਣ ਜਾਂ ਡਾਕਟਰ ਬਣਨ ਦੀ ਰੁਚੀ/ਝੁਕਾਅ ਹੈ? ਡਾਕਟਰ ਬਣਨ ਲਈ ਸ਼ਾਇਦ ਦੇਖਣ ਪਰਤਾਲਣ ਦੀ ਗਹਿਰੀ ਸ਼ਕਤੀ, ਮਰੀਜ਼ ਦੇ ਸਰੀਰਕ ਹੀ ਨਹੀਂ ਸਗੋਂ ਮਾਨਸਿਕ ਅਤੇ ਹੋਂਦ ਦੀ ਅਵਸਥਾ ਦੇ ਲੱਛਣਾਂ ਤੱਕ ਪਹੁੰਚਣ ਦੇ ਸੂਖਮ ਫ਼ਨ ਅਤੇ ਸਭ ਤੋਂ ਵੱਧ, ਮੈਡੀਕਲ ਸ਼ਾਸਤਰ ਵਿਚ ਗਿਆਨ ਦੇ ਨਵੇਂ ਦਿਸਹੱਦਿਆਂ ਨੂੰ ਤਲਾਸ਼ ਕਰਨ ਦੇ ਗੁਣ ਹੋਣੇ ਜ਼ਰੂਰੀ ਹੁੰਦੇ ਹਨ ਪਰ ਨੀਟ ਜਿਹੇ ਕਿਸੇ ਇੱਕ ਟੈਸਟ ਵਿਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ 180 ਪ੍ਰਸ਼ਨਾਂ ਦੇ ਸੈੱਟ ਨੂੰ ਹੱਲ ਕਰਨ ਲਈ 200 ਮਿੰਟ ਮਿਲਦੇ ਹਨ ਜਿਸ ਦਾ ਕਿਸੇ ਸੰਭਾਵੀ ਡਾਕਟਰ ਦੀਆਂ ਖ਼ੂਬੀਆਂ ਨਾਲ ਕੋਈ ਸਬੰਧ ਨਹੀਂ ਹੁੰਦਾ। ਇਹ ਇੱਕ ਇਸ ਕਿਸਮ ਦੀ ਲਾਟਰੀ ਹੈ ਜੋ ਮੈਡੀਕਲ ਕਿੱਤੇ ਲਈ ਸਹੀ ਕਿਸਮ ਦੇ ਨੌਜਵਾਨਾਂ ਦੀ ਤਲਾਸ਼ ਕਰਨ ਦੀ ਬਜਾਇ ਝਟਪਟ ਹੀ ਲੱਖਾਂ ਯੁਵਾ ਚਾਹਵਾਨਾਂ ਨੂੰ ਨਕਾਰ ਦਿੰਦੀ ਹੈ।

ਇਸੇ ਤਰ੍ਹਾਂ ਨੀਟ ਜਿਹੀ ਕੋਈ ਪ੍ਰੀਖਿਆ ਬਹੁਤ ਹੀ ਥੋਥੀ ਹੁੰਦੀ ਹੈ ਅਤੇ ਇਹ ਕਿਸੇ ਵੀ ਲਿਹਾਜ਼ ਤੋਂ ਕੁਦਰਤੀ ਵਿਗਿਆਨਾਂ ਤੇ ਮਾਨਵ ਵਿਗਿਆਨਾਂ ਜਿਹੀਆਂ ਬੁਨਿਆਦੀ ਗਿਆਨ ਪ੍ਰਣਾਲੀਆਂ ਵਿਚ ਕਿਸੇ ਦੀ ਖੋਜ ਪ੍ਰਵਿਰਤੀ ਜਾਂ ਅਧਿਆਪਨ ਯੋਗਤਾਵਾਂ ਜਾਂ ਦ੍ਰਿਸ਼ਟੀਆਂ ਦਾ ਮੁਲਾਂਕਣ ਕਰਨ ਦੇ ਸਮੱਰਥ ਨਹੀਂ ਹੁੰਦੀ। ਮਿਸਾਲ ਦੇ ਤੌਰ 'ਤੇ ਜੇ ਇਸ ਦੀ ਐੱਮ.ਸੀ.ਕਿਊ. ਫਿਤਰਤ ਕਰ ਕੇ ਤੁਹਾਨੂੰ ਕੋਈ ਖ਼ਾਸ ਪਰਿਭਾਸ਼ਾ, ਕਿਸੇ ਇਤਿਹਾਸਕ ਘਟਨਾ ਦੀ ਤਰੀਕ ਜਾਂ ਇਵੇਂ ਹੀ ਸਮਾਜ ਸ਼ਾਸਤਰੀ ਮੈਕਸ ਵੈੱਬਰ ਦੀ ਕਿਤਾਬ 'ਦਿ ਪ੍ਰੋਟੈਸਟੈਂਟ ਐਥਿਕਸ ਐਂਡ ਦਿ ਸਪਿਰਟ ਆਫ ਕੈਪੀਟਲਿਜ਼ਮ' ਦੇ ਪ੍ਰਕਾਸ਼ਨ ਸਾਲ ਦਾ ਘੋਟਾ ਲਾਉਣਾ ਪੈਂਦਾ ਹੈ ਤਾਂ ਇਸ ਤੋਂ ਇਹ ਹਰਗਿਜ਼ ਪਤਾ ਨਹੀਂ ਲੱਗਦਾ ਕਿ ਤੁਸੀਂ ਸਮਾਜ ਸ਼ਾਸਤਰ ਦੇ ਕਿਸੇ ਗੰਭੀਰ ਖ਼ਰੜੇ ਦਾ ਅਧਿਐਨ ਕੀਤਾ ਹੈ, ਗਹਿਰੀਆਂ ਦਾਰਸ਼ਨਿਕ ਬਹਿਸਾਂ ਨੂੰ ਸਮਝਿਆ ਹੈ ਜਾਂ ਤੁਸੀਂ ਆਪਣੀਆਂ ਅਧਿਆਪਨ ਵਿਧੀਆਂ ਵਿਚ ਨਵੀਆਂ ਖੋਜ ਲੱਭਤਾਂ ਸਾਹਮਣੇ ਲਿਆਂਦੀਆਂ ਹਨ। ਤਰਾਸਦੀ ਇਹ ਹੈ ਕਿ ਐੱਨ.ਟੀ.ਏ. ਜਿਹੀ ਮਸ਼ੀਨ ਕੋਲ ਕੋਈ ਰਚਨਾਤਮਿਕ ਸਰਪਲੱਸ ਹੀ ਨਹੀਂ ਹੈ; ਇਹ ਸਿਰਫ਼ ਸਾਰੇ ਤੱਥਮੂਲਕ/ਵਸਤੂਗਤ ਪ੍ਰਸ਼ਨ ਹੀ ਘੜ ਸਕਦੀ ਹੈ ਜਿਸ ਦਾ ਇੱਕੋ-ਇੱਕ ਸਹੀ ਉੱਤਰ ਹੁੰਦਾ ਹੈ ਤਾਂ ਕਿ ਬਾਕੀਆਂ ਨੂੰ ਝਟਪਟ ਨਕਾਰਨ ਦੇ ਔਜ਼ਾਰ ਦਾ ਇਸਤੇਮਾਲ ਹੋ ਸਕੇ।

ਇਸ ਤਰ੍ਹਾਂ ਦੇ ਇਕਸਾਰ ਟੈਸਟਾਂ ਨੂੰ ਪ੍ਰਵਾਨਿਤ ਅਤੇ ਪਾਵਨ ਕਰਾਰ ਦੇਣ ਦੇ ਆਹਰ ਵਿਚ ਅਸੀਂ ਪ੍ਰੇਸ਼ਾਨ, ਬੇਚੈਨ ਅਤੇ ਨਾਖ਼ੁਸ਼ ਬੱਚਿਆਂ ਦੀ ਪੀੜ੍ਹੀ ਪੈਦਾ ਕਰ ਰਹੇ ਹਾਂ। ਉਨ੍ਹਾਂ ਨੂੰ ਗਿਆਨ ਹਾਸਿਲ ਕਰਨ ਜਾਂ ਰਚਨਾਤਮਿਕ ਪ੍ਰਯੋਗ ਕਰਨ ਵਿਚ ਰੱਤੀ ਭਰ ਵੀ ਚਾਅ ਨਹੀਂ ਸਗੋਂ ਉਨ੍ਹਾਂ ਦੀ ਸ਼ਖ਼ਸੀਅਤਸਾਜ਼ੀ ਦੇ ਮੁੱਢਲੇ ਸਾਲਾਂ ਦਾ ਕਾਫ਼ੀ ਹਿੱਸਾ ਕੋਚਿੰਗ ਕੇਂਦਰਾਂ ਦੇ ਚੱਕਰ ਕੱਟਣ ਅਤੇ ਇਹ ਟੈਸਟ ਪਾਸ ਕਰਨ ਦੇ ਦਾਅਪੇਚ ਸਿੱਖਣ ਵਿਚ ਖ਼ਰਚ ਹੋ ਜਾਂਦਾ ਹੈ ਜਦੋਂਕਿ ਅਕਾਦਮਿਕ ਅਤੇ ਦਾਰਸ਼ਨਿਕ ਗਹਿਰਾਈ ਗੁਆ ਬੈਠਦੇ ਹਨ। ਭੌਤਿਕ ਵਿਗਿਆਨ ਉਹੀ ਹੈ ਜੋ ਕੋਟਾ ਫੈਕਟਰੀ ਸਿੱਖਣਯੋਗ ਗਿਣਦੀ ਹੈ; ਜਾਂ ਇਵੇਂ ਹੀ ਇਤਿਹਾਸ ਉਹੀ ਹੈ ਜਿਸ ਨੂੰ ਫੈਂਸੀ ਆਈਏਐੱਸ ਕੋਚਿੰਗ ਕੇਂਦਰ 'ਬੇਸ਼ਕੀਮਤੀ' ਤਸਲੀਮ ਕਰਦੇ ਹਨ। ਇਹ ਸੰਦੇਹਪੂਰਨ ਹੈ ਕਿ ਕੀ ਸਿੱਖਿਆ ਪ੍ਰਤੀ ਇਸ ਤਰ੍ਹਾਂ ਦੀ ਪ੍ਰਵਿਰਤੀ ਵਾਕਈ ਚੰਗੇ ਡਾਕਟਰ, ਜ਼ਹੀਨ ਇੰਜਨੀਅਰ ਜਾਂ ਮਹਾਨ ਅਧਿਆਪਕ/ਖੋਜੀ ਪੈਦਾ ਕਰ ਸਕਦੀ ਹੈ। ਇਹ ਟੈਸਟ ਨਾਕਾਮੀ ਦੀਆਂ ਕਹਾਣੀਆਂ ਤਾਂ ਘੜਦੇ ਹੀ ਹਨ, ਫਿਰ ਇਨ੍ਹਾਂ ਦੀਆਂ 'ਸਫਲਤਾ ਦੀਆਂ ਕਹਾਣੀਆਂ' ਕਿਸੇ ਵੀ ਲਿਹਾਜ਼ ਤੋਂ ਪ੍ਰੇਰਨਾਦਾਇਕ ਨਹੀਂ ਹੁੰਦੀਆਂ। ਇੰਝ, 1 ਲੱਖ ਕਰੋੜ ਰੁਪਏ ਦੇ ਕਾਰੋਬਾਰ ਦੀ ਇਸ ਕੋਚਿੰਗ ਸਨਅਤ ਦੇ ਧੁਰ ਅੰਦਰ ਭ੍ਰਿਸ਼ਟਾਚਾਰ ਅਤੇ ਘਾਲੇ-ਮਾਲੇ ਰਚੇ ਮਿਚੇ ਹੁੰਦੇ ਹਨ।

ਅਮੂਮਨ ਇਹ ਸਵਾਲ ਪੁੱਛਿਆ ਜਾਂਦਾ ਹੈ: ਕੀ ਇਸ ਦਾ ਕੋਈ ਬਦਲ ਹੈ, ਖ਼ਾਸਕਰ ਉਦੋਂ ਜਦੋਂ ਲੱਖਾਂ ਵਿਦਿਆਰਥੀ ਡਾਕਟਰ, ਇੰਜਨੀਅਰ, ਆਈ.ਏ.ਐੱਸ. ਅਫਸਰ ਯੂਨੀਵਰਸਿਟੀ ਅਧਿਆਪਕ ਬਣਨਾ ਚਾਹੁੰਦੇ ਹੋਣ? ਜਾਂ ਲੋਕਾਂ ਨੂੰ ਨਕਾਰਨ ਦਾ ਕੋਈ ਹੋਰ ਢੰਗ ਉਪਲਬਧ ਹੈ? ਨੀਟ ਅਤੇ ਨੈੱਟ ਜਿਹੇ ਯੋਗਤਾ ਟੈਸਟਾਂ ਦਾ ਬਦਲ ਤਦ ਹੀ ਵਿਕਸਤ ਹੋ ਸਕਦਾ ਹੈ ਜੇ ਅਸੀਂ ਇਮਾਨਦਾਰੀ ਅਤੇ ਦਲੇਰੀ ਨਾਲ ਇਹ ਅਹਿਸਾਸ ਕਰੀਏ ਕਿ ਜੋ ਕੁਝ ਚੱਲ ਰਿਹਾ ਹੈ, ਉਹ ਗ਼ਲਤ ਹੈ। ਤਦ ਹੀ ਅਸੀਂ ਇੱਕ ਦੇਸ਼, ਇੱਕ ਪ੍ਰੀਖਿਆ ਜਿਹੇ ਵਿਚਾਰ 'ਤੇ ਕਿੰਤੂ ਕਰਨ ਅਤੇ ਚੋਣ ਕਰਨ ਦੇ ਵਿਕੇਂਦਰਿਤ ਪ੍ਰਕਿਰਿਆ ਅਪਣਾਉਣ ਜਾਂ ਕਾਲਜਾਂ, ਯੂਨੀਵਰਸਿਟੀਆਂ, ਅਕਾਦਮਿਕ ਸੰਸਥਾਵਾਂ ਨੂੰ ਆਪੋ-ਆਪਣੇ ਵਿਚਾਰਸ਼ੀਲ, ਕਲਪਨਾਸ਼ੀਲ ਖੋਜ ਮੁਖੀ ਪ੍ਰੀਖਿਆ ਜਾਂ ਦਾਖ਼ਲਾ ਟੈਸਟ ਲੈਣ ਵਿਉਂਤਣ ਦੇ ਤੌਰ-ਤਰੀਕੇ ਈਜਾਦ ਕਰਨ ਦੀ ਨਿਸਬਤਨ ਖ਼ੁਦਮੁਖ਼ਤਾਰੀ ਦੇਣ ਬਾਰੇ ਸੋਚਣ ਦੀ ਹਿੰਮਤ ਜੁਟਾ ਸਕਦੇ ਹਾਂ। ਇਹੀ ਇਕਮਾਤਰ ਰਾਹ ਹੈ ਜਿਸ 'ਤੇ ਚੱਲ ਕੇ ਅਸੀਂ ਕੋਚਿੰਗ ਕੇਂਦਰਾਂ ਨੂੰ ਗ਼ੈਰ-ਪ੍ਰਸੰਗਕ ਬਣਾ ਸਕਦੇ ਹਾਂ ਅਤੇ ਗਿਆਨ ਦੇ ਸੱਭਿਆਚਾਰ ਵਿਚ ਕੁਝ ਹੱਦ ਤੱਕ ਦਿਆਨਤਦਾਰੀ ਪੈਦਾ ਕਰ ਸਕਦੇ ਹਾਂ। ਕੀ ਐੱਨ.ਟੀ.ਏ. ਦੇ ਟੈਕਨੋ ਮੈਨੇਜਰ ਇਸ ਮੂਲ ਸੱਚ ਨੂੰ ਸਮਝਣ ਦੇ ਸਮੱਰਥ ਹਨ?

# ਪੰਜਾਬ ਦਾ ਕੱਲ੍ਹ ਕਿਵੇਂ ਪੜ੍ਹੀਏ?

ਐਤਕੀਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਵੋਟ ਸ਼ੇਅਰ ਬਹੁਤ ਘਟਿਆ ਹੈ। ਸ਼੍ਰੋਮਣੀ ਅਕਾਲੀ ਪਾਟੋ-ਧਾੜ ਦਾ ਸ਼ਿਕਾਰ ਹੈ। ਭਾਰਤੀ ਜਨਤਾ ਪਾਰਟੀ ਦਾ ਵੋਟ ਸ਼ੇਅਰ ਹੈਰਾਨੀਜਨਕ ਹੱਦ ਤੱਕ ਵਧਿਆ ਹੈ। ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਕ੍ਰਮਵਾਰ ਖਡੂਰ ਸਾਹਿਬ ਅਤੇ ਫਰੀਦਕੋਟ ਲੋਕ ਸਭਾ ਹਲਕਿਆਂ ਤੋਂ ਜਿੱਤ ਚੁੱਕੇ ਹਨ। ਕਾਂਗਰਸ ਪਾਰਟੀ ਲੋਕ ਸਭਾ ਸੀਟਾਂ ਤਾਂ ਭਾਵੇਂ ਸੱਤ ਜਿੱਤ ਗਈ ਹੈ ਪਰ ਇਸ ਦਾ ਇਤਿਹਾਸ ਰਿਹਾ ਹੈ ਕਿ ਪੰਜਾਬ ਵਿਚ ਜਦੋਂ ਜਦੋਂ ਹਨੇਰੀ ਝੁੱਲੀ, ਇਹ ਪਾਰਟੀ ਝਾੜੀਆਂ ਉਹਲੇ ਲੁਕਦੀ ਵਕਤ ਕੱਟਦੀ ਰਹੀ ਹੈ। ਸੜਕਾਂ ਉੱਤੇ ਆ ਕੇ ਹਾਲਾਤ ਵਿਰੁੱਧ ਲੋਕਾਂ ਨੂੰ ਲਾਮਬੰਦ ਨਹੀਂ ਕਰਦੀ। ਕਮਿਊਨਿਸਟ ਪੰਜਾਬ ਦੀ ਸਿਆਸਤ ਵਿਚ ਕਿੰਨੀ ਦੇਰ ਤੋਂ ਹਾਸ਼ੀਏ ਉੱਤੇ ਸਨ, ਹੁਣ ਹਾਸ਼ੀਏ ਤੋਂ ਵੀ ਬਾਹਰ ਹੋ ਗਏ

**ਸੁੱਚਾ ਸਿੰਘ ਖੱਟੜਾ**
**ਫੋਨ: +91-94176-52947**

ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਬਾਦੀ ਦੇ ਵੱਡੇ ਹਿੱਸੇ ਤੋਂ ਚੁਣ ਕੇ ਆਉਂਦੀ ਹੈ। ਇਹ ਭਾਵੇਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਹੈ, ਤਾਂ ਵੀ ਆਪਣੀਆਂ ਵਿਦਿਅਕ ਸੰਸਥਾਵਾਂ ਅਤੇ ਧਰਮ ਪ੍ਰਚਾਰ ਵਿੰਗ ਰਾਹੀਂ ਲੋਕਾਂ ਵਿਚ ਗੁਰਬਾਣੀ ਦੇ ਆਸ਼ੇ ਅਨੁਸਾਰ ਮਾਨਵ ਏਕਤਾ ਤੇ ਆਪਸੀ ਪਿਆਰ ਨਾਲ ਨਫਰਤੀ ਅੱਗ ਉੱਠਣ ਦੀ ਨੌਬਤ ਨੂੰ ਰੋਕ ਸਕਦੀ ਹੈ। ਉਂਝ, ਇਹ ਆਪਣੇ ਕੇਂਦਰ ਤੋਂ ਧੁਰ ਹੇਠਾਂ ਮੈਂਬਰਾਂ ਤੱਕ ਮੌਕਾਪ੍ਰਸਤੀ ਦਿਖਾਉਂਦੀ ਰਹੀ ਹੈ। ਕੇਂਦਰ ਵਿਚ ਭਾਜਪਾ ਦੀ ਅਗਵਾਈ ਵਿਚ ਸਰਕਾਰ ਬਣ ਗਈ ਹੈ। ਪੰਜਾਬ ਦੇ ਗਰਮ ਖ਼ਿਆਲੀਆਂ ਤੋਂ ਕੀ ਕਰਵਾਏਗੀ? ਇਹ ਚੌਖਟਾ ਹੈ ਜਿਸ ਵਿਚ ਪੰਜਾਬ ਦਾ ਭਵਿੱਖ ਪੜ੍ਹਿਆ ਜਾਣਾ ਹੈ।

ਆਮ ਨਾਗਰਿਕਾਂ ਵਾਂਗ ਪਹਿਲਾਂ ਤੋਂ ਇਸ ਮੱਤ ਦੇ ਹਾਂ ਕਿ ਸਿੱਖ ਆਜ਼ਾਦੀ ਤੋਂ ਪਹਿਲਾਂ ਮੁਲਕ ਦੇ ਵੱਖ-ਵੱਖ ਭਾਗਾਂ ਵਿਚ ਵਸੇ ਹਨ। ਪੰਜ ਵਿਚੋਂ ਜਾਂ ਚਾਰ ਤਖਤਾਂ ਵਿਚੋਂ ਦੋ ਪੰਜਾਬ ਤੋਂ ਬਾਹਰ, ਦੂਜੇ ਹਿੱਸਿਆਂ ਵਿਚ ਹਨ। ਸ੍ਰੀ ਗੁਰੂ ਨਾਨਕ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਤੋਂ ਬਾਹਰ ਦੂਰ-ਦੂਰ ਤੱਕ ਗੁਰਬਾਣੀ ਦਾ ਸੁਨੇਹਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁਲਕ ਦੇ ਵੱਖ-ਵੱਖ ਹਿੱਸਿਆਂ ਦੇ ਭਗਤਾਂ ਦੀ ਬਾਣੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਚ ਸ਼ਹੀਦੀ ਪੰਜਾਬ ਦੇ ਮਸਲੇ ਲਈ ਨਹੀਂ, ਕਸ਼ਮੀਰ ਦੇ ਪੰਡਤਾਂ ਦੀ ਧਾਰਮਿਕ ਆਜ਼ਾਦੀ ਲਈ ਦਿੱਤੀ ਸੀ। ਪੰਜਾਬ ਦੇ ਲੋਕ ਵਿਸ਼ੇਸ਼ ਕਰ ਕੇ ਸਿੱਖ, ਭਾਰਤ ਨਾਲ ਨਹੁੰ ਮਾਸ ਵਾਂਗ ਜੁੜੇ ਹਨ।

ਅੰਮ੍ਰਿਤਪਾਲ ਸਿੰਘ ਦੇ ਸ਼ਬਦ ਕਿ ਅਮਿਤ ਸ਼ਾਹ (ਮੁਲਕ ਦੇ ਗ੍ਰਹਿ ਮੰਤਰੀ) ਜੇ ਮੁਲਕ ਨੂੰ ਧਰਮ ਨਿਰਪੱਖ ਤੋਂ ਹਿੰਦੂ ਬਣਾਉਣਾ ਚਾਹੁੰਦਾ ਹੈ ਤਾਂ ਬਣਾ ਲਵੇ ਪਰ ਸਾਨੂੰ ਖ਼ਾਲਿਸਤਾਨ ਦੇ ਦੇਵੇ। ਇਹ ਸਾਧਾਰਨ ਸ਼ਬਦ ਨਹੀਂ। ਖ਼ਾਲਿਸਤਾਨ ਤਾਂ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਮੰਗ ਵੀ ਨਹੀਂ ਸੀ। ਉਹਦੀ ਜਦੋਜਹਿਦ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਖ਼ੁਦਮੁਖ਼ਤਾਰੀ ਲਈ ਸੀ ਪਰ ਇਸ ਮੰਗ ਦੀ ਪ੍ਰਾਪਤੀ ਲਈ ਉਹਦਾ ਰਾਹ, ਰਾਹ ਦਾ ਸਫਰ ਤੇ ਤਤਕਾਲੀ ਅਤੇ ਪੰਜਾਬ ਨੂੰ ਹਮੇਸ਼ਾ ਲਈ ਭੁਗਤਣੇ ਪੈ ਰਹੇ ਸਿੱਟੇ ਸਭ ਦੇ ਸਾਹਮਣੇ ਹਨ। ਬਿਨਾਂ ਸ਼ੱਕ ਪੰਜਾਬ ਦੇ ਹਿੰਦੂ ਭਾਈਚਾਰੇ ਨੇ ਸ਼ੁਰੂ-ਸ਼ੁਰੂ ਵਿਚ ਪੰਜਾਬੀ ਭਾਸ਼ਾ, ਪੰਜਾਬੀ ਸੂਬਾ, ਪੰਜਾਬ ਦੇ ਪਾਣੀਆਂ ਆਦਿ ਮੁੱਦਿਆਂ ਉੱਤੇ ਅਲੱਗ ਰਾਏ ਰੱਖੀ ਪਰ ਇਹ ਸ਼ਰਾਰਤ ਜਨਸੰਘ ਦੀ ਸੀ। ਪ੍ਰਚਾਰ ਤੇ ਚਰਚਾਵਾਂ ਨਾਲ ਇਸ ਨੂੰ ਬੇਪਰਦ ਕਰਨਾ ਬਣਦਾ ਸੀ। ਉਂਝ, ਸਿਆਸੀ ਆਗੂਆਂ ਦੀ ਨਲਾਇਕੀ ਤੇ ਬੇਈਮਾਨੀ ਅੱਜ ਬੇਪਰਦ ਹੈ। ਜਦੋਂ ਪੰਜਾਬੀ ਭਾਸ਼ਾ ਸਕੂਲਾਂ ਵਿਚ ਹਿੰਦੂ, ਸਿੱਖ ਸਭ ਪੜ੍ਹ ਰਹੇ ਹਨ, ਦਫਤਰੀ ਭਾਸ਼ਾ ਸਭ ਨੂੰ ਮਨਜ਼ੂਰ ਹੈ, ਚਾਹੇ ਅਧੂਰਾ ਹੈ ਪਰ ਭਾਸ਼ਾ ਆਧਾਰਿਤ ਬਣਿਆ ਪੰਜਾਬ ਸਭ ਨੇ ਪ੍ਰਵਾਨ ਹੈ।

ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਵਲੋਂ ਖ਼ਾਲਿਸਤਾਨ ਕੋਈ ਐਲਾਨਿਆ ਮੁੱਦਾ ਨਹੀਂ ਸੀ ਪਰ ਜਿਨ੍ਹਾਂ ਨੇ ਇਨ੍ਹਾਂ ਨੂੰ ਵੋਟਾਂ ਪਾ ਕੇ ਜਿਤਾਇਆ ਹੈ, ਉਨ੍ਹਾਂ ਦੇ ਅਚੇਤ ਮਨਾਂ ਅੰਦਰ ਅਨੇਕ ਦਰਦ, ਸ਼ਿਕਾਇਤਾਂ, ਮੁੱਦੇ ਉਨ੍ਹਾਂ ਦੇ ਹੱਲ; ਹੋਰ ਪਤਾ ਨਹੀਂ ਕੀ ਕੁਝ ਢੱਕਿਆ ਪਿਆ ਹੈ। ਇਹ ਜੋ ਵੀ ਢਕਿਆ ਪਿਆ ਹੈ, ਇਸ ਵਿਚਲੀਆਂ ਮਿੱਥਾਂ ਅਤੇ ਗਲਤਫਹਿਮੀਆਂ ਪੰਜਾਬ ਦੀਆਂ ਸਿਆਸੀ ਪਾਰਟੀਆਂ, ਬੁੱਧੀਜੀਵੀਆਂ, ਧਾਰਮਿਕ ਹਸਤੀਆਂ ਨੂੰ ਦੂਰ ਕਰ ਲੈਣੀਆਂ ਚਾਹੀਦੀਆਂ ਸਨ। ਅਕਾਲੀਆਂ, ਕਾਂਗਰਸੀਆਂ, ਆਮ ਪਾਰਟੀ ਪਾਰਟੀ, ਸਭ ਨੂੰ ਚੋਣਾਂ ਦੌਰਾਨ ਮਿਲੇ ਸਮਰਥਨ ਤੋਂ ਸਬਕ ਲੈ ਲੈਣਾ ਚਾਹੀਦਾ ਹੈ।

ਸੰਤ ਭਿੰਡਰਾਂਵਾਲੇ ਨੇ ਮੰਗਾਂ ਦੀ ਪ੍ਰਾਪਤੀ ਲਈ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਨੂੰ ਆਪਣਾ ਠਿਕਾਣਾ ਬਣਾਇਆ। 5 ਅਕਤੂਬਰ 1983 ਨੂੰ ਅੰਮ੍ਰਿਤਸਰ ਦੇ ਦਰਸ਼ਨ ਕਰ ਕੇ ਵਾਪਿਸ ਦਿੱਲੀ ਪਰਤ ਰਹੇ ਹਿੰਦੂ ਸ਼ਰਧਾਲੂਆਂ ਦੀ ਬੱਸ ਵਾਲੀ ਘਟਨਾ ਵਾਪਰ ਗਈ। ਬੱਸ ਨੂੰ ਰਾਤੀਂ ਸਾਢੇ ਦਸ ਵਜੇ ਕਪੂਰਥਲਾ ਦੇ ਪਿੰਡ ਢਿਲਵਾਂ ਲਾਗੇ ਲਿੰਕ ਰੋਡ 'ਤੇ ਲਿਜਾ ਕੇ ਛੇ ਨੂੰ ਬਾਹਰ ਕੱਢ ਕੇ ਗੋਲੀ ਮਾਰ ਦਿੱਤੀ ਗਈ। ਇਸ ਦੀ ਵਿਆਖਿਆ ਇਹ ਹੋਈ ਕਿ ਪ੍ਰਧਾਨ ਮੰਤਰੀ ਨੂੰ ਮੰਗਾਂ ਮੰਨਣ ਦਾ ਸੁਨੇਹਾ ਦਿੱਤਾ ਗਿਆ ਹੈ। ਸੋਚਣਾ ਚਾਹੀਦਾ ਸੀ ਕਿ ਉਹ ਪ੍ਰਧਾਨ ਮੰਤਰੀ ਦੇ ਪਰਿਵਾਰਕ ਜੀਅ ਨਹੀਂ ਸਨ। ਇਉਂ ਸੁਨੇਹਾ ਪ੍ਰਧਾਨ ਮੰਤਰੀ ਨੂੰ ਨਹੀਂ, ਹਿੰਦੂ ਭਾਈਚਾਰੇ ਨੂੰ ਜ਼ਰੂਰ ਚਲਾ ਗਿਆ। ਉਥੋਂ ਪੱਤਰਕਾਰ ਜਗਤਾਰ ਸਿੰਘ ਨੇ ਗ੍ਰਹਿ ਵਿਭਾਗ ਦੇ ਹਵਾਲੇ ਨਾਲ ਅੰਕੜੇ ਦਿੱਤੇ ਹਨ ਕਿ 1981-91 ਵਿਚਕਾਰ 3871 ਹਿੰਦੂ ਅਤੇ 6177 ਸਿੱਖ ਮਾਰੇ ਗਏ। ਸਾਡਾ ਮੱਤ ਹੈ ਕਿ ਇਨ੍ਹਾਂ ਹਿੰਦੂਆਂ ਵਿਚੋਂ ਬਹੁਤੇ 21 ਅਪਰੈਲ 1986 ਨੂੰ ਖ਼ਾਲਿਸਤਾਨ ਦੇ ਐਲਾਨ ਤੋਂ ਬਾਅਦ ਖਾੜਕੂਆਂ ਨੇ ਮਾਰੇ ਅਤੇ ਸਿੱਖ, ਖਾੜਕੂਆਂ ਦੇ ਨਾਂ ਅਧੀਨ ਪੁਲੀਸ ਨੇ ਮਾਰੇ। ਇੱਕ ਧਿਰ ਨੇ ਹਿੰਦੂਆਂ ਨੂੰ ਕੇਂਦਰ ਸਰਕਾਰ ਦੇ ਪ੍ਰਤੀਕ ਮੰਨ ਲਿਆ ਹੋਇਆ ਸੀ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਵਿਚ ਹਿੰਦੂ ਸਿੱਖ ਦਾ ਮਸਲਾ ਨਹੀਂ ਬਣਿਆ ਪਰ ਇਹ ਦਿੱਲੀ ਤੋਂ ਬਿਹਾਰ ਤਕ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਲਾਵੇ ਦੇ ਰੂਪ ਵਿਚ ਬਾਹਰ ਆ ਗਿਆ। ਪੰਜਾਬ ਵਿਚ ਹਿੰਦੂਆਂ ਨੂੰ ਮਾਰਨ ਵਾਲੇ ਦਿੱਲੀ ਵਿਚ ਸਿੱਖਾਂ ਨੂੰ ਬਚਾਉਣ ਲਈ ਕੋਈ ਨਾ ਗਿਆ। ਸਿੱਖ ਪੰਥ ਦੇ ਬੁਧੀਜੀਵੀਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਦੇਸ਼ ਤੇ ਆਲਮੀ ਚੌਖਟੇ ਵਿਚ ਇਸ ਕਤਲੋਗਾਰਤ ਦੇ ਸਹੀ ਜਾਂ ਗ਼ਲਤ ਹੋਣ ਦਾ ਫ਼ੈਸਲਾ ਕਰ ਦੇਣਾ ਚਾਹੀਦਾ ਹੈ; ਪੰਜਾਬ ਤੇ ਪੰਜਾਬੋਂ ਬਾਹਰ ਦੇਸ਼ ਵਿਦੇਸ਼ ਵਿਚ ਵਸਦੇ ਸਿੱਖਾਂ ਤੱਕ ਫ਼ੈਸਲਾ ਪਹੁੰਚਾ ਦੇਣਾ ਚਾਹੀਦਾ ਹੈ।

ਹਾਲਤ ਬੜੀ ਅਸਥਿਰ ਅਤੇ ਚਿੰਤਾਜਨਕ ਹੈ। ਹਰ ਕੋਈ ਇਸ ਹਾਲਤ ਵਿਚੋਂ ਰਾਜਸੀ ਲਾਹਾ ਖੱਟਣ ਨੂੰ ਕਾਹਲਾ ਹੈ। ਮੌਜੂਦਾ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਉੱਤੇ ਲੱਗਿਆ ਐੱਨਐੱਸਏ ਇਕ ਸਾਲ ਹੋਰ ਵਧਾ ਦਿੱਤਾ ਹੈ ਜਿਸ ਦਾ ਅਰਥ ਹੈ ਕਿ ਵਿਚਾਰਧਾਰਕ ਮੋਰਚੇ ਉੱਤੇ ਇਹ ਸਰਕਾਰ ਕੁਝ ਨਹੀਂ ਕਰੇਗੀ। ਪ੍ਰੇਮ ਸਿੰਘ ਚੰਦੂਮਾਜਰਾ ਸ੍ਰੀ ਆਨੰਦਪੁਰ ਸਾਹਿਬ ਮਤੇ ਦੀ ਪ੍ਰਾਪਤੀ ਅਤੇ ਹੋਰ ਸਿੱਖ ਮਸਲਿਆਂ ਉੱਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਮਾਰਚ ਕੱਢਣਗੇ। ਅਸੀਂ ਉਨ੍ਹਾਂ ਨੂੰ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਮਾਰਚ ਉਹੀ ਸਫਲ ਹੋਵੇਗਾ ਜਿਸ ਵਿਚ ਲੋਕਾਂ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਦੇ ਮੁੱਦੇ ਸ਼ਾਮਿਲ ਹੋਣਗੇ। ਕਿਸੇ ਇਕ ਫਿਰਕੇ ਦਾ ਆਗੂ ਬਣ ਕੇ ਉਭਰਨ ਦਾ ਭਰਮ ਨਹੀਂ ਪਾਲਣਾ ਚਾਹੀਦਾ। ਭਾਜਪਾ ਦੇ ਅਜਿਹੇ ਸਾਰੇ ਹੱਥ ਕੰਡੇ ਅਤੇ ਏਜੰਡੇ ਲੋਕਾਂ ਨੇ ਅਪ੍ਰਵਾਨ ਕਰ ਦਿੱਤੇ ਹਨ। ਸਿੱਖਣਾ ਚਾਹੀਦਾ ਹੈ।

ਅਸੀਂ ਪੰਜਾਬੀਆਂ ਨੂੰ ਅਪੀਲ ਕਰਾਂਗੇ ਕਿ ਉਨ੍ਹਾਂ ਪਹਿਲਕਦਮੀਆਂ ਲੈ ਕੇ ਪੰਜਾਬ ਅੰਦਰ ਹਿੰਦੂ ਸਿੱਖ ਏਕਤਾ ਨੂੰ ਭੜਕਾਹਟਾਂ ਦੇ ਹਵਾਲੇ ਹੋਣ ਤੋਂ ਹਰ ਹਾਲ ਬਚਾਉਣਾ ਹੈ। ਭਾਰਤੀ ਜਨਤਾ ਪਾਰਟੀ ਨੂੰ ਪੰਜਾਬੀਆਂ ਦੀਆਂ ਪਈਆਂ ਵੋਟਾਂ ਤੋਂ ਆਰ.ਐੱਸ.ਐੱਸ. ਗਲਤ ਅਰਥ ਕੱਢੇਗੀ। ਹਿੰਦੂ ਰਾਸ਼ਟਰ ਦਾ ਸਰੂਪ ਪੰਜਾਬ ਨੂੰ ਪੰਜਾਬ ਨਹੀਂ ਰਹਿਣ ਦੇਵੇਗਾ। ਜੇ ਪੰਜਾਬ ਅੰਦਰ ਅੱਸੀਵਿਆਂ ਦੇ ਵਰਤਾਰੇ ਦੇ ਅੰਸ਼ ਭਰ ਨੇ ਵੀ ਸਿਰ ਚੁੱਕਿਆ ਤਾਂ ਪਹਿਲਾਂ ਤੋਂ ਵੱਡਾ ਨੁਕਸਾਨ ਹੋਵੇਗਾ। ਪੰਜਾਬ ਦਾ ਕੱਲ੍ਹ ਪੜ੍ਹਨ ਲਈ ਹੇਠ ਲਿਖੇ ਹਾਲਾਤ ਨੂੰ ਵੀ ਜੋੜ ਲਿਆ ਜਾਵੇ। ਸੁਖਬੀਰ ਸਿੰਘ ਬਾਦਲ ਨੇ ਜਿਸ ਅੰਮ੍ਰਿਤਪਾਲ ਸਿੰਘ ਵਿਰੁੱਧ ਮਹੀਨਾ ਪਹਿਲਾਂ ਲੋਕ ਸਭਾ ਚੋਣ ਲੜੀ ਸੀ, ਉਸੇ ਨੂੰ ਰਿਹਾਅ ਕਰਵਾਉਣ ਦਾ ਏਜੰਡਾ ਚੁੱਕ ਲਿਆ ਹੈ। ਪੰਜਾਬ ਲਈ ਲੋੜੀਂਦੇ ਏਜੰਡੇ ਤੈਅ ਕਰਨ ਤੋਂ ਦੂਰ ਅਕਾਲੀ ਕਦੇ ਲੀਡਰਸ਼ਿਪ ਦਾ ਮਸਲਾ ਸੁਲਝਾਉਣ ਬੈਠ ਜਾਂਦੇ ਹਨ, ਕਦੇ ਭਾਜਪਾ ਨਾਲ ਮੁੜ ਸਾਂਝ ਭਿਆਲੀ 'ਤੇ ਵਿਚਾਰ ਪ੍ਰਗਟ ਕਰਨ ਲੱਗ ਜਾਂਦੇ ਹਨ। ਪੰਜਾਬ ਨੂੰ ਅੱਜ ਲੋੜ ਭਾਜਪਾ ਨੂੰ ਸਿਫਰ ਤਕ ਹੇਠਾਂ ਲਿਆਉਣ ਦੀ, ਇਸ ਦੇ ਹਿੰਦੂਤਵੀ ਏਜੰਡੇ ਨੂੰ ਪੰਜਾਬੀਆਂ ਸਾਹਮਣੇ ਲਿਆਉਣਾ ਬਣਦਾ ਹੈ; ਨਾਲ ਹੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਨੂੰ ਜਿਤਾਉਣ ਵਾਲੇ ਵੋਟਰਾਂ ਵਿਚ ਖ਼ਾਲਿਸਤਾਨ ਪ੍ਰਤੀ ਭ੍ਰਮਤ ਮੋਹ ਕੱਢਣ ਦਾ ਹੈ। ਯਾਦ ਰੱਖੀਏ, ਪੰਜਾਬ ਦੀ ਅੱਜ ਦੀ ਭਾਜਪਾ ਹੁਣ ਪੰਜਾਬ ਵਿਚ ਗਠਜੋੜ ਸਮਿਆਂ ਦੀ ਭਾਜਪਾ ਨਹੀਂ ਰਹੇਗੀ ਸਗੋਂ ਇਹ ਕੇਂਦਰੀ ਭਾਜਪਾ ਦੇ ਇਸ਼ਾਰੇ ਉੱਤੇ ਅੱਗੇ ਵਧੇਗੀ। ਇਨ੍ਹਾਂ ਹਾਲਾਤ ਵਿਚ ਪੰਜਾਬੀਆਂ ਨੂੰ ਜਾਗ੍ਰਿਤ ਅਤੇ ਚੌਕਸ ਕਰਦੇ ਰਹਿਣ ਦੀ ਲੋੜ ਹੈ।

# ਬੈਂਚ ਦੀਆਂ ਖਰੀਆਂ ਖਰੀਆਂ ਬਨਾਮ ਯਾਦਾਂ ਦੇ ਝਰੋਖੇ 'ਚੋਂ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

24 ਜੂਨ ਨੂੰ ਬੰਬੇ ਹਾਈ ਕੋਰਟ ਦੇ ਦੋ-ਮੈਂਬਰੀ ਡਿਵਿਜ਼ਨ ਬੈਂਚ ਨੇ ਜਨ-ਸਾਧਾਰਨ ਲਈ ਫੁੱਟਪਾਥਾਂ (ਪਟੜੀਆਂ/ਡੰਡੀਆਂ) ਅਤੇ ਰਾਹਾਂ ਨੂੰ ਸਾਫ-ਸੁਥਰੇ, ਸੁਰੱਖਿਅਤ ਅਤੇ ਖੁੱਲ੍ਹੇ ਰੱਖਣ ਦੀ ਤਾਈਦ ਕਰਦਿਆਂ ਕਿਹਾ ਹੈ ਕਿ ਜੇ ਪ੍ਰਧਾਨ ਮੰਤਰੀ ਜਾਂ ਹੋਰ ਅਤੀ ਵਿਸ਼ੇਸ਼ ਵਿਅਕਤੀਆਂ ਦੇ ਲੰਘਣ ਲਈ ਇਨ੍ਹਾਂ ਨੂੰ ਝਟਪਟ ਪੱਧਰਾ ਕੀਤਾ ਜਾ ਸਕਦੈ ਤਾਂ ਆਮ ਵਿਅਕਤੀਆਂ ਲਈ ਕਿਉਂ ਨਹੀਂ ਕੀਤਾ ਜਾ ਸਕਦਾ।

ਜਸਟਿਸ ਐਮ.ਐਸ. ਸੋਨਕ ਅਤੇ ਜਸਟਿਸ ਕਮਲ ਆਰ. ਖਾਤਾ 'ਤੇ ਆਧਾਰਤ ਇਸ ਬੈਂਚ ਨੇ ਇੱਕ ਬਹੁਤ ਹੀ ਮਹੱਤਵਪੂਰਨ ਟਿੱਪਣੀ ਕਰਦਿਆਂ ਕਿਹਾ ਕਿ ਚੱਲਣ/ਲੰਘਣ ਲਈ ਸਾਫ ਅਤੇ ਸੁਰੱਖਿਅਤ ਫੁੱਟਪਾਥ/ਰਸਤੇ ਨਾਗਰਿਕਾਂ ਦਾ ਮੌਲਿਕ ਅਧਿਕਾਰ ਹਨ!

ਬੀ.ਐਮ.ਸੀ. ਨੂੰ ਝਾੜ ਪਾਉਂਦਿਆਂ ਬੈਂਚ ਨੇ ਕਿਹਾ ਕਿ ਅਸੀਂ ਆਪਣੇ ਬੱਚਿਆਂ ਨੂੰ (ਸੁਰੱਖਿਆ ਹਿਤ) ਫੁੱਟਪਾਥਾਂ ਉਪਰ ਚਲਣ ਲਈ ਕਹਿੰਦੇ ਹਾਂ ਪਰ ਜੇ ਫੁੱਟਪਾਥ ਹੀ ਨਾ ਰਹੇ ਤਾਂ ਬੱਚੇ ਚੱਲਣਗੇ ਕਿੱਥੇ?

ਬੈਂਚ ਨੇ ਹੋਰ ਕਿਹਾ, "ਨਾਗਰਿਕ ਟੈਕਸ ਭਰਦੇ ਹਨ ਅਤੇ ਉਨ੍ਹਾਂ ਦਾ ਸੁਰੱਖਿਅਤ ਰਾਹਾਂ/ ਫੁੱਟਪਾਥਾਂ ਅਤੇ ਗੈਰ-ਕਾਨੂੰਨੀ ਢੰਗ ਨਾਲ ਬੈਠੇ ਰੇਹੜੀ/ਫੜੀ ਵਾਲਿਆਂ ਤੋਂ ਮੁਕਤ ਮਾਰਗਾਂ 'ਤੇ ਚੱਲਣ ਦਾ ਅਧਿਕਾਰ ਹੈ। ਬੀ.ਐਮ.ਸੀ. ਕੋਲ ਇੱਛਾ ਸ਼ਕਤੀ ਦੀ ਘਾਟ ਹੈ ਕਿਉਂਕਿ ਜਿੱਥੇ ਚਾਹ ਓਥੇ ਰਾਹ ਅਤੇ ਅਜਿਹਾ ਕਰਨ ਲਈ ਸਖ਼ਤ ਕਦਮ ਚੁੱਕਣੇ ਪੈਣਗੇ"।

ਬੈਂਚ ਦੀ ਇਸ ਗੱਲ ਤੋਂ ਸਾਨੂੰ ਬੀਤੇ ਦੀਆਂ ਕੁਝ ਯਾਦਾਂ ਤਾਜ਼ਾ ਹੋ ਗਈਆਂ।

ਸਾਡੇ ਮੁਲਕ ਵਿਚ ਵੀ.ਆਈ.ਪੀ. ਜਾਂ ਵੀ.ਵੀ.ਆਈ.ਪੀ. ਸਭਿਆਚਾਰ ਤਹਿਤ ਇਹ ਲੋਕ ਬੜੀ ਤਾਮ ਝਾਮ ਨਾਲ ਵਿਚਰਦੇ ਹਨ। ਲਾਉ-ਲਸ਼ਕਰ, ਅਮਲਾ-ਫੈਲਾ, ਸਕਿਉਰਿਟੀ ਦੀਆਂ ਪਰਤ ਦਰ ਪਰਤਾਂ ਅਤੇ ਹੋਰ ਪਤਾ ਨਹੀਂ ਕੀ ਕੀ ਪਟੰਟੇ!

ਜਿਸ ਰਾਹ ਇਨ੍ਹਾਂ ਵਿਸ਼ੇਸ਼ ਜਾਂ ਅਤੀ ਵਿਸ਼ੇਸ਼ ਵਿਅਕਤੀਆਂ ਨੇ ਲੰਘਣਾ ਹੁੰਦੈ ਉਹ ਰਾਹ ਕਾਫੀ ਦੇਰ ਪਹਿਲਾਂ ਹੀ ਪੱਧਰੇ/ਬੰਦ ਕਰ ਦਿੱਤੇ ਜਾਂਦੇ ਹਨ। ਟ੍ਰੈਫਿਕ ਹੋਰ ਰੂਟਾਂ ਰਾਹੀਂ ਡਾਇਵਰਟ ਕਰ ਦਿੱਤਾ ਜਾਂਦਾ ਹੈ। ਆਮ ਲੋਕਾਂ ਲਈ ਅੰਤਾਂ ਦੀ ਪ੍ਰੇਸ਼ਾਨੀ ਹੁੰਦੀ ਹੈ। ਭਾਵੇਂ ਇਹ ਅਤੀ ਵਿਸ਼ੇਸ਼ ਵਿਅਕਤੀ ਆਉਂਦੇ ਤਾਂ ਵਿਸ਼ੇਸ਼ ਹਵਾਈ ਜਹਾਜ਼ਾਂ ਰਾਹੀਂ ਹੀ ਹਨ, ਪਰ ਫਿਰ ਵੀ ਇਹਤਿਆਤਨ ਸਬੰਧਤ ਖਿੱਤੇ ਦੀ ਸੜਕੀ ਸੁਰੱਖਿਆ ਯਕੀਨੀ ਬਣਾਉਣ ਹਿਤ ਸੜਕੀ ਆਵਾਜਾਈ ਬਦਲਵੇਂ ਰਾਹਾਂ ਥਾਣੀ ਕਰ ਦਿੱਤੀ ਜਾਂਦੀ ਹੈ।



ਸਾਡੇ ਸਾਦਗੀ ਜਾਂ ਸਰਲਤਾ ਨਾਲ ਵਿਚਰਨ ਦੀ ਵਿਵਸਥਾ ਨਹੀਂ। ਜੇ ਭਲਾ ਦਗੜ ਦਗੜ ਜਾਂ ਲਲਾ ਲਲਾ ਨਾ ਹੋਵੇ ਤਾਂ ਫਿਰ ਅਤੀ ਵਿਸ਼ੇਸ਼ ਵਿਅਕਤੀ ਕਾਹਦਾ ਹੋਇਆ?

ਇਥੇ ਸਾਨੂੰ ਇੱਕ ਪੁਰਾਣੀ ਯਾਦ ਆਉਂਦੀ ਹੈ। ਅਸੀਂ ਇੱਕ ਵਿਦਿਅਕ ਕਾਨਫਰੰਸ ਵਿਚ ਚੈਕੋਸਲੋਵਾਕੀਆ ਗਏ ਸਾਂ। 80ਵਿਆਂ ਦੇ ਦਹਾਕੇ ਦੇ ਪਿਛਲੇ ਪਹਿਰ। ਚੈਕੋਸਲੋਵਾਕੀਆ ਅਜੇ ਦੋ ਹਿੱਸਿਆਂ ਵਿਚ ਨਹੀਂ ਸੀ ਵੰਡਿਆ ਗਿਆ। ਚੈੱਕ ਅਤੇ ਸਲੋਵਾਕ ਇਲਾਕੇ ਇਕੱਠੇ ਹੀ ਸਨ। 14-ਮੈਂਬਰੀ ਵਫਦ ਵਿਚ ਅਸੀਂ ਇਕੱਲੇ ਪਗੜੀਧਾਰੀ ਸਾਂ। ਬਲਕਿ ਉਸ ਮੁਲਕ ਵਿਚ ਆਪਣੇ ਇੱਕ ਪੰਦਰਵਾੜੇ ਦੇ ਕਿਆਮ ਦੌਰਾਨ ਸਾਨੂੰ ਦੂਸਰਾ ਪਗੜੀਧਾਰੀ ਦਿਖਾਈ ਨਹੀਂ ਦਿੱਤਾ। ਅਸੀਂ ਕਈ ਪ੍ਰਸਿੱਧ ਸੈਲਾਨੀ ਸਥਲਾਂ, ਜਿਨ੍ਹਾਂ ਵਿਚ ਕੌਮਾਂਤਰੀ ਫਿਲਮੀ ਮੇਲੇ ਅਤੇ 'ਸਪਾਜ਼' (ਗਰਮ ਪਾਣੀ ਦੇ ਚਸ਼ਮੇ) ਲਈ ਮਸ਼ਹੂਰ ਕਾਰਲੋ ਵੇਵਾਰੀ ਵੀ ਸ਼ਾਮਿਲ ਸੀ, ਦੀ ਸੈਰ ਵੀ ਕੀਤੀ ਪਰ ਪਗੜੀਧਾਰੀ ਅਸੀਂ ਸਵਾ ਲੱਖ ਹੀ ਰਹੇ!

ਇੱਕ ਦਿਨ ਅਸੀਂ ਉਸ ਮੁਲਕ ਦੀ ਰਾਜਧਾਨੀ ਪਰਾਗ ਵਿਚ ਦਰਿਆ ਵਲਟਾਵਾ ਦੇ ਕਿਨਾਰੇ ਖੜ੍ਹੇ ਸਾਂ। ਬਿਲਕੁਲ ਨਾਲ ਹੀ ਹਾਈਵੇਅ ਸੀ। ਸ਼ਾਇਦ ਚੌਮਾਰਗੀ ਸੀ (ਛੇ-ਮਾਰਗੀ ਵੀ ਹੋ ਸਕਦੀ ਐ, ਹੁਣ ਪੂਰਾ ਚੇਤਾ ਨਹੀਂ, ਵੈਸੇ ਵੀ ਇਸ ਉਮਰ 'ਚ ਚੇਤਿਆਂ ਨੂੰ ਚੋਰ ਪੈਣ ਲੱਗ ਪੈਂਦੇ ਹਨ)

ਅਚਾਨਕ ਇੱਕ ਪੁਲਿਸ ਵਾਲਾ ਆਇਆ, ਪਤਾ ਨਹੀਂ ਕਿਧਰੋਂ ਪ੍ਰਗਟ ਹੋਇਆ। ਉਸ ਨੇ ਆਪਣੇ ਬੈਟਨ (ਪੁਲਿਸੀ ਡੰਡਾ) ਨਾਲ ਇੱਕ ਲੇਨ ਦਾ ਟ੍ਰੈਫਿਕ ਸਿਰਫ ਅੱਧੇ ਕੁ ਮਿੰਟ ਲਈ ਦੂਸਰੀ ਲੇਨ ਵਿਚ ਕੀਤਾ। ਇੱਕ ਗੱਡੀ ਲੰਘੀ, ਜਿਸ ਦੇ ਲੰਘਣ ਸਾਰ ਹੀ ਉਸ ਨੇ ਪਹਿਲੇ ਵਾਲੀ ਲੇਨ ਫਿਰ ਆਮ ਵਾਂਗ ਚੱਲਣ ਲਈ ਇਸ਼ਾਰਾ ਕੀਤਾ ਅਤੇ ਆਪ ਅਹੁ ਗਿਆ ਤੇ ਅਹੁ ਗਿਆ!

ਮੈਨੂੰ ਸਮਝ ਨਾ ਆਈ ਕਿ ਇਹ ਕੀ ਹੋਇਐ? ਭਾਸ਼ਾ ਦੀ ਬੜੀ ਸਮੱਸਿਆ ਸੀ। ਅੰਗਰੇਜ਼ੀ ਬੋਲਣ ਵਾਲਾ ਓਥੇ ਉਦੋਂ ਕੋਈ ਕਰਮਾਂ ਨਾਲ ਹੀ ਲਭਦਾ ਸੀ। ਆਪਣੀ ਦੁਭਾਸ਼ਣ ਕੋਲੋਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮੁਲਕ ਦਾ ਇੱਕ ਅਤੀ ਵਿਸ਼ੇਸ਼ ਵਿਅਕਤੀ ਲੰਘ ਕੇ ਗਿਐ, ਇਸ ਲਈ ਕੁਝ ਕੁ ਸਮੇਂ ਲਈ ਇੱਕ ਲੇਨ ਦਾ ਟ੍ਰੈਫਿਕ ਦੂਸਰੀ ਲੇਨ ਵਿਚ ਪਾਇਆ ਗਿਆ ਸੀ।

ਕਮਾਲ ਹੈ, ਸਾਡਾ ਤਾਂ ਮੂੰਹ ਹੀ ਅੱਡਿਆ ਰਹਿ ਗਿਆ। ਨਾ ਕੋਈ ਪਾਇਲਟ, ਨਾ ਸਕਿਉਰਟੀ, ਨਾ ਕੋਈ ਸਾਇਰਨ/ ਹੂਟਰ। ਨਾ ਹੀ ਕਿਸੇ ਨੇ ਮੈਨੂੰ ਉਸ ਥਾਂ ਤੋਂ ਹਟਣ ਲਈ ਕਿਹਾ। ਕਹਿਣਾ ਤਾਂ ਕੀ ਸੀ ਕਿਸੇ ਨੇ ਪੁੱਛਿਆ ਤਕ ਨਹੀਂ ਕਿ ਭਾਈ ਤੂੰ ਕੌਣ ਐਂ ਤੇ ਇਥੇ ਕੀ ਕਰ ਰਿਹੈਂ? ਉਹ ਵੀ ਜਦ ਮੈਂ ਪੂਰੇ ਇਲਾਕੇ ਵਿਚ, ਜਾਂ ਸ਼ਾਇਦ ਪੂਰੇ ਮੁਲਕ ਵਿਚ ਉਸ ਸਮੇਂ ਇੱਕੋ ਇਕ ਪਗੜੀਧਾਰੀ ਸਾਂ!

ਹੁਣ ਜ਼ਰਾ ਆਪਣੇ ਮੁਲਕ ਨਾਲ ਤੁਲਨਾ ਕਰ ਕੇ ਦੇਖੋ। ਤੁਸੀਂ ਅਤੀ ਵਿਸ਼ੇਸ਼ ਵਿਅਕਤੀ ਦੇ ਲੰਘਣ ਵਾਲੇ ਰਾਹ ਦੇ ਕੋਲ ਤਾਂ ਕੀ, ਦੂਰ ਦੂਰ ਵੀ ਖੜ੍ਹਨ ਦਾ ਸੋਚ ਤਕ ਨਹੀਂ ਸਕਦੇ।

ਸਾਡੇ ਤਾਂ ਇਧਰ ਉਨ੍ਹਾਂ ਪਾਰਟੀਆਂ ਦੇ ਅਤੀ ਵਿਸ਼ੇਸ਼ ਵਿਅਕਤੀ ਵੀ 20-25 ਗੱਡੀਆਂ ਦੇ ਕਾਫਲੇ ਨਾਲ ਹਾਲ-ਹਾਲ ਕਰਦੇ ਜਾਂਦੇ ਹਨ ਜੋ ਪਾਰਟੀਆਂ ਸਾਦਗੀ ਅਤੇ ਤਾਮ-ਝਾਮ ਰਹਿਤ ਮਾਹੌਲ ਵਿਚ ਵਿਚਰਨ ਅਤੇ ਬਦਲਾਅ ਦੇ ਨਾਹਰੇ ਨਾਲ ਸੱਤਾ ਵਿਚ ਆਈਆਂ ਸਨ।

ਇੱਕ ਹੋਰ ਗੱਲ ਓਸੇ ਹੀ ਮੁਲਕ ਦੀ।

ਇੱਕ ਦਿਨ ਸਾਡੀ ਕਾਨਫਰੰਸ ਨੂੰ ਸੰਬੋਧਨ ਕਰਨ ਉਥੋਂ ਦੇ ਸਿੱਖਿਆ ਮੰਤਰੀ ਨੇ ਆਉਣਾ ਸੀ, ਜਾਣੀ ਚੈਕੋਸਲੋਵਾਕੀਆ ਗਣਰਾਜ ਦੇ ਸਿੱਖਿਆ ਮੰਤਰੀ ਨੇ। ਅਸੀਂ ਹੈਰਾਨ ਰਹਿ ਗਏ ਜਦ ਮੰਤਰੀ ਇਕੱਲਾ ਹੀ ਆਇਆ। ਅੱਗੇ-ਪਿੱਛੇ ਨਾ ਕੋਈ ਕਾਰ, ਨਾ ਸੁਰੱਖਿਆ ਦਸਤੇ। ਮੰਤਰੀ ਕਾਰ 'ਚੋਂ ਉਤਰਿਆ, ਕਾਰ ਦਾ ਡਰਾਈਵਰ ਆਰਾਮ ਨਾਲ ਆਪਣੀ ਸੀਟ 'ਤੇ ਸਟੇਅਰਿੰਗ ਫੜੀ ਬੈਠਾ ਰਿਹਾ। ਨਾ ਕਿਸੇ ਨੇ ਮੰਤਰੀ ਲਈ ਕਾਰ ਦੀ ਖਿੜਕੀ ਖੋਲ੍ਹੀ, ਨਾ ਕੋਈ ਹੋਰ ਚਮਚਾਮਈ ਉਚੇਚ ਦਿਖਾਉਣ ਦਾ ਢੌਂਗ ਕੀਤਾ। ਮੰਤਰੀ ਦੇ ਉਤਰਨ ਮਗਰੋਂ ਡਰਾਈਵਰ ਨੇ ਕਾਰ ਨਿਰਧਾਰਤ ਥਾਂ ਉਪਰ ਪਾਰਕ ਕਰ ਦਿੱਤੀ।

ਮੇਜ਼ਬਾਨ ਜਾਂ ਹੋਰ ਪ੍ਰਬੰਧਕ ਵੀ ਜਿਸ ਥਾਂ ਖੜ੍ਹੇ ਸਨ, ਓਥੇ ਹੀ ਖੜ੍ਹੇ ਰਹੇ। ਕੋਈ ਇੱਕ ਕਦਮ ਵੀ ਅੱਗੇ ਚੱਲ ਕੇ ਨਹੀਂ ਆਇਆ। ਮੰਤਰੀ ਆਪ ਅੱਗੇ ਅੱਪੜਿਆ ਤਾਂ ਮੇਜ਼ਬਾਨਾਂ ਨੇ ਉਸ ਦਾ ਸਵਾਗਤ ਕੀਤਾ।

ਠੰਢ ਦੇ ਦਿਨ ਸਨ। ਗਰਮ ਮੁਲਕ ਤੋਂ ਗਏ ਡੈਲੀਗੇਟਾਂ ਨੂੰ ਉਥੇ ਵੀ ਵਧੇਰੇ ਠੰਢ ਲਗਦੀ ਐ। ਮੰਤਰੀ ਦੇ ਸੰਬੋਧਨੀ ਸੈਸ਼ਨ ਦੌਰਾਨ ਸੂਰਜ ਦੇਵਤਾ ਨੇ ਦਰਸ਼ਨ ਦੇ ਦਿੱਤੇ। ਅਸੀਂ ਆਪਣੀ ਦੁਭਾਸ਼ਣ ਨੂੰ ਬੇਨਤੀ ਕੀਤੀ ਕਿ ਜੇ ਸੰਬੋਧਨ ਉਪਰੰਤ ਚਰਚਾ ਬਾਹਰ ਧੁੱਪੇ ਕਰ ਲਈ ਜਾਵੇ ਤਾਂ ਬਿਹਤਰ ਹੋਵੇਗਾ। ਦੁਭਾਸ਼ਣ ਨੇ ਇਹ ਗੱਲ ਮੰਤਰੀ ਨੂੰ ਦਸੀ ਤਾਂ ਉਹ ਖੁਸ਼ੀ ਖੁਸ਼ੀ ਸਹਿਮਤ ਹੋ ਗਿਆ।

ਲਓ, ਕਰ ਲਓ ਗੱਲ! ਪ੍ਰਬੰਧਕਾਂ ਵਾਂਗ ਮੰਤਰੀ ਜੀ ਵੀ ਆਪਣੀ ਕੁਰਸੀ ਆਪ ਚੁੱਕ ਕੇ ਬਾਹਰ ਧੁੱਪੇ ਲਿਆਏ! ਕਿਸੇ ਨੇ ਮੰਤਰੀ ਦੀ ਕੁਰਸੀ ਚੁੱਕਣ ਲਈ ਕੋਈ ਉਪਰਾਲਾ ਨਾ ਕੀਤਾ, ਅਹੁਲਣਾ ਤਾਂ ਭਲਾ ਕੀ ਸੀ!

ਹੁਣ ਜ਼ਰਾ ਇਸ ਗੱਲ ਨੂੰ ਆਪਣੇ ਮੁਲਕ ਦੇ ਕਿਸੇ ਮੰਤਰੀ ਉਪਰ ਢੁਕਾਓ। ਮੰਤਰੀ ਤਾਂ ਕੀ ਮੰਤਰੀ ਦੇ ਸੰਤਰੀ ਦੀ ਕੁਰਸੀ ਚੁੱਕਣ ਲਈ ਚਮਚੇ ਇੱਕ ਦੂਜੇ ਉਪਰ ਡਿੱਗਦੇ ਦਿਖਾਈ ਦੇਣਗੇ!

75 ਸਾਲ ਦੀ ਆਜ਼ਾਦੀ ਬਾਅਦ ਵੀ ਸਾਡੀ ਗੁਲਾਮ ਮਾਨਸਿਕਤਾ ਸਾਡਾ ਪਿੱਛਾ ਨਹੀਂ ਛੱਡਦੀ!

ਹਿੰਦੀ ਦੇ ਮਸ਼ਹੂਰ ਕਵੀ ਦੁਸ਼ਯੰਤ ਕੁਮਾਰ ਨੇ ਅਜਿਹੇ ਲੋਕਾਂ ਬਾਰੇ ਹੀ ਕਿਹਾ ਹੋਣੈ-

"ਨਾ ਹੋ ਕਮੀਜ਼ ਤੋ ਪਾਉਂ ਸੇ ਪੇਟ ਢਕ ਲੇਂਗੇ,
ਯੇ ਲੋਗ ਕਿਤਨੇ ਮੁਨਾਸਿਬ ਹੈਂ, ਇਸ ਸਫਰ ਕੇ ਲੀਏ"!

# ਘੱਟੋ-ਘੱਟ ਸਮਰਥਨ ਮੁੱਲ ਤੇ ਮੰਡੀ ਵਰਤਾਰਾ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਭਾਰਤੀ ਕਿਸਾਨਾਂ ਦੀ ਖੂਨ ਪਸੀਨੇ ਦੀ ਕਮਾਈ ਇੱਕ ਵਾਰੀ ਫੇਰ ਘੱਟੋ-ਘੱਟ ਸਮਰਥਨ ਮੁੱਲ ਦਾ ਸ਼ਿਕਾਰ ਹੋ ਗਈ ਹੈ। ਕੇਂਦਰੀ ਖੇਤੀ ਮੰਤਰੀ ਨੇ ਅਰਹਰ ਦੀ ਦਾਲ, ਮੱਕੀ, ਕਾਲੇ ਛੋਲੇ ਤੇ ਬਾਜਰਾ ਦੀ ਖਰੀਦ ਲਈ ਘੱਟੋ-ਘੱਟ ਸਮਰਥਨ ਮੁੱਲ ਦੇ 52 ਤੋਂ 77 ਪ੍ਰਤੀਸ਼ਤ ਵਾਧੇ ਦਾ ਐਲਾਨ ਕਰ ਕੇ




ਆਪਣੀ ਪਿੱਠ ਥਾਪੜ ਲਈ ਹੈ ਜਦਕਿ ਉਹ ਭਲੀ-ਭਾਂਤ ਜਾਣਦਾ ਹੈ ਕਿ ਮੰਡੀ ਵਿਚ ਕਾਰਪੋਰੇਟਾਂ ਦੇ ਪਿੱਠੂਆਂ ਨੇ ਕਿਸਾਨਾਂ ਦੇ ਪੈਰ ਨਹੀਂ ਲੱਗਣ ਦੇਣੇ। ਉਂਝ ਵੀ ਦਿਨ-ਪਰ ਦਿਨ ਵਧ ਰਿਹਾ ਖਾਦਾਂ, ਬੀਜਾਂ ਤੇ ਰਸਾਇਣਾਂ ਦਾ ਖਰਚਾ ਕਿਸਾਨਾਂ ਦਾ ਸਾਹ ਸੂਤੀ ਰੱਖਦਾ ਹੈ। ਇਹੋ ਜਿਹੇ ਖਰਚਿਆਂ ਨੂੰ ਗੌਲਣਾ ਤਾਂ ਇੱਕ ਪਾਸੇ ਮੰਡੀ ਨੂੰ ਕਿਸਾਨ ਪੱਖੀ ਬਣਾਉਣ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਜਾ ਰਿਹਾ। ਏਥੋਂ ਤੱਕ ਕਿ ਕਿਸਾਨ ਆਪਣੀ ਉਪਜ ਮੰਡੀ ਵਿਚ ਲਿਜਾ ਕੇ ਨਿਰਧਾਰਤ ਨਾਲੋਂ ਅੱਧੇ ਮੁਲ ਉੱਤੇ ਵੇਚਣ ਲਈ ਮਜਬੂਰ ਹੋ ਜਾਂਦਾ ਹੈ। ਉਸਦਾ ਨਸ਼ਿਆਂ ਦੇ ਰਾਹ ਪੈਣਾ ਹੋਰ ਵੀ ਮਾੜੀ ਗੱਲ ਹੈ। ਅੰਦੋਲਨਕਾਰੀਆਂ ਦੀ ਆਵਾਜ਼ ਵੀ ਸਰਕਾਰ ਦੇ ਕੰਨੀਂ ਨਹੀਂ ਪੈਂਦੀ। ਏਸ ਪਾਸੇ ਧਿਆਨ ਦੇਣ ਦੀ ਲੋੜ ਹੈ ਨਹੀਂ ਤਾਂ ਸਮੁੱਚੀ ਵਸੋਂ ਨੂੰ ਅਨਾਜ ਦੀ ਘਾਟ ਦੇ ਨਤੀਜੇ ਭੁਗਤਣੇ ਪੈਣਗੇ। ਅੱਜ ਨਹੀਂ ਤਾਂ ਕੱਲ੍ਹ।

**ਭਾਰਤ ਵਿਚ ਦੋਸ਼ੀਆਂ ਦੀ ਗ੍ਰਿਫਤਾਰੀ ਤੇ ਕਚਹਿਰੀਆਂ**

ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਅਧੀਨ ਈ ਡੀ ਵੱਲੋਂ ਗ੍ਰਿਫਤਾਰ ਕੀਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੇ ਮਾਮਲੇ ਨੇ ਭਾਰਤ ਵਿਚ ਦੋਸ਼ੀਆਂ ਦੀ ਗ੍ਰਿਫਤਾਰੀ ਤੇ ਪੁਲੀਸ ਦੇ ਕਿਰਦਾਰ ਉੱਤੇ ਮੁੜ ਕਿੰਤੂ ਪ੍ਰੰਤੂ ਪੈਦਾ ਕਰ ਦਿੱਤਾ ਹੈ। ਖਾਸ ਕਰਕੇ ਕੇਜਰੀਵਾਲ ਨੂੰ ਹੇਠਲੀ ਅਦਾਲਤ ਵਲੋਂ ਦਿੱਤੀ ਜ਼ਮਾਨਤ ਉੱਤੇ ਦਿੱਲੀ ਹਾਈ ਕੋਰਟ ਵਲੋਂ ਲਾਈ ਅੰਤ੍ਰਿਮ ਰੋਕ ਨੇ ਏਸ ਪ੍ਰਸੰਗ ਵਿਚ ਅਲਾਹਾਬਾਦ ਹਾਈ ਕੋਰਟ ਨੇ ਇਕ ਗਊ ਹੱਤਿਆ ਦੇ ਦੋਸ਼ੀ ਦੀ ਗ੍ਰਿਫਤਾਰੀ ਦੇ ਪ੍ਰਸੰਗ ਵਿਚ ਆਪਣਾ ਇਹ ਮੱਤ ਇੱਕ ਵਾਰੀ ਫੇਰ ਦੁਹਰਾਇਆ ਹੈ ਕਿ ਵਾਹ ਲਗਦੇ ਦੋਸ਼ੀ ਦੀ ਗ੍ਰਿਫਤਾਰੀ ਤੋਂ ਪਰਹੇਜ਼ ਕਰਨਾ ਬਣਦਾ ਹੈ। ਇਹ ਤਾਂ ਹਰ ਕੋਈ ਜਾਣਦਾ ਹੈ ਕਿ ਮੁੱਖ ਮੰਤਰੀ ਅਜਿਹਾ ਦੋਸ਼ੀ ਨਹੀਂ ਹੁੰਦਾ ਜਿਹੜਾ ਆਪਣਾ ਦੇਸ਼ ਛੱਡ ਕੇ ਭੱਜ ਜਾਵੇ। ਉਹ ਗੈਂਗਸਟਰ ਨਹੀਂ ਹੁੰਦਾ ਤੇ ਨਾ ਹੀ ਜਾਣ ਬੁੱਝ ਕੇ ਅਜਿਹੀ ਹਰਕਤ ਕਰਦਾ ਹੈ ਜਿਸ ਨਾਲ ਉਸਦੀ ਬਦਨਾਮੀ ਹੋਵੇ। ਉਸਨੇ ਆਪਣੇ ਨਾਲ ਕੰਮ ਕਰਦੇ ਕਿਸੇ ਅਧਿਕਾਰੀ ਦਾ ਸੁਝਾਓ ਮੰਨਿਆ ਹੋ ਸਕਦੈ ਤੇ ਉਸਦਾ ਸ਼ਿਕਾਰ ਹੋ ਗਿਆ।

ਇਹ ਵੀ ਦੇਖਣ ਸੁਣਨ ਵਿਚ ਆਇਆ ਹੈ ਕਿ ਪੁਲੀਸ ਵਾਲੇ ਆਪਣੇ ਸਿਆਸੀ ਆਗੂਆਂ ਦੇ ਮਨ ਵਿਚ ਆਪਣੇ ਨੰਬਰ ਬਣਾਉਣ ਜਾਂ ਆਪਣੇ ਸੰਗੀ ਸਾਥੀ ਦਾ ਪੱਖ ਪੂਰਨ ਲਈ ਗਲਤ ਰਾਇ ਦੇ ਦਿੰਦੇ ਹਨ। ਕਈ ਥਾਵਾਂ 'ਤੇ ਇਹ ਧਾਰਨਾ ਅੰਗਰੇਜ਼ੀ ਰਾਜ ਦਾ ਹੈਂਗਓਵਰ ਚਲੀ ਆ ਰਹੀ ਹੈ। ਇਸਨੂੰ ਛੇਤੀ ਤੋਂ ਛੇਤੀ ਅਲਵਿਦਾ ਕਹਿਣਾ ਬਣਦਾ ਹੈ। ਇਸ ਨਾਲ ਆਮ ਜਨਤਾ ਦੀ ਬੇਚੈਨੀ ਹੀ ਨਹੀਂ ਵਧਦੀ ਕਚਹਿਰੀਆਂ ਵਿਚ ਵੀ ਕੇਸਾਂ ਦੇ ਅੰਬਾਰ ਲੱਗ ਜਾਂਦੇ ਹਨ।

ਦੋਸ਼ੀ ਦੀ ਜ਼ਮਾਨਤ ਹੋਣਾ ਜਾਂ ਅੰਤਕਾਰ ਬੇਕਸੂਰੇ ਬਰੀ ਹੋਣਾ ਉਸਨੂੰ ਕੋਈ ਧਰਵਾਸ ਨਹੀਂ ਦਿੰਦਾ। ਉਸਦੇ ਹੱਥਕੜੀ ਲੱਗ ਚੁੱਕੀ ਹੁੰਦੀ ਹੈ ਤੇ ਕਿਸੇ ਨੂੰ ਮੂੰਹ ਦਿਖਾਉਣ ਦੇ ਯੋਗ ਨਹੀਂ ਰਹਿੰਦਾ। ਇਹ ਗੱਲ ਸਮਝਣ ਤੇ ਸਮਝਾਉਣ ਦੀ ਲੋੜ ਹੈ। ਤੁਰੰਤ!

**ਪੰਜਾਬ ਆਰਟਸ ਕੌਂਸਲ ਤੇ ਭਾਸ਼ਾ ਵਿਭਾਗ**

ਪੰਜਾਬ ਸਰਕਾਰ ਵਲੋਂ ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬ ਆਰਟਸ ਕੌਂਸਲ ਦੇ ਮੁਖੀਆਂ ਦੀ ਨਿਯੁਕਤੀ ਦਾ ਸਵਾਗਤ ਕਰਨਾ ਬਣਦਾ ਹੈ। ਆਰਟਸ ਕੌਂਸਲ ਦੀ ਸਥਾਪਨਾ ਪੰਜਾਬੀ ਕਲਚਰ ਦੇ ਸ਼ਾਹਜਹਾਨ ਵਜੋਂ ਜਾਣੇ ਜਾਂਦੇ ਮਹਿੰਦਰ ਸਿੰਘ ਰੰਧਾਵਾ ਨੇ 1981 ਵਿਚ ਕੀਤੀ ਸੀ। ਉਹੀਓ ਸੀ ਜਿਸਨੂੰ ਰੋਜ਼ ਗਾਰਡਨ ਵਿਚ ਇਮਾਰਤ ਉਸਾਰੀ ਕਰਨ ਤੋਂ ਰੋਕਣ ਦੀ ਕਿਸੇ ਕੋਲ ਹਿੰਮਤ ਨਹੀਂ ਸੀ। ਉਹ ਕੋਮਲ ਕਲਾ ਨੂੰ ਪਰਨਾਏ ਮਹਾਰਥੀਆਂ ਦਾ ਰਾਹ ਦਸੇਰਾ ਸੀ। ਉਸਨੇ ਆਪਣਾ ਇਹ ਸੁਪਨਾ ਪੂਰਾ ਕਰਨ ਲਈ ਕਰਤਾਰ ਸਿੰਘ ਦੁੱਗਲ, ਮੋਹਨ ਸਿੰਘ, ਬਲਵੰਤ ਗਾਰਗੀ, ਸ਼ੀਲਾ ਭਾਟੀਆ ਤੇ ਕੁਲਵੰਤ ਸਿੰਘ ਵਿਰਕ ਨੂੰ ਆਪਣੇ ਨਾਲ ਲੈ ਕੇ ਪੰਜਾਬ ਕਲਾ ਭਵਨ ਦੀ ਉਸਾਰੀ ਵੀ ਕੀਤੀ ਤੇ ਇਸਦੀ ਗੈਲਰੀ ਵਿਚ ਵਰਤਮਾਨ ਪੰਜਾਬ ਦੇ ਪ੍ਰਮੁੱਖ ਸਿਰਜਕਾਂ ਦੀਆਂ ਤਸਵੀਰਾਂ ਵੀ ਸਜਾਈਆਂ। ਇਹ ਗੈਲਰੀ ਭਾਈ ਕਾਨ੍ਹ ਸਿੰਘ ਨਾਭਾ, ਨਾਨਕ ਸਿੰਘ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਮੁਲਕ ਰਾਜ ਆਨੰਦ, ਨੋਰਾ ਰਿਚਰਡ, ਸੋਭਾ ਸਿੰਘ ਆਰਟਿਸਟ, ਅੰਮ੍ਰਿਤਾ ਸ਼ੇਰਗਿੱਲ, ਬੜੇ ਗੁਲਾਮ ਅਲੀ ਖਾਂ, ਐਮ. ਏ. ਮਕਾਲਿਫ, ਬਲਰਾਜ ਸਾਹਨੀ, ਫੈਜ਼ ਅਹਿਮਦ ਫੈਜ਼ ਤੇ ਸ਼ਿਵ ਕੁਮਾਰ ਬਟਾਲਵੀ ਦੀ ਦਿੱਖ ਤੇ ਦੇਣ ਉੱਤੇ ਮੋਹਰ ਲਾਉਂਦੀ ਹੈ। ਪੰਜਾਬ ਦੇ ਵਰਤਮਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਕਲਾ ਪ੍ਰੇਮੀ ਹੋਣ ਦਾ ਸਬੂਤ ਏਸ ਗੱਲ ਤੋਂ ਮਿਲਦਾ ਹੈ ਕਿ ਉਸਨੇ ਕਲਾ ਪ੍ਰੀਸ਼ਦ ਦੇ ਅੰਤਲੇ ਚੇਅਰਮੈਨ ਸੁਰਜੀਤ ਪਾਤਰ ਦੇ ਦੇਹਾਂਤ ਪਿਛੋਂ ਉਸਦੀ ਅਰਥੀ ਨੂੰ ਮੋਢਾ ਹੀ ਨਹੀਂ ਦਿੱਤਾ ਇਕ ਮਹੀਨੇ ਦੇ ਅੰਦਰ ਅੰਦਰ ਆਰਟ ਕੌਂਸਲ ਦੀ ਕਮਾਂਡ ਇਕ ਜਾਣੇ-ਪਛਾਣੇ ਕਵੀ ਤੇ ਚਿੱਤਰਕਲਾ ਪ੍ਰੇਮੀ ਸਵਰਨਜੀਤ ਸਵੀ ਨੂੰ ਸੌਂਪ ਦਿੱਤੀ ਹੈ।

ਇਹ ਵੀ ਉਸਦਾ ਕਲਾ ਪ੍ਰੇਮ ਹੀ ਸਮਝੋ ਕਿ ਪੰਜਾਬ ਕਲਾ ਪ੍ਰੀਸ਼ਦ ਦੇ ਵਿਕਾਸ ਦਾ ਚੇਤਾ ਆਉਂਦਿਆਂ ਸਾਰ ਉਸਨੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਦੀ ਚਿਰਾਂ ਤੋਂ ਖਾਲੀ ਪਈ ਅਸਾਮੀ ਵੱਲ ਵੀ ਤੁਰੰਤ ਧਿਆਨ ਦਿੱਤਾ ਹੈ। ਅੱਜ ਦੀ ਪੀੜ੍ਹੀ ਨੂੰ ਇਹ ਵੀ ਦੱਸਣ ਦੀ ਲੋੜ ਹੈ ਕਿ ਪੰਜਾਬੀ ਯੂਨੀਵਰਸਟੀ ਪਟਿਆਲਾ ਦੀ ਸਥਾਪਨਾ ਤੋਂ ਪਹਿਲਾਂ ਇਸ ਵਿਭਾਗ ਦਾ ਦਰਜਾ ਇਕ ਤਰ੍ਹਾਂ ਦੀ ਯੂਨੀਵਰਸਿਟੀ ਤੋਂ ਘੱਟ ਨਹੀਂ ਸੀ।

ਸਰਕਾਰੀ ਸੰਸਥਾਵਾਂ ਸਰਕਾਰ ਦੀ ਸਰਪ੍ਰਸਤੀ ਬਿਨਾ ਨਹੀਂ ਚਲਦੀਆਂ। ਹੁਣ ਜਸਵੰਤ ਜ਼ਫਰ ਦੀ ਨਿਯੁਕਤੀ ਨਾਲ ਇਸ ਵਿਭਾਗ ਦੀ ਗਤੀ ਵੀ ਰਫ਼ਤਾਰ ਫੜ ਸਕਦੀ ਹੈ ਜਿਹੜੀ ਲੰਮੇ ਸਮੇਂ ਤੋਂ ਕਚਹਿਰੀਆਂ ਵਿਚ ਰੁਲ-ਖੁਲ ਰਹੀ ਹੈ। ਆਸ ਕੀਤੀ ਜਾ ਸਕਦੀ ਹੈ ਕਿ ਨਵਾਂ ਡਾਇਰੈਕਟਰ ਚੰਗੇ ਵਕੀਲਾਂ ਦੀ ਸਹਾਇਤਾ ਲੈ ਕੇ ਇਸਨੂੰ ਵਰਤਮਾਨ ਜਿੱਲ੍ਹਣ ਵਿਚੋਂ ਕੱਢ ਸਕਦਾ ਹੈ। ਲੋੜ ਪਵੇ ਤਾਂ ਕਿਸੇ ਸੇਵਾ ਮੁਕਤ ਜੱਜ ਦੀ ਦੇਖ ਰੇਖ ਥੱਲੇ ਅਜਿਹੀ ਕਮੇਟੀ ਦਾ ਗਠਨ ਕੀਤਾ ਜਾ ਸਕਦਾ ਹੈ ਜਿਹੜੀ ਰੁਕਾਵਟ ਬਣੀਆਂ ਅਦਾਲਤਾਂ ਨੂੰ ਵਿਭਾਗ ਦੀਆਂ ਲੋੜਾਂ ਤੇ ਸੀਮਾਵਾਂ ਤੋਂ ਜਾਣੂ ਕਰਵਾ ਸਕੇ। ਬਿਲਾਸ਼ੁਕ ਨਵੇਂ ਮੁਖੀਆਂ ਦੇ ਮੋਢਿਆਂ ਉੱਤੇ ਚੋਖਾ ਭਾਰ ਆ ਪਿਆ ਹੈ ਪਰ ਉਹ ਸਰਕਾਰੀ ਸਹਾਇਤਾ ਨਾਲ ਇਸਨੂੰ ਬਾਖੂਬੀ ਨਿਪਟ ਸਕਦੇ ਹਨ।

**ਅੰਤਿਕਾ**

ਇੱਕ ਲੋਕ ਬੋਲੀ॥
ਭੇਣ-ਬੋਤਾ ਬੰਨ੍ਹਾ ਦੇ ਪਿੱਪਲ ਦੀ ਛਾਵੇਂ,
ਮੁੰਨੀਆਂ ਰੰਗੀਨ ਗੱਡੀਆਂ।
ਭਰਾ- ਮੱਥਾ ਟੇਕਦੇਂ ਅੰਮਾਂ ਦੀਏ ਜਾਈਏ,
ਬੋਤਾ ਭੈਣੇ ਫੇਰ ਬੰਨ੍ਹਾਂਗਾ।

# ਫੁੱਟਬਾਲ ਦਾ ਸ਼ਹਿਨਸ਼ਾਹ ਕ੍ਰਿਸਟਿਆਨੋ ਰੋਨਾਲਡੋ

**ਵਿਸ਼ਵ ਦੇ ਮਹਾਨ ਖਿਡਾਰੀ**



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਕ੍ਰਿਸਟਿਆਨੋ ਰੋਨਾਲਡੋ ਦੀਆਂ ਕਿਆ ਬਾਤਾਂ! ਉਹ ਫੁੱਟਬਾਲ ਦਾ ਬਾਦਸ਼ਾਹ ਹੀ ਨਹੀਂ, ਸ਼ਹਿਨਸ਼ਾਹ ਹੈ। ਲੱਖਾਂ ਡਾਲਰਾਂ ਬਦਲੇ ਖੇਡਣ ਵਾਲਾ ਵਿਸ਼ਵ ਦਾ ਸਿਰਮੌਰ ਖਿਡਾਰੀ। ਉਸ ਨੂੰ ਫੁੱਟਬਾਲ ਦਾ ਅਫਲਾਤੂਨ ਕਿਹਾ ਜਾ ਸਕਦੈ। ਉਹ ਕਰੋੜਾਂ ਲੋਕਾਂ ਦਾ ਮਹਿਬੂਬ ਖਿਡਾਰੀ ਹੈ। ਉਸ ਨੇ ਫੁੱਟਬਾਲ ਖੇਡ ਕੇ ਕਰੋੜਾਂ ਕੀ, ਅਰਬਾਂ ਡਾਲਰ ਕਮਾਏ ਹਨ। ਉਸ ਨੂੰ ਪੰਜ ਵਾਰ ਫੁੱਟਬਾਲ ਦਾ ਸਰਬੋਤਮ ਖਿਡਾਰੀ ਹੋਣ ਦਾ ਬੈਲਨ ਡੀਓਰ ਅਵਾਰਡ ਮਿਲ ਚੁੱਕੈ। ਕਦੇ ਉਹ ਮਾਨਚੈਸਟਰ ਯੂਨਾਈਟਿਡ ਕਲੱਬ ਦਾ ਮਾਣ ਸੀ, ਕਦੇ ਰੀਅਲ ਮੈਡਰਿਡ ਕਲੱਬ ਦਾ ਨਿਸ਼ਾਨ ਤੇ ਹੁਣ ਸਾਊਦੀ ਅਰਬ ਦੇ ਅਲ-ਨਾਸਰ ਕਲੱਬ ਦੀ ਸ਼ਾਨ ਹੈ। ਉਸ ਬਾਰੇ ਲੱਖਾਂ ਲਫ਼ਜ਼ ਲਿਖੇ ਗਏ ਤੇ ਵੀਹਾਂ ਵੀਡੀਓਜ਼ ਬਣਾਈਆਂ ਗਈਆਂ। ਇਹ ਸਤਰਾਂ ਲਿਖਣ ਵੇਲੇ ਉਸ ਦੀ ਉਮਰ 39 ਸਾਲਾਂ ਦੀ ਹੈ ਪਰ ਤਾਕਤ ਤੇ ਫੁਰਤੀ ਪੱਚੀਆਂ ਸਾਲਾਂ ਦੇ ਗਭਰੂ ਵਰਗੀ ਹੈ। ਉਸ ਨੇ 2023-24 'ਚ ਵਿਸ਼ਵ ਪ੍ਰਸਿੱਧ ਕਲੱਬਾਂ ਦੇ 70 ਲੀਗ ਮੈਚਾਂ ਵਿਚ 64 ਗੋਲ ਕੀਤੇ ਹਨ।

ਉਹ ਉਂਗਲਾਂ 'ਤੇ ਗਿਣੇ ਜਾਣ ਵਾਲੇ ਵਿਸ਼ਵ ਦੇ ਮਹਾਨ ਪੇਸ਼ਾਵਰ ਫੁੱਟਬਾਲ ਖਿਡਾਰੀਆਂ 'ਚੋਂ ਹੈ ਜਿਨ੍ਹਾਂ ਨੇ 1200 ਤੋਂ ਵੱਧ ਉੱਚ ਪੱਧਰੀ ਮੈਚ ਖੇਡੇ। ਉਸ ਨੇ ਕਲੱਬ ਲੀਗਾਂ ਤੇ ਮੁਲਕਾਂ ਵਿਚਾਲੇ ਹੋਏ ਮੈਚਾਂ ਵਿਚ 890 ਤੋਂ ਵੱਧ ਗੋਲ ਕੀਤੇ। ਉਹ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਮੰਨਿਆ ਜਾਂਦਾ ਹੈ। ਫੁੱਟਬਾਲ ਦੇ ਵਿਸ਼ਵ ਕੱਪਾਂ ਵਿਚ ਉਹ ਪੁਰਤਗਾਲ ਦੀ ਫੁੱਟਬਾਲ ਟੀਮ ਦਾ ਪੰਜ ਵਾਰ ਵਿਸ਼ੇਸ਼ ਖਿਡਾਰੀ ਹੋਣ ਦੇ ਨਾਲ ਇੰਗਲੈਂਡ ਦੇ ਮਾਨਚੈਸਟਰ ਯੂਨਾਈਟਿਡ ਫੁੱਟਬਾਲ ਕਲੱਬ ਅਤੇ ਸਪੇਨ ਦੇ ਰੀਅਲ ਮੈਡਰਿਡ ਕਲੱਬ ਦਾ ਵੀ ਚਹੇਤਾ ਖਿਡਾਰੀ ਰਿਹਾ। 2023 ਤੋਂ ਉਹ ਰਿਆਧ ਦੇ ਅਲ ਨਾਸਰ ਫੁੱਟਬਾਲ ਕਲੱਬ ਵੱਲੋਂ ਖੇਡ ਰਿਹੈ ਜਿਥੇ ਅਜੇ ਵੀ ਸਭ ਤੋਂ ਵੱਧ ਗੋਲ ਕਰ ਰਿਹੈ। ਉਸ ਦੀ ਸਾਲਾਨਾ ਕਮਾਈ 200 ਮਿਲੀਅਨ ਯੂਰੋ ਤੋਂ ਵਧੇਰੇ ਹੈ।


6 ਫੁੱਟ 2 ਇੰਚ ਲੰਮੇ 83 ਕਿਲੋ ਵਜ਼ਨੀ, ਸੁਡੌਲ ਜੁੱਸੇ ਤੇ ਤਿੱਖੇ ਨੈਣ ਨਕਸ਼ਾਂ ਵਾਲੇ ਫੁੱਟਬਾਲਰ ਦਾ ਪੂਰਾ ਨਾਂ ਹੈ, ਕ੍ਰਿਸਟਿਆਨੋ ਰੋਨਾਲਡੋ ਡੋਜ਼ ਸੰਤੋਜ਼ ਐਵੀਰੋ। ਉਸ ਦਾ ਜਨਮ 5 ਫਰਵਰੀ 1985 ਨੂੰ ਪੁਰਤਗਾਲ ਦੇ ਮਡੀਰਾ ਟਾਪੂ 'ਤੇ ਫੰਚਲ 'ਚ ਹੋਇਆ। ਜਿਸ ਟਾਪੂ 'ਤੇ ਉਸ ਦਾ ਜਨਮ ਹੋਇਆ, ਉਥੋਂ ਦੇ ਹਵਾਈ ਅੱਡੇ ਦਾ ਨਾਂ 29 ਮਾਰਚ 2017 ਨੂੰ 'ਕ੍ਰਿਸਟਿਆਨੋ ਰੋਨਾਲਡ ਇੰਟਰਨੈਸ਼ਨਲ ਏਅਰਪੋਰਟ' ਰੱਖ ਕੇ ਉਹਦਾ ਸਟੈਚੂ ਸਥਾਪਿਤ ਕਰ ਦਿੱਤਾ ਗਿਆ ਤਾਂ ਕਿ ਭਵਿੱਖ ਦੀਆਂ ਨਸਲਾਂ ਰੋਨਾਲਡੋ ਨੂੰ ਯਾਦ ਰੱਖਣ।

ਉਸ ਦੀ ਜੀਵਨ ਕਹਾਣੀ ਡਿੱਗਿਆਂ ਢੱਠਿਆਂ ਨੂੰ ਉਤਸ਼ਾਹ ਦੇਣ ਵਾਲੀ ਪ੍ਰੇਰਨਾਮਈ ਗਾਥਾ ਹੈ। ਉਸ ਦਾ ਬਾਪ ਜੋਜ਼ ਅਵੀਰੋ ਡਿਨਿਸ਼ ਬਾਗ਼ਬਾਨ ਤੇ ਬਾਗ ਦੇ ਸਮਾਨ ਦਾ ਰਾਖਾ ਸੀ। ਮਾਂ ਮਾਰੀਆ ਡੋਲੋਰਸ ਡੋਜ਼ ਸੈਂਟੋਸ ਏਵੀਰੋ ਸਾਧਾਰਨ ਕੰਮਕਾਜੀ ਔਰਤ ਸੀ। ਬਾਪ ਖ਼ੁਦ ਫੁੱਟਬਾਲ ਖੇਡਣ ਤੇ ਫਿਲਮਾਂ ਵੇਖਣ ਦਾ ਸ਼ੌਂਕੀ ਸੀ। ਉਹ ਫਿਲਮ ਐਕਟਰ ਰੋਨਾਲਡ ਵਿਲਸਨ ਰੀਗਨ ਦਾ ਦੀਵਾਨਾ ਸੀ ਜੋ ਕ੍ਰਿਸਟਿਆਨੋ ਦੇ ਜਨਮ ਸਮੇਂ ਅਮਰੀਕਾ ਦਾ ਪ੍ਰਧਾਨ ਸੀ। ਪਿਉ ਨੇ ਆਪਣੇ ਪੁੱਤਰ ਦੇ ਨਾਂ ਨਾਲ ਆਪਣੇ ਚਹੇਤੇ ਐਕਟਰ ਰੋਨਾਲਡ ਦਾ ਨਾਂ ਵੀ ਜੋੜ ਦਿੱਤਾ ਜੋ ਰੋਨਾਲਡੋ ਵਜੋਂ ਮੂੰਹ ਚੜ੍ਹ ਗਿਆ। ਰੋਨਾਲਡੋ ਤੋਂ ਨੌਂ ਕੁ ਸਾਲ ਵੱਡੇ ਬ੍ਰਾਜ਼ੀਲ ਦੇ ਇਕ ਹੋਰ ਫੁੱਟਬਾਲਰ ਦਾ ਨਾਂ ਵੀ ਰੋਨਾਲਡੋ ਨਜ਼ਾਰੀਓ ਹੈ ਜਿਸ ਨੇ ਘਰੜ ਕੇ ਮੁੰਨੇ ਸਿਰ ਦਾ ਫੈਸ਼ਨ ਚਲਾਇਆ। ਕਲੱਬ ਲੀਗਾਂ ਵਿਚ ਉਹਦੀ ਵੀ ਗੁੱਡੀ ਚੜ੍ਹੀ ਰਹੀ। ਪੇਲੇ ਵਾਂਗ ਉਹ ਵੀ ਬ੍ਰਾਜ਼ੀਲ ਦੀ ਸ਼ਾਨ ਬਣਿਆ ਰਿਹਾ।

ਕ੍ਰਿਸਟਿਆਨੋ ਰੋਨਾਲਡੋ ਦਾ ਬਚਪਨ ਆਰਥਿਕ ਤੰਗੀਆਂ ਤੇ ਪ੍ਰੇਸ਼ਾਨੀਆਂ 'ਚੋਂ ਲੰਘਿਆ। ਉਹ ਚਾਰ ਭੈਣ ਭਰਾ ਸਨ। ਉਸ ਦੇ ਮਾਪਿਆਂ ਦੀ ਕਮਾਈ ਸੀਮਤ ਸੀ ਜਿਸ ਨਾਲ ਵੱਡੇ ਪਰਿਵਾਰ ਦਾ ਗੁਜ਼ਾਰਾ ਮਸੀਂ ਚਲਦਾ ਸੀ। ਛੋਟੀ ਉਮਰੇ ਉਸ ਨੂੰ ਦਿਲ ਦਾ ਰੋਗ ਲੱਗ ਗਿਆ ਜਿਸ ਦੀ ਸਰਜਰੀ ਕਰਾਉਣੀ ਪਈ। ਰੋਨਾਲਡੋ ਨੂੰ ਸੁਰਤ ਸੰਭਲਣ ਤੋਂ ਹੀ ਫੁੱਟਬਾਲ ਦੀ ਖੇਡ ਵਿਚ ਦਿਲਚਸਪੀ ਸੀ। ਜਦੋਂ ਵੀ ਦਾਅ ਲੱਗਦਾ ਉਹ ਫੁੱਟਬਾਲ ਨੂੰ ਕਿੱਕਾਂ ਮਾਰਦਾ ਫਿਰਦਾ। ਛੇ ਸਾਲ ਦੀ ਉਮਰ 'ਚ ਉਸ ਨੂੰ ਫੁੱਟਬਾਲ ਦੇ ਅੰਡੋਰਿਨਹਾ ਕਲੱਬ ਵਿਚ ਭੇਜ ਦਿੱਤਾ ਗਿਆ। ਉਥੇ ਉਸ ਨੂੰ ਫੁੱਟਬਾਲ ਖੇਡਣ ਦੀ ਐਸੀ ਲਗਨ ਲੱਗੀ ਕਿ ਆਏ ਦਿਨ ਉਹ ਅੱਗੇ ਹੀ ਅੱਗੇ ਵਧਦਾ ਗਿਆ। ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਜਿਸ ਕਾਰਜ ਲਈ ਲਗਨ ਨਾਲ ਮਿਹਨਤ ਕੀਤੀ ਜਾਵੇ ਉਸ ਵਿਚ ਕੋਈ ਵੀ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ।

ਰੋਨਾਲਡੋ ਪੰਦਰਾਂ ਸਾਲ ਦੀ ਉਮਰੇ ਪਹਿਲਾਂ ਮਡੀਰਾ ਦੇ ਡੈਸਪੋਰਟੀਵੋ ਨੈਸ਼ਨਲ ਕਲੱਬ ਵੱਲੋਂ ਖੇਡਿਆ ਫਿਰ ਪੁਰਤਗਾਲ ਦੇ ਸਪੋਰਟਿੰਗ ਕਲੱਬ 'ਚ ਚਲਾ ਗਿਆ ਜਿਸ ਨੂੰ ਸਪੋਰਟਿੰਗ ਲਿਜ਼ਬਨ ਵੀ ਕਿਹਾ ਜਾਂਦਾ ਸੀ। ਉਹ 2002 'ਚ ਸਪੋਰਟਿੰਗ ਲਿਜ਼ਬਨ ਦੀ ਮੁੱਖ ਟੀਮ ਵਿਚ ਖੇਡਿਆ। ਤਦ ਤਕ ਉਸ ਦਾ ਕੱਦ 6 ਫੁੱਟ 1 ਇੰਚ ਹੋ ਗਿਆ ਸੀ। ਸਥਾਨਕ ਕਲੱਬ 'ਚ ਖੇਡਣ ਪਿੱਛੋਂ ਉਸ ਨੂੰ 2003 'ਚ ਇੰਗਲੈਂਡ ਦੇ ਪਾਵਰਹਾਊਸ ਮਾਨਚੈਸਟਰ ਯੂਨਾਈਟਿਡ ਨੇ ਸਾਈਨ ਕਰ ਲਿਆ। ਉਥੇ ਉਸ ਦੀ ਖੇਡ ਨੇ ਨ੍ਹੇਰੀ ਲਿਆਂਦੀ ਤਾਂ ਉਸ ਨੂੰ ਵਿਸ਼ਵ ਦਾ ਸਰਬੋਤਮ ਫਾਰਵਰਡ ਖਿਡਾਰੀ ਮੰਨਿਆ ਜਾਣ ਲੱਗਾ। 2007-08 ਵਿਚ ਉਸ ਨੇ ਕੱਪਾਂ ਤੇ ਲੀਗ ਮੈਚਾਂ ਵਿਚ 42 ਗੋਲ ਕੀਤੇ ਜਿਨ੍ਹਾਂ ਨਾਲ ਉਸ ਨੂੰ ਗੋਲਡਨ ਬੂਟ ਦਾ ਅਵਾਰਡ ਮਿਲਿਆ। ਉਸ ਦੇ ਗੋਲਾਂ ਨਾਲ ਹੀ ਮਾਨਚੈਸਟਰ ਯੂਨਾਈਟਿਡ ਕਲੱਬ ਨੇ ਮਈ 2007-08 ਸੀਜ਼ਨ ਦੀ ਚੈਂਪੀਅਨਸ਼ਿਪ ਜਿੱਤੀ। ਫੀਫਾ ਨੇ ਰੋਨਾਲਡੋ ਨੂੰ ਵਰਲਡ ਪਲੇਅਰ ਆਫ਼ ਦਾ ਯੀਅਰ ਅਵਾਰਡ ਨਾਲ ਸਨਮਾਨਿਆ। 2009 ਦੀ ਚੈਂਪੀਅਨਜ਼ ਲੀਗ ਸਮੇਂ ਉਹ ਮਾਨਚੈਸਟਰ ਦੀ ਟੀਮ ਦਾ ਕਪਤਾਨ ਸੀ ਪਰ ਬਦਕਿਸਮਤੀ ਨਾਲ ਉਸ ਦੀ ਟੀਮ ਫੁੱਟਬਾਲ ਕਲੱਬ ਬਾਰਸੀਲੋਨਾ ਨੂੰ ਹਾਰ ਗਈ।

ਅਗਲੇ ਸੀਜ਼ਨ 'ਚ ਸਪੇਨ ਦੇ ਰੀਅਲ ਮੈਡਰਿਡ ਕਲੱਬ ਨੇ ਉਸ ਨੂੰ 80 ਮਿਲੀਅਨ ਪੌਂਡਾਂ 'ਚ ਖਰੀਦ ਲਿਆ। ਉਸ ਨੇ 2010-11 ਸੀਜ਼ਨ ਦੇ ਲੀਗ ਮੈਚਾਂ ਵਿਚ 40 ਗੋਲ ਕੀਤੇ ਜਿਨ੍ਹਾਂ ਨਾਲ ਨਵਾਂ ਰਿਕਾਰਡ ਬਣ ਗਿਆ। ਉਹ ਰਿਕਾਰਡ ਫਿਰ ਗਜ਼ਬ ਦੇ ਫੁੱਟਬਾਲਰ ਲਿਉਨੈੱਲ ਮੈੱਸੀ ਨੇ ਤੋੜਿਆ। 2011-12 'ਚ ਰੋਨਾਲਡੋ ਨੇ ਲਾ ਲੀਗਾ ਚੈਂਪੀਅਨਸ਼ਿਪ ਦੇ ਲੀਗ ਮੈਚਾਂ ਵਿਚ 46 ਗੋਲ ਕੀਤੇ। 2013 ਵਿਚ ਉਸ ਨੇ ਵਰਲਡ ਪਲੇਅਰ ਆਫ਼ ਦਾ ਯੀਅਰ ਫੀਫਾ ਬਲੂਨ ਡੀਓਰ ਅਵਾਰਡ ਫਿਰ ਜਿੱਤਿਆ। ਮਾਨਚੈਸਟਰ ਯੂਨਾਈਟਿਡ ਵੱਲੋਂ ਉਹ 2006 ਤੋਂ 2009 ਤਕ ਤੇ 2021-22 ਵਿਚ ਖੇਡਿਆ। ਸਪੇਨ ਦੇ ਰੀਅਲ ਮੈਡਰਿਡ ਕਲੱਬ ਵੱਲੋਂ 2009 ਤੋਂ 2018 ਤਕ ਅਤੇ ਇਟਲੀ ਦੇ ਜੁਵੈਂਟੂਸ ਕਲੱਬ ਵੱਲੋਂ 2018-21 ਤਕ ਖੇਡਿਆ। 2023 ਤੋਂ ਉਹ ਸਾਊਦੀ ਅਰਬ ਦੇ ਅਲ ਨਾਸਰ



ਕਲੱਬ ਵੱਲੋਂ ਖੇਡ ਰਿਹੈ।

ਕਲੱਬਾਂ ਤੋਂ ਬਿਨਾਂ ਉਹ ਪੁਰਤਗਾਲ ਦੀ ਅੰਡਰ 15 ਦੀ ਕੌਮੀ ਟੀਮ ਵੱਲੋਂ 9 ਮੈਚ ਖੇਡਿਆ ਜਿਨ੍ਹਾਂ 'ਚ 7 ਗੋਲ ਕੀਤੇ। 17 ਸਾਲ ਤੋਂ ਘੱਟ ਉਮਰ ਦੀ ਟੀਮ ਦਾ ਮੈਂਬਰ ਬਣ ਕੇ 7 ਮੈਚਾਂ 'ਚ 5 ਗੋਲ ਕੀਤੇ। 20 ਸਾਲ ਤੋਂ ਘੱਟ ਉਮਰ ਦੀਆਂ ਟੀਮਾਂ ਦੇ 5 ਮੈਚਾਂ ਵਿਚ 1 ਗੋਲ, 21 ਸਾਲ ਦੀ ਟੀਮ ਦੇ 10 ਮੈਚਾਂ ਵਿਚ 3 ਗੋਲ ਤੇ 23 ਸਾਲ ਦੀਆਂ ਟੀਮਾਂ ਦੇ 3 ਮੈਚਾਂ ਵਿਚ 2 ਗੋਲ ਕੀਤੇ। 2003 ਤੋਂ ਪੁਰਤਗਾਲ ਵੱਲੋਂ ਖੇਡਦਿਆਂ 206 ਮੈਚਾਂ ਵਿਚ 128 ਗੋਲ ਕੀਤੇ। ਫੀਫਾ ਫੁੱਟਬਾਲ ਕੱਪ ਉਹ 2006, 10, 14, 18 ਤੇ 2022 ਵਿਚ 5 ਵਾਰ ਖੇਡਿਆ। ਯੂਰੋ ਕੱਪ ਉਹ 2008, 12, 16 ਤੇ 2020 ਵਿਚ ਖੇਡਿਆ। ਉਹ ਫਾਰਵਰਡ ਖਿਡਾਰੀ ਵਜੋਂ ਖੇਡਦਾ ਰਿਹੈ ਤੇ ਫੀਫਾ ਕੱਪ ਵਿਚ ਪੁਰਤਗਾਲ ਦੀ ਟੀਮ ਦਾ ਕਪਤਾਨ ਵੀ ਰਿਹਾ। ਉਸ ਨੂੰ ਅਨੇਕ ਵੱਡੇ ਅਵਾਰਡ, ਗੋਲਡਨ ਬੂਟ, ਗੋਲਡਨ ਬਾਲਾਂ ਤੇ ਗੋਲਡ ਕੱਪ ਮਿਲੇ।

ਫੁੱਟਬਾਲ ਖੇਡਣ ਬਦਲੇ ਉਸ ਦੀ ਫੀਸ ਸੁਣ ਕੇ ਆਮ ਲੋਕਾਂ ਨੂੰ ਹੈਰਾਨੀ ਹੋ ਸਕਦੀ ਹੈ। 37 ਸਾਲ ਦੀ ਉਮਰੇ 30 ਦਸੰਬਰ 2022 ਨੂੰ ਜਦੋਂ ਉਸ ਨੇ ਸਾਊਦੀ ਅਰਬ ਦੇ ਕਲੱਬ ਅਲ-ਨਾਸਰ ਵੱਲੋਂ ਦੋ ਸਾਲ ਖੇਡਣ ਦਾ ਕਨਟ੍ਰੈਕਟ ਕੀਤਾ ਤਾਂ ਇਕਰਾਰਨਾਮੇ ਵਿਚ ਲਿਖਿਆ ਗਿਆ ਕਿ ਕਲੱਬ ਉਸ ਨੂੰ ਇਕ ਸਾਲ ਦੇ 20 ਕਰੋੜ ਯੂਰੋ ਤੇ ਦੋ ਸਾਲਾਂ ਦੇ 40 ਕਰੋੜ ਯੂਰੋ ਦੇਵੇਗਾ। ਮਸ਼ਹੂਰੀਆਂ ਦੇ ਪੈਸੇ ਉਸ ਨੂੰ ਵੱਖ ਮਿਲਦੇ ਰਹਿਣਗੇ।

ਰੋਨਾਲਡੋ ਨੇ ਪਹਿਲਾ ਫੀਫਾ ਕੱਪ 2006 'ਚ ਖੇਡਿਆ ਤੇ ਪਹਿਲਾ ਗੋਲ ਇਰਾਨ ਦੀ ਟੀਮ ਸਿਰ ਕੀਤਾ। ਉਹ 2007 'ਚ ਪਹਿਲੀ ਵਾਰ ਬ੍ਰਾਜ਼ੀਲ ਦੀ ਟੀਮ ਵਿਰੁੱਧ ਦੋਸਤਾਨਾ ਮੈਚ ਖੇਡਣ ਵਾਲੀ ਪੁਰਤਗਾਲ ਦੀ ਟੀਮ ਦਾ ਕਪਤਾਨ ਬਣਿਆ। ਉਸ ਨੇ ਪਹਿਲਾ ਇੰਟਰਨੈਸ਼ਨਲ ਹੈਟ-ਟ੍ਰਿਕ (ਲਗਾਤਾਰ ਤਿੰਨ ਗੋਲ) 6 ਸਤੰਬਰ 2013 ਨੂੰ ਮਾਰਿਆ ਜੋ ਸਿਰਫ਼ 15 ਮਿੰਟਾਂ ਵਿਚ ਵੱਜਾ। ਪੈਰ, ਲੱਤਾਂ, ਗਿੱਟੇ-ਗੋਡੇ ਤੇ ਸਿਰ ਨਾਲ ਤਾਂ ਗੋਲ ਹੁੰਦੇ ਹੀ ਹਨ, ਰੋਨਾਲਡੋ ਅੱਡੀ ਨਾਲ ਪਿਛਲਖੁਰੀ ਵੀ ਗੋਲ ਕਰਦਾ ਆ ਰਿਹੈ। 2018 ਦੇ ਵਰਲਡ ਕੱਪ ਵਿਚ ਉਸ ਨੇ ਰੂਸ ਵਿਰੁੱਧ 4 ਗੋਲ ਕੀਤੇ ਸਨ ਤੇ ਸਪੇਨ ਨੂੰ ਆਪਣੇ ਹੈਟ-ਟ੍ਰਿਕ ਨਾਲ 3-3 ਗੋਲਾਂ 'ਤੇ ਬਰਾਬਰ ਰੱਖ ਲਿਆ ਸੀ। ਉਹ ਸੱਜੇ ਖੱਬੇ ਦੋਹਾਂ ਵਿੰਗਾਂ 'ਤੇ ਖੇਡ ਸਕਦਾ ਹੈ ਪਰ ਦੋਹੇਂ ਪੈਰ ਇਕੋ ਜਿਹੇ ਚੱਲਣ ਦੇ ਬਾਵਜੂਦ ਵਧੇਰੇ ਗੋਲ ਸੱਜੇ ਪੈਰ ਨਾਲ ਕਰਦਾ ਹੈ। ਉਹ ਤੇਜ਼-ਤਰਾਰ ਖਿਡਾਰੀ ਹੈ ਜਿਸ ਦੀ ਸਪੀਡ ਵਿਸ਼ਵ ਦੇ ਮੰਨੇ ਦੰਨੇ ਸਪਰਿੰਟਰਾਂ ਜਿੰਨੀ ਹੈ। ਉਹ ਸਿਰ ਨਾਲ ਖੇਡਣ ਦਾ ਵੀ ਪੂਰਾ ਮਾਹਿਰ ਹੈ ਤੇ ਬੜਾ ਉੱਚਾ ਕੁੱਦ ਕੇ ਹੈਡਰ ਮਾਰ ਜਾਂਦਾ ਹੈ। ਉਸ ਨੂੰ ਕਿੱਕ ਨਾਲ ਬਾਲ ਹਵਾ 'ਚ ਘੁਮਾਉਣੀ ਆਉਂਦੀ ਹੈ, ਜਿਸ ਕਰਕੇ ਵਧੇਰੇ ਗੋਲਚੀ ਉਹਦੀ ਬਾਲ ਦਾ ਟਪਲਾ ਖਾ ਜਾਂਦੇ ਹਨ। ਉਸ ਦੀ ਡ੍ਰਿਬਲਿੰਗ ਦਾ ਵੀ ਕੋਈ ਸਾਨੀ ਨਹੀਂ। ਉਸ ਕੋਲ ਵਿਰੋਧੀ ਖਿਡਾਰੀਆਂ ਨੂੰ ਪਾਸ ਕਰਨ ਤੇ ਗੋਲਚੀਆਂ ਨੂੰ ਬੀਟ ਕਰਨ ਦੀਆਂ ਅਨੇਕ ਜੁਗਤਾਂ ਹਨ। ਮੱਛੀ ਦੀ ਅੱਖ ਵਾਂਗ ਉਸ ਦੀ ਸ਼ਿਸਤ ਗੋਲ ਕਰਨ ਲਈ ਗੋਲ ਪੋਸਟ 'ਤੇ ਰਹਿੰਦੀ ਹੈ।

ਉਸ ਦੀ ਡਾਈਵਿੰਗ ਤੇ ਕੁਝ ਕੱਬੇ ਸੁਭਾਅ ਕਰਕੇ ਵਿਰੋਧੀ ਖਿਡਾਰੀ ਉਸ ਤੋਂ ਕੰਨ ਭੰਨਦੇ ਹਨ। ਆਲੋਚਕ ਨਿੰਦਾ ਵੀ ਕਰਦੇ ਹਨ ਪਰ ਉਸ ਦੀ ਖੇਡ ਕਲਾ ਦਾ ਲੋਹਾ ਵੀ ਮੰਨਦੇ ਹਨ। ਉਹ ਗੋਲ ਕਰ ਕੇ ਅਕਸਰ ਹਿੱਕ ਥਾਪੜਦਾ ਤੇ ਬਾਹਾਂ ਫੈਲਾਉਂਦਾ ਹੈ। ਕਦੇ ਕਦੇ ਗੁੱਸਾ ਤੇ ਰੋਸ ਵੀ ਵਿਖਾਉਂਦਾ ਹੈ ਜੋ ਏਡੇ ਵੱਡੇ ਖਿਡਾਰੀ ਨੂੰ ਨਹੀਂ ਸੋਂਹਦਾ। ਇਕ ਵਾਰ ਤਾਂ ਉਸ ਨੇ ਇਕ ਰਿਪੋਰਟਰ ਦਾ ਮਾਈਕ੍ਰੋਫੋਨ ਹੀ ਝੀਲ 'ਚ ਚਲਾ ਮਾਰਿਆ ਸੀ।

ਰੋਨਾਲਡੋ ਦੀਆਂ ਕਈ ਆਦਤਾਂ ਅਲੋਕਾਰ ਹਨ। ਉਹ ਲਗਾਤਾਰ 7-8 ਘੰਟੇ ਸੌਣ ਦੀ ਥਾਂ ਡੇਢ ਡੇਢ ਘੰਟੇ ਦੀਆਂ ਪੰਜ ਨੀਂਦਾਂ ਲੈਂਦਾ ਹੈ ਤੇ ਸਾਰੇ ਦਿਨ ਦੀ ਖੁਰਾਕ 6 ਵਾਰ ਵੰਡ ਕੇ ਖਾਂਦਾ ਹੈ। ਉਸ ਦੀ ਖੁਰਾਕ ਵਿਚ ਪ੍ਰੋਟੀਨ ਵੱਧ ਮਾਤਰਾ ਵਿਚ ਹੁੰਦੀ ਹੈ ਤੇ ਫੈਟ ਘੱਟ। ਉਹ ਹਰ ਰੋਜ਼ 3-4 ਘੰਟੇ ਕਸਰਤ ਕਰਦਾ ਤੇ ਖੇਡਦਾ ਹੈ। ਉਸ ਦੇ 83 ਕਿਲੋ ਵਜ਼ਨੀ ਜੁੱਸੇ ਵਿਚ ਫੈਟੀ ਵਜ਼ਨ ਕੇਵਲ 6 ਫੀਸਦੀ ਜਦ ਕਿ ਵਧੇਰੇ ਵਜ਼ਨ ਪੱਠਿਆਂ ਦਾ ਹੈ। ਇਹ ਪੱਠਿਆਂ ਦੀ ਤਾਕਤ ਹੀ ਹੈ ਜੋ ਉਸ ਨੂੰ 39 ਸਾਲ ਦੀ ਉਮਰ ਵਿਚ ਵੀ ਆਪਣੇ ਤੋਂ 14 ਸਾਲ ਛੋਟਿਆਂ ਦੇ ਬਰਾਬਰ ਰੱਖ ਰਹੀ ਹੈ। ਉਹ ਵਿਆਹਿਆ ਵਰਿਆ ਹੈ ਤੇ ਚਾਰ ਬੱਚਿਆਂ ਦਾ ਬਾਪ ਹੈ। ਉਸ ਦੀਆਂ ਕੁਝ ਅਵੱਲੀਆਂ ਆਦਤਾਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ ਤੇ ਲਿਖਿਆ ਜਾਂਦਾ ਰਹੇਗਾ।

ਉਸ ਦਾ ਪਿਤਾ ਜੋਜ਼ ਅਵੀਰੋ ਬਾਗ ਦਾ ਕਾਮਾ ਤਾਂ ਬੜਾ ਤਕੜਾ ਸੀ ਪਰ ਦਾਰੂ ਪੀਣ ਦਾ ਪੁੱਜ ਕੇ ਪ੍ਰੇਮੀ ਸੀ। ਹੌਲੀ ਹੌਲੀ ਉਸ ਦੀ ਦਾਰੂ ਵਿਤੋਂ ਵਧ ਗਈ ਤੇ ਉਹ ਅਲਕੋਹਲਿਕ ਹੋ ਗਿਆ ਸੀ। ਸਤੰਬਰ 2005 ਵਿਚ ਉਹ ਕੇਵਲ 52 ਸਾਲ ਦੀ ਉਮਰੇ ਜਿਗਰ ਦੀ ਬਿਮਾਰੀ ਨਾਲ ਅਲਵਿਦਾ ਕਹਿ ਗਿਆ ਸੀ। ਉਹਦੇ ਕਰਮਾਂ ਵਿਚ ਨਹੀਂ ਸੀ ਕਿ ਆਪਣੇ ਪੁੱਤਰ ਨੂੰ ਵਿਸ਼ਵ ਦਾ ਸਰਬੋਤਮ ਫੁੱਟਬਾਲ ਖਿਡਾਰੀ ਬਣਿਆ ਵੇਖ ਸਕਦਾ। ਉਸੇ ਖੇਡ ਦਾ ਜੀਹਦਾ ਉਹ ਆਪ ਸ਼ੌਂਕੀ ਸੀ। ਸ਼ਰਾਬ ਪੀਣ ਨਾਲ ਆਪਣੇ ਬਾਪ ਦੀ ਹੋਈ ਮ੍ਰਿਤੂ ਕਰਕੇ ਰੋਲਾਨਡੋ ਨੇ ਕਦੇ ਸ਼ਰਾਬ ਨਹੀਂ ਪੀਤੀ। ਉਹ ਮਿੱਠੇ ਪੀਣੇ ਵੀ ਨਹੀਂ ਪੀਂਦਾ ਪਰ ਫੋਕਾ ਪਾਣੀ ਰੋਜ਼ਾਨਾ ਛੇ ਲੀਟਰ ਪੀਂਦਾ ਹੈ। ਉਹਦੀ ਖੁਰਾਕ ਵਿਚ ਮੱਛੀ, ਆਂਡਾ, ਮੀਟ ਤੇ ਪ੍ਰੋਟੀਨ ਭਰਪੂਰ ਸ਼ਾਕਾਹਾਰੀ ਖਾਧ ਪਦਾਰਥ ਹੁੰਦੇ ਹਨ। ਉਹ ਰੋਮਨ ਕੈਥੋਲਿਕ ਹੈ ਤੇ ਉਸ ਨੇ ਆਪਣੇ ਪਿੰਡੇ 'ਤੇ ਕੋਈ ਟੈਟੂ ਨਹੀਂ ਖੁਦਵਾਇਆ ਤਾਂ ਜੋ ਖ਼ੂਨ ਦਾਨ ਵੇਲੇ ਕੋਈ ਰੁਕਾਵਟ ਨਾ ਆਵੇ। ਖ਼ੂਨ ਦਾਨ ਨਾਲ ਉਹ ਬੱਚਿਆਂ ਦੀ ਸਿੱਖਿਆ ਤੇ ਸਿਹਤ ਲਈ ਖੁੱਲ੍ਹਾ-ਡੁੱਲ੍ਹਾ ਦਾਨ ਕਰਦਾ ਹੈ।

ਉਹ ਬੇਹੱਦ ਸੋਹਣਾ ਸੁਨੱਖਾ ਖਿਡਾਰੀ ਹੈ ਜਿਸ ਦੇ ਤਿੱਖੇ ਨੈਣ ਨਕਸ਼ ਰਾਹ ਜਾਂਦਿਆਂ ਨੂੰ ਖਿੱਚ ਪਾਉਂਦੇ ਹਨ। ਰੰਗ ਗੋਰਾ ਨਿਸ਼ੋਹ ਤੇ ਅੱਖਾਂ ਮਸਤਾਨੀਆਂ ਹਨ। ਸ਼ੁਕੀਨ ਵੀ ਪੁੱਜ ਕੇ ਹੈ। ਅਜਿਹੇ ਰੰਗੀਲੇ ਨੌਜੁਆਨ 'ਤੇ ਕੁੜੀਆਂ ਕਤਰੀਆਂ ਦਾ ਮਰਨਾ ਸੁਭਾਵਿਕ ਸੀ। ਉਸ ਦੇ ਪਹਿਲੇ ਬੱਚੇ ਦਾ ਜਨਮ ਅਮਰੀਕਾ 'ਚ ਮਿਲੀ ਮੁਟਿਆਰ ਦੀ ਕੁੱਖੋਂ 17 ਜੂਨ 2010 ਨੂੰ ਅਮਰੀਕਾ ਦੇ ਹਸਪਤਾਲ ਵਿਚ ਹੋਇਆ। ਰੋਨਾਲਡੋ ਨੇ ਉਸ ਦੀ ਜ਼ਿੰਮੇਵਾਰੀ ਚੁੱਕ ਕੇ ਉਸ ਦਾ ਨਾਂ ਰੋਨਾਲਡੋ ਜੂਨੀਅਰ ਰੱਖਿਆ ਤੇ ਆਪਣੇ ਪੁੱਤਰ ਨੂੰ ਉਹਦੀ ਮਾਂ ਬਾਰੇ ਕੁਝ ਨਹੀਂ ਦੱਸਿਆ। ਪਹਿਲਾਂ ਵਾਂਗ ਹੀ ਇਕ ਹੋਰ ਅਮਰੀਕਨ ਕੁੜੀ ਦੀ ਕੁੱਖੋਂ 8 ਜੂਨ 2017 ਨੂੰ ਉਸ ਦੇ ਜੋੜੇ ਬੱਚੇ ਫਿਰ ਅਮਰੀਕਾ 'ਚ ਹੀ ਪੈਦਾ ਹੋਏ। ਇਸ ਦੌਰਾਨ ਸਪੇਨ ਦੀ ਮਾਡਲ ਕੁੜੀ ਜੋਰਗੀਨਾ ਰੋਡਰਿਗਜ਼ ਉਹਦੀ ਦੋਸਤ ਬਣ ਗਈ। ਨਵੰਬਰ 2017 'ਚ ਉਸ ਨੇ ਉਹਦੀ ਪਹਿਲੀ ਧੀ ਅਲਾਨਾ ਨੂੰ ਜਨਮ ਦਿੱਤਾ। 2010 ਤੋਂ 2015 ਤਕ ਰੂਸੀ ਮਾਡਲ ਇਰੀਨਾ ਸ਼ਾਇਕ ਵੀ ਉਸ ਦੀ ਗਰਲ ਫਰੈਂਡ ਰਹੀ ਪਰ ਉਹਦੇ ਤੋਂ ਉਸ ਦਾ ਕੋਈ ਬੱਚਾ ਨਹੀਂ। ਚਾਰਾਂ ਔਰਤਾਂ 'ਚੋਂ ਉਸ ਦੀ ਪਤਨੀ ਬਣਨ ਦਾ ਹੱਕ ਕੇਵਲ ਜੋਰਗੀਨਾ ਰੋਡਰਿਗਜ਼ ਨਸੀਬ ਹੋਇਆ। ਜਿਨ੍ਹਾਂ ਨੇ ਉਸ ਦੇ ਲਾਈਫ ਸਟਾਈਲ ਤੇ ਫੁੱਟਬਾਲ ਕੈਰੀਅਰ ਨੂੰ ਹੋਰ ਜਾਣਨਾ ਹੋਵੇ ਉਹ 2015 'ਚ ਬਣੀ ਮੂਵੀ 'ਰੋਨਾਲਡੋ' ਵੇਖ ਸਕਦੇ ਹਨ।

# 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਪੁਸਤਕ ਵਰਿਆਮ ਸਿੰਘ ਸੰਧੂ ਨੂੰ ਭੇਟ

**ਜਸਵੰਤ ਸਿੰਘ ਕੰਵਲ ਦੇ 105ਵੇਂ ਜਨਮ ਦਿਵਸ 'ਤੇ**

ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਰੁੱਖ ਸੀ। ਉਹ ਵਗਦੀਆਂ 'ਵਾਵਾਂ ਦੇ ਵੇਗ ਵਿਚ ਝੂੰਮਦਾ, ਕਦੇ ਖੱਬੇ ਲਹਿਰਾਉਂਦਾ, ਕਦੇ ਸੱਜੇ ਤੇ ਕਦੇ ਵਾ ਵਰੋਲੇ ਵਾਂਗ ਘੁੰਮਦਾ। ਉਹਦਾ ਤਣਾ ਮਜ਼ਬੂਤ ਸੀ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਝੱਖੜ ਤੂਫ਼ਾਨ ਵੀ ਉਸਨੂੰ ਧਰਤੀ ਤੋਂ ਨਹੀਂ ਹਿਲਾ ਸਕੇ।

ਪ੍ਰਿੰ. ਸਰਵਣ ਸਿੰਘ

ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਉਪ ਭਾਵਕ। ਉਹਦੇ ਰੁਮਾਂਚਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ ਰਹੇ। ਉਸਨੇ ਹਜ਼ਾਰਾਂ ਸੰਵਾਦ ਰਚੇ ਜੋ ਨੌਜੁਆਨਾਂ ਦੀਆਂ ਡਾਇਰੀਆਂ ਉਤੇ ਚੜ੍ਹਦੇ ਰਹੇ। ਉਹਦੀ ਪ੍ਰੀਤ ਭਿੱਜੀ ਰੁਮਾਂਚਕ ਸ਼ੈਲੀ ਨੇ ਲੱਖਾਂ ਪਾਠਕ ਪੱਟੇ। ਡਾ. ਜਸਵੰਤ ਗਿੱਲ ਉਹਦੇ ਨਾਵਲ 'ਰਾਤ ਬਾਕੀ ਹੈ' ਦੀ ਪੱਟੀ ਚੁੰਡੀਕੇ ਆ ਬੈਠੀ ਸੀ।

ਪੁਸਤਕ 'ਜੀਵਨ ਕਣੀਆਂ' ਤੋਂ 'ਧੁਰ ਦਰਗਾਹ' ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਤੇ ਪਾਠਕਾਂ ਨੂੰ ਵਿਖਾਏ। ਚੜ੍ਹਦੀ ਜਵਾਨੀ ਵਿਚ ਉਹ ਹੀਰ ਗਾਉਂਦਾ, ਕਵਿਤਾ



ਲਿਖਦਾ, ਸਾਧਾਂ ਸੰਤਾਂ ਤੇ ਵੈਲੀਆਂ ਬਦਮਾਸ਼ਾਂ ਦੀ ਸੰਗਤ ਕਰਦਾ, ਵੇਦਾਂਤ ਤੇ ਮਾਰਕਸਵਾਦ ਪੜ੍ਹਦਾ, ਸੱਜੇ ਖੱਬੇ ਦੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਨਿਤਾਰੇ ਮਾਰਕਸੀ ਨਜ਼ਰੀਏ ਤੋਂ ਸਿੱਖ ਇਨਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮਰਥਨ ਕਰਦਾ, ਖਾੜਕੂਆਂ ਦਾ ਹਮਦਰਦ ਬਣ ਗਿਆ। ਸਿਆਸੀ ਨੇਤਾਵਾਂ ਨੂੰ ਖੁੱਲ੍ਹੀਆਂ ਚਿੱਠੀਆਂ ਲਿਖਦਾ ਪੰਥ-ਪੰਥ ਤੇ ਪੰਜਾਬ ਪੰਜਾਬ ਕੂਕਣ ਲੱਗ ਪਿਆ। ਅਖ਼ੀਰ ਉਹ 'ਪੰਜਾਬ ਤੇਰਾ ਕੀ ਬਣੂੰ?' ਦੇ ਝੋਰੇ ਝੁਰਨ ਲੱਗ ਪਿਆ ਅਤੇ 'ਰੁੜ੍ਹ ਚੱਲਿਆ ਪੰਜਾਬ' ਤੇ 'ਧੁਰ ਦਰਗਾਹ' ਵਰਗੀਆਂ ਪੁਸਤਕਾਂ ਲਿਖਦਾ ਅਕਾਲ ਚਲਾਣਾ ਕਰ ਗਿਆ।

9 ਦਸੰਬਰ 2018 ਨੂੰ ਮੈਂ ਉਹਨੂੰ ਮਿਲਣ ਗਿਆ ਤਾਂ ਉਹ ਚੜ੍ਹਦੀ ਕਲਾ 'ਚ ਮਿਲਿਆ। ਸਰੀਰ ਭਾਵੇਂ ਕੁੱਝ ਝਮਵਿਆਂ ਲੱਗਾ ਪਰ 'ਮੈਂ ਕਾਇਮ ਹਾਂ' ਦੇ ਬੋਲ ਗੜ੍ਹਕਵੇਂ ਲੱਗੇ। ਪੜ੍ਹਨ-ਲਿਖਣ ਵਾਲੇ ਕਮਰੇ ਵਿਚ ਉਹਦੀਆਂ ਫੋਟੋਆਂ ਵਿਚਕਾਰ ਡਾ. ਜਸਵੰਤ ਗਿੱਲ ਦੀ ਫੋਟੋ ਵੀ ਲੱਗੀ ਹੋਈ ਸੀ। ਕੋਠੀ ਉਵੇਂ ਹੀ ਸੀ ਪਰ ਡਾ. ਜਸਵੰਤ ਗਿੱਲ ਦੀ ਜੀ ਆਇਆਂ ਕਹਿਣ ਵਾਲੀ ਮੁਸਕਰਾਹਟ ਉਥੇ ਨਹੀਂ ਸੀ।

ਉਦੋਂ ਉਹਦੀ ਸਿਹਤ ਠੀਕ ਠਾਕ ਸੀ। ਦਿਸਦਾ ਸਾਫ਼ ਸੀ ਪਰ ਸੁਣਦਾ ਉੱਚਾ। ਕੋਈ ਹਾਲ-ਚਾਲ ਪੁੱਛਦਾ ਤਾਂ ਆਖਦਾ, "ਮੇਰਾ ਤਾਂ ਚੰਗਾ ਪਰ ਪੰਜਾਬ ਦਾ ਮਾੜੈ।"

5 ਜਨਵਰੀ 2019 ਨੂੰ ਮੈਂ ਕੈਨੇਡਾ ਤੋਂ ਫਿਰ ਮਿਲਣ ਗਿਆ ਤਾਂ ਉਹ ਇਹੋ ਸ਼ਿਅਰ ਦੁਹਰਾਈ ਗਿਆ:

ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ
ਤੁਮ ਜੋ ਆਏ ਤੋ ਮੰਜ਼ਲੇਂ ਲਾਏਂ ...

ਰਾਤ ਮੈਂ ਉਹਦੇ ਕੋਲ ਰਿਹਾ। ਸਵੇਰੇ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇਕ ਕਾਗਜ਼ ਮੇਜ਼ ਤੋਂ ਚੁੱਕ ਲਿਆ ਜੋ ਉਸ ਨੇ ਤਾਜ਼ਾ ਹੀ ਲਿਖਿਆ ਸੀ। ਉਹ ਪੁਰਾਣੇ ਪੈਡ ਦਾ ਅੱਧਾ ਵਰਕਾ ਸੀ। ਮੈਂ ਤਹਿ ਕਰ ਕੇ ਬਟੂਏ 'ਚ ਪਾ ਲਿਆ। ਉਸ ਉਤੇ ਲਿਖੀ ਪਹਿਲੀ ਸਤਰ ਹੈ: ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ। ਦੂਜੀ ਸਤਰ ਹੈ: ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ! ਤੇ ਤੀਜੀ ਸਤਰ ਹੈ: ਸ਼ਕਤੀ ਬੰਦੇ ਨੂੰ ਲਲਕਾਰਦੀ ਹੈ; ਤੇਰੀ ਆਈ ਮੈਂ ਮਰਜਾਂ, ਤੇਰਾ ਵਾਲ ਵਿੰਗਾ ਨਾ ਹੋਵੇ। ਕਾਗਜ਼ ਦੇ ਦੋਹੀਂ ਪਾਸੀਂ ਵੀਹ ਕੁ ਸਤਰਾਂ ਹਨ ਜਿਨ੍ਹਾਂ ਦਾ ਇੱਕ ਦੂਜੀ ਨਾਲ ਕੋਈ ਤਾਲਮੇਲ ਨਹੀਂ।

ਉਸਨੂੰ ਲਿਖਣ ਦੀ ਪ੍ਰੇਰਨਾ ਗੁਰਬਾਣੀ, ਵਾਰਸ ਦੀ ਹੀਰ, ਸੂਫੀ ਕਵਿਤਾ ਤੇ ਲੋਕ ਗੀਤਾਂ ਤੋਂ ਮਿਲੀ ਸੀ। ਪ੍ਰੋ. ਪੂਰਨ ਸਿੰਘ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਬਾਲਜ਼ਾਕ ਤੇ ਟਾਲਸਟਾਏ ਆਦਿ ਲੇਖਕਾਂ ਤੋਂ ਪ੍ਰਭਾਵਿਤ ਹੋਇਆ। ਉਹ ਭਾਵੇਂ ਦਸਵੀਂ 'ਚ ਅੜ ਗਿਆ ਸੀ ਪਰ ਲਿਖਣ 'ਚ ਏਨਾ ਅੱਗੇ ਵਧਿਆ ਕਿ ਉਸਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ 'ਸਾਹਿਤ ਰਤਨ' ਦਾ ਖ਼ਿਤਾਬ ਦਿੱਤਾ। ਪੰਜਾਬੀ ਸਾਹਿਤ ਅਕਾਡਮੀ ਤੇ ਭਾਰਤੀ ਸਾਹਿਤ ਅਕਾਡਮੀ ਨੇ ਵੀ ਆਪੋ-ਆਪਣੇ ਅਵਾਰਡ ਦਿੱਤੇ। ਉਸਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ

(ਬਾਕੀ ਸਫਾ 27 'ਤੇ)

# ਨੀਟ/ਨੈਟ ਦਾਖਲਾ ਇਮਤਿਹਾਨ ਘਪਲਾ- ਸਿੱਖਿਆ ਦੇ 'ਵਿਕਾਊ ਮਾਲ' ਬਣਨ ਦੀ ਮਿਸਾਲ

## ਦਾਖਲਾ ਇਮਤਿਹਾਨ ਬੰਦ ਕਰਵਾਉਣ ਅਤੇ ਸਿੱਖਿਆ ਦੇ ਨਿੱਜੀਕਰਨ ਵਿਰੁੱਧ ਤਿੱਖਾ ਸੰਘਰਸ਼ ਸਮੇਂ ਦੀ ਅਣਸਰਦੀ ਲੋੜ

ਲੰਘੀ 5 ਮਈ ਨੂੰ ਮੈਡੀਕਲ ਦੇ ਵਿਦਿਆਰਥੀਆਂ ਦੀ ਹੋਈ 'ਅੰਡਰਗਰੈਜੁਏਟ ਕੌਮੀ ਯੋਗਤਾ ਤੇ ਦਾਖਲਾ ਪ੍ਰੀਖਿਆ' (ਨੀਟ) ਦੇ ਪੇਪਰ ਲੀਕ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਇੱਕ ਪਾਸੇ ਜਿੱਥੇ ਵਿਦਿਆਰਥੀਆਂ ਵਿਚ ਵੱਡੇ ਪੱਧਰ 'ਤੇ ਰੋਸ ਹੈ, ਦੇਸ਼ ਵਿਚ ਥਾਂ-ਥਾਂ 'ਤੇ ਵਿਦਿਆਰਥੀਆਂ ਵੱਲੋਂ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ, ਉੱਥੇ ਹੀ ਬੁੱਧੀਜੀਵੀ ਹਲਕਿਆਂ ਵਿਚ ਵੀ ਇਹ ਮਸਲਾ

**ਅਮਨ ਸੰਤਨਗਰ**
**ਫੋਨ: 99918-54101**

ਕਾਫੀ ਭਖਿਆ ਹੋਇਆ ਹੈ। ਨੀਟ ਯੂਜੀ ਦੇ ਇਸ ਘਪਲੇ ਨੇ ਸਰਮਾਏਦਾਰਾ ਪ੍ਰਬੰਧ ਦੇ ਅਸਲੀ ਚਿਹਰੇ ਨੂੰ ਇੱਕ ਵਾਰ ਫੇਰ ਲੋਕਾਂ ਸਾਹਮਣੇ ਨੰਗਿਆਂ ਹੀ ਕੀਤਾ ਹੈ ਜਿਸ ਵਿਚ ਸਿੱਖਿਆ, ਸਿਹਤ ਆਦਿ ਸਬੰਧੀ ਸਾਰੇ ਅਦਾਰੇ ਸਿਰਫ਼ ਵਿਕਾਊ ਮਾਲ ਬਣ ਕੇ ਰਹਿ ਜਾਂਦੇ ਹਨ।

ਹੁਣ ਤੱਕ ਦੀ ਕਹਾਣੀ ਉੱਤੇ ਪੰਛੀ ਝਾਤ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ 5 ਮਈ ਨੂੰ ਨੀਟ ਯੂਜੀ ਦੀ ਪ੍ਰੀਖਿਆ ਹੋਈ, ਜਿਸ ਦੇ ਨਤੀਜੇ ਬੇਹੱਦ ਹੈਰਾਨੀਜਨਕ ਆਏ। 720 ਅੰਕਾਂ ਵਾਲ਼ੇ ਇਸ ਟੈਸਟ ਵਿਚ ਜਿੱਥੇ ਪੂਰੇ ਸੂਰੇ ਅੰਕ ਲੈ ਸਕਣਾ ਇੱਕ ਬਹੁਤ ਵੱਡਾ ਮਾਅਰਕਾ ਗਿਣਿਆ ਜਾਂਦਾ ਹੈ, ਬੀਤੇ ਵਰ੍ਹਿਆਂ ਵਿਚ ਦੋ-ਚਾਰ ਬੱਚੇ ਹੀ ਇਸ ਅੰਕੜੇ ਨੂੰ ਛੂਹ ਸਕੇ ਸਨ, ਉੱਥੇ ਇਸ ਵਾਰ 67 ਬੱਚਿਆਂ ਨੇ 720 ਅੰਕ ਹਾਸਲ ਕੀਤੇ। ਨਾਲ਼ ਹੀ ਇਹ ਦੱਸਣਾ ਵੀ ਜ਼ਰੂਰੀ ਹੈ ਕਿ 180 ਸਵਾਲਾਂ ਵਾਲ਼ੇ ਇਸ ਟੈਸਟ ਵਿਚ ਇੱਕ ਸਵਾਲ 4 ਨੰਬਰ ਦਾ ਹੁੰਦਾ ਹੈ ਅਤੇ ਗਲਤ ਜਵਾਬ ਦਾ ਇੱਕ ਨੰਬਰ ਕੱਟਿਆ ਜਾਂਦਾ ਹੈ। ਇਸ ਤਰ੍ਹਾਂ 720 ਤੋਂ ਬਾਅਦ 716 ਜਾਂ 715 ਅੰਕ ਹੀ ਕਿਸੇ ਵਿਦਿਆਰਥੀ ਦੇ ਆ ਸਕਦੇ ਹਨ ਪਰ ਇਸ ਵਾਰ ਦੇ ਨਤੀਜੇ ਵਿਚ ਵਿਦਿਆਰਥੀਆਂ ਦੇ 719, 718 ਨੰਬਰ ਜਾਣੀ ਤਕਨੀਕੀ ਤੌਰ 'ਤੇ ਅਸੰਭਵ ਅੰਕ ਆਏ। ਉੱਪਰ ਬਿਆਨੇ ਤੱਥਾਂ ਨੇ ਹੀ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਲਾਜ਼ਮੀ ਹੀ ਪੇਪਰਾਂ ਵਿਚ ਕੋਈ ਵੱਡੀ ਹੇਰਾ-ਫੇਰੀ ਹੋਈ ਹੈ। ਇਹ ਟੈਸਟ 'ਕੌਮੀ ਟੈਸਟਿੰਗ ਏਜੰਸੀ' (ਐਨਟੀਏ) ਨਾਮ ਦੀ ਸੰਸਥਾ ਵੱਲੋਂ ਲਿਆ ਜਾਂਦਾ ਹੈ, ਇਸ ਤੋਂ ਪਹਿਲੋਂ ਇਹ 'ਆਲ ਇੰਡੀਆ ਪਰੀ ਮੈਡੀਕਲ ਟੈਸਟ' (ਏਆਈਪੀਐਮਟੀ) ਦੇ ਨਾਂ ਹੇਠ ਸੀਬੀਐਸਈ ਵੱਲੋਂ ਲਿਆ ਜਾਂਦਾ ਸੀ। ਜਦੋਂ ਤੋਂ 'ਕੌਮੀ ਟੈਸਟਿੰਗ ਏਜੰਸੀ' ਨੇ ਕੰਟਰੋਲ ਸੰਭਾਲ਼ਿਆ ਹੈ ਪੇਪਰ ਲੀਕ ਤਾਂ ਹਰ ਸਾਲ ਹੀ ਹੁੰਦਾ ਹੈ ਇਸ ਵਾਰ ਬੱਸ ਇਹ ਬਹੁਤ ਵੱਡੇ ਪੱਧਰ ਉੱਤੇ ਵਾਪਰ ਗਿਆ ਜਿਸ ਕਾਰਨ ਮਸਲਾ ਦਬਾਇਆ ਨਹੀਂ ਜਾ ਸਕਿਆ ਅਤੇ ਚਰਚਾ ਵਿਚ ਆ ਗਿਆ।

ਅਸਲ ਵਿਚ ਸੂਬਾ ਪੱਧਰੀ ਟੈਸਟਾਂ ਨੂੰ ਖਤਮ ਕਰ ਕੇ ਇੱਕੋ ਕੇਂਦਰੀ ਟੈਸਟ ਨੀਟ ਦਾ ਆਉਣਾ ਵੀ 'ਇੱਕ ਦੇਸ਼ ਇੱਕ ਟੈਸਟ' ਅਧੀਨ ਤਾਕਤਾਂ ਨੂੰ ਸੂਬਿਆਂ ਤੋਂ ਯੂਨੀਅਨ ਵੱਲ ਨੂੰ ਮੋੜਨ ਦੀ ਵਧਵੀਂ ਪ੍ਰਕਿਰਿਆ ਦਾ ਹੀ ਇੱਕ ਅੰਗ ਸੀ। ਤਾਮਿਲਨਾਡੂ ਸਰਕਾਰ ਵੱਲੋਂ ਮੌਜੂਦਾ ਘਪਲੇ ਤੋਂ ਪਹਿਲਾਂ ਤੋਂ ਹੀ ਸੂਬਾ ਪੱਧਰੀ ਮੈਡੀਕਲ ਦਾਖਲਾ ਪ੍ਰੀਖਿਆਵਾਂ ਨੂੰ ਢਾਹ ਲਾ ਕੇ ਲਿਆਂਦੇ ਗਏ ਇਸ ਕੇਂਦਰੀ ਟੈਸਟ ਨੀਟ ਦਾ ਲੰਮੇ ਸਮੇਂ ਤੋਂ ਵਿਰੋਧ ਕੀਤਾ ਜਾ ਰਿਹਾ ਹੈ। ਮੌਜੂਦਾ ਘਪਲੇ ਦੇ ਸਬੰਧ ਵਿਚ ਪਹਿਲਾਂ ਤਾਂ 'ਕੌਮੀ ਟੈਸਟਿੰਗ ਏਜੰਸੀ' ਨੇ ਇਹ ਸਾਬਤ ਕਰ ਕੇ ਆਪਣਾ ਬਚਾਅ ਕਰਨ ਦਾ ਯਤਨ ਕੀਤਾ ਕਿ ਪੇਪਰ ਲੀਕ ਨਹੀਂ ਹੋਇਆ ਅਤੇ ਵਿਦਿਆਰਥੀਆਂ ਨੂੰ ਕਈ ਸੈਂਟਰਾਂ ਉੱਤੇ ਪੇਪਰ ਦੇਰੀ ਨਾਲ਼ ਮਿਲ਼ਣ ਕਾਰਨ ਸਿਰਫ ਕੁੱਝ ਵਾਧੂ ਨੰਬਰ ਦਿੱਤੇ ਗਏ ਜਿਸ ਕਾਰਨ ਅਣਕਿਆਸੇ ਨੰਬਰਾਂ ਦਾ ਅੰਕੜਾ ਸਾਹਮਣੇ ਆਇਆ ਹੈ। 67 ਵਿਦਿਆਰਥੀਆਂ ਦੇ ਸੌ ਫੀਸਦੀ ਅੰਕ ਆਉਣ ਬਾਰੇ ਵੀ 'ਕੌਮੀ ਟੈਸਟਿੰਗ ਏਜੰਸੀ' ਨੇ ਇਹ ਬਹਾਨਾ ਲਾਇਆ ਕਿ ਇਸ ਵਾਰ ਪੇਪਰ ਸੌਖਾ ਹੋਣ ਕਾਰਨ ਇੰਝ ਹੋਇਆ ਹੈ ਜਦਕਿ ਬਹੁਤੇ ਕੋਚਿੰਗ ਸੈਂਟਰਾਂ ਦੇ ਦੱਸਣ ਮੁਤਾਬਕ ਇਸ ਵਾਰ ਦਾ ਪੇਪਰ ਕੋਈ ਏਨਾ ਸੌਖਾ ਵੀ ਨਹੀਂ ਸੀ। ਪ੍ਰਸ਼ਨ ਪੱਤਰ ਲੀਕ ਹੋਣ ਤੋਂ ਬਿਨਾਂ ਪ੍ਰਸ਼ਨ ਪੱਤਰਾਂ ਦਾ ਵਿਦਿਆਰਥੀਆਂ ਨੂੰ ਦੇਰੀ ਨਾਲ਼ ਮਿਲ਼ਣਾ, ਵਿਦਿਆਰਥੀਆਂ ਨੂੰ ਗਲਤ ਪ੍ਰਸ਼ਨ ਪੱਤਰ ਦਿੱਤੇ ਜਾਣਾ, ਗਲਤ ਓਐਮਆਰ ਸ਼ੀਟਾਂ, ਤਕਨੀਕੀ ਦੇਰੀ ਆਦਿ ਕਈ ਤਰ੍ਹਾਂ ਦੀਆਂ ਹੋਰ ਖਾਮੀਆਂ ਵੀ ਰਹੀਆਂ ਹਨ। ਕਿਸੇ ਥਾਂ ਹਿੰਦੀ ਮਾਧਿਅਮ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਦਾ ਸੈੱਟ ਫੜਾ ਦਿੱਤਾ ਗਿਆ, ਵਿਦਿਆਰਥੀਆਂ ਨੇ ਜਦ ਮੌਕੇ 'ਤੇ ਵਿਰੋਧ ਕੀਤਾ ਤਾਂ ਬਾਅਦ ਵਿਚ ਸ਼ਾਮ ਨੂੰ ਉਨ੍ਹਾਂ ਦੀ ਮਨਮਾਨੇ ਤਰੀਕੇ ਨਾਲ਼ ਦੁਬਾਰਾ ਪ੍ਰੀਖਿਆ ਹੋਈ। ਗੁਜਰਾਤ ਦੀ ਇੱਕ ਲੜਕੀ ਦਾ ਮਸਲਾ ਸੋਸ਼ਲ ਮੀਡੀਆ ਉੱਤੇ ਕਾਫੀ ਚਰਚਾ ਵਿਚ ਰਿਹਾ ਜੋ ਬਾਰ੍ਹਵੀਂ ਦੀ ਬੋਰਡ ਪ੍ਰੀਖਿਆ ਵਿਚ ਤਾਂ ਫੇਲ੍ਹ ਹੋ ਗਈ ਪਰ ਉਸਨੇ ਨੀਟ ਵਿਚ ਸੌ ਫੀਸਦੀ ਮਤਲਬ 720 ਅੰਕ ਹਾਸਲ ਕੀਤੇ। ਇਸ ਤੋਂ ਛੁੱਟ ਹਰਿਆਣਾ ਦੇ ਝੱਜਰ ਦੇ ਇੱਕੋ ਕੇਂਦਰ ਦੇ ਛੇ ਵਿਦਿਆਰਥੀਆਂ ਨੇ 720 (ਸੌ ਫੀਸਦੀ) ਅੰਕ ਹਾਸਲ ਕੀਤੇ। ਰੋਲ ਨੰਬਰ ਮੁਤਾਬਕ ਇਹ ਛੇ ਦੇ ਛੇ ਵਿਦਿਆਰਥੀ ਇੱਕ ਦੂਜੇ ਦੇ ਨੇੜੇ ਬੈਠੇ ਸਨ। ਬੀਤੇ ਸਾਲ 650 ਜਾਂ ਇਸ ਤੋਂ ਜ਼ਿਆਦਾ ਅੰਕ ਹਾਸਲ ਕਰਨ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ 6,803 ਸੀ ਜੋ ਇਸ ਸਾਲ ਵਧ ਕੇ 21,724 ਹੋ ਗਈ। ਮਤਲਬ ਕਿ ਸਿੱਧਾ 319.33% ਦਾ ਹੈਰਾਨੀਜਨਕ ਵਾਧਾ, ਸਿਰਫ ਇੱਕ ਸਾਲ ਵਿਚ।

'ਕੌਮੀ ਟੈਸਟਿੰਗ ਏਜੰਸੀ' ਦੀਆਂ ਸਰਗਰਮੀਆਂ ਸ਼ੁਰੂ ਤੋਂ ਹੀ ਸ਼ੱਕੀ ਰਹੀਆਂ ਹਨ। ਇਸ ਵਾਰ ਰਜਿਸਟ੍ਰੇਸ਼ਨ ਖਿੜਕੀ ਕਈ ਵਾਰ ਖੁੱਲ੍ਹੀ। ਸ਼ੁਰੂ ਵਿਚ ਖਿੜਕੀ ਬੰਦ ਹੋਣ ਤੋਂ ਬਾਅਦ ਮਾਰਚ ਵਿਚ ਫਿਰ ਮਿਆਦ ਵਿਚ ਇਕ ਹਫਤੇ ਦਾ ਵਾਧਾ ਹੋਇਆ ਸੀ। ਫਿਰ ਰਹੱਸਮਈ ਤਰੀਕੇ ਨਾਲ਼ ਅਪ੍ਰੈਲ ਵਿਚ ਦੋ ਵਾਰ ਇਹ ਖੋਲ੍ਹੀ ਗਈ। ਟੈਸਟ ਦੇ ਨਤੀਜਿਆਂ ਦਾ ਐਲਾਨ ਵੀ ਸੰਭਾਵਿਤ ਮਿਤੀ 14 ਜੂਨ ਤੋਂ ਲਗਭਗ 10 ਦਿਨ ਪਹਿਲਾਂ 4 ਜੂਨ ਨੂੰ ਹੀ ਕਰ ਦਿੱਤਾ ਗਿਆ। ਹੋ ਸਕਦਾ ਹੈ ਐਨਟੀਏ ਨੇ ਸੋਚਿਆ ਹੋਵੇ ਕਿ ਚੋਣ ਨਤੀਜਿਆਂ ਦੇ ਰੌਲ਼ੇ ਰੱਪੇ ਵਿਚ ਇਹ ਮਸਲਾ ਸ਼ਾਇਦ ਦੱਬ ਜਾਏਗਾ। ਬੀਤੇ ਮਹੀਨੇ ਪੇਪਰ ਤੋਂ ਕੁਝ ਦਿਨ ਬਾਅਦ ਹੀ ਬਿਹਾਰ ਦੀ ਪਟਨਾ ਪੁਲੀਸ ਨੇ 13 ਲੋਕਾਂ ਨੂੰ ਪੇਪਰ ਲੀਕ ਕਰਨ ਦੇ ਜੁਰਮ ਹੇਠ ਗ੍ਰਿਫ਼ਤਾਰ ਕੀਤਾ ਸੀ। ਬਿਹਾਰ ਪੁਲੀਸ ਵੱਲੋਂ ਪੇਪਰ ਲੀਕ ਸਬੰਧੀ ਇਸ ਜਾਂਚ ਵਿਚ ਐਨਟੀਏ ਨੇ ਨਾ-ਮਿਲਵਰਤਣ ਦੀ ਨੀਤੀ ਅਖਤਿਆਰ ਕਰ ਕੇ ਮਸਲੇ ਨੂੰ ਦਬਾਉਣਾ ਚਾਹਿਆ ਪਰ ਇੰਝ ਵੀ ਦਾਲ਼ ਨਹੀਂ ਗਲ਼ੀ। ਬਿਹਾਰ ਦੇ ਹਜ਼ਾਰੀਬਾਗ ਵਿਚ ਸਕੂਲ ਦੇ ਪ੍ਰਿੰਸੀਪਲ ਨੇ ਮੰਨਿਆ ਕਿ ਲੀਕ ਹੋਏ ਪ੍ਰਸ਼ਨ ਪੱਤਰ ਦੀ ਆਵਾਜਾਈ ਵਿਚ ਮਿਆਰੀ ਸੰਚਾਲਨ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ ਸੀ। ਅਖੀਰ ਸੀਬੀਆਈ ਨੂੰ ਵੀ ਜਾਂਚ ਵਿਚ ਸ਼ਾਮਲ ਕਰ ਲਿਆ ਗਿਆ ਜਿਸਦੇ ਭੇਦ ਕਿਸੇ ਤੋਂ ਲੁਕੇ ਹੋਏ ਨਹੀਂ, ਸੰਜੀਵ ਮੁਖਿਆ ਵਰਗਿਆਂ ਤੋਂ ਲੈ ਕੇ ਭਾਜਪਾ ਦੇ ਲੀਡਰ ਤੱਕ ਇਸ ਘਪਲੇ ਵਿਚ ਸ਼ਾਮਲ ਰਹੇ, ਸਰਵਉੱਚ ਅਦਾਲਤ ਵੀ ਸਰਕਾਰ ਨੂੰ ਨਿਰਦੇਸ਼ ਦੇ ਕੇ ਆਪਣੀ ਰਸਮ ਪੂਰਤੀ ਕਰਦੀ ਰਹੀ। ਇਹ ਸਭ ਅੰਕੜੇ 'ਕੌਮੀ ਟੈਸਟਿੰਗ ਏਜੰਸੀ' ਅਤੇ ਇਸ ਨਾਲ਼ ਇਹ ਪੂਰੇ ਸਰਮਾਏਦਾਰਾ ਪ੍ਰਬੰਧ ਦੇ ਗਰਕ ਜਾਣ ਦੀ ਜਿਉਂਦੀ ਜਾਗਦੀ ਮਿਸਾਲ ਪੇਸ਼ ਕਰਦੇ ਹਨ।

ਅਸਲ ਵਿਚ ਅਫਸਰਸ਼ਾਹੀ, ਨੌਕਰਸ਼ਾਹੀ, ਸਰਕਾਰਾਂ, ਅਦਾਲਤਾਂ ਆਦਿ ਇਨ੍ਹਾਂ ਸਾਰਿਆਂ ਦੀ ਕੁੱਲ ਫਿਕਰਮੰਦੀ ਘਪਲਿਆਂ ਰਾਹੀਂ ਹੋਏ ਸਰਮਾਏਦਾਰਾ ਪ੍ਰਬੰਧ ਦੇ ਨੰਗੇਜ਼ ਨੂੰ ਢਕਣਾ ਹੀ ਹੁੰਦੀ ਹੈ। ਲੱਖਾਂ ਵਿਦਿਆਰਥੀਆਂ ਨਾਲ਼ ਜੋ ਵਾਪਰਿਆ ਉਸ ਨਾਲ਼ ਇਨ੍ਹਾਂ ਦੀ ਸਿਹਤ ਉੱਤੇ ਕੋਈ ਫਰਕ ਨਹੀਂ ਪੈਂਦਾ। ਇਨ੍ਹਾਂ ਵਲੋਂ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਅਣਗੌਲ਼ਿਆਂ ਕਰਦੇ ਹੋਏ ਇਸ ਤਰ੍ਹਾਂ ਦੇ ਬਿਆਨ ਦਾਗੇ ਜਾਂਦੇ ਰਹੇ ਕਿ 1563 ਵਿਦਿਆਰਥੀਆਂ ਦੇ ਸਕੋਰ ਕਾਰਡ ਰੱਦ ਕੀਤੇ ਜਾਣਗੇ ਅਤੇ ਉਨ੍ਹਾਂ ਲਈ ਇੱਕ ਹੋਰ ਟੈਸਟ 23 ਜੂਨ ਨੂੰ ਹੋਵੇਗਾ। ਪਰ ਇਸ ਸਭ ਕਾਸੇ ਦਾ ਵਿਦਿਆਰਥੀਆਂ ਵੱਲੋਂ ਜ਼ਬਰਦਸਤ ਵਿਰੋਧ ਹੋਇਆ। ਮਸਲੇ ਦੀ ਤਾਬ ਨੂੰ ਵੇਖਦੇ ਹੋਏ ਸਰਮਾਏਦਾਰਾ ਸਿਆਸੀ ਪਾਰਟੀਆਂ ਵੀ ਇਸ ਮਸਲੇ ਨੂੰ ਭੁਨਾਉਣ ਲਈ ਮੈਦਾਨ ਵਿਚ ਕੁੱਦ ਪਈਆਂ। ਐਨਟੀਏ ਵੱਲੋਂ 1563 ਵਿਦਿਆਰਥੀਆਂ ਦਾ ਦੁਬਾਰਾ ਟੈਸਟ ਲਏ ਜਾਣ ਦੇ ਸੁਝਾਅ ਨੂੰ ਨਕਾਰਦੇ ਹੋਏ ਵਿਦਿਆਰਥੀਆਂ ਨੇ 5 ਮਈ ਵਾਲ਼ੇ ਟੈਸਟ ਨੂੰ ਰੱਦ ਕਰ ਕੇ ਸਾਰੇ ਵਿਦਿਆਰਥੀਆਂ ਲਈ




ਦੁਬਾਰਾ ਟੈਸਟ ਲੈਣ ਦੀ ਮੰਗ ਕੀਤੀ ਅਤੇ ਸਰਕਾਰ ਖ਼ਿਲਾਫ ਥਾਂ-ਥਾਂ ਮੁਜ਼ਾਹਰੇ ਕੀਤੇ। ਇਸਦਾ ਨਤੀਜਾ ਇਹ ਹੋਇਆ ਕਿ ਸਰਕਾਰ ਜਿਸ ਜਨਤਕ ਪ੍ਰੀਖਿਆ ਐਕਟ ਨੂੰ ਫਰਵਰੀ ਤੋਂ ਲਮਕਾਈ ਜਾ ਰਹੀ ਸੀ ਉਸ ਨੂੰ ਲੰਘੀ 23 ਜੂਨ ਨੂੰ ਨੋਟੀਫਾਈ ਕਰਨਾ ਪਿਆ, ਭਾਵੇਂ ਇਸ ਨਾਲ਼ ਹਾਲਤਾਂ ਵਿਚ ਕਿਸੇ ਸਿਫਤੀ ਤਬਦੀਲੀ ਦੀ ਆਸ ਲਗਭਗ ਨਾਂਮਾਤਰ ਹੈ ਪਰ ਫਿਰ ਵੀ ਲੋਕਾਂ ਖਾਸਕਰ ਵਿਦਿਆਰਥੀਆਂ ਦੇ ਵਿਰੋਧ ਅੱਗੇ ਸਰਕਾਰ ਦਾ ਝੁਕਣ ਲਈ ਮਜਬੂਰ ਹੋਣਾ ਮਹੱਤਵਪੂਰਨ ਪ੍ਰਾਪਤੀ ਹੈ।

ਦੂਜੇ ਪਾਸੇ ਜੇਕਰ ਇਸ ਟੈਸਟ ਬਾਰੇ ਗੱਲ ਕਰੀਏ ਤਾਂ ਇਹ ਵੀ ਹੁਣ ਇਕ ਆਮ ਜਾਣਿਆ ਜਾਣ ਵਾਲ਼ਾ ਤੱਥ ਹੈ ਕਿ ਨੀਟ ਉਨ੍ਹਾਂ ਵਿਦਿਆਰਥੀਆਂ ਦੇ ਪੱਖ ਵਿਚ ਜ਼ਿਆਦਾ ਭੁਗਤਦਾ ਹੈ ਜਿਨ੍ਹਾਂ ਦੇ ਮਾਪੇ ਮਹਿੰਗੀ ਕੋਚਿੰਗ ਦਾ ਖਰਚਾ ਚੁੱਕ ਸਕਦੇ ਹਨ। ਇਨ੍ਹਾਂ ਕੋਚਿੰਗ ਸੈਂਟਰਾਂ ਦੀ ਔਸਤ ਸਾਲਾਨਾ ਫੀਸ ਲਗਭਗ 50,000 ਰੁਪਏ ਤੋਂ ਸ਼ੁਰੂ ਹੋ ਕੇ ਇਸ ਤੋਂ ਦੁੱਗਣੀ ਤਿੱਗਣੀ ਤੱਕ ਪਹੁੰਚਦੀ ਹੈ। ਇਸ ਤਰ੍ਹਾਂ ਇਹ ਟੈਸਟ ਵਿਦਿਆਰਥੀਆਂ ਦੇ ਡਾਕਟਰੀ ਵਿਚ ਦਾਖਲੇ ਲਈ ਨਹੀਂ ਸਗੋਂ ਬਹੁਗਿਣਤੀ ਵਿਦਿਆਰਥੀਆਂ ਨੂੰ ਡਾਕਟਰੀ ਵਿਚ ਦਾਖਲੇ ਤੋਂ ਬਾਹਰ ਰੱਖਣ ਲਈ ਵਧੇਰੇ ਕਾਰਗਰ ਹਥਿਆਰ ਹੈ। ਇਕ ਰਿਪੋਰਟ ਮੁਤਾਬਕ ਇਕੱਲੇ ਤਾਮਿਲਨਾਡੂ ਵਿਚ 400 ਤੋਂ ਵੱਧ ਕੋਚਿੰਗ ਸੰਸਥਾਵਾਂ ਨੇ ਇੱਕ ਸਾਲ ਵਿਚ ਇਕੱਲੇ ਨੀਟ ਦੀ ਪ੍ਰੀਖਿਆ ਤੋਂ 5,750 ਕਰੋੜ ਰੁਪਏ ਕਮਾਏ।

ਇਨ੍ਹਾਂ ਸੰਸਥਾਵਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਬੱਸ ਵੱਧ ਤੋਂ ਵੱਧ ਅੰਕ ਹਾਸਲ ਕਰਨ ਵਾਲ਼ੀਆਂ ਮਸ਼ੀਨਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਜਿੱਥੇ ਰੋਜ਼ਾਨਾ ਉਨ੍ਹਾਂ ਉੱਤੇ ਵੱਖ-ਵੱਖ ਅੰਕਾਂ ਦੇ ਠੱਪੇ ਲਾਏ ਜਾਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਸਭ ਤੋਂ ਬਿਹਤਰੀਨ ਉਮਰ ਵਿਚ ਰੋਜ਼ਾਨਾ ਉਨ੍ਹਾਂ ਦੀਆਂ ਭਾਵਨਾਵਾਂ ਨਾਲ਼ ਖਿਲਵਾੜ ਕੀਤਾ ਜਾਂਦਾ ਹੈ। ਉਨ੍ਹਾਂ ਦੀ ਇਸ ਗਭਰੇਟ ਉਮਰ ਦਾ, ਜੋ ਕਿ ਮਨੁੱਖਾ ਜ਼ਿੰਦਗੀ ਦਾ ਸਭ ਤੋਂ ਬਿਹਤਰੀਨ ਪੜਾਅ ਹੈ, ਇਸ ਤਰ੍ਹਾਂ ਨਾਲ ਨਾਸ ਮਾਰ ਦਿੱਤਾ ਜਾਂਦਾ ਹੈ ਕਿ ਜਦ ਉਨ੍ਹਾਂ ਵਿਚੋਂ ਕੁਝ ਨੂੰ ਇਸਦਾ ਅਹਿਸਾਸ ਹੁੰਦਾ ਹੈ ਤਾਂ ਇਸ ਪੀੜ ਨੂੰ ਝੱਲਣ ਤੋਂ ਅਸਮਰੱਥ ਕੁੱਝ ਨੌਜਵਾਨ ਆਪਣੀ ਜ਼ਿੰਦਗੀ ਤੱਕ ਖਤਮ ਕਰ ਲੈਂਦੇ ਹਨ। ਕੁਝ ਕੁ ਉਨ੍ਹਾਂ ਅਧਿਆਪਕਾਂ ਨੂੰ ਛੱਡ ਵੀ ਦੇਈਏ ਜਿਨ੍ਹਾਂ ਵਿਚ ਕੁੱਝ ਮਨੁੱਖੀ ਕਦਰਾਂ ਕੀਮਤਾਂ ਅਜੇ ਬਚੀਆਂ ਹਨ, ਤਾਂ ਬਾਕੀ ਬਹੁ-ਗਿਣਤੀ ਅਧਿਆਪਕਾਂ ਦਾ ਟੀਚਾ ਵੀ ਵਿਦਿਆਰਥੀਆਂ ਨੂੰ ਸਿੱਖਿਆ ਦੇ ਸਹੀ ਮਾਅਨੇ ਸਮਝਾਉਣ ਦੀ ਥਾਂ ਬੱਸ ਉਨ੍ਹਾਂ ਨੂੰ ਮਿੱਥੇ ਅੰਕਾਂ ਤੱਕ ਪੁਚਾਉਣ ਦਾ ਹੀ ਰਹਿ ਜਾਂਦਾ ਹੈ। ਇਨ੍ਹਾਂ ਟੈਸਟਾਂ ਤੱਕ ਆਮ ਬਹੁਗਿਣਤੀ ਲੋਕਾਂ ਦੀ ਦੂਰ ਹੁੰਦੀ ਪਹੁੰਚ ਦਾ ਅੰਦਾਜ਼ਾ ਇਸ ਤੱਥ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਨੀਟ ਦੀ ਪ੍ਰੀਖਿਆ ਪਾਸ ਕਰਨ ਵਾਲ਼ੇ ਜ਼ਿਆਦਾ ਵਿਦਿਆਰਥੀ ਉੱਚ ਆਮਦਨ ਵਾਲ਼ੇ ਪਰਿਵਾਰਾਂ ਵਿਚੋਂ ਆਉਂਦੇ ਹਨ। ਦੇਸ਼ ਦੇ ਬਹੁਗਿਣਤੀ ਵਿਦਿਆਰਥੀ ਨੌਜਵਾਨ ਤਾਂ ਇਸਦਾ ਸੁਫਨਾ ਵੀ ਨਹੀਂ ਵੇਖ ਸਕਦੇ। ਹੁਣ ਤਾਂ ਇਸ ਪ੍ਰਬੰਧ ਅੰਦਰ ਸੁਫਨੇ ਵੇਖ ਸਕਣ ਵਾਲ਼ੇ ਮੱਧਵਰਗ ਦੇ "ਸਵਰਗ" ਦੇ ਸਿੰਘਾਸਣ ਵੀ ਡੋਲਣ ਲੱਗ ਪਏ ਹਨ। ਇਹ ਉਨ੍ਹਾਂ ਦੇ ਹੀ ਬੱਚੇ ਹਨ ਜੋ ਨੀਟ ਵਿਚ ਹੋਏ ਘਪਲੇ ਲਈ ਅੱਜ ਆਪਣੇ ਅਰਾਮਦਾਇਕ ਕਮਰਿਆਂ ਵਿਚੋਂ ਨਿਕਲ ਕੇ ਸੜਕਾਂ ਉੱਤੇ ਵਿਰੋਧ ਕਰ ਰਹੇ ਹਨ।

ਹਰ ਵਿਅਕਤੀ ਨੂੰ ਮੁਫਤ ਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਉਣਾ ਰਾਜਸੱਤਾ ਦਾ ਫਰਜ਼ ਬਣਦਾ ਹੈ। ਇਹ ਸਿੱਖਿਆ ਵੀ ਵਿਦਿਆਰਥੀ ਦੀ ਆਪਣੀ ਰੁਚੀ ਮੁਤਾਬਕ ਹੋਣੀ ਚਾਹੀਦੀ ਹੈ। ਭਾਰਤ ਵਿਚ 1947 ਤੋਂ ਬਾਅਦ ਇੱਕ ਅਜਿਹਾ ਦੌਰ ਰਿਹਾ ਹੈ ਜਦੋਂ ਇੱਥੋਂ ਦੀ ਸਰਮਾਏਦਾਰ ਜਮਾਤ ਨੂੰ ਆਪਣਾ ਰਾਜ ਪ੍ਰਬੰਧ ਚਲਾਉਣ ਲਈ ਪੜ੍ਹੇ ਲਿਖੇ, ਤਕਨੀਕੀ ਮੁਹਾਰਤ ਰੱਖਣ ਵਾਲ਼ੇ ਲੋਕਾਂ ਦੀ ਲੋੜ ਸੀ। ਇਸ ਕਰਕੇ ਜਨਤਕ ਸਿੱਖਿਆ ਪ੍ਰਣਾਲੀ ਸ਼ੁਰੂ ਕੀਤੀ ਜਿਸ ਵਿਚ ਆਪਣੀਆਂ ਲੋੜਾਂ ਮੁਤਾਬਕ ਉੱਚ ਸਿੱਖਿਆ ਵਿਚ ਮੈਡੀਕਲ, ਇੰਜਨੀਅਰਿੰਗ, ਕਾਨੂੰਨ ਆਦਿ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਗਿਆ। ਪਰ ਇੱਕ ਸਮੇਂ ਬਾਅਦ ਜਦੋਂ ਖਾਸ ਮੁਹਾਰਤ ਵਾਲ਼ੀ ਉੱਚ ਸਿੱਖਿਆ ਤੋਂ "ਵਾਧੂ ਮਾਲ" ਤਿਆਰ ਹੋਣ ਲੱਗਾ ਤਾਂ ਇਸਦੇ ਲਈ ਛਾਂਟੀ ਦੀ ਲੋੜ ਪਈ। ਇਸ ਛਾਂਟੀ ਦੀ ਲੋੜ 'ਚ ਦਾਖਲਾ ਪ੍ਰੀਖਿਆਵਾਂ ਦੀ ਸ਼ੁਰੂਆਤ ਕੀਤੀ ਗਈ। ਇਸ ਨਾਲ਼ ਵਾਧੂ ਅਬਾਦੀ ਨੂੰ ਉੱਚ-ਸਿੱਖਿਆ ਤੇ ਰੁਜ਼ਗਾਰ ਤੋਂ ਬਾਹਰ ਦਾ ਰਾਹ ਵਿਖਾਉਣਾ ਸੌਖਾ ਹੋ ਗਿਆ। ਅੱਜ ਇਹ ਦਾਖਲਾ ਤੇ ਯੋਗਤਾ ਪ੍ਰੀਖਿਆਵਾਂ ਦੂਹਰਾ ਕੰਮ ਕਰ ਰਹੀਆਂ ਹਨ। ਇੱਕ ਪਾਸੇ ਇਸ ਨਾਲ਼ ਸਰਕਾਰਾਂ ਨੂੰ ਸਭ ਨੂੰ ਸਿੱਖਿਆ ਤੇ ਰੁਜ਼ਗਾਰ ਦੀ ਜ਼ਿੰਮੇਵਾਰੀ ਤੋਂ ਬਚਣਾ ਸੌਖਾ ਹੋ ਗਿਆ ਹੈ ਤੇ ਦੂਜੇ ਪਾਸੇ ਇਸ ਨਾਲ਼ ਲੋਕ ਖੁਦ ਇਹ ਮੰਨਣ ਲੱਗ ਪੈਂਦੇ ਹਨ ਕਿ ਉਹ ਹੀ ਇਨ੍ਹਾਂ ਦਾਖਲਾ ਤੇ ਯੋਗਤਾ ਪ੍ਰੀਖਿਆਵਾਂ ਵਿਚ ਪਾਸ ਨਾ ਹੋ ਸਕਣ ਕਾਰਨ ਉੱਚ-ਸਿੱਖਿਆ ਤੇ ਰੁਜ਼ਗਾਰ ਦੇ ਕਾਬਲ ਨਹੀਂ ਹਨ। ਇਸ ਨਾਲ਼ ਇੱਕ ਅਣਪਰਿਭਾਸ਼ਿਤ "ਕਾਬਲੀਅਤ" ਖੜ੍ਹੀ ਕਰ ਦਿੱਤੀ ਹੈ ਜੋ ਹਾਸਲ ਕਰਨ ਲਈ ਨੌਜਵਾਨ ਦਿਨ-ਰਾਤ ਦੱਬਵੀਂ ਮਿਹਨਤ ਕਰਦੇ ਹਨ ਪਰ ਉੱਚ ਸਿੱਖਿਆ ਤੇ ਰੁਜ਼ਗਾਰ ਸੀਮਤ ਹੋਣ ਕਰਕੇ ਇਸ ਵਿਚੋਂ ਇੱਕ ਛੋਟੀ ਅਬਾਦੀ ਹੀ ਪਾਸ ਹੁੰਦੀ ਹੈ। ਨਤੀਜਾ, ਨੌਜਵਾਨ ਅਬਾਦੀ ਸਿੱਖਿਆ ਤੇ ਰੁਜ਼ਗਾਰ ਦੇ ਮਸਲੇ 'ਤੇ ਸਰਕਾਰ ਨੂੰ ਸਵਾਲ ਕਰਨ ਦੀ ਥਾਂ ਖੁਦ ਨੂੰ ਹੀ ਕਮਜ਼ੋਰ, ਹੀਣੀ ਸਮਝਣ ਲੱਗ ਪੈਂਦੀ ਹੈ। ਉਹ ਇਹ ਨਹੀਂ ਸਮਝਦੇ ਕਿ ਹਰ ਵਿਅਕਤੀ ਨੂੰ ਉਸਦੀ ਕਾਬਲੀਅਤ ਤੇ ਸਮਰੱਥਾ ਮੁਤਾਬਕ ਸਿੱਖਿਆ ਤੇ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਕਾਬਲੀਅਤ ਦੇ ਨਾਮ 'ਤੇ ਕਿਸੇ ਵੀ ਇਨਸਾਨ ਤੋਂ ਉਸਦੇ ਜਿਉਣ ਦਾ ਹੱਕ ਨਹੀਂ ਖੋਹਿਆ ਜਾ ਸਕਦਾ।

ਇਨ੍ਹਾਂ ਦਾਖਲਾ ਤੇ ਯੋਗਤਾ ਪ੍ਰੀਖਿਆਵਾਂ ਨੇ ਸਿੱਖਿਆ ਦੇ ਨਿੱਜੀਕਰਨ ਦੀ ਰਫਤਾਰ ਨੂੰ ਵੀ ਤੇਜ਼ ਕੀਤਾ ਹੈ। ਸਿਰਫ ਨਿੱਜੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਹੀ ਨਿੱਜੀ ਵਿੱਦਿਅਕ ਅਦਾਰੇ ਨਹੀਂ ਹਨ ਸਗੋਂ ਕੋਚਿੰਗ ਸੈਂਟਰਾਂ ਦਾ ਵਿਆਪਕ ਤਾਣਾ-ਬਾਣਾ ਵੀ ਸਿੱਖਿਆ ਨੂੰ ਵਪਾਰਕ ਵਸਤ ਬਣਾ ਦੇਣ ਵਾਲ਼ੇ ਨਿੱਜੀ ਅਦਾਰੇ ਹਨ। ਅੱਜ ਬਹੁਗਿਣਤੀ ਵਿਦਿਆਰਥੀ ਇਨ੍ਹਾਂ ਕੋਚਿੰਗ ਸੈਂਟਰਾਂ ਦੀ ਫੀਸ ਭਰਨ ਤੋਂ ਅਸਮਰੱਥ ਹਨ। ਇਸ ਤਰ੍ਹਾਂ ਯੋਗਤਾ ਤੇ ਦਾਖਲਾ ਪ੍ਰੀਖਿਆਵਾਂ ਦੇ ਨਾਲ਼ ਜੁੜਿਆ ਇਨ੍ਹਾਂ ਕੋਚਿੰਗ ਸੈਂਟਰਾਂ ਦਾ ਇਹ ਤਾਣਾ-ਬਾਣਾ ਸਿੱਖਿਆ ਤੇ ਰੁਜ਼ਗਾਰ ਦੀਆਂ ਕੁੱਝ ਸ਼ਾਖਾਵਾਂ ਨੂੰ ਉੱਚ ਤਬਕੇ ਦਾ ਵਿਸ਼ੇਸ਼ ਹੱਕ ਬਣਾਉਣ ਵਿਚ ਅਹਿਮ ਯੋਗਦਾਨ ਪਾ ਰਿਹਾ ਹੈ।

ਇਸ ਕਰਕੇ ਇਹ ਯੋਗਤਾ ਤੇ ਦਾਖਲਾ ਪ੍ਰੀਖਿਆਵਾਂ ਬਿਲਕੁਲ ਹੀ ਗੈਰ-ਵਾਜਿਬ ਹਨ। ਹਰ ਨਾਗਰਿਕ ਨੂੰ ਸਿੱਖਿਆ ਤੇ ਰੁਜ਼ਗਾਰ ਦੇਣਾ ਸਰਕਾਰ ਦਾ ਫਰਜ਼ ਹੈ ਤੇ ਸਾਡੀ ਵੀ ਇਹੋ ਮੰਗ ਹੋਣੀ ਚਾਹੀਦੀ ਹੈ। ਇਸ ਲਈ ਹਰ ਤਰ੍ਹਾਂ ਦੀ ਦਾਖਲਾ ਪ੍ਰੀਖਿਆ ਦੀ ਪ੍ਰਣਾਲੀ ਬੰਦ ਹੋਣੀ ਚਾਹੀਦੀ ਹੈ ਅਤੇ ਯੋਗਤਾ ਪ੍ਰੀਖਿਆਵਾਂ ਦਾ ਮਕਸਦ ਸਿਰਫ ਹਰ ਵਿਅਕਤੀ ਦੀ ਸਮਰੱਥਾ ਤੇ ਰੁਚੀ ਦੀ ਪਛਾਣ ਕਰਨਾ ਹੀ ਹੋ ਸਕਦੀ ਹੈ ਤਾਂ ਜੋ ਉਸਨੂੰ ਉਸ ਮੁਤਾਬਕ ਸਿੱਖਿਆ ਤੇ ਰੁਜ਼ਗਾਰ ਮਿਲ਼ ਸਕੇ। ਇਹ ਦਾਖਲਾ ਅਤੇ ਯੋਗਤਾ ਟੈਸਟ ਸਿੱਖਿਆ ਨੂੰ ਆਮ ਲੋਕਾਂ ਦੇ ਧੀਆਂ-ਪੁੱਤਾਂ ਤੋਂ ਦੂਰ ਕਰਨ ਦਾ ਹੱਥਾ ਹਨ। ਇਸ ਲਈ ਸਭ ਲਈ ਸਿੱਖਿਆ ਅਤੇ ਸਭ ਲਈ ਰੁਜ਼ਗਾਰ ਦੇ ਹੱਕ ਲਈ ਇੱਕ ਤਿੱਖਾ ਅਤੇ ਵਿਆਪਕ ਸੰਘਰਸ਼ ਸਮੇਂ ਦੀ ਅਣਸਰਦੀ ਲੋੜ ਹੈ।

---

***(ਸਫਾ 23 ਦੀ ਬਾਕੀ)***

ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕਾਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ।

ਉਸ ਨੇ ਢੁੱਡੀਕੇ ਦੀ ਸਰਪੰਚੀ ਤੋਂ ਲੈ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਰਿਹਾ। ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਦਾ ਮੋਹਰੀ ਸੀ। ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਅਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਇਆ। ਆਪਣੀ ਸੌ ਸਾਲ ਸੱਤ ਮਹੀਨੇ ਦੀ ਲੰਮੀ ਉਮਰ ਵਿਚ ਉਸ ਨੇ ਅੱਸੀ ਸਾਲ ਕਲਮ ਚਲਾ ਕੇ ਸੌ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਉਹ ਭਾਸ਼ਾ ਵਿਭਾਗ ਪੰਜਾਬ ਦੇ ਬੋਰਡ ਦਾ ਸਲਾਹਕਾਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਸਾਹਿਤ ਟ੍ਰਸਟ ਢੁੱਡੀਕੇ ਤਾਂ ਸੀ ਹੀ ਉਹਦਾ, ਜਿਸਨੇ ਸੌ ਦੇ ਕਰੀਬ ਪੰਜਾਬੀ ਲੇਖਕਾਂ ਨੂੰ ਅਵਾਰਡ ਦਿੱਤੇ। ਉਹ ਵੀ ਪੰਜਾਬੀ ਦੇ ਹਿੰਦੂ ਲੇਖਕਾਂ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਦੇ ਨਾਵਾਂ ਉਤੇ। ਪੰਜਾਬੀਆਂ ਦੇ 1947 'ਚ ਹੋਏ ਕਤਲੇਆਮ ਸਮੇਂ ਆਪਣੇ ਪਿੰਡ ਢੁੱਡੀਕੇ ਵਿਚ ਕੋਈ ਵੀ ਮੁਸਲਮਾਨ ਕਤਲ ਨਹੀਂ ਹੋਣ ਦਿੱਤਾ। ਉਹ ਹੋਰ ਵੀ ਬਹੁਤ ਕੁੱਝ ਸੀ ਜੋ ਇਸ ਪੁਸਤਕ ਵਿਚੋਂ ਪੜ੍ਹਿਆ ਜਾ ਸਕਦੈ। ਪੁਸਤਕ ਪੀਪਲਜ਼ ਫ਼ੋਰਮ ਬਰਗਾੜੀ ਵਾਲਿਆਂ ਨੇ ਪ੍ਰਕਾਸ਼ਿਤ ਕੀਤੀ ਹੈ ਜਿਨ੍ਹਾਂ ਦੇ ਫੋਨ ਨੰ. 9872989313 ਤੇ 9876710809 ਹਨ।

ਕਹਾਣੀ

# ਟੈਟੂ

ਸੁਰਿੰਦਰ ਗੀਤ
ਫੋਨ: 403-605-3734

ਆਦਤ ਮੁਤਾਬਿਕ ਅੱਜ ਵੀ ਮੈਂ ਸ਼ਿਫਟ ਸ਼ੁਰੂ ਹੋਣ ਤੋਂ ਦਸ-ਪੰਦਰਾਂ ਮਿੰਟ ਪਹਿਲਾਂ ਦਫ਼ਤਰ ਪੁੱਜ ਗਈ। ਨੈਨਸੀ ਨੇ ਕਾਫ਼ੀ ਦਾ ਕੱਪ ਭਰਿਆ ਤੇ ਸਿੱਧੀ ਮੇਰੇ ਕੋਲ ਆ ਖਲੋਤੀ।

"ਸੈਂਡੀ! ਖੁਸ਼ੀ ਦੀ ਗੱਲ ਹੈ ਕਿ ਲੰਬੇ ਸਮੇਂ ਤੋਂ ਪਈ ਖ਼ਾਲੀ ਪੁਜ਼ੀਸ਼ਨ ਭਰ ਲਈ ਗਈ ਹੈ। ਅੱਜ ਉਸਨੂੰ ਫ਼ੋਨ ਕਰ ਕੇ ਦੱਸ ਦੇਵਾਂਗੀ। ਕੋਸ਼ਿਸ਼ ਰਹੇਗੀ ਕਿ ਉਹ ਜਲਦੀ ਤੋਂ ਜਲਦੀ ਜਾਇਨ ਕਰ ਲਵੇ। " ਨੈਨਸੀ ਨੇ ਕਾਫ਼ੀ ਦਾ ਘੁੱਟ ਭਰਦਿਆਂ ਤੇ ਖ਼ੁਸ਼ੀ ਦੀ ਰੌਂਅ 'ਚ ਕਿਹਾ। ਨੈਨਸੀ ਪੁਲੀਸ ਦੇ ਐਡਮਨਿਸਟਰੇਸ਼ਨ ਮਹਿਕਮੇ ਵਿਚ ਮੇਰੀ ਮੈਨੇਜਰ ਸੀ।

ਕੁਝ ਮਹੀਨੇ ਪਹਿਲਾਂ ਦਫ਼ਤਰ 'ਚ ਇਕ ਕਰਮਚਾਰੀ ਦੇ ਰਿਟਾਇਰ ਹੋਣ 'ਤੇ ਪੁਜ਼ੀਸ਼ਨ ਖਾਲੀ ਹੋ ਗਈ। ਨਵੀਂ ਪੋਸਟ ਕੱਢੀ ਗਈ। ਬਹੁਤ ਸਾਰੀਆਂ ਅਰਜ਼ੀਆਂ ਆਈਆਂ। ਅਰਜ਼ੀਆਂ ਛਾਂਟਣ ਵਿਚ ਮੈਂ ਨੈਨਸੀ ਦੀ ਮਦਦ ਕੀਤੀ। ਕਈ ਦਿਨ ਇੰਟਰਵਿਊ ਚਲਦੇ ਰਹੇ। ਮੈਂ ਵੀ ਇੰਟਰਵਿਊ ਲੈਣ ਵਾਲੇ ਪੈਨਲ ਵਿਚ ਬੈਠਦੀ ਰਹੀ। ਮੇਰੇ ਤਜਰਬੇ ਦੇ ਆਧਾਰ 'ਤੇ ਮੈਨੂੰ ਇਸ ਪੈਨਲ ਲਈ ਚੁਣਿਆ ਗਿਆ ਸੀ। ਜੋ ਕੁੜੀ ਮੈਨੂੰ ਸਭ ਤੋਂ ਜ਼ਿਆਦਾ ਮੈਰਿਟ 'ਤੇ ਆਈ ਸੀ, ਖੁਸ਼ਕਿਸਮਤੀ ਨਾਲ ਸਭ ਦੀ ਸਹਿਮਤੀ ਓਸੇ 'ਤੇ ਹੀ ਬਣੀ। ਉਸ ਕੁੜੀ ਦੀਆਂ ਅੱਖਾਂ ਵਿਚ ਲੋਹੜੇ ਦੀ ਚਮਕ ਸੀ। ਸ਼ਾਇਦ ਕੁਝ ਨਵਾਂ ਕਰਨ ਦੀ ਇੱਛਾ ਸਦਕਾ। ਇਸ ਤੋਂ ਇਲਾਵਾ, ਉਸਨੇ ਹਰ ਸਵਾਲ ਦਾ ਜਵਾਬ ਤਸੱਲੀ-ਬਖ਼ਸ਼ ਦਿੱਤਾ ਸੀ। ਉਸਦਾ ਰੋਮ ਰੋਮ ਉਸਦੇ ਵਧੀਆ ਇਨਸਾਨ ਹੋਣ ਦੀ ਗਵਾਗੀ ਭਰਦਾ ਜਾਪਿਆ। ਉਸਦੇ ਮੂੰਹੋਂ ਜਦੋਂ ਸਾਰਿਆਂ ਲਈ ਗੁੱਡ-ਮਾਰਨਿੰਗ ਨਿਕਲੀ ਤਾਂ ਮੈਨੂੰ ਇਉਂ ਜਾਪਿਆ ਜਿਵੇਂ ਸਾਰਾ ਕਮਰਾ ਚੜ੍ਹਦੇ ਸੂਰਜ ਦੀ ਲਾਲੀ ਨਾਲ ਭਰ ਗਿਆ ਹੋਵੇ। ਮੈਨੂੰ ਨਹੀਂ ਪਤਾ ਕਿ ਮੇਰੇ ਨਾਲ ਬੈਠੀ ਮੈਨੇਜਰ ਅਤੇ ਯੂਨੀਅਨ 'ਚੋਂ ਆਏ ਨਿਗਰਾਨਾਂ ਨੂੰ ਕਿਵੇਂ ਮਹਿਸੂਸ ਹੋਇਆ ਪਰ ਮੈਂ ਸਿਰ ਤੋਂ ਲੈ ਕੇ ਪੈਰਾਂ ਤੱਕ ਉਸਦੀ ਮੁਸਕਰਾਹਟ ਵਿਚ ਭਿੱਜ ਗਈ ਸਾਂ।



ਲੰਚ ਟਾਈਮ ਤੋਂ ਪਹਿਲਾਂ ਨੈਨਸੀ ਮੇਰੇ ਕੋਲ ਫਿਰ ਆ ਖਲੋਤੀ। ਉਸਨੇ ਦੱਸਿਆ ਕਿ ਨਵੀਂ ਆਉਣ ਵਾਲੀ ਕੁੜੀ ਨਾਲ ਗੱਲ-ਬਾਤ ਹੋ ਗਈ ਹੈ। ਅਗਲੇ ਸੋਮਵਾਰ ਤੋਂ ਸਾਡੇ ਮਹਿਕਮੇ ਵਿਚ ਕੰਮ ਸ਼ੁਰੂ ਕਰੇਗੀ। ਉਸ ਤੋਂ ਪਹਿਲਾਂ ਉਸਦੀ ਸਕਿਉਰਿਟੀ ਚੈਕ, ਉਂਗਲਾਂ ਦੇ ਨਿਸ਼ਾਨ ਲੈਣ ਤੇ ਪੁਲੀਸ ਮਹਿਕਮੇ ਦਾ ਹਰ ਭੇਦ ਛੁਪਾ ਕੇ ਰੱਖਣ ਦੀ ਕਸਮ ਸਣੇ ਹੋਰ ਸਭ ਤਰ੍ਹਾਂ ਦੀਆਂ ਫਾਰਮੈਲਟੀਜ਼ ਪੂਰੀਆਂ ਕਰ ਲਈਆਂ ਜਾਣਗੀਆਂ।

ਹੁਣ ਮੈਂ ਉਸਦੇ ਦਫਤਰ ਆਉਣ ਦੀ ਉਡੀਕ 'ਚ ਸਾਂ। ਉਸਦੇ ਆਉਣ ਨਾਲ ਹੀ ਮੇਰੀ ਨਵੀਂ ਡਿਊਟੀ ਸ਼ੁਰੂ ਹੋਣੀ ਸੀ। ਨਵੀਂ ਡਿਊਟੀ ਅਨੁਸਾਰ ਮੈਂ ਉਸਨੂੰ ਇਸ ਦਫਤਰ ਦੇ ਕੰਮ-ਕਾਜ ਕਰਨ ਦੇ ਢੰਗ ਤਰੀਕੇ ਤੇ ਮਹਿਕਮੇ ਦੇ ਵਿਧੀ ਵਿਧਾਨ ਤੋਂ ਜਾਣੂੰ ਕਰਵਾਉਣਾ ਸੀ, ਭਾਵ ਉਸਨੂੰ ਟਰੇਨਿੰਗ ਦੇਣੀ ਸੀ।

ਆਮ ਕਰਕੇ ਨਵੇਂ ਬੰਦੇ ਨੂੰ ਟਰੇਨਿੰਗ ਦੇਣੀ ਇਕ ਕਿਸਮ ਨਾਲ ਬੋਝ ਜਿਹਾ ਹੁੰਦਾ ਹੈ ਪਰ ਮੈਨੂੰ ਉਸਨੂੰ ਮਿਲਣ ਦਾ ਚਾਅ ਜਿਹਾ ਚੜ੍ਹਿਆ ਪਿਆ ਸੀ। ਸ਼ਿਫਟ ਵਰਕ ਹੋਣ ਕਰਕੇ ਅਸੀਂ ਸਾਰੇ ਵਰਕਰ ਇਕ ਦੂਸਰੇ ਨੂੰ ਘੱਟ ਹੀ ਮਿਲਦੇ ਸਾਂ। ਬੱਸ ਆਪੋ ਆਪਣੀ ਸ਼ਿਫਟ ਦੇ ਲੋਕਾਂ ਨਾਲ ਹੀ ਮੇਲ ਮਿਲਾਪ ਰਹਿੰਦਾ ਤੇ ਕਈਆਂ ਨੂੰ ਮਿਲਿਆਂ ਤਾਂ ਕਈ ਕਈ ਮਹੀਨੇ ਬੀਤ ਜਾਂਦੇ। ਸਾਲ 'ਚ ਇਕ ਅੱਧ ਵਾਰੀ ਕਿਸੇ ਖ਼ਾਸ ਮੀਟਿੰਗ'ਚ ਹੀ ਅਸੀਂ ਇਕ ਦੂਸਰੇ ਨੂੰ ਮਿਲਦੇ। ਕਈਆਂ ਦੀਆਂ ਤਾਂ ਸ਼ਕਲਾਂ ਵੀ ਯਾਦ ਨਾ ਰਹਿੰਦੀਆਂ।

ਟਰੇਨਿੰਗ ਲੈ ਕੇ ਪਤਾ ਨਹੀਂ ਉਸਨੂੰ ਕਿਹੜੀ ਸ਼ਿਫਟ ਮਿਲੇ ਪਰ ਹੁਣ ਘੱਟੋ-ਘੱਟ ਚਾਰ ਹਫ਼ਤੇ ਤਾਂ ਉਸਨੇ ਮੇਰੇ ਨਾਲ ਨਾਲ ਰਹਿਣਾ ਸੀ, ਇਹ ਪੱਕਾ ਸੀ।

ਏਨੀ ਪਿਆਰੀ ਸੂਰਤ ਤੇ ਸੀਰਤ ਨੂੰ ਦੋਬਾਰਾ ਮਿਲਣਾ ਮੇਰੇ ਲਈ ਬਹੁਤ ਸੁਭਾਗਾ ਸੀ ਤੇ ਮੈਂ ਇਸ ਸੁਭਾਗੇ ਸਮੇਂ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਸਾਂ।

ਸੋਮਵਾਰ ਆ ਗਿਆ ਤੇ ਉਹ ਸਮੇਂ ਸਿਰ ਦਫ਼ਤਰ ਪੁੱਜ ਗਈ। ਮੈਨੂੰ ਗੁੱਡ ਮਾਰਨਿੰਗ ਕਹਿਣ ਦੇ ਨਾਲ ਨਾਲ ਉਹ ਮੈਨੂੰ ਘੁੱਟ ਕੇ ਗਲਵੱਕੜੀ ਪਾ ਕੇ ਮਿਲੀ।

ਉਸਦੀ ਨਿੱਘੀ ਗਲਵੱਕੜੀ ਨੇ ਮੈਨੂੰ ਪ੍ਰਾਪਰਟੀ ਟੈਕਸ ਮਹਿਕਮੇ ਵਾਲੀ ਸਾਰੀ ਕਹਾਣੀ ਯਾਦ ਕਰਵਾ ਦਿੱਤੀ। ਭਾਵੇਂ ਉਸਦੀ ਉਮਰ ਮੇਰੇ ਤੋਂ ਛੋਟੀ ਸੀ ਪਰ ਪ੍ਰਾਪਰਟੀ ਟੈਕਸ ਦੇ ਦਫ਼ਤਰ ਵਿਚ ਮੇਰੀ ਪਹਿਲੇ ਹੀ ਦਿਨ ਉਸ ਨਾਲ ਦੋਸਤੀ ਹੋ ਗਈ। ਉਸਦਾ 'ਲੀਜ਼ਾ' ਨਾਮ ਮੈਨੂੰ ਬਹੁਤ ਹੀ ਚੰਗਾ ਲੱਗਿਆ।

ਉਸਨੂੰ ਇਸ ਦਫ਼ਤਰ ਵਿਚ ਕੰਮ ਕਰਦਿਆਂ ਦੋ ਕੁ ਸਾਲ ਹੋ ਗਏ ਸਨ। ਉਹ ਦਫ਼ਤਰ ਦੇ ਕੰਮ ਕਾਜ ਅਤੇ ਆਪਣੇ ਮੈਨੇਜਰ ਅਤੇ ਸੁਪਰਵਾਈਜ਼ਰ ਦੀ ਰਗ ਰਗ ਤੋਂ ਵਾਕਿਫ਼ ਸੀ।

ਮੈਂ ਉਸ ਦਫ਼ਤਰ ਵਿਚ ਭਾਵੇਂ ਨਵੀਂ ਸਾਂ ਪਰ ਸਨੀਔਰਟੀ ਦੇ ਹਿਸਾਬ ਨਾਲ ਮੈਂ ਉਸ ਤੋਂ ਕਾਫ਼ੀ ਅੱਗੇ ਸਾਂ ਤੇ ਮੇਰੀ ਪੁਜ਼ੀਸ਼ਨ ਵੀ ਉਸ ਤੋਂ ਉੱਪਰ ਸੀ। ਇਸ ਲਈ ਮੇਰੀ ਕੁਝ ਝੇਪ ਜਿਹੀ ਵੀ ਮੰਨਦੀ ਸੀ।

ਉਸਦਾ ਮੇਰੇ ਨਾਲ ਕਾਫ਼ੀ ਬਰੇਕ ਅਤੇ ਲੰਚ ਬਰੇਕ 'ਤੇ ਜਾਣਾ ਆਮ ਹੋ ਗਿਆ। ਉਸਨੇ ਦੋ-ਤਿੰਨ ਦਿਨਾਂ ਵਿਚ ਹੀ ਮੈਨੂੰ ਸੁਪਰਵਾਈਜ਼ਰ ਅਤੇ ਮੈਨੇਜਰ ਦੇ ਸੁਭਾਅ ਤੋਂ ਜਾਣੂੰ ਕਰਵਾ ਦਿੱਤਾ। ਮਿਹਨਤੀ ਬਹੁਤ ਸੀ। ਕੀ ਮਜ਼ਾਲ ਉਹ ਕਦੇ ਲੇਟ ਹੋਵੇ ਜਾਂ ਏਧਰ ਓਧਰ ਦੀਆਂ ਗੱਲਾਂ ਵਿਚ ਸਮਾਂ ਬਰਬਾਦ ਕਰੇ।

ਇਕ ਦਿਨ ਉਹ ਮੇਰੇ ਨਾਲ ਕੈਫੀਟੇਰੀਏ ਵਿਚ ਲੰਚ ਕਰ ਰਹੀ ਸੀ ਤਾਂ ਉਸਨੇ ਮੇਰੇ ਵੱਲ ਗਹੁ ਨਾਲ ਵੇਖਿਆ। ਉਸਦੀਆਂ ਮੋਟੀਆਂ ਗੋਲ ਭੂਰੀਆਂ ਅੱਖਾਂ ਖ਼ੁਸ਼ੀ ਨਾਲ ਲਬਰੇਜ਼ ਸਨ। ਉਸਨੇ ਹੱਥ 'ਚ ਫੜੇ ਨਾਈਫ ਅਤੇ ਫੋਰਕ ਨੂੰ ਪਲੇਟ ਵਿਚ ਰੱਖਦਿਆਂ ਤੇ ਆਪਣਾ ਪੂਰਾ ਧਿਆਨ ਮੇਰੇ 'ਤੇ ਕੇਂਦਰਿਤ ਕਰਦਿਆਂ ਕਿਹਾ,"ਆਈ ਲਾਈਕ ਈਸਟ ਇੰਡੀਅਨ ਬੁਆਏਜ਼ ਵੈਰੀ ਮੱਚ।"

"ਸੱਚੀਂ"- ਮੈਂ ਹੈਰਾਨੀ ਨਾਲ ਕਿਹਾ। ਉਸਦਾ ਇਸ ਤਰ੍ਹਾਂ ਕਹਿਣਾ ਮੈਨੂੰ ਬਹੁਤ ਹੀ ਚੰਗਾ ਲੱਗਿਆ।

ਪੱਛਮੀ ਸਭਿਅਤਾ ਵਿਚ ਜੰਮੀ-ਪਲੀ ਅੰਗਰੇਜ਼ ਕੁੜੀ ਦੇ ਮੂੰਹੋਂ ਇਹ ਵਾਕ ਨਿਕਲਣਾ ਮੇਰੇ ਲਈ ਹੈਰਾਨੀਜਨਕ ਸੀ। ਮੈਂ ਸੋਚਿਆ ਕਿ ਕੋਈ ਈਸਟ ਇੰਡੀਅਨ ਮੁੰਡਾ ਇਹਦੇ ਨਾਲ ਸਕੂਲ ਜਾਂ ਯੂਨੀਵਰਸਿਟੀ ਵਿਚ ਪੜ੍ਹਦਾ ਹੋਵੇਗਾ। ਇਸਦਾ ਦੋਸਤ ਹੋਵੇਗਾ।

ਮੇਰੀ ਸੋਚ ਬੱਸ ਏਥੋਂ ਤੱਕ ਹੀ ਸੀਮਤ ਰਹੀ।

ਕੁਝ ਦਿਨਾਂ ਬਾਅਦ ਉਹ ਮੈਨੂੰ ਆਖਣ ਲੱਗੀ,"ਕੈਨ ਆਈ ਟਾਕ ਟੂ ਯੂ ਪਰਸਨਲ?"

"ਵਾਏ ਨਾਟ", ਮੇਰੇ ਮੂੰਹੋਂ ਇਹ ਸ਼ਬਦ ਸੁਣ ਕੇ ਇਕ ਪਿਆਰੀ ਮੁਸਕਾਨ ਉਸਦੇ ਚਿਹਰੇ 'ਤੇ ਫ਼ੈਲ ਗਈ।

ਉਸਦੇ ਫਿੱਕੇ ਗੁਲਾਬੀ ਰੰਗ ਤੇ ਦੋਨਾਂ ਗੱਲ੍ਹਾਂ 'ਚ ਪੈਂਦੇ ਟੋਇਆਂ ਨੂੰ ਵੇਖ ਉਹ ਮੈਨੂੰ ਪਹਿਲਾਂ ਨਾਲੋਂ ਵੀ ਸੋਹਣੀ ਲੱਗੀ। ਉਸਦਾ ਲੰਬਾ ਕੱਦ, ਛਾਂਟਵਾਂ ਸਰੀਰ, ਤਿੱਖੇ ਨੈਣ ਨਕਸ਼ ਤੇ ਗੋਰਾ ਗੁਲਾਬੀ ਰੰਗ ਤੇ ਮਨ-ਮੋਹਣੇ ਰੰਗਾਂ ਦੀਆਂ ਸਕਰਟਾਂ ਹਮੇਸ਼ਾ ਮੇਰਾ ਧਿਆਨ ਆਪਣੇ ਵੱਲ ਖਿੱਚੀ ਰੱਖਦੇ।

"ਰੱਬ ਇਨ੍ਹਾਂ ਲੋਕਾਂ ਨੂੰ ਹੁਸਨ ਵੀ ਰੱਜ ਕੇ ਦਿੰਦਾ ਹੈ" ਮੈਂ ਅਕਸਰ ਹੀ ਸੋਚਦੀ ਤੇ ਆਪੇ ਹੀ ਆਪਣੀ ਇਸ ਸੋਚ ਨੂੰ ਰੱਦ ਕਰ ਦਿੰਦੀ ਇਹ ਕਹਿ ਕੇ ਸੁੰਦਰਤਾ ਤਾਂ ਬੰਦੇ ਦੇ ਅੰਦਰ ਹੁੰਦੀ ਹੈ।

ਪਰ ਇਹ ਕੁੜੀ ਤਾਂ ਮੈਨੂੰ ਅੰਦਰੋਂ ਬਾਹਰੋਂ ਸੋਹਣੀ-ਸੁਨੱਖੀ ਜਾਪਦੀ ਸੀ। ਆਪਣੇ ਨਾਮ ਵਰਗੀ ਹੀ ਉਸਦੀ ਸੂਰਤ ਤੇ ਸੀਰਤ ਸੀ।

ਜਿਸ ਬਿਲਡਿੰਗ ਵਿਚ ਅਸੀਂ ਕੰਮ ਕਰਦੀਆਂ ਸਾਂ, ਉਸਦੇ ਸਾਹਮਣੇ ਗੋਰਿਆਂ ਦਾ ਕਬਰਸਤਾਨ ਸੀ। ਮੇਰਾ ਸੁਭਾਅ ਹੀ ਬਣ ਗਿਆ ਸੀ ਕਿ ਲੰਚ ਟਾਈਮ 'ਚ ਮੈਂ ਕਬਰਸਤਾਨ ਵਿਚ ਘੁੰਮਣ ਫਿਰਨ ਚਲੀ ਜਾਂਦੀ ਸਾਂ।

"ਤੁਹਾਨੂੰ ਡਰ ਨਹੀਂ ਲੱਗਦਾ ਕਬਰਾਂ 'ਚੋਂ?" ਇਕ ਦਿਨ ਲੀਜ਼ਾ ਬੋਲੀ।

"ਡਰ ਕਾਹਦਾ!" ਮੈਂ ਆਪਣੀ ਬਹਾਦਰੀ ਦਿਖਾਉਂਦੇ ਹੋਏ ਕਿਹਾ।

"ਪਰ... ਪੰਜਾਬੀ ਲੋਕ ਤਾਂ ਇਸ ਤਰ੍ਹਾਂ ਦੀਆਂ ਥਾਵਾਂ ਤੋਂ ਬਹੁਤ ਡਰਦੇ ਆ" ਉਸਨੇ ਹੱਸਦਿਆਂ ਮੇਰੇ ਵੱਲ ਤੱਕਦਿਆਂ ਕਿਹਾ।

"ਪਰ ਮੈਂ ਨਹੀਂ ਡਰਦੀ। ਇਨ੍ਹਾਂ ਵਿਚਾਰਿਆਂ ਨੇ ਕਿਹੜਾ ਕਬਰਾਂ 'ਚੋਂ ਨਿਕਲ ਕੇ ਸਾਨੂੰ ਜੱਫ਼ਾ ਪਾਉਣਾ ਹੁੰਦਾ ਹੈ।"- ਮੈਂ ਕਿਹਾ।

ਅਸੀਂ ਦੋਨੋਂ ਖਿੜਖਿੜਾ ਕੇ ਹੱਸ ਪਈਆਂ। ਕਈ ਦਿਨਾਂ ਤਕ ਉਸਦੀ ਇਹ ਗੱਲ ਮੈਨੂੰ ਵਾਰ ਵਾਰ ਚੇਤੇ ਆਉਂਦੀ ਰਹੀ ਕਿ ਇਸਨੂੰ ਕਿਵੇਂ ਪਤਾ ਹੈ ਕਿ ਪੰਜਾਬੀ ਕਬਰਾਂ ਅਤੇ ਸਿਵਿਆਂ 'ਚ ਜਾਣ ਤੋਂ ਗੁਰੇਜ਼ ਕਰਦੇ ਹਨ। ਉਹ ਸੋਚਦੇ ਹਨ ਕਿ ਮਰ ਕੇ ਭੂਤ-ਪ੍ਰੇਤ ਬਣੇ ਲੋਕ ਸਾਨੂੰ ਚੰਬੜ ਜਾਣਗੇ।

ਤੇ ਫਿਰ ਇਕ ਦਿਨ ਉਸਨੇ ਗੱਲਾਂ ਗੱਲਾਂ ਵਿਚ ਮੈਨੂੰ ਦੱਸ ਦਿੱਤਾ ਕਿ ਉਸਦਾ ਬੁਆਏ ਫਰੈਂਡ ਇੰਡੀਅਨ ਪੰਜਾਬ ਤੋਂ ਹੈ। ਉਹ ਕਬਰਾਂ ਤੋਂ ਬਹੁਤ ਡਰਦਾ ਹੈ।



ਉਸਦੇ 'ਪੰਜਾਬੀ' ਕਹਿਣ 'ਤੇ ਮੇਰੇ ਕੰਨ ਖੜ੍ਹੇ ਹੋ ਗਏ।

"ਰੀਅਲੀ!" ਮੈਂ ਕਾਹਲੀ ਨਾਲ ਕਿਹਾ। "ਕੀ ਨਾਮ ਹੈ ਓਹਦਾ?"

ਲੀਜ਼ਾ ਨੇ ਮੇਰੇ ਵੱਲ ਇਕ ਮੁਸਕਰਾਹਟ ਸੁੱਟੀ ਤੇ ਕਿਹਾ,"ਉਸਦਾ ਨਾਮ ਹਰਨੇਕ ਸਿੰਘ ਮੱਲ੍ਹੀ ਹੈ। ਪਰ ਉਸਨੂੰ ਸਾਰੇ ਨੇਕ ਹੀ ਸੱਦਦੇ ਹਨ।"

"ਅੱਛਾ"- ਕਹਿ ਕੇ ਮੈਂ ਸੋਚਣ ਲੱਗ ਪਈ ਕਿ ਮੁੰਡਾ ਜੱਟਾਂ ਦਾ ਹੈ। 'ਮੱਲ੍ਹੀਆਂ' ਦੇ ਕਈ ਪਿੰਡ ਮੋਗੇ ਦੇ ਆਸ ਪਾਸ ਹਨ। ਹੋ ਸਕਦੈ ਇਹ ਮੋਗੇ ਜ਼ਿਲ੍ਹੇ ਦਾ ਹੀ ਹੋਵੇ। ਕੋਈ ਸਾਕ-ਸਕੀਰੀ ਹੀ ਨਿਕਲ ਆਵੇ। ਪੰਜਾਬੀਆਂ ਨੂੰ ਆਦਤ ਵੀ ਹੈ ਕਿ ਉਹ ਮਿੰਟਾਂ ਸਕਿੰਟਾਂ 'ਚ ਸ਼ਕੀਰੀ ਕੱਢ ਲੈਂਦੇ ਹਨ। ਇਹ ਸੋਚਦਿਆਂ ਮੈਂ ਉਹਨੂੰ ਦੂਸਰਾ ਸਵਾਲ ਕਰ ਦਿੱਤਾ,"ਕਿਹੜੇ ਪਿੰਡ ਦਾ ਹੈ?"

ਉਹ ਮੁਸਕਰਾਈ ਤੇ ਮੇਰੇ ਵੱਲ ਦੇਖਣ ਲੱਗ ਪਈ। ਸ਼ਾਇਦ ਉਸਨੂੰ ਮੇਰਾ ਸਵਾਲ ਚੰਗਾ ਨਹੀਂ ਸੀ ਲੱਗਿਆ।

"ਭਲਾ ਉਸਨੂੰ ਸਾਡੇ ਪਿੰਡਾਂ ਦਾ ਕੀ ਪਤਾ!" ਮੈਂ ਸ਼ਰਮਿੰਦਗੀ ਜਿਹੀ ਨਾਲ ਆਪਣੇ ਆਪ ਨੂੰ ਕਿਹਾ।

"ਆਈ ਡੌਂਟ ਨੋਅ।"

ਲੀਜ਼ਾ ਨੇ ਇਹ ਵੀ ਦੱਸ ਦਿੱਤਾ ਕਿ ਉਹ ਸਕੂਲ ਤੋਂ ਇਕ ਦੂਸਰੇ ਨੂੰ ਜਾਣਦੇ ਹਨ। ਪਹਿਲਾਂ ਤਾਂ ਦੋਸਤੀ ਸੀ ਤੇ ਯੂਨੀਵਰਸਿਟੀ ਤੱਕ ਪਹੁੰਚਦਿਆਂ ਪਹੁੰਚਦਿਆਂ ਪਿਆਰ ਵਿਚ ਬਦਲ ਗਈ। ਤੇ ਹੁਣ ਉਹ ਇਕ ਦੂਸਰੇ ਨੂੰ ਬਹੁਤ ਪਿਆਰ ਕਰਦੇ ਹਨ। ਉਹ ਭਾਵੁਕ ਹੋਈ ਨੇਕ ਬਾਰੇ ਕਈ ਕੁਝ ਕਹਿ ਗਈ ਕਿ ਨੇਕ ਉਸਦੀ ਜ਼ਿੰਦਗੀ ਹੈ। ਉਹ ਮੈਨੂੰ ਬਹੁਤ ਪਿਆਰ ਕਰਦਾ ਹੈ ਅਤੇ ਉਹ ਬਹੁਤ ਸੁਨੱਖਾ ਹੈ।

ਮੇਰੇ ਵਿਚ ਉਸ ਖ਼ੁਸਕਿਸਮਤ ਮੁੰਡੇ ਬਾਰੇ ਹੋਰ ਜਾਣਕਾਰੀ ਲੈਣ ਦੀ ਉਤਸੁਕਤਾ ਵਧ ਗਈ।

"ਲੀਜ਼ਾ! ਕੀ ਉਹ ਕੈਨੇਡਾ ਦਾ ਜੰਮ-ਪਲ ਹੈ।" ਮੇਰਾ ਅਗਲਾ ਮਹੱਤਵ-ਪੂਰਣ ਸਵਾਲ ਸੀ।

"ਨੋ ਨੋ! ਉਹ ਚੌਦਾ ਸਾਲਾਂ ਦਾ ਸੀ ਜਦੋਂ ਆਪਣੇ ਮਾਂ ਬਾਪ ਨਾਲ ਕੈਨੇਡਾ ਆਇਆ ਸੀ। ਉਸਦੀ ਵੱਡੀ ਭੈਣ ਨੇ ਸਾਰੀ ਫੈਮਿਲੀ ਦਾ ਅਪਲਾਈ ਕੀਤਾ ਸੀ। ਉਹ ਏਥੇ ਆ ਕੇ ਸਤਵੀਂ ਜਮਾਤ ਵਿਚ ਦਾਖ਼ਲ ਹੋਇਆ ਅੰਗਰੇਜ਼ੀ ਦੀਆਂ ਵਾਧੂ ਕਲਾਸਾਂ ਲੈ ਕੇ ਉਹ ਦਿਨਾਂ ਵਿਚ ਹੀ ਅੰਗਰੇਜ਼ੀ ਬੋਲਣਾ ਤੇ ਲਿਖਣਾ ਸਿੱਖ ਗਿਆ ਹੁਣ ਤਾਂ ਉਹ ਬਹੁਤ ਵਧੀਆ ਅੰਗਰੇਜ਼ੀ ਬੋਲਦਾ ਹੈ।"- ਲੀਜ਼ਾ ਦੇ ਲਹਿਜ਼ੇ ਵਿਚ ਉਸਦੀ ਪ੍ਰਸ਼ੰਸਾ ਸੀ ਅਤੇ ਦਿਲ ਵਿਚ ਮਾਣ ਮਹਿਸੂਸ ਕਰ ਰਹੀ ਸੀ।

"ਕੀ ਕੰਮ ਕਰਦਾ ਹੈ?"

ਉਹ 'ਅਮਕੋ ਪੈਟਰੋਲੀਅਮ' ਵਿਚ ਕੰਮ ਕਰਦਾ ਹੈ। ਉਸ ਨੇ ਛੇਤੀ ਨਾਲ ਜਵਾਬ ਦਿੱਤਾ।

ਲੀਜ਼ਾ ਨੇ ਸਵਾਲੀਆਂ ਨਜ਼ਰਾਂ ਨਾਲ ਮੇਰੇ ਵੱਲ ਤੱਕਿਆ ਤੇ ਕਿਹਾ," ਡੂ ਯੂ ਨੋ ਹਿਮ?"

"ਨੋ...ਨੋ....ਆਈ ਡੌਂਟ।" ਮੈਂ ਕਿਹਾ।

ਮੈਂ ਲੀਜ਼ਾ ਨਾਲ ਆਪਣੀ ਸਾਂਝ ਪੱਕੀ ਕਰਨ ਲਈ ਬਿਨਾਂ ਸੋਚੇ ਸਮਝੇ ਪੰਜਾਬੀ ਸੁਭਾਅ ਅਨੁਸਾਰ ਕਹਿ ਦਿੱਤਾ ਕਿ ਤੂੰ ਨੇਕ ਕੋਲ ਮੇਰੇ ਬਾਰੇ ਗੱਲ ਜ਼ਰੂਰ ਕਰੀਂ। ਹੋ ਸਕਦਾ ਉਹ ਮੈਨੂੰ ਜਾਣਦਾ ਹੋਵੇ। ਜੇਕਰ ਉਹ ਨਾ ਜਾਣਦਾ ਹੋਇਆ ਤਾਂ ਹੋ ਸਕਦਾ ਉਸਦੇ ਮਾਂ-ਬਾਪ ਜ਼ਰੂਰ ਜਾਣਦੇ ਹੋਣਗੇ।

ਦਫ਼ਤਰ ਆ ਕੇ ਮੈਂ ਇਕ ਕਾਗਜ਼ 'ਤੇ ਆਪਣਾ ਨਾਮ ਤੇ ਪਿੰਡ ਦਾ ਨਾਮ ਲਿਖ ਕੇ ਉਸ ਦੇ ਡੈਸਕ 'ਤੇ ਜਾ ਕੇ ਦੇ ਆਈ ਤੇ ਕਿਹਾ,"ਲੀਜ਼ਾ.... ਇਹ ਆਪਣੇ ਬੁਆਏ ਫਰੈਂਡ ਨੂੰ ਦੇ ਦੇਵੀਂ। ਹੋ ਸਕਦਾ, ਉਸਦੇ ਮਾਂ ਬਾਪ ਤੇ ਉਹ ਆਪ ਮੈਨੂੰ ਜਾਣਦਾ ਹੋਵੇ।"

"ਜ਼ਰੂਰ ਦੇਵਾਂਗੀ। ਅੱਜ ਸ਼ਾਮੀਂ ਉਸਨੇ ਮੈਨੂੰ ਮਿਲਣਾ ਹੈ। ਉਸਨੇ ਮੇਰਾ ਨਵਾਂ ਅਪਾਰਟਮੈਂਟ ਦੇਖਣ ਆਉਣਾ ਹੈ ਅਤੇ ਹੋ ਸਕਦਾ ਹੈ ਅੱਜ ਰਾਤ ਉਹ ਮੇਰੇ ਕੋਲ ਹੀ ਰਹੇ।"

ਉਸਦੇ ਡੈਸਕ 'ਤੇ ਪਏ ਫ਼ੋਨ ਦੀ ਘੰਟੀ ਖੜਕ ਪਈ। ਉਸਨੇ ਮੇਰੇ ਤੋਂ ਮੁਆਫ਼ੀ ਮੰਗਦਿਆਂ ਫ਼ੋਨ ਨੂੰ ਹੱਥ ਪਾ ਲਿਆ ਅਤੇ ਮੈਂ ਆਪਣੇ ਡੈਸਕ 'ਤੇ ਵਾਪਿਸ ਆ ਗਈ।

ਛੁੱਟੀ ਦਾ ਵਕਤ ਹੋ ਗਿਆ। ਅਸੀ ਦੋਨੋਂ ਪਾਰਕਿੰਗ ਲਾਟ ਤੱਕ ਇਕੱਠੀਆਂ ਆਈਆਂ ਤੇ ਗੁੱਡ ਨਾਈਟ ਤੇ ਹੈਵ ਏ ਨਾਈਸ ਵੀਕਐਂਡ ਕਹਿ ਕੇ ਆਪੋ ਆਪਣੀਆਂ ਕਾਰਾਂ 'ਚ ਬੈਠ ਗਈਆਂ।

ਇਸ ਤੋਂ ਬਾਅਦ ਉਹ ਮੈਨੂੰ ਸੋਮਵਾਰ ਨੂੰ ਮਿਲੀ। ਉਹ ਕੁਝ ਬਦਲੀ ਬਦਲੀ ਜਾਪੀ। ਉਸਦੇ ਚਿਹਰੇ 'ਤੇ ਪਹਿਲਾਂ ਵਾਲੇ ਹਾਵ ਭਾਵ ਨਹੀਂ ਦਿਸੇ। ਉਹ ਮੇਰੇ ਨਾਲ ਗੱਲ ਕਰਦੀ ਤਾਂ ਸੀ ਪਰ ਨਜ਼ਰਾਂ ਚੁਰਾ ਕੇ।

"ਕੋਈ ਗੱਲ ਹੋਣੀ ਹੈ!" ਮੈਂ ਸੋਚਣ ਲੱਗ ਪਈ। ਜੀਅ ਤਾਂ ਕੀਤਾ ਸੀ ਕਿ ਮੈਂ ਉਸ ਤੋਂ ਇਸ ਬਾਰੇ ਪੁੱਛਾਂ। ਪਰ ਇਹ ਸੋਚ ਕੇ ਚੁੱਪ ਹੋ ਗਈ ਕਿ ਗੋਰਿਆਂ ਨਾਲ ਸਾਡੀ ਕਾਹਦੀ ਸਾਂਝ ਹੈ। ਇਹ ਨਿਰਮੋਹੇ ਜਿਹੇ ਹੁੰਦੇ ਨੇ।

ਹੁਣ ਉਹ ਮੇਰੇ ਤੋਂ ਦੂਰ-ਦੂਰ ਰਹਿਣ ਲੱਗ ਪਈ। ਕੰਮ ਦੀ ਗੱਲ ਤੋਂ ਬਿਨਾਂ ਕੋਈ ਹੋਰ ਗੱਲ ਸਾਂਝੀ ਨਾ ਕਰਦੀ। ਨਾ ਉਹ ਕਦੇ ਮੇਰੇ ਨਾਲ ਕਾਫ਼ੀ ਬਰੇਕ 'ਤੇ ਜਾਂਦੀ ਅਤੇ ਨਾ ਹੀ ਲੰਚ 'ਤੇ ਜਾਣ ਲਈ ਆਖਦੀ। ਮੈਂ ਉਦਾਸ ਹੋਣ ਦੇ ਨਾਲ ਨਾਲ ਹੈਰਾਨ ਸਾਂ ਕਿਵੇਂ ਕੋਈ ਬਿਨਾਂ ਕਾਰਣ ਦੱਸੇ ਇਉਂ ਮੂੰਹ ਮੋੜ ਲੈਂਦਾ ਹੈ।

ਏਸੇ ਤਰ੍ਹਾਂ ਕੁਝ ਮਹੀਨੇ ਬੀਤ ਗਏ। ਪੁਲੀਸ ਡਿਪਾਰਟਮੈਂਟ 'ਚ ਨਵੀਂ ਪੋਸਟਿੰਗ ਆਈ ਤੇ ਮੈਂ ਅਪਲਾਈ ਕਰ ਦਿੱਤਾ। ਚੰਗੀ ਕਿਸਮਤ ਨੂੰ ਉਹ ਪੁਜ਼ੀਸ਼ਨ ਮੈਨੂੰ ਮਿਲ ਗਈ ਅਤੇ ਮੈਂ ਲੀਜ਼ਾ ਬਾਰੇ ਚੇਤੇ 'ਚੋਂ ਨਿਕਲ ਗਈ।

ਤੇ ਫਿਰ ਜਦੋਂ ਅਰਜ਼ੀਆਂ ਦੇ ਢੇਰ ਵਿਚੋਂ ਮੈਂ ਉਸਦੀ ਅਰਜ਼ੀ ਛਾਂਟੀ ਤਾਂ ਮੈਂ ਕੁਝ ਚੰਗਾ ਚੰਗਾ ਮਹਿਸੂਸ ਕੀਤਾ। ਕੁੜੀ ਤਾਂ ਬਹੁਤ ਚੰਗੀ ਸੀ ਪਰ ਪਤਾ ਨਹੀਂ ਕਿਉਂ ਮੇਰੇ ਤੋਂ ਦੂਰ ਹੋ ਗਈ। ਇਕ ਵਾਰੀ ਤਾਂ ਦਿਮਾਗ਼ 'ਚ ਆਇਆ ਕਿ ਇਸ ਬਾਰੇ ਕੁਝ ਨੈਗੇਟਿਵ ਕਹਿ ਦੇਵਾਂ ਪਰ ਆਤਮਾ ਨੇ ਅਜਿਹਾ ਕਰਨ ਦੀ ਹਾਮੀ ਨਾ ਭਰੀ।

ਪੁਲੀਸ ਮਹਿਕਮੇ ਵਿਚ ਆ ਕੇ ਉਸਦਾ ਗਲਵੱਕੜੀ ਪਾਉਣਾ ਮੇਰੇ ਲਈ ਜਿੱਥੇ ਅਚੰਭਾ ਸੀ ਓਥੇ ਖੁਸ਼ੀਆਂ ਭਰਿਆ ਪੈਗ਼ਾਮ ਵੀ ਸੀ। ਹੱਸਣ ਹਸਾਉਣ ਲਈ ਇਸ਼ਾਰਾ ਸੀ। ਨਵੇਂ ਰਿਸ਼ਤੇ ਦੀ ਸ਼ੁਰੂਆਤ ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਮੈਂ ਕੁਝ ਜ਼ਿਆਦਾ ਅਪਣੱਤ ਨਾ ਦਿਖਾਈ। ਨਾ ਹੀ ਉਸਦੇ ਪੰਜਾਬੀ ਬੁਆਏ ਫਰੈਂਡ ਬਾਰੇ ਗੱਲ ਛੇੜੀ ਅਤੇ ਨਾ ਹੀ ਉਸਨੇ ਕੋਈ ਗੱਲ ਕੀਤੀ।

ਉਹ ਕਈ ਦਿਨ ਮੇਰੇ ਨਾਲ ਨਾਲ ਦਫ਼ਤਰ ਵਿਚ ਤੁਰਦੀ ਫਿਰਦੀ ਰਹੀ। ਕੰਮ ਸਿੱਖਦੀ ਰਹੀ। ਆਪਣੀ ਕਾਪੀ 'ਤੇ ਆਪਣੇ ਨੋਟਸ ਲਿਖਦੀ ਤੇ ਕੰਮ 'ਚ ਪੂਰਾ ਧਿਆਨ ਲਾਉਂਦੀ। ਵਿਚ ਵਿਚ ਨੈਨਸੀ ਵੀ ਮੇਰੇ ਤੋਂ ਪੁੱਛ ਜਾਂਦੀ ਕਿ ਕਿਸ ਤਰ੍ਹਾਂ ਚੱਲ ਰਿਹਾ ਹੈ। ਮੈਂ ਉਸਦੀ ਲੋੜ ਤੋਂ ਵੱਧ ਚੰਗੀ ਰਿਪੋਰਟ ਪੇਸ਼ ਕਰਦੀ।

ਦਸ ਕੁ ਦਿਨਾਂ ਬਾਅਦ ਮੇਰੀ ਨਿਗਾਹ ਉਸਦੇ ਸੱਜੇ ਹੱਥ 'ਤੇ ਪੈ ਗਈ। ਹੱਥ ਦੇ ਪਿਛਲੇ ਪਾਸੇ ਟੈਟੂ ਬਣਿਆ ਹੋਇਆ ਸੀ।

"ਇਹ ਤਾਂ ਖੰਡਾ ਲੱਗਦਾ ਹੈ?" ਮੈਂ ਆਪਣੇ ਆਪ ਨੂੰ ਕਿਹਾ।

ਮੈਂ ਹੋਰ ਗਹੁ ਨਾਲ ਦੇਖਿਆ। ਸੱਚਮੁੱਚ ਹੀ ਖੰਡਾ ਸੀ। ਉਸਨੇ ਮੈਨੂੰ ਟੈਟੂ ਵੱਲ ਦੇਖਦਿਆਂ ਦੇਖ ਲਿਆ।

ਲੀਜ਼ਾ ਨੂੰ ਪਤਾ ਲੱਗ ਗਿਆ ਕਿ ਹੁਣ ਕਿਸੇ ਨਾ ਕਿਸੇ ਦਿਨ ਇਸ ਖੰਡੇ ਵਾਲੇ ਟੈਟੂ ਬਾਰੇ ਸਵਾਲ ਤਾਂ ਹੋਵੇਗਾ ਹੀ। ਸ਼ਾਇਦ ਉਸਨੇ ਇਹ ਸੋਚ ਕੇ ਆਪ ਹੀ ਗੱਲ ਛੇੜ ਲਈ।

"ਦਿਸ ਟੈਟੂ!" ....ਉਸ ਦੇ ਮੂੰਹੋਂ ਨਿਕਲਿਆ ਹੀ ਸੀ ਕਿ ਫ਼ੋਨ ਦੀ ਘੰਟੀ ਖੜਕ ਪਈ। ਕਿਉਂਕਿ ਉਹ ਟਰੇਨਿੰਗ 'ਤੇ ਸੀ, ਇਸ ਲਈ ਮੈਂ ਆਪ ਫ਼ੋਨ ਚੁੱਕਣ ਦੀ ਬਜਾਇ ਉਸਨੂੰ ਇਸ਼ਾਰਾ ਕੀਤਾ। ਟੈਟੂ ਵਾਲੀ ਗੱਲ ਵਿਚੇ ਹੀ ਰਹਿ ਗਈ।

ਕੁਝ ਦਿਨਾਂ ਬਾਅਦ ਲੀਜ਼ਾ ਕੁਝ ਵੱਖਰੇ ਮੂਡ ਵਿਚ ਸੀ। ਮੈਨੂੰ ਜਾਪਿਆ ਜਿਵੇਂ ਉਹ ਮੇਰੇ ਨਾਲ ਬਹੁਤ ਸਾਰੀਆਂ ਗੱਲਾਂ ਕਰਨਾ ਚਾਹੁੰਦੀ ਸੀ। ਮੈਂ ਸ਼ੁਰੂ ਕਰਨ ਦਾ ਮੌਕਾ ਉਸਨੂੰ ਹੀ ਦੇਣਾ ਚਾਹੁੰਦੀ ਸਾਂ। ਕਿਉਂ ਕਿ ਮੈਂ ਸੋਚ ਰੱਖਿਆ ਸੀ ਕਿ ਮੈਂ ਉਸਦੀ ਨਿੱਜੀ ਜ਼ਿੰਦਗੀ ਬਾਰੇ ਕੁਝ ਨਹੀਂ ਕਹਿਣਾ ਤੇ ਨਾ ਕੋਈ ਸਵਾਲ ਕਰਨਾ ਹੈ।

ਉਸਨੇ ਮੇਰੇ ਨਾਲ ਪਿਆਰ ਤੇ ਹਮਦਰਦੀ ਦਿਖਾਉਂਦੇ ਹੋਏ ਆਪਣਾ ਪੱਖ ਦੱਸਣ ਦੇ ਅਹਿਸਾਸ ਨਾਲ ਕਹਿਣਾ ਸ਼ੁਰੂ ਕਰ ਦਿੱਤਾ "ਜਿਸ ਦਿਨ ਮੈਂ ਤੇਰਾ ਨਾਮ ਅਤੇ ਪਿੰਡ ਦੇ ਨਾਮ ਵਾਲੀ ਸਲਿੱਪ ਨੇਕ ਨੂੰ ਦਿਖਾਈ ਤਾਂ ਉਹ ਬਹੁਤ ਗੁੱਸੇ ਵਿਚ ਆ ਗਿਆ ਤੇ ਕਹਿਣ ਲੱਗਾ,"ਦਫ਼ਤਰ ਵਿਚ ਕਿਸੇ ਵੀ ਈਸਟ ਇੰਡੀਅਨ ਪੰਜਾਬੀ ਨਾਲ ਕੋਈ ਗੱਲ ਨਹੀਂ ਕਰਨੀ। ਇਹ ਲੋਕ ਬਹੁਤ ਬੁਰੇ ਹੁੰਦੇ ਹਨ ਪਿਆਰ ਮੁਹੱਬਤ ਦੇ ਮਾਮਲੇ ਵਿਚ। ਇਨ੍ਹਾਂ ਨੇ ਮੇਰੇ ਸਾਰੇ ਪਰਿਵਾਰ ਨੂੰ ਤੰਗ ਕਰਨਾ ਸ਼ੁਰੂ ਕਰ ਦੇਣਾ ਹੈ ਕਿ ਤੁਹਾਡਾ ਮੁੰਡਾ ਗੋਰੀ ਨਾਲ ਫਿਰਦਾ ਹੈ। ਤੇਰੇ ਮੇਰੇ ਵਿਆਹ 'ਚ ਅੜਿੱਕਾ ਪਾਉਣਗੇ। ਤੂੰ ਇਨ੍ਹਾਂ ਤੋਂ ਦੂਰ ਰਹਿ ਅਤੇ ਆਪਣੇ ਕੰਮ ਨਾਲ ਮਤਲਬ ਰੱਖ। ਕਿਸੇ ਵੀ ਪੰਜਾਬੀ ਕੋਲ ਆਪਣੀ ਨਿੱਜੀ ਜ਼ਿੰਦਗੀ ਬਾਰੇ ਗੱਲ ਕਰਨ ਦੀ ਲੋੜ ਨਹੀਂ।" ਇਹ ਸਾਰਾ ਕੁਝ ਉਹ ਇਕੋ ਸਾਹ ਹੀ ਕਹਿ ਗਈ।

ਮੇਰਾ ਹਾਸਾ ਨਿਕਲ ਗਿਆ ਤੇ ਮੈਂ ਮਨ ਹੀ ਮਨ ਉਸ ਪਾਗਲ ਮੁੰਡੇ ਨੂੰ ਗਾਲ੍ਹ ਕੱਢੀ।

ਲੀਜ਼ਾ ਨੇ ਆਪਣੀ ਗੱਲ ਜਾਰੀ ਰੱਖੀ।

"ਇਸ ਤੋਂ ਬਾਅਦ ਉਹ ਕੁਝ ਓਪਰੀਆਂ ਜੇਹੀਆਂ ਗੱਲਾਂ ਕਰਨ ਲੱਗ ਪਿਆ। ਰੋਜ਼ ਹੀ ਪੰਜਾਬੀ ਲੋਕਾਂ ਤੋਂ ਦੂਰ ਰਹਿਣ ਦੀਆਂ ਹਦਾਇਤਾਂ ਦਿੰਦਾ ਰਹਿੰਦਾ। ਏਥੋਂ ਤੱਕ ਕਿ ਉਸਨੇ ਹੋਰ ਪੰਜਾਬੀ ਲੋਕਾਂ ਨਾਲ ਵੀ ਮੇਰੇ ਸੰਬੰਧ ਖ਼ਰਾਬ ਕਰ ਦਿੱਤੇ।"

"ਹੂੰ" ਮੈਂ ਹੂੰ ਕਹਿ ਕੇ ਹੀ ਸਾਰ ਲਿਆ ਪਰ ਉਹ ਬੋਲਦੀ ਹੀ ਗਈ।

"ਮੈਂ ਉਸਨੂੰ ਬਹੁਤ ਪਿਆਰ ਕਰਦੀ ਸੀ। ਉਹ ਮੇਰੀ ਜਿੰਦ-ਜਾਨ ਸੀ। ਮੇਰੀ ਲਾਈਫ਼ ਤੇ ਮੇਰਾ ਸਭ ਕੁਝ ਸੀ ਨੇਕ।" ਨੇਕ ਨਾਮ ਲੈਂਦਿਆਂ ਹੀ ਉਸ ਦੀਆਂ ਅੱਖਾਂ ਭਰ ਆਈਆਂ।

ਉਹ ਬੋਲਦੀ ਹੀ ਗਈ। "ਮੈਨੂੰ ਉਸਦੇ ਵਿਵਹਾਰ 'ਤੇ ਕੁਝ ਸ਼ੱਕ ਜਿਹਾ ਹੋਣ ਲੱਗਾ। ਪਰ ਮੈਂ ਇਸਨੂੰ ਆਪਣਾ ਭੁਲੇਖਾ ਜਾਂ ਗ਼ਲਤਫਹਿਮੀ ਸਮਝ ਕੇ ਨਜ਼ਰ-ਅੰਦਾਜ਼ ਕਰ ਦਿੱਤਾ।"

ਮੈਂ ਲੀਜ਼ਾ ਦੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਕਿਹਾ,"ਹਾਂ! ਏਸੇ ਤਰ੍ਹਾਂ ਹੀ ਹੁੰਦਾ ਹੈ। ਜਿਸਨੂੰ ਤੁਸੀਂ ਪਿਆਰ ਕਰਦੇ ਹੋ ਉਸਦੀ ਹਰ ਮਾੜੀ ਆਦਤ ਨਜ਼ਰ-ਅੰਦਾਜ਼ ਹੋ ਜਾਂਦੀ ਹੈ।"

"ਹੂੰ" ਕਹਿ ਕੇ ਉਹ ਚੁੱਪ ਹੋ ਗਈ। ਉਸਨੇ ਪਾਣੀ ਦੀ ਘੁੱਟ ਭਰੀ। ਪਾਣੀ ਪੀ ਕੇ ਜਿਵੇਂ ਉਸ ਵਿਚ ਤਾਕਤ ਆ ਗਈ ਤੇ ਉਸਨੇ ਪਹਿਲਾਂ ਨਾਲੋਂ ਉੱਚੀ ਆਵਾਜ਼ 'ਚ ਕਹਿਣਾ ਸ਼ੁਰੂ ਕੀਤਾ, "ਇਕ ਦਿਨ ਮੈਂ ਉਸ ਨਾਲ ਵਿਆਹ ਦੀ ਗੱਲ ਕੀਤੀ ਤਾਂ ਉਹ ਕੁਝ ਹੋਰ ਹੀ ਕਰਨ ਲੱਗ ਪਿਆ ਕਿ ਉਸਦੇ ਮੋਢਿਆਂ 'ਤੇ ਬਹੁਤ ਵੱਡੀ ਜ਼ਿੰਮੇਵਾਰੀ ਹੈ। ਉਸਨੇ ਯੇਹ ਕਰਨਾ ਹੈ, ਵੋਹ ਕਰਨਾ ਹੈ, ਔਹ ਕਰਨਾ ਹੈ।" ਲੀਜ਼ਾ ਸਾਰਾ ਕੁਝ ਇਕੋ ਸਾਹ ਕਹਿ ਗਈ। ਸ਼ਾਇਦ ਉਹ ਵਾਕ ਨੂੰ ਹੋਰ ਵੀ ਲੰਬਾ ਕਰ ਦਿੰਦੀ ਜੇਕਰ ਮੈਂ ਉਸਨੂੰ ਵਿਚੋਂ ਦੀ ਨਾ ਟੋਕਦੀ।


"ਤੇ ਆਹ ਟੈਟੂ ਦਾ ਤੈਨੂੰ ਕਿਵੇਂ ਸ਼ੌਕ ਆਇਆ?" ਮੈਂ ਆਪਣੇ 'ਤੇ ਜ਼ੋਰ ਦੇ ਕੇ ਪੁੱਛ ਹੀ ਲਿਆ।

(ਬਾਕੀ ਅਗਲੇ ਸਫੇ 'ਤੇ)

# ਫਰਾਂਸ 'ਚ ਔਰਤ ਦੀ ਹੋਂਦ ਤੇ ਹੋਣੀ ਨੂੰ ਪਰਿਭਾਸ਼ਿਤ ਕਰਦਾ ਨਾਵਲ - ਔਰਤ ਦੁਖਿਆਰੀ

**ਲੇਖਕ: ਮੋਪਾਸਾਂ**
**ਪੰਜਾਬੀ ਅਨੁਵਾਦ - ਨਿਰਮਲਜੀਤ ਸਿੰਘ**
**ਕੁਕਨੁਸ ਪ੍ਰਕਾਸ਼ਨ, ਜਲੰਧਰ**
**ਪੰਨੇ- 96 ਮੁੱਲ- 150 ਰੁਪਏ**

ਫਰਾਂਸ ਦੇ ਮਹਾਨ ਲੇਖਕ ਮੋਪਾਸਾ ਦੀਆਂ ਕਹਾਣੀਆਂ ਤੇ ਨਾਵਲ ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਨੂੰ ਜਟਿਲ ਬਣਾਉਂਦੀਆਂ ਮੁਹੱਬਤੀ ਭਾਵਨਾਵਾਂ, ਸੂਖਮ ਈਰਖਾਵਾਂ, ਤਣਾਵਾਂ, ਟਕਰਾਵਾਂ, ਦੁਬਿਧਾਵਾਂ ਤੇ ਸ਼ੰਕਾਵਾਂ ਦੀ ਸ਼ਿੱਦਤ ਬਿਆਨੀ ਕਰਕੇ ਸੰਸਾਰ ਪੱਧਰ 'ਤੇ ਆਪਣੀ ਵੱਖਰੀ ਛਾਪ ਛੱਡਣ ਵਿਚ ਸਫਲ ਹੋਏ ਹਨ। ਦੁਨੀਆਂ ਦੇ ਬਹੁਤ ਸਾਰੇ ਲੇਖਕਾਂ ਨੇ ਸਮਾਜਿਕ ਰਿਸ਼ਤਿਆਂ ਨਾਲ ਜੁੜੀਆਂ ਭਾਵਨਾਤਮਕ ਸਮੱਸਿਆਵਾਂ ਨੂੰ ਸਮਝਣ ਲਈ




**ਨਿਰੰਜਣ ਬੋਹਾ**
**ਫੋਨ: 89682-82700**

## ਪੁਸਤਕ ਚਰਚਾ

ਉਸ ਤੋਂ ਅਗਵਾਈ ਵੀ ਹਾਸਿਲ ਕੀਤੀ ਹੈ। ਕੁਕਨੁਸ ਪ੍ਰਕਾਸ਼ਨ ਵੱਲੋਂ ਛਾਪਿਆ ਤੇ ਨਿਰਮਲਜੀਤ ਸਿੰਘ ਵੱਲੋਂ ਪੰਜਾਬੀ ਭਾਸ਼ਾ ਵਿਚ ਅਨੁਵਾਦਿਤ ਕੀਤਾ ਉਸਦਾ ਨਾਵਲ 'ਔਰਤ ਦੁਖਿਆਰੀ' ਉਨ੍ਹੀਵੀਂ ਸਦੀ ਦੇ ਆਰੰਭਕ ਦਹਾਕਿਆਂ ਦੌਰਾਨ ਫਰਾਂਸ ਦੇ ਸਮਾਜਿਕ ਧਰਾਤਲ 'ਤੇ ਔਰਤ ਦੀ ਸਮਾਜਿਕ ਅਤੇ ਸਭਿਆਚਾਰਕ ਸਥਿਤੀ ਨੂੰ ਰੂਪਮਾਨ ਕਰਨ ਲਈ ਜਿਹੜੇ ਦ੍ਰਿਸ਼ ਸਿਰਜਦਾ ਹੈ, ਉਹ ਭਾਰਤੀ ਸਮਾਜ ਵਿਚ ਔਰਤ ਦੀ ਸਮਾਜਿਕ ਸਥਿਤੀ ਨਾਲ ਵੀ ਪੂਰੀ ਤਰ੍ਹਾਂ ਮੇਲ ਖਾਂਦੇ ਹਨ। ਨਾਵਲ ਰਾਹੀਂ ਇਸ ਗੱਲ ਦੀ ਪੁਸ਼ਟੀ ਸਹਿਜ ਰੂਪ ਵਿਚ ਹੀ ਹੋ ਜਾਂਦੀ ਹੈ ਕਿ ਔਰਤ ਨੂੰ ਉਸਦੇ ਹਿੱਸੇ ਦੇ ਮਨੁੱਖੀ ਅਧਿਕਾਰ ਦੇਣ ਦੇ ਮਾਮਲੇ ਵਿਚ ਵਿਕਸਿਤ ਤੇ ਤਰੱਕੀ ਪਸੰਦ ਕਹਾਉਂਦੇ ਸਮਾਜ ਵੀ ਵਧੇਰੇ ਖੁੱਲ੍ਹ ਦਿਲੇ ਤੇ ਨਿਆਂ ਪਸੰਦ ਨਹੀਂ ਹਨ।

ਨਾਵਲ ਦੀ ਕਹਾਣੀ ਆਪਣੀ ਮੁੱਖ ਪਾਤਰ ਜ਼ੀਨੇ ਦੇ ਹਵਾਲੇ ਨਾਲ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਫਰਾਂਸੀਸੀ ਸਮਾਜ ਦੀ ਜਿਹੜੀ ਤਸਵੀਰ ਉਭਾਰਦੀ ਹੈ, ਉਸ ਅਨੁਸਾਰ ਭਾਰਤੀ ਸਮਾਜ ਵਾਂਗ ਉਥੇ ਵੀ ਔਰਤ ਦੀ ਸਮਾਜਿਕ ਦਸ਼ਾ ਤੇ ਦਿਸ਼ਾ ਪਿਤਾ, ਭਰਾ ਜਾਂ ਪਤੀ ਦੇ ਰਹਿਮ ਕਰਮ 'ਤੇ ਹੀ ਨਿਰਭਰ ਰਹੀ ਹੈ। ਨਾਵਲ ਦੀ ਮੁੱਖ ਪਾਤਰ ਜ਼ੀਨੇ ਦਾ ਮੇਲ ਜਦੋਂ ਆਪਣੇ ਨਵੇਂ ਗੁਆਂਢੀ ਜੂਲੀਅਨ ਨਾਲ ਹੁੰਦਾ ਹੈ ਤਾਂ ਪਹਿਲੀ ਨਜ਼ਰ ਵਿਚ ਉਹ ਉਸ ਨੂੰ ਆਪਣੇ ਸੁਪਨਿਆਂ ਦਾ ਰਾਜ ਕੁਮਾਰ ਹੀ ਲੱਗਦਾ ਹੈ। ਹਫਤੇ ਕੁ ਭਰ ਲਈ ਪ੍ਰੇਮੀ-ਪ੍ਰੇਮਿਕਾ ਵਜੋਂ ਵਿਚਰਣ ਤੋਂ ਬਾਅਦ ਉਹ ਉਸ ਨਾਲ ਵਿਆਹ ਵੀ ਕਰਵਾ ਲੈਂਦੀ ਹੈ। ਵਿਆਹ ਤੋਂ ਬਾਅਦ ਜੂਲੀਅਨ ਦਾ ਅਸਲੀ ਰੂਪ ਸਾਹਮਣੇ ਆਉਣ ਲੱਗਦਾ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਕਾਹਲੀ ਵਿਚ ਕੋਈ ਵੱਡੀ ਗਲਤੀ ਕਰ ਬੈਠੀ ਹੈ। ਜੂਲੀਅਨ ਉਪਰੋਂ ਤਾਂ ਪੂਰੀ ਤਰ੍ਹਾਂ ਸੱਭਿਅਕ ਤੇ ਦਿਆਨਤਦਾਰ ਮਨੁੱਖ ਵਿਖਾਈ ਦਿੰਦਾ ਹੈ ਪਰ ਅੰਦਰੋਂ ਬੇ-ਹੱਦ ਕਠੋਰ, ਸੰਵੇਦਨਹੀਣ, ਚਰਿੱਤਰਹੀਣ, ਲਾਲਚੀ ਤੇ ਕੰਜੂਸ ਵਿਅਕਤੀ ਹੈ। ਉਸਦੀ ਅੱਖ ਜ਼ੀਨੇ ਦੇ ਪਿਤਾ ਬੈਰਨ ਦੀ ਜਾਇਦਾਦ 'ਤੇ ਵੀ ਹੈ। ਜ਼ੀਨੇ ਨੂੰ ਆਪਣੇ ਪਤੀ ਦੇ ਧੋਖੇਬਾਜ਼ ਤੇ ਲਾਲਚੀ ਹੋਣ ਦਾ ਅਹਿਸਾਸ ਤਾਂ ਆਪਣੇ ਹਨੀਮੂਨ ਟੂਰ ਸਮੇਂ ਹੀ ਹੋਣ ਲੱਗਦਾ ਹੈ ਪਰ ਆਪਣੇ ਪਰਿਵਾਰਕ ਸੰਸਕਾਰਾਂ ਦੇ ਦਬਾਅ ਕਾਰਨ ਉਹ ਆਪਣੀ ਜ਼ੁਬਾਨ ਬੰਦ ਹੀ ਰੱਖਦੀ ਹੈ।

ਜੂਲੀਅਨ ਪਰਿਵਾਰਕ ਰਿਸ਼ਤਿਆਂ ਦੀ ਮਰਿਆਦਾ ਦਾ ਉਲੰਘਣ ਕਰਦਿਆਂ ਪਹਿਲਾਂ ਆਪਣੇ ਸਹੁਰੇ ਘਰ ਦੀ ਨੌਕਰਾਣੀ ਰੋਜ਼ਾਲੀ ਨਾਲ ਜਬਰੀ ਸਰੀਰਕ ਸਬੰਧ ਬਣਾਉਂਦਾ ਹੈ ਤੇ ਫਿਰ ਆਪਣਾ ਕੁਕਰਮ ਛੁਪਾਉਣ ਲਈ ਉਸਨੂੰ ਗਰਭਮਈ ਅਵਸਥਾ ਵਿਚ ਹੀ ਘਰੋਂ ਬਾਹਰ ਕੱਢਣ ਦੀ ਸਾਜ਼ਿਸ਼ ਰਚਦਾ ਹੈ। ਉਸਦੇ ਇਸ ਕਾਰਨਾਮੇ ਬਾਰੇ ਪਤਾ ਚਲਣ 'ਤੇ ਇਕ ਵਾਰ ਤਾਂ ਆਪਣੀ ਪਤਨੀ ਜ਼ੀਨੇ ਨਾਲ ਉਸਦੇ ਸਬੰਧ ਟਕਰਾਓ ਪੂਰਨ ਬਣ ਜਾਂਦੇ ਹਨ ਪਰ ਉਸ ਵੱਲੋਂ ਵਿਖਾਈ ਵਕਤੀ ਹਲੀਮੀ ਤੇ ਜ਼ੀਨੇ ਦੇ ਸੰਸਕਾਰੀ ਸੁਭਾਅ ਕਾਰਨ ਇਹ ਸਬੰਧ ਟੁੱਟਣ ਤੋਂ ਬਚੇ ਰਹਿੰਦੇ ਹਨ। ਜੂਲੀਅਨ ਦੇ ਨਾਰਾਜ਼ ਹੋਣ ਦੇ ਡਰੋਂ ਜ਼ੀਨੇ ਪੈਰ-ਪੈਰ 'ਤੇ ਸਮਝੌਤੇ ਕਰਦਿਆਂ ਉਸ ਦੀਆਂ ਵਧੀਕੀਆਂ ਨੂੰ ਨਜ਼ਰ-ਅੰਦਾਜ਼ ਕਰਦੀ ਹੈ ਤਾਂ ਉਹ ਇਸਦਾ ਨਾਜਾਇਜ਼ ਫਾਇਦਾ ਚੁੱਕਦਿਆਂ ਇਕ ਹੋਰ ਗੁਆਂਢਣ ਔਰਤ ਕੌਮਤੈਸ ਨਾਲ ਵੀ ਸਰੀਰਕ ਸਬੰਧ ਪੈਦਾ ਕਰ ਲੈਂਦਾ ਹੈ। ਕੌਮਤੈਸ ਦੇ ਪਤੀ ਕੋਮਤੇ ਵੱਲੋਂ ਗੁੱਸੇ ਵਿਚ ਆ




ਕੇ ਆਪਣੀ ਪਤਨੀ ਤੇ ਜੂਲੀਅਨ ਦੀ ਹੱਤਿਆ ਕਰ ਦਿੱਤੀ ਜਾਣ ਨਾਲ ਜ਼ੀਨੇ ਆਪਣੇ ਪਤੀ ਵੱਲੋਂ ਕੀਤੇ ਜਾਂਦੇ ਜਬਰ ਜ਼ੁਲਮ ਤੋਂ ਤਾਂ ਛੁਟਕਾਰਾ ਪਾ ਲੈਂਦੀ ਹੈ ਪਰ ਉਸਦੇ ਦੁੱਖਾਂ ਦਾ ਅੰਤ ਨਹੀਂ ਹੁੰਦਾ। ਪਹਿਲਾਂ ਉਹ ਪਤਨੀ ਵਜੋਂ ਮਾਨਸਿਕ ਯਾਤਨਾਵਾਂ ਭੋਗਦੀ ਹੈ ਤੇ ਫਿਰ ਉਸਦੀ ਅਗਲੀ ਜੀਵਨ ਤ੍ਰਾਸਦੀ ਇੱਕ ਦੁਖਿਆਰੀ ਮਾਂ ਵਜੋਂ ਸਾਹਮਣੇ ਆਉਂਦੀ ਹੈ।

ਉਸਦਾ ਪੁੱਤਰ ਪਾਲ ਲਮਾਰੇ ਵੀ ਆਪਣੇ ਪਿਤਾ ਵਾਂਗ ਉਸਨੂੰ ਦੁਖਿਆਰੀ ਬਣਾਈ ਰੱਖਣ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਜ਼ੀਨੇ ਉਸਨੂੰ ਬਹੁਤ ਪਿਆਰ ਕਰਦੀ ਹੈ ਤੇ ਆਪ ਮੁਸੀਬਤਾਂ ਸਹਿਣ ਕਰਕੇ ਵੀ ਉਸਨੂੰ ਜੀਵਨ ਦੀ ਹਰ ਸੁੱਖ ਸੁਵਿਧਾ ਦੇਣ ਦੀ ਕੋਸ਼ਿਸ਼ ਕਰਦੀ ਹੈ। ਪਰ ਦੂਸਰੇ ਪਾਸੇ ਪਾਲ ਪੜ੍ਹਾਈ ਵੱਲ ਧਿਆਨ ਦੇਣ ਦੀ ਬਜਾਏ ਆਪਣਾ ਸਾਰਾ ਧਿਆਨ ਸੱਟੇਬਾਜ਼ੀ ਵੱਲ ਹੀ ਲਾਉਂਦਾ ਹੈ। ਸੱਟੇਬਾਜ਼ੀ ਕਾਰਨ ਚੜ੍ਹਿਆ ਕਰਜ਼ਾ ਉਤਾਰਣ ਲਈ ਉਹ ਵਾਰ ਵਾਰ ਆਪਣੀ ਮਾਂ ਨੂੰ ਭਾਵੁਕ ਤੌਰ 'ਤੇ ਬਲੈਕਮੇਲ ਵੀ ਕਰਦਾ ਹੈ। ਜਦੋਂ ਉਸਦੀ ਪਤਨੀ ਉਸਦੀ ਧੀ ਨੂੰ ਜਨਮ ਦੇਣ ਵੇਲੇ ਜਣੇਪੇ ਵਿਚ ਹੀ ਮਰ ਜਾਂਦੀ ਹੈ ਤਾਂ ਉਹ ਬੁਢਾਪੇ ਦੀ ਅਵਸਥਾ ਵਿਚ ਆਪਣੀ ਮਾਂ ਦਾ ਸਹਾਰਾ ਬਣਨ ਦੀ ਬਜਾਇ ਨਵ-ਜਨਮੀ ਬੱਚੀ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਵੀ ਉਸ 'ਤੇ ਹੀ ਪਾ ਦਿੰਦਾ ਹੈ। ਨਾਵਲ ਅਨੁਸਾਰ ਜ਼ੀਨੇ ਦੇ ਜੀਵਨ ਦਾ ਉਭਰਵਾਂ ਸੱਚ ਇਹ ਹੈ ਕਿ ਆਪਣਿਆਂ ਵੱਲੋਂ ਉਸਦੇ ਜੀਵਨ ਨੂੰ ਹਮੇਸ਼ਾ ਦੁਖਿਆਰਾ ਹੀ ਬਣਾਇਆ ਜਾਂਦਾ ਹੈ ਪਰ ਬਿਗਾਨੇ ਸਮਝੇ ਜਾਂਦੇ ਨੌਕਰਾਣੀ ਰੋਜ਼ਾਲੀ ਤੇ ਉਸਦੇ ਪੁੱਤਰ ਵੱਲੋਂ ਉਸਦੇ ਸੁੱਖ-ਆਰਾਮ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਉਸਦੇ ਜੀਵਨ ਦੇ ਸਾਰੇ ਉਤਰਾਵਾਂ-ਚੜ੍ਹਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਨਾਵਲ ਉਸਦੀ ਜੀਵਨ ਕਹਾਣੀ ਦਾ ਅੰਤ ਇਸ ਦਾਰਸ਼ਨਿਕ ਉਕਤੀ ਨਾਲ ਕਰਦਾ ਹੈ, 'ਜਿੰਨੀ ਅਸੀਂ ਸਮਝਦੇ ਹਾਂ, ਜ਼ਿੰਦਗੀ ਉਨੀਂ ਚੰਗੀ ਜਾਂ ਮਾੜੀ ਨਹੀਂ ਹੁੰਦੀ।'

ਇਹ ਨਾਵਲ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੱਕ ਧਰਮ ਜਾਂ ਚਰਚ ਵੱਲੋਂ ਮਨੁੱਖੀ ਜੀਵਨ ਖਾਸ ਤੌਰ 'ਤੇ ਨਾਰੀ ਦੇ ਜੀਵਨ ਵਿਚ ਕੀਤੀ ਜਾਂਦੀ ਰਹੀ ਬੇ-ਲੋੜੀ ਦਖਲਅੰਦਾਜ਼ੀ ਬਾਰੇ ਵੀ ਭਰਵੀਂ ਸੰਵਾਦਕ ਚਰਚਾ ਛੇੜਦਾ ਹੈ। ਇਸ ਤਰ੍ਹਾਂ ਇਹ ਨਾਵਲ ਸਿਰਫ ਇੱਕ ਗਾਲਪਨਿਕ ਰਚਨਾ ਹੀ ਨਹੀਂ ਹੈ, ਸਗੋਂ ਆਪਣੇ ਤਤਕਾਲੀਨ ਸਮੇਂ ਦੇ ਸਮਾਜ ਵਿਚ ਨਾਰੀ ਦੀ ਸਮਾਜਿਕ ਦਸ਼ਾ ਤੇ ਦਿਸ਼ਾ ਬਾਰੇ ਇਕ ਇਤਿਹਾਸਕ ਦਸਤਾਵੇਜ਼ ਵੀ ਹੈ। ਇਸ ਨਾਵਲ ਦਾ ਅਨੁਵਾਦ ਪ੍ਰਸਿੱਧ ਅਨੁਵਾਦਕ ਨਿਰਮਲਜੀਤ ਸਿੰਘ ਵੱਲੋਂ ਕੀਤਾ ਗਿਆ ਹੈ। ਇਹ ਅਨੁਵਾਦ ਏਨਾ ਸੁਚੱਜਾ ਹੈ ਕਿ ਜੇ ਨਾਵਲ ਦੇ ਪਾਤਰਾਂ ਦੇ ਨਾਂ ਬਦਲ ਕੇ ਪੰਜਾਬੀ ਨਾਵਾਂ ਵਰਗੇ ਰੱਖ ਦਿੱਤੇ ਜਾਣ ਤੇ ਇਹ ਮੂਲ ਰੂਪ ਪੰਜਾਬੀ ਭਾਸ਼ਾ ਵਿਚ ਲਿਖਿਆ ਨਾਵਲ ਹੀ ਲੱਗੇਗਾ। ਨਾਵਲ ਵਿਚਲਾ ਕਹਾਣੀ ਰਸ ਇਸ ਦੀ ਪੜ੍ਹਨਯੋਗਤਾ ਨੂੰ ਹੋਰ ਵਧਾਉਣ ਵਾਲਾ ਹੈ।

---

*(ਪਿਛਲੇ ਸਫੇ ਦੀ ਬਾਕੀ)*

"ਲੈ ਸੁਣ..... ਇਕ ਦਿਨ ਉਹ ਮੈਨੂੰ ਟੈਟੂ ਵਾਲੀ ਦੁਕਾਨ 'ਤੇ ਲੈ ਗਿਆ। ਉਸਨੇ ਵੀ ਆਪਣੇ ਸੱਜੇ ਹੱਥ 'ਤੇ ਬਿਲਕੁਲ ਇਸ ਤਰ੍ਹਾਂ ਦਾ ਟੈਟੂ ਬਣਵਾ ਲਿਆ ਤੇ ਮੇਰੇ ਹੱਥ 'ਤੇ ਵੀ ਬਣਵਾ ਦਿੱਤਾ। ਸ਼ੁਰੂ ਸ਼ੁਰੂ 'ਚ ਮੈਨੂੰ ਇਹ ਬਹੁਤ ਸੋਹਣਾ ਲੱਗਦਾ ਸੀ ਪਰ ਹੁਣ ਇਸਨੂੰ ਦੇਖ ਕੇ ਰੋਣ ਆ ਜਾਂਦਾ ਹੈ।" ਕਹਿੰਦੀ ਕਹਿੰਦੀ ਦੀ ਉਸ ਦੀ ਆਵਾਜ਼ ਭਾਰੀ ਹੋ ਗਈ।

ਏਨੇ ਨੂੰ ਇਕ ਪੁਲੀਸ ਅਫ਼ਸਰ ਦਫ਼ਤਰ ਵਿਚ ਆ ਧਮਕਿਆ।

ਪੁਲੀਸ ਅਫ਼ਸਰ ਨੇ ਆਉਂਦੇ ਸਾਰ ਹੀ ਲੀਜ਼ਾ ਦਾ ਟੈਟੂ ਵਾਲਾ ਹੱਥ ਫੜ ਲਿਆ। ਉਸਦੇ ਟੈਟੂ ਵੱਲ ਦੇਖ ਕੇ ਕਹਿਣ ਲੱਗਾ,"ਆਰ ਯੂ ਸਿੱਖ?" ਤੇ ਉਹ ਉੱਚੀ ਉੱਚੀ ਹੱਸ ਪਿਆ।

ਲੀਜ਼ਾ ਨੇ ਨਾਂਹ ਵਿਚ ਸਿਰ ਹਿਲਾਇਆ। ਪੁਲੀਸ ਅਫ਼ਸਰ ਦਾ ਮੋਢੇ ਉਤਲਾ ਰੇਡੀਓ ਬੋਲ ਪਿਆ ਤੇ ਉਹ ਹੈਲੋ ਹੈਲੋ ਕਰਦਾ ਚਲਾ ਗਿਆ।

ਮੈਂ ਆਪਣਾ ਸਾਰਾ ਧਿਆਨ ਲੀਜ਼ਾ 'ਤੇ ਕੇਂਦਰਿਤ ਕਰ ਦਿੱਤਾ। ਮੈਨੂੰ ਟੈਟੂ ਵਾਲੀ ਗੱਲ ਬੜੀ ਅਜੀਬ ਲੱਗ ਰਹੀ ਸੀ। ਇਹ ਨਹੀਂ ਕਿ ਮੈਨੂੰ ਖੰਡੇ ਦਾ ਟੈਟੂ ਚੰਗਾ ਨਹੀਂ ਸੀ ਲੱਗ ਰਿਹਾ। ਪਰ ਮੇਰੇ ਮਨ 'ਚ ਉੱਠਿਆ ਸਵਾਲ ਮੇਰੇ ਅੰਦਰ ਭੜਥੂ ਪਾ ਰਿਹਾ ਸੀ।

"ਲੀਜ਼ਾ.... ਮੈਨੂੰ ਟੈਟੂ ਵਾਲੀ ਗੱਲ ਸਮਝ ਨਹੀਂ ਆਈ। ਇਹ ਸਿੱਖ ਧਰਮ ਦਾ ਧਾਰਮਿਕ ਨਿਸ਼ਾਨ ਹੈ। ਚੰਗਾ ਹੈ..... ਸੋਹਣਾ ਹੈ ਪਰ ਇਸਦਾ ਤੇਰੇ ਤੇ ਨੇਕ ਦੇ ਵਿਆਹ ਨਾਲ ਕੀ ਸੰਬੰਧ ਹੈ?" ਮੈਂ ਨਾ ਚਾਹੁੰਦੀ ਹੋਈ ਨੇ ਪੁੱਛ ਲਿਆ।

ਲੀਜ਼ਾ ਹੱਸ ਪਈ। ਫਿਰ ਕੁਝ ਉਦਾਸ ਹੋ ਗਈ। ਮੈਂ ਉਸ ਦਾ ਤੇ ਆਪਣਾ ਕਾਫ਼ੀ ਵਾਲਾ ਕੱਪ ਚੁੱਕਿਆ ਤੇ ਦੋਨਾਂ ਕੱਪਾਂ ਵਿਚ ਕਾਫ਼ੀ ਪਾ ਲਈ ਤੇ ਦੋਬਾਰਾ ਕੁਰਸੀ 'ਤੇ ਆ ਬੈਠੀ। ਲੀਜ਼ਾ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਬੈਠੀ ਸੀ ਪਰ ਹੁਣ ਉਸਨੇ ਕੁਰਸੀ ਖਿੱਚ ਕੇ ਮੇਰੇ ਬਰਾਬਰ ਬਿਲਕੁਲ ਮੇਰੇ ਨਾਲ ਕਰ ਲਈ। ਮੈਨੂੰ ਲੱਗਿਆ ਜਿਵੇਂ ਅਗਾਂਹ ਵਾਲੀ ਗੱਲ ਕਰਨ ਲਈ ਉਸਨੂੰ ਮੇਰੇ ਸਹਾਰੇ ਦੀ ਲੋੜ ਹੈ। ਏਸੇ ਤਰ੍ਹਾਂ ਹੋਇਆ। ਉਸਨੇ ਮੇਰਾ ਹੱਥ ਫੜ ਲਿਆ ਤੇ ਆਪਣੀਆਂ ਅੱਖਾਂ ਮੇਰੇ ਚਿਹਰੇ 'ਤੇ ਟਿਕਾ ਲਈਆਂ।

ਉਸਦੀਆਂ ਅੱਖਾਂ ਵਿਚ ਸਵਾਲਾਂ ਤੇ ਜਵਾਬਾਂ ਦਾ ਹੜ੍ਹ ਆ ਗਿਆ ਜਾਪਦਾ ਸੀ। ਕੁਝ ਪਲ ਉਹ ਚੁੱਪ ਰਹੀ ਤੇ ਫਿਰ ਤੋਂ ਆਪਣਾ ਟੈਟੂ ਵਾਲਾ ਹੱਥ ਮੇਰੇ ਅੱਗੇ ਕਰ ਕੇ ਬੋਲੀ, "ਆਰ ਯੂ ਸਿੱਖ ਟੂ?"

"ਯੈਸ ...ਯੈਸ.....!" ਮੈਂ ਪੂਰੇ ਵਿਸ਼ਵਾਸ ਨਾਲ ਜਵਾਬ ਦਿੱਤਾ।

ਲੀਜ਼ਾ ਨੇ ਮੇਰਾ ਹੱਥ ਹੋਰ ਘੁੱਟ ਕੇ ਫੜ ਲਿਆ। ਉਸਦੀਆਂ ਅੱਖਾਂ 'ਚੋਂ ਦੋ ਹੰਝੂ ਕਿਰ ਕੇ ਮੇਰੇ ਹੱਥ 'ਤੇ ਡਿੱਗ ਪਏ। ਉਸਨੇ ਡੈਸਕ ਤੋਂ ਨੈਪਕਿਨ ਚੁੱਕਿਆ, ਮੇਰੇ ਹੱਥ ਨੂੰ ਸਾਫ਼ ਕੀਤਾ ਤੇ ਭਾਰੀ ਆਵਾਜ਼ ਵਿਚ ਬੋਲੀ, "ਨੇਕ ਕਹਿੰਦਾ ਸੀ ਕਿ ਇਹ ਨਿਸ਼ਾਨ ਤੇਰੇ ਤੇ ਮੇਰੇ ਵਿਚਲੇ ਪਿਆਰ, ਵਿਸ਼ਵਾਸ, ਅਤੇ ਵਾਅਦੇ ਦੀ ਨਿਸ਼ਾਨੀ ਹੈ। ਇਹ ਸਾਡੇ ਪਿਆਰ ਦਾ ਗਵਾਹ ਹੈ। ਇਹ ਉਸਦੇ ਗੁਰੂ ਵਲੋਂ ਅਸੀਸ ਹੈ। ਆਪਣਾ ਵਿਆਹ ਜ਼ਰੂਰ ਹੋਵੇਗਾ ਪਰ ਉਸ ਤੋਂ ਪਹਿਲਾਂ ਮੇਰੀ ਮਾਂ ਲਈ ਆਪਾਂ ਨੂੰ ਕੁਝ ਕਰਨਾ ਪੈਣਾ ਹੈ। ਮੇਰੇ ਸਿਰ 'ਤੇ ਆਪਣੀ ਮਾਂ ਪ੍ਰਤੀ ਕੁਝ ਕਰਜ਼ਾ ਹੈ।"

"ਹੈਂ। " ਮੈਂ ਹੈਰਾਨੀ ਨਾਲ ਕਿਹਾ।

ਉਸਨੇ ਆਪਣੀ ਗੱਲ ਜਾਰੀ ਰੱਖੀ।

"ਇਕ ਦਿਨ ਨੇਕ ਮੈਨੂੰ ਆਪਣੀ ਮਾਂ ਨੂੰ ਮਿਲਾਉਣ ਵਾਸਤੇ ਲੈ ਗਿਆ। ਉਸਦੀ ਮਾਂ ਨੂੰ ਅੰਗਰੇਜ਼ੀ ਬੋਲਣੀ ਤਾਂ ਆਉਂਦੀ ਨਹੀਂ ਸੀ ਪਰ ਨੇਕ ਮੈਨੂੰ ਸਾਰਾ ਕੁਝ ਸਮਝਾ ਰਿਹਾ ਸੀ ਜੋ ਉਸਦੀ ਮਾਂ ਆਪਣੀ ਭਾਸ਼ਾ ਵਿਚ ਆਖ ਰਹੀ ਸੀ। ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਦੋਂ ਉਸਦੀ ਮਾਂ ਨੇ ਮੇਰੇ ਅੱਗੇ ਆਪਣੀ ਬੇਹੂਦਾ ਜਿਹੀ ਮੰਗ ਰੱਖ ਦਿੱਤੀ।"

ਮੇਰੇ ਮੂੰਹੋਂ ਉੱਚੀ ਦੇਣੇ ਨਿਕਲ ਗਿਆ.... "ਮੰਗ...ਮੰਗ!" ਮੈਂ ਸੋਚਿਆ ਕਿ ਕੋਈ ਲੈਣ ਦੇਣ ਭਾਵ ਦਾਜ ਦਹੇਜ ਦੀ ਗੱਲ ਹੋਵੇਗੀ!

ਲੀਜ਼ਾ ਦਾ ਚਿਹਰਾ ਇਸ ਤਰ੍ਹਾਂ ਦਾ ਹੋ ਗਿਆ ਜਿਵੇਂ ਗੱਲ ਕਰਨ ਲੱਗਿਆਂ ਉਸਨੇ ਆਪਣੇ ਬੁੱਲ੍ਹ ਅੱਕ ਦੀ ਡੋਡੀ 'ਤੇ ਰੱਖ ਦਿੱਤੇ ਹੋਣ, ਤੇ ਬੋਲਣ ਲੱਗਿਆਂ ਉਸਨੂੰ ਧੁੜਧੁੜੀ ਆ ਗਈ ਹੋਵੇ। ਉਸਨੇ ਕਾਫ਼ੀ ਦੀ ਘੁੱਟ ਭਰੀ ਤੇ ਕਿੰਨਾ ਹੀ ਚਿਰ ਉਸ ਘੁੱਟ ਨੂੰ ਆਪਣੇ ਮੂੰਹ 'ਚ ਰੱਖੀ ਰੱਖਿਆ। ਮੈਨੂੰ ਲੱਗਿਆ ਜਿਵੇਂ ਉਸਨੇ ਆਪਣੇ ਮੂੰਹ ਦਾ ਸਵਾਦ ਠੀਕ ਕਰਨ ਲਈ ਕਾਫ਼ੀ ਦੀ ਘੁੱਟ ਭਰੀ ਸੀ।

ਉਸਨੇ ਕੋਲ ਪਈ ਫ਼ਾਈਲ ਨੂੰ ਚੁੱਕਿਆ ਤੇ ਜ਼ੋਰ ਨਾਲ ਟੇਬਲ 'ਤੇ ਦੋਬਾਰਾ ਸੁੱਟ ਦਿੱਤਾ। ਜਿਵੇਂ ਉਹ ਆਪਣਾ ਗੁੱਸਾ ਜ਼ਾਹਿਰ ਕਰ ਰਹੀ ਸੀ।

ਮੈਂ ਗੱਲ ਅੱਗੇ ਤੋਰਨ ਲਈ ਕਿਹਾ, "ਕੀ ਕਿਹਾ ਉਸਦੀ ਮਾਂ ਨੇ?"

"ਹਾਂ..... ਹਾਂ... ਉਹ ਬੁੱਢੀ ਔਰਤ ਮੈਨੂੰ ਆਪਣੇ ਕੋਲ ਬਿਠਾ ਕੇ ਪਲੋਸਣ ਲੱਗ ਪਈ। ਨੇਕ ਨਾਲ ਦੀ ਨਾਲ ਮੈਨੂੰ ਸਮਝਾ ਰਿਹਾ ਸੀ ਕਿ ਮਾਂ ਕਹਿੰਦੀ ਹੈ - ਤੂੰ ਬਹੁਤ ਸੋਹਣੀ ਹੈਂ। ਮੈਨੂੰ ਤੇਰਾ ਬਹੁਤ ਹੀ ਪਿਆਰ ਆਉਂਦੈ.... ਤੂੰ ਇਉਂ ਕਰ ਨੇਕ ਨਾਲ ਵਿਆਹ ਕਰਵਾਉਣ ਤੋਂ ਪਹਿਲਾਂ ਮੇਰੇ ਭਰਾ ਦੇ ਮੁੰਡੇ ਨਾਲ ਮਤਲਬ ਕਿ ਨੇਕ ਦੇ ਮਾਮੇ ਦੇ ਮੁੰਡੇ ਨਾਲ ਵਿਆਹ ਕਰਵਾ ਕੇ ਉਸਨੂੰ ਕੈਨੇਡਾ ਪੱਕਾ ਕਰਵਾ ਦੇ ਤੇ ਫਿਰ ਉਸ ਨਾਲ ਤਲਾਕ ਕਰਵਾ ਕੇ ਨੇਕ ਨਾਲ ਤੇਰਾ ਵਿਆਹ ਕਰ ਦੇਵਾਂਗੇ। ਮੇਰੇ ਭਤੀਜੇ ਨਾਲ ਤਾਂ ਤੂੰ ਵਿਆਹ ਕੱਚਾ ਹੀ ਕਰਵਾਉਣੈ। ਬੱਸ ਇਕ ਗੱਲ ਦਾ ਧਿਆਨ ਰੱਖੀਂ ਕਿ ਕਿਸੇ ਦੇ ਕੰਨੀਂ ਭਿਣਕ ਨਾ ਪਵੇ। ਕੰਮ ਕੁਮ 'ਤੇ ਕਿਸੇ ਪੰਜਾਬੀ ਨਾਲ ਗੱਲ ਬਾਤ ਕਰਨ ਦੀ ਜ਼ਰੂਰਤ ਨਹੀਂ। ਸਾਡੇ ਲੋਕ ਬਣਦਾ ਕੰਮ ਖਰਾਬ ਕਰ ਦਿੰਦੇ ਆ।"

ਉਸ ਦੀਆਂ ਅੱਖਾਂ ਫਿਰ ਨਮ ਹੋ ਗਈਆਂ। ਉਹ ਅੱਖਾਂ ਪੂੰਝਦੀ ਹੋਈ ਦੋਬਾਰਾ ਫੁੱਟ ਪਈ,"ਨੇਕ ਦੀ ਮਾਂ ਇਹ ਸਭ ਕੁਝ ਕਹਿ ਕੇ ਮੇਰਾ ਟੈਟੂ ਵਾਲਾ ਹੱਥ ਪਲੋਸਣ ਲੱਗ ਪਈ ਤੇ ਟੈਟੂ ਵੱਲ ਇਸ਼ਾਰਾ ਕਰ ਕੇ ਆਖਣ ਲੱਗੀ, "ਧੀਏ ਆਹ ਵਾਹਿਗੁਰੂ ਤੁਹਾਡੀ ਰਾਖੀ ਕਰੇਗਾ।"

ਲੀਜ਼ਾ ਦੀਆਂ ਗੱਲਾਂ ਸੁਣ ਕੇ ਮੇਰੇ ਅੰਦਰ ਸੰਨਾਟਾ ਛਾ ਗਿਆ। ਮੈਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ਲੀਜ਼ਾ ਨੂੰ ਕਿਵੇਂ ਹੌਸਲਾ ਦਿਆਂ। ਮੈਂ ਬੋਲਣ ਲਈ ਸ਼ਬਦ ਲੱਭ ਰਹੀ ਸਾਂ ਪਰ ਸ਼ਬਦ ਤਾਂ ਜਿਵੇਂ ਸ਼ਰਮਸ਼ਾਰ ਹੋਏ ਕਿਤੇ ਲੁਕ ਗਏ ਪ੍ਰਤੀਤ ਹੁੰਦੇ ਸਨ।

ਲੀਜ਼ਾ ਨੇ ਬਹੁਤ ਹੀ ਲੰਬਾ ਸਾਹ ਲਿਆ ਤੇ ਸਿਸਕੀਆਂ ਭਰਨ ਲੱਗੀ। ਇਸ ਤੋਂ ਅਗਲੇ ਸ਼ਬਦ ਕਹਿਣ ਵਿਚ ਉਸ ਨੂੰ ਦਿੱਕਤ ਆ ਰਹੀ ਸੀ। ਪਰ ਉਸਨੇ ਆਪਣੇ ਆਪ ਨੂੰ ਇਕੱਠਾ ਕਰ ਕੇ ਤਾੜੀ ਮਾਰੀ ਤੇ ਕਿਹਾ,"ਮੈਂ ਉਸਦੀ ਮਾਂ ਕੋਲੋਂ ਉੱਠ ਕੇ ਘਰੋਂ ਬਾਹਰ ਹੋ ਗਈ।"

"ਓ ਮਾਈ ਗਾਡ!" ਮੇਰੇ ਮੂੰਹੋਂ ਆਪ ਮੁਹਾਰੇ ਨਿਕਲਿਆ। ਮੈਂ ਲੀਜ਼ਾ ਦੇ ਚਿਹਰੇ ਵੱਲ ਲਗਾਤਾਰ ਦੇਖ ਰਹੀ ਸਾਂ।

ਲੀਜ਼ਾ ਨੇ ਫਿਰ ਕਾਫ਼ੀ ਦੀ ਘੁੱਟ ਭਰੀ। ਖਿੱਚਵਾਂ ਜਿਹਾ ਸਾਹ ਲਿਆ ਤੇ ਬੋਲੀ, "ਨੇਕ ਮੇਰੇ ਪਿੱਛੇ ਆਇਆ ਪਰ ਮੈਂ ਉਸਦੀ ਇਕ ਨਹੀਂ ਸੁਣੀ। ਘਰ ਦੇ ਬਾਹਰ ਖੜ੍ਹ ਮੈਂ ਟੈਕਸੀ ਨੂੰ ਫ਼ੋਨ ਕੀਤਾ ਤੇ ਆਪਣੇ ਅਪਾਰਟਮੈਂਟ ਪੁੱਜ ਗਈ।" ਜਿਵੇਂ ਹੀ ਉਸਨੇ ਇਹ ਸ਼ਬਦ ਕਹੇ, ਲੀਜ਼ਾ ਕੁਰਸੀ ਤੋਂ ਉੱਠ ਖੜੀ ਹੋਈ ਤੇ ਮੈਨੂੰ ਗਲਵੱਕੜੀ ਪਾ ਲਈ।

ਲੀਜ਼ਾ ਨੇ ਮੈਨੂੰ ਇਹ ਵੀ ਦੱਸਿਆ ਕਿ ਉਸ ਤੋਂ ਬਾਅਦ ਨੇਕ ਨੂੰ ਮੈਂ ਕਈ ਵਾਰ ਮਿਲੀ ਪਰ ਹਰ ਵਾਰ ਉਸਨੇ ਏਹੀ ਕਿਹਾ ਕਿ ਮੇਰੇ ਮਾਮੇ ਦਾ ਮੁੰਡਾ ਮੰਗਵਾ ਦੇ ਤੇ ਫਿਰ ਸਭ ਠੀਕ ਹੋ ਜਾਵੇਗਾ। ਉਸਨੇ ਇਹ ਵੀ ਕਿਹਾ ਕਿ ਉਸਦੀ ਮਾਂ ਇਹ ਕਹਿੰਦੀ ਹੈ ਕਿ ਭਾਰਤ ਤੋਂ ਤੈਨੂੰ ਵਧੀਆ ਸਰਦਾਰਾਂ ਦੀ ਧੀ ਮਿਲ ਸਕਦੀ ਹੈ। ਜੇਕਰ ਗੋਰੀ ਨਾਲ ਵਿਆਹ ਕਰਵਾਉਣਾ ਹੀ ਹੈ ਤਾਂ ਇਸ ਤੋਂ ਏਨਾ ਕੰਮ ਤਾਂ ਕਰਵਾ ਦੇ। ਪਰ ਮੇਰਾ ਪਿਆਰ ਕਿਸੇ ਝੂਠ ਦੀ ਹਾਮੀ ਨਹੀਂ ਭਰ ਸਕਦਾ। ਕੀ ਮੇਰੇ ਲਈ ਇਹ ਠੀਕ ਹੋਵੇਗਾ ਕਿ ਝੂਠ ਬੋਲਾਂ? ਝੂਠਾ ਵਿਆਹ ਕਰਵਾਵਾਂ!

ਹੁਣ ਮੈਂ ਸੋਚਦੀ ਹਾਂ ਕਿ ਨੇਕ ਨੇ ਮੇਰੇ ਨਾਲ ਦੋਸਤੀ ਇਸ ਲਈ ਪਾਈ ਸੀ ਕਿ ਉਹ ਆਪਣੇ ਮਾਮੇ ਦਾ ਮੁੰਡਾ ਮੰਗਵਾ ਸਕੇ ਤੇ ਇਸ ਮਕਸਦ ਲਈ ਮੈਨੂੰ ਵਰਤ ਸਕੇ। ਦਰਅਸਲ ਉਹ ਮੈਨੂੰ ਪਿਆਰ ਹੀ ਨਹੀਂ ਸੀ ਕਰਦਾ। ਪਿਆਰ ਕਰਨ ਦਾ ਢੌਂਗ ਰਚਾ ਰਿਹਾ ਸੀ। ਕਦੀ ਕਦੀ ਮੇਰੇ ਦਿਮਾਗ ਵਿਚ ਇਹ ਗੱਲ ਵੀ ਆਉਂਦੀ ਹੈ ਕਿ ਹੋ ਸਕਦਾ ਹੈ ਉਸਦੀ ਮਾਂ ਨੇ ਉਸਨੂੰ ਮੇਰੇ ਨਾਲ ਪਿਆਰ ਦਾ ਡਰਾਮਾ ਰਚਾਉਣ ਲਈ ਕਿਹਾ ਹੋਵੇ।

ਉਹ ਪਲ ਭਰ ਲਈ ਚੁੱਪ ਹੋ ਗਈ। ਲਗਾਤਾਰ ਮੇਰੇ ਵੱਲ ਦੇਖ ਰਹੀ ਸੀ। ਉਸਦੀ ਹਿੱਕ 'ਚੋਂ ਨਿਕਲੇ ਇਕ ਲੰਬੇ ਸਾਰੇ ਹਉਕੇ ਤੋਂ ਮੈਨੂੰ ਉਸਦੀ ਪੀੜ ਦਾ ਅੰਦਾਜ਼ਾ ਲੱਗ ਗਿਆ। ਉਹ ਸਰੀਰਕ ਤੇ ਮਾਨਸਿਕ ਤੌਰ 'ਤੇ ਇਕ ਮਾਰੂ ਪੀੜ 'ਚੋਂ ਗੁਜ਼ਰ ਰਹੀ ਸੀ। ਮੈਂ ਦੇਖਿਆ ਕਿ ਹਉਕੇ ਦੇ ਨਾਲ ਦੋ ਮੋਟੇ ਮੋਟੇ ਹੰਝੂ ਉਸ ਦੀਆਂ ਅੱਖਾਂ 'ਚੋਂ ਨਿਕਲੇ ਤੇ ਟੇਬਲ 'ਤੇ ਪਈਆਂ ਫਾਈਲਾਂ 'ਤੇ ਡਿੱਗ ਪਏ।

ਦਫ਼ਤਰ ਦਾ ਮਾਹੌਲ ਠੀਕ ਰੱਖਣ ਲਈ ਮੈਂ ਜਲਦੀ ਨਾਲ ਫਾਈਲਾਂ ਤੋਂ ਹੰਝੂ ਪੂੰਝ ਦਿੱਤੇ।

"ਕੀ ਤੈਨੂੰ ਹੁਣ ਨੇਕ ਮਿਲਦਾ ਹੈ" ਮੈਂ ਨੈਪਕਿਨ ਨੂੰ ਗਾਰਬੇਜ ਬਾਕਸ ਵਿਚ ਸੁੱਟਦਿਆਂ ਪੁੱਛਿਆ।

"ਨੋ ਨਾਟ ਐਟ ਆਲ.... ਹੁਣ ਉਸਨੇ ਮੈਨੂੰ ਮਿਲ ਕੇ ਕੀ ਕਰਨਾ ਹੈ। ਉਸਦੇ ਪਿਆਰ ਦੀ ਜੋ ਸ਼ਰਤ ਸੀ, ਮੈਂ ਮੰਨਣ ਤੋਂ ਇਨਕਾਰ ਕਰ ਦਿੱਤੀ। ਮੈਂ ਆਪਣੀ ਮਾਂ ਕੋਲ ਵੀ ਇਸ ਬਾਰੇ ਗੱਲ ਕੀਤੀ ਸੀ। ਮੇਰੀ ਮਾਂ ਨੇ ਵੀ ਮੈਨੂੰ ਏਹੀ ਕਿਹਾ ਕਿ ਉਸ ਨੇ ਤਾਂ ਤੇਰੇ ਰਾਹੀਂ ਆਪਣੇ ਮਾਮੇ ਦਾ ਮੁੰਡਾ ਹੀ ਮੰਗਵਾਉਣਾ ਸੀ ਤੇ ਇਸ ਤੋਂ ਵੱਧ ਹੋਰ ਕੁਝ ਨਹੀਂ ਸੀ।"

"ਰਾਈਟ..... ਯੂਅਰ ਮੰਮ ਇਜ਼ ਰਾਈਟ......" ਮੈਂ ਕਿਹਾ।

"ਜੇਕਰ ਨੇਕ ਮੈਨੂੰ ਅਸਲ ਪਿਆਰ ਕਰਦਾ ਹੁੰਦਾ ਤਾਂ ਮਾਮੇ ਦੇ ਪੁੱਤ ਨੂੰ ਸਾਡੇ ਵਿਚਕਾਰ ਲਿਆਉਣਾ ਹੀ ਨਹੀਂ ਸੀ!"

"ਯੈਸ ਲੀਜ਼ਾ ....!" ਮੈਂ ਵੀ ਉਸਦੀ ਹਾਂ ਵਿਚ ਹਾਂ ਮਿਲਾ ਦਿੱਤੀ।

ਲੀਜ਼ਾ ਨੀਵੀਂ ਪਾ ਕੇ ਮਿੰਟ ਕੁ ਲਈ ਖਾਮੋਸ਼ ਹੋ ਗਈ। ਉਹ ਟੇਬਲ 'ਤੇ ਪਏ ਕਾਗਜ਼ 'ਤੇ ਲਗਾਤਾਰ ਲਕੀਰਾਂ ਵਾਹ ਰਹੀ ਸੀ। ਮੈਂ ਵੀ ਚੁੱਪ ਸਾਂ।

ਦਫ਼ਤਰ ਦੇ ਫ਼ੋਨ ਦੀ ਘੰਟੀ ਖੜਕੀ। ਲੀਜ਼ਾ ਨੇ ਫ਼ੋਨ ਚੁੱਕਿਆ। ਅੱਗੋਂ ਕਿਸੇ ਨੇ 'ਸੌਰੀ ਰੌਂਗ ਨੰਬਰ' ਕਹਿ ਕੇ ਫ਼ੋਨ ਰੱਖ ਦਿੱਤਾ।

ਲੀਜ਼ਾ ਹੱਸ ਪਈ। ਉਸਦੇ ਹਾਸੇ 'ਚ ਉਸਦੀ ਪੀੜ ਛਣਕਦੀ ਸੀ।

ਤੇ ਫਿਰ ਉਹ ਹੱਥ 'ਤੇ ਬਣੇ ਟੈਟੂ ਨੂੰ ਦੇਖਣ ਲੱਗ ਪਈ ਤੇ ਕਹਿਣ ਲੱਗੀ,"ਨੇਕ ਨੇ ਮੇਰੇ ਹੱਥ 'ਤੇ ਇਹ ਟੈਟੂ ਬਣਵਾ ਕੇ ਮੇਰੀਆਂ ਭਾਵਨਾਵਾਂ ਦਾ ਕਤਲ ਕੀਤਾ ਹੈ। ਆਪਣਾ ਕੰਮ ਕੱਢਣ ਲਈ ਧਰਮ ਨੂੰ ਮੂਹਰੇ ਕਰ ਦਿੱਤਾ। ਮੈਂ ਹਰ ਧਰਮ ਦੀ ਕਦਰ ਕਰਦੀ ਹਾਂ ਪਰ ਧਰਮ ਨੂੰ ਝੂਠ ਬੋਲਣ ਲਈ ਵਰਤਣਾ ਪਾਪ ਹੈ। ਉਸਨੂੰ ਜ਼ਿੰਦਗੀ 'ਚ ਕਦੇ ਵੀ ਕਿਸੇ ਔਰਤ ਦਾ ਸੱਚਾ ਪਿਆਰ ਨਹੀਂ ਮਿਲ ਸਕਦਾ। ਉਹ ਸਿਰਫ ਮੇਰਾ ਹੀ ਗੁਨਾਹਗਾਰ ਨਹੀਂ, ਉਹ ਪਿਆਰ ਵਰਗੇ ਸੋਹਣੇ ਅਹਿਸਾਸ ਦਾ ਵੀ ਗੁਨਾਹਗਾਰ ਹੈ। ਮੁਸ਼ਕਿਲ ਸੀ ਉਸਨੂੰ ਭੁੱਲਣਾ ਪਰ ਹੁਣ ਭੁੱਲ ਚੁੱਕੀ ਹਾਂ। ਮੈਨੂੰ ਨਫ਼ਰਤ ਹੈ ਉਸਦੇ ਨਾਮ ਤੋਂ......। "

"ਹਾਂ" ਇਹ ਤਾਂ ਠੀਕ ਹੈ।" ਮੈਂ ਉਸਦਾ ਟੈਟੂ ਵਾਲਾ ਹੱਥ ਫੜਦਿਆਂ ਕਿਹਾ।

ਇਸ ਤੋਂ ਬਾਅਦ ਲੀਜ਼ਾ ਨੇ ਮੇਰੇ ਨਾਲ ਕਦੇ ਵੀ ਇਸ ਵਿਸ਼ੇ 'ਤੇ ਗੱਲ ਨਹੀਂ ਕੀਤੀ। ਹੁਣ ਲੀਜ਼ਾ ਇਸ ਟੈਟੂ ਨੂੰ ਆਪਣੇ ਹੱਥ ਤੋਂ ਮਿਟਾਉਣ ਦੀ ਕੋਸ਼ਿਸ਼ ਵਿਚ ਹੈ।

# ਜਾਨ ਹਾਜ਼ਰ ਹੈ

***ਪੰਜਾਬ ਦੇ ਹਾਸਰਸੀ ਲੇਖਕ ਡਾ. ਗੁਰਨਾਮ ਸਿੰਘ ਤੀਰ, ਕਹਿੰਦੇ ਸਨ, "ਸੋਚ ਨੂੰ ਉਚੀ ਥਾਂ 'ਤੇ ਰਹਿਣ ਦਾ ਆਦੀ ਬਣਾਓ, ਇਹ ਤੁਹਾਨੂੰ ਤੁਹਾਡਾ ਸਮਾਜਿਕ ਰੁਤਬਾ ਬਖਸ਼ੇਗੀ"। ਉਹ ਉੱਚ-ਕੋਟੀ ਦੇ ਵਕੀਲ, ਲੇਖਕ, ਪੱਤਰਕਾਰ ਅਤੇ ਸੀਨੀਅਰ ਅਕਾਲੀ ਲੀਡਰ ਦੇ ਰੂਪ ਵਿੱਚ ਵਿਚਰੇ ਅਤੇ 15 ਅਪ੍ਰੈਲ, 1991 ਨੂੰ ਅਕਾਲ ਚਲਾਣਾ ਕਰ ਗਏ। ਅਸੀਂ ਉਨ੍ਹਾਂ ਦੀ ਇਹ ਹਾਸਰਸੀ ਰਚਨਾ ਛਾਪਣ ਦੀ ਖੁਸ਼ੀ ਲੈ ਰਹੇ ਹਾਂ।***

ਜੇ ਮੈਨੂੰ ਤੱਤੜੀ ਨੂੰ ਪਤਾ ਹੁੰਦਾ ਕਿ ਕਵੀਜਨ ਨਾਲ ਵਿਆਹ ਕਰਵਾਉਣ ਦਾ ਕੀ ਫਲ ਮਿਲੇਗਾ ਤਾਂ ਮੈਂ ਨਗਰ ਢੰਡੋਰਾ ਫੇਰਦੀ,-

ਕਵੀਜਨਾਂ ਤੋਂ ਬਚਣ ਦਾ, ਕੁੜੀਓ ਕਰੋ ਉਪਾਓ
ਇਹ ਸੋਨੇ ਦੇ ਹੋਣ ਪਏ, ਤਾਂ ਵੀ ਨੇੜੇ ਨਾ ਜਾਓ।

ਪਰ ਫਸ ਗਈ ਤਾਂ ਫਟਕਣ ਕੇਹਾ? ਉਖਲੀ 'ਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ? ਕਵੀ ਮਹਾਸ਼ੇ ਨੇ ਰਾਤ ਦਿਨ ਗੇੜੇ ਮਾਰਿਆ ਕਰਨੇ ਕਦੀ ਮੇਰੀ ਸੁੰਦਰਤਾ ਦੀ ਤਾਰੀਫ ਤੇ ਕਦੇ ਆਪਣੇ ਇਸ਼ਕ ਦੇ ਰੋਣੇ ਰੋਇਆ ਕਰਨੇ,

ਹੇ ਹੁਸਨ ਜਵਾਨੀ ਦਾ ਮਾਨ ਨਾ ਕਰ
ਮੇਰੇ ਇਸ਼ਕ ਨੂੰ ਪਈ ਲਲਕਾਰ ਨਾ ਤੂੰ।
ਤੇਰੇ ਨੈਣਾਂ ਦਾ ਡੰਗਿਆ ਮਰ ਰਿਹਾ ਹਾਂ
ਮੀਮ ਮਰੇ ਨੂੰ ਗੋਰੀਏ ਮਾਰ ਨਾ ਤੂੰ।
ਜਦੋਂ ਮਿਲਣਾ ਤਾਂ ਕਹਿਣਾ:
ਤੇ ਤੇਰਿਆਂ ਨੈਣਾਂ ਦਾ ਪੁਟਿਆ ਹਾਂ
ਭਾਵੇਂ ਰੱਖ ਲੈ ਤੇ ਭਾਵੇਂ ਮਾਰ ਦੇ ਤੂੰ।
ਲਾਮ ਲਾਂਬੂ ਕਲੇਜੇ ਦੇ ਵਿਚ ਮੱਚਣ
ਭਾਵੇਂ ਸਾੜ ਦੇ ਤੇ ਭਾਵੇਂ ਠਾਰ ਦੇ ਤੂੰ।

ਇੱਕ ਦਿਨ ਮੈਂ ਸਹਿਜ ਸੁਭਾਅ ਪੁਛਿਆ ਕਵੀਜਨ, ਮੈਨੂੰ ਲੈ ਕੇ ਕੀ ਕਰੇਂਗਾ?

ਕਹਿਣ ਲੱਗਾ, ਮੀਨਾਕਸ਼ੀ ਜੀ ਤੁਸੀਂ ਮੇਰੀ ਜਿੰਦ ਜਾਨ ਹੋ। ਤੁਹਾਨੂੰ ਪ੍ਰਾਪਤ ਕਰ ਕੇ ਮੈਂ ਚੱਕਰਵਰਤੀ ਰਾਜਾ ਹੋ ਜਾਵਾਂਗਾ। ਮੈਂ ਵੱਡੀਆਂ ਵੱਡੀਆਂ ਸਲਤਨਤਾਂ ਦਾ ਰਾਜਾ ਹੋ ਜਾਵਾਂਗਾ। ਮੈਂ ਅਕਾਸ਼ ਦੇ ਤਾਰੇ ਤੋੜ ਲਿਆਵਾਂਗਾ ਤੇ ਤੇਰੇ ਵਾਲਾਂ 'ਚ ਜੜ ਦਿਆਂਗਾ। ਮੈਂ ਪਤਾਲ਼ ਦੇ ਹੀਰੇ ਕੱਢ ਲਿਆਵਾਂਗਾ ਤੇ ਤੇਰੀ

ਗੁਰਨਾਮ ਸਿੰਘ ਤੀਰ

ਝੋਲੀ ਭਰ ਦਿਆਂਗਾ, ਐ ਮੇਰੇ ਸੁਪਨਿਆਂ ਦੀ ਮਲਕਾ ਤੂੰ ਇਹ ਨਾ ਪੁੱਛ ਕਿ ਮੈਂ ਤੇਰੇ ਲਈ ਕੀ ਕਰਾਂਗਾ? ਬਸ ਏਨਾ ਸਮਝ ਲੈ ਕਿ ਤੂੰ ਹਰ ਵੇਲ਼ੇ ਸੱਤਰੰਗੀ ਪੀਂਘ ਝੂਟਿਆ ਕਰੇਂਗੀ। ਮੈਂ ਹਾਂ ਕਰ ਦਿੱਤੀ। ਮੈਂ ਕਵੀ ਪਤਨੀ ਬਣ ਗਈ। ਮੈਂ ਆਪਣੇ ਮਾਹੀ ਵੱਲ ਤੱਕਿਆ, ਉਹ ਅਗੋਂ ਮੁਸਕਰਾ ਕੇ ਕਹਿਣ ਲੱਗਾ, "ਜਾਨ ਹਾਜ਼ਰ ਹੈ।"

ਜੀਮ ਜੇ ਆਖੇਂ ਮੈਨੂੰ ਸੋਹਣੀਏ ਤੂੰ
ਮੈਂ ਸੱਤੇ ਅਕਾਸ਼ ਹੀ ਤੋੜ ਸੁੱਟਾਂ।
ਸੂਰਜ ਚੰਨ ਦੇ ਨੇ ਵਖੋ ਵੱਖ ਵੇਲੇ
ਹੁਕਮ ਕਰੇਂ ਤਾਂ ਦੋਹਾਂ ਨੂੰ ਜੋੜ ਸੁੱਟਾਂ।

ਮੈਂ ਮੁਸਕਰਾਉਂਦਿਆਂ ਕਿਹਾ, ਕਵੀਜਨ ਮੈਂ ਆਂਢਣਾਂ-ਗੁਆਂਢਣਾਂ ਦੇ ਸੋਨੇ ਚਾਂਦੀ ਦੇ ਗਹਿਣੇ ਵੇਖੇ ਹਨ। ਕਾਲੀਆਂ ਕਲੋਟੀਆਂ ਵੀ ਸੋਨੇ ਨਾਲ ਲੱਦੀਆਂ ਫਿਰਦੀਆਂ ਹਨ, ਕਈਆਂ ਦੇ ਗਲਾਂ ਵਿਚ ਸੁੱਚੇ ਮੋਤੀਆਂ ਦੀਆਂ ਮਾਲਾ ਹਨ, ਕਈ ਇਸਤਰੀਆਂ ਹੀਰੇ ਦੇ ਨਗ ਲਈ ਫਿਰਦੀਆਂ ਹਨ। ਤੁਸੀਂ ਮੈਨੂੰ ਵਿਆਹ ਵੇਲੇ, ਸਿਰਫ ਇੱਕ ਗੇਂਦੇ ਦੇ ਫੁੱਲਾਂ ਦਾ ਹਾਰ ਪਾਇਆ। ਕਵੀਜਨ ਆਪਣੇ ਰੰਗ 'ਚ ਆ ਕੇ ਕਹਿਣ ਲੱਗੇ,

ਮੇਰੇ ਸੁਪਨਿਆਂ ਦੀ ਮਲਿਕਾ ਜਾਨ ਹਾਜ਼ਰ ਹੈ। ਜੇ ਤੂੰ ਚਾਹਵੇਂ ਤਾਂ ਮੈਂ ਕੋਹਿਨੂਰ ਦਾ ਹੀਰਾ ਚੁੱਕ ਲਿਆਵਾਂ, ਮੈਂ ਮਲਕਾ ਵਿਕਟੋਰੀਆ ਦਾ ਤਾਜ ਤੇਰੇ ਸਿਰ 'ਤੇ ਰੱਖ ਦਿਆਂ। ਮੈਂ ਬੰਬਈ ਕਲਕੱਤੇ ਦਾ ਸਰਾਫਾ ਬਜ਼ਾਰ ਖਰੀਦ ਲਿਆਵਾਂ। ਸ਼ਿਅਰ ਅਰਜ਼ ਹੈ,

ਗਾਫ਼ ਗਹਿਣਿਆਂ ਦੀ ਕਾਹਨੂੰ ਗੱਲ ਕਰਨੀ
ਗਹਿਣੇ ਵਿਦਿਆ ਦੇ ਤੇਰੇ ਪਾ ਦੇਈਏ।
ਛਾਪ ਛੱਲਾ ਵੀ ਆਪਣਾ ਲਾਹ ਦੇ ਤੂੰ
ਚੋਰੀ ਚਾਰੀ ਦੇ ਡਰ ਮੁਕਾ ਦੇਈਏ।

ਗਹਿਣਿਆਂ ਦੀ ਗੱਲ ਮੁਕੀ। ਉਹ ਦਿਨ ਜਾਵੇ ਤੇ ਇਹ ਦਿਨ ਆਵੇ ਮੈਂ ਕਦੇ ਗਹਿਣੇ ਨਹੀਂ ਮੰਗੇ। ਮੈਂ ਇੱਕ ਦਿਨ ਸੰਗਦਿਆਂ ਸੰਗਦਿਆਂ ਕਿਹਾ,

"ਕਵੀਜਨ ਸਾਡੀ ਗਵਾਂਢਣ ਬਨਾਰਸ ਤੋਂ ਬੜੀਆਂ ਵਧੀਆ ਵਧੀਆ ਸਾੜ੍ਹੀਆਂ ਲਿਆਈ ਹੈ, ਮੈਨੂੰ ਕਿਸੇ ਦਿਨ ਇਕ ਦੋ ਸਾੜ੍ਹੀਆਂ ਹੀ ਲੈ ਦਿਓ। ਕਹਿਣ ਲੱਗੇ, ਮੀਨਾਕਸ਼ੀ, ਸਾੜ੍ਹੀਆਂ ਕੀ ਚੀਜ਼ ਨੇ ਤੇਰੇ ਲਈ ਜਾਨ ਹਾਜ਼ਰ ਹੈ। ਸਾੜ੍ਹੀ ਹੋਣੀ ਚਾਹੀਦੀ ਹੈ ਦਰੋਪਤੀ ਵਰਗੀ, ਦੁਸ਼ਮਣ ਭਾਵੇਂ ਕਿੰਨਾ ਚੀਰ ਹਰਨ ਕਰਨ, ਇਸਤਰੀ ਦੀ ਲਾਜ ਕਾਇਮ ਰਹੇ। ਸਾੜ੍ਹੀ ਬਨਾਰਸ ਦੀ ਹੋਵੇ ਜਾਂ ਕਲਕੱਤੇ ਦੀ, ਅਹਿਮਦਾਬਾਦ ਦੀ ਹੋਵੇ ਜਾਂ ਬੰਬਈ ਦੀ, ਜੈਪੁਰ ਦੀ ਹੋਵੇ ਜਾਂ ਦਿੱਲੀ ਦੀ-ਬੱਸ ਨਿਰਾ ਕੱਪੜਾ ਹੈ। ਇਨ੍ਹਾਂ ਗੱਲਾਂ ਨੂੰ ਛੱਡੋ। ਸ਼ਿਅਰ ਸੁਣੋ,

ਕਾਫ਼ ਕੱਪੜੇ ਕਾਸ ਨੂੰ ਮੰਗਦੀ ਏਂ,
ਤੈਨੂੰ ਮਖਮਲ ਤੇ ਰੇਸ਼ਮ ਦੀ ਲੋੜ ਹੈ ਨੀਂ।
ਲੀਰਾਂ ਵਿਚ ਲਪੇਟਿਆ ਹੁਸਨ ਚੰਗਾ,
ਖੱਦਰ ਹੁੰਦਿਆਂ ਕਾਸੇ ਦੀ ਥੋੜ ਹੈ ਨੀਂ।

ਗਹਿਣੇ ਵੀ ਛੱਡੇ-ਕੱਪੜੇ ਵੀ ਛੱਡੇ, ਜੋ ਮਿਲਿਆ ਪਾ ਲਿਆ, ਜੋ ਪਾਇਆ ਹੰਢਾ ਲਿਆ ਪਰ ਜਦੋਂ ਮੈਂ ਆਲੇ ਦੁਆਲੇ ਵਲ ਵੇਖਦੀ ਸਾਂ, ਲੋਕਾਂ ਦੇ ਵੱਡੇ ਵੱਡੇ ਮਕਾਨ ਸਾਨੂੰ ਟਿੱਚਰਾਂ ਕਰਦੇ ਸਨ। ਹੋਰ ਤਾਂ ਹੋਰ ਛੋਟੇ-ਛੋਟੇ ਬਾਬੂਆਂ ਨੇ ਦਸ-ਦਸ ਮਰਲੇ ਦੇ ਮਕਾਨ ਪਾਏ ਹੋਏ ਸਨ ਤੇ ਅਸੀਂ? ਅਸੀਂ ਰਹਿ ਰਹੇ ਸਾਂ ਕਿਰਾਏ ਦੀ ਬਰਸਾਤੀ ਵਿਚ। ਮੈਂ ਕਿਹਾ, ਕਵੀ ਮਹਾਰਾਜ, ਕਦੀ ਆਪਣਾ ਵੀ ਮਕਾਨ ਪਏਗਾ? ਅੱਗੋਂ ਸਾਵਧਾਨ ਹੋ ਕੇ ਕਹਿਣ ਲੱਗੇ, ਕਿਉਂ ਨਹੀਂ ਪਏਗਾ? ਤੂੰ ਮਕਾਨਾਂ ਦੀ ਗੱਲ ਕਰਦੀ ਏਂ ਜਦੋਂ ਕਹੋਂ ਅਲ੍ਹਾਦੀਨ ਦੇ ਲੈਂਪ ਵਾਂਗ ਮਹਿਲ ਖੜੇ ਕਰ ਦਿਆਂ, ਮੀਨਾਕਸ਼ੀ ਤੇਰੇ ਲਈ ਜਾਨ ਹਾਜ਼ਰ ਹੈ। ਲੈ ਫੇਰ ਗ਼ੌਰ ਨਾਲ ਸ਼ਿਅਰ ਸੁਣ ਅਰਜ਼ ਕੀਤਾ ਜੇ:

ਮੀਮ ਮਹਿਲ ਮਕਾਨ ਕੀ ਫੂਕਣਾ ਹੈ
ਰਾਮ ਨਾਮ ਦਾ ਵਾਜਾ ਨਾ ਵੱਜਦਾ ਹੈ।
ਲੱਦ ਗਏ ਸਵਾਤਾਂ ਦੇ ਬੜੇ ਮਾਲਕ,
ਫੱਕਰ ਝੁੱਗੀਆਂ ਦੇ ਅੰਦਰ ਗੱਜਦਾ ਹੈ।

ਮੈਂ ਸ਼ਿਅਰ ਸੁਣਿਆ, ਦਾਦ ਦਿੱਤੀ ਤੇ ਚੁੱਪ ਕਰ ਗਈ। ਫੇਰ ਮੈਂ ਕਿਸੇ ਦੇ ਘਰ ਗਈ, ਛੋਟਾ ਜਿਹਾ ਘਰ ਦੁਲਹਨ ਵਾਂਗ ਸਜਿਆ ਵੇਖਿਆ। ਛੋਟੇ ਛੋਟੇ ਡੈਕੋਰੇਸ਼ਨ ਪੀਸ ਬੜੇ ਪਿਆਰੇ ਲੱਗੇ। ਮੈਂ ਕਿਹਾ, ਇਹ ਤਾਂ ਨਿਗੂਣੀ ਜਿਹੀ ਚੀਜ਼ ਹੈ-ਹੋਰ ਨਹੀਂ ਤਾਂ ਪੰਜ ਸੱਤ ਡੈਕੋਰੇਸ਼ਨ ਪੀਸ ਮੰਗਵਾ ਲਵਾਂ। ਇਹ ਸੋਚਦਿਆਂ ਸੋਚਦਿਆਂ ਮੈਂ ਕਹਿ ਹੀ ਦਿੱਤਾ, ਕਵੀਜਨ ਪਟਿਆਲੇ ਜਾਵੋ ਤਾਂ ਦੋ ਚਾਰ ਡੈਕੋਰੇਸ਼ਨ ਪੀਸ ਲੈ ਆਉਣੇ। ਮੈਨੂੰ ਕਹਿਣ ਲੱਗੇ, ਮੀਨਾਕਸ਼ੀ ਜੀ, ਮੰਗਣੀ ਹੋਵੇ ਤਾਂ ਕੋਈ ਚੱਜ ਦੀ ਚੀਜ਼ ਮੰਗਿਆ ਕਰੋ। ਮੇਰੀ ਮਲਿਕਾ ਤੇਰੇ ਲਈ ਜਾਨ ਹਾਜ਼ਰ ਹੈ-ਜ਼ਰਾ ਧਿਆਨ ਦੇਣਾ-ਕਾਬਿਲੇ ਦਾਦ ਸ਼ੇਅਰ ਹੈ:

ਸੀਨ ਸਜ ਸਜਾਵਟਾਂ ਝੂਠੀਆਂ ਨੇ
ਘਰ ਵਿਚ ਜੇ ਭੁੱਜਦੀ ਭੰਗ ਹੋਵੇ।
ਚਿੜੀਆਂ, ਤੋਤਿਆਂ, ਫੁੱਲਾਂ ਨੂੰ ਕੀ ਕਰਨਾ?
ਘਰ ਵਾਲੀ ਦਾ ਕੇਸਰੀ ਰੰਗ ਹੋਵੇ।

ਮੈਨੂੰ ਪਤਾ ਲੱਗਿਆ ਕਿ ਕਵੀਜਨ 'ਤੇ ਇੱਕ ਮੰਤਰੀ ਸਾਹਿਬ ਬੜੇ ਮਿਹਰਬਾਨ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਤੁਸੀਂ ਚਾਹੋ ਤਾਂ ਕਾਰ ਲੈ ਸਕਦੇ ਹੋ-ਕਾਰਾਂ ਤਾਂ ਕਿਸ਼ਤਾਂ 'ਤੇ ਵੀ ਮਿਲਦੀਆਂ ਸਨ। ਮੈਥੋਂ ਵੀ ਨਾ ਰਿਹਾ ਗਿਆ। ਮੈਂ ਬੇਨਤੀ ਕਰਦਿਆਂ ਕਿਹਾ, ਕਵੀਜਨ ਆਪਾਂ ਕਾਰ ਹੀ ਲੈ ਲਈਏ। ਕਵੀਜਨ ਤਾੜੀ ਮਾਰ ਕੇ ਹੱਸ ਪਏ ਤੇ ਕਹਿਣ ਲੱਗੇ, ਪਗਲੀਏ ਕਾਰ ਕੀ ਚੀਜ਼ ਹੁੰਦੀ ਹੈ? ਤੇਰੇ ਲਈ ਜਾਨ ਹਾਜ਼ਰ ਹੈ-


ਕਾਰਾਂ 'ਤੇ ਚੜ੍ਹਦੇ ਨੇ ਉਹ ਜਿਨ੍ਹਾਂ ਤੋਂ ਤੁਰਿਆ ਨਾ ਜਾਏ। ਕਾਰਾਂ 'ਤੇ ਚੜ੍ਹਦੇ ਨੇ ਉਹ ਜਿਨ੍ਹਾਂ ਦੇ ਮਗਰ ਵਕਤ ਡੰਡਾ ਚੁੱਕ ਕੇ ਪਿਆ ਹੋਵੇ, ਕਾਰਾਂ 'ਤੇ ਚੜ੍ਹਦੇ ਨੇ ਉਹ ਜਿਨ੍ਹਾਂ ਨੂੰ ਇੱਕ ਥਾਂ 'ਤੇ ਟਿਕਣਾ ਨਾ ਮਿਲੇ, ਕਾਰਾਂ 'ਤੇ ਚੜ੍ਹਦੇ ਨੇ ਉਹ ਜਿਹੜੇ ਨਿਰੇ ਮਾਇਆਧਾਰੀ ਹੀ ਹੋਣ। ਅਸੀਂ ਐਸੀਆਂ ਕਾਰਾਂ ਨਾਲੋਂ ਬੇਕਾਰ ਚੰਗੇ ਹਾਂ। ਇਜਾਜ਼ਤ ਹੋਵੇ ਤਾਂ ਇਕ ਸ਼ਿਅਰ ਅਰਜ਼ ਕਰਾਂ?

ਮੀਮ ਮੋਟਰਾਂ ਗੱਡੀਆਂ ਟਮਟਮਾਂ ਦੇ,
ਫੋਕੇ ਜਿਹੇ ਰਵਾਜ ਨੂੰ ਕੀ ਕਰੀਏ?
ਰੇਲਾਂ ਮੋਟਰਾਂ 'ਤੇ ਕਰਨਾ ਸਫਰ ਕਰ ਲਓ,
ਜਿਹੜੇ ਵੱਜੇ ਨਾ ਸਾਜ਼ ਨੂੰ ਕੀ ਕਰੀਏ?

ਮੈਂ ਸਬਰ ਕਰ ਕੇ ਬੈਠ ਗਈ। ਕੁੱਝ ਦਿਨਾਂ ਪਿਛੋਂ ਇੱਕ ਵਿਆਹ ਦੀ ਗੰਢ ਆਈ। ਮੇਰੇ ਮਾਮੇ ਦੇ ਲੜਕੇ ਦੀ ਸ਼ਾਦੀ ਸੀ। ਤਿੰਨ ਭੈਣਾਂ ਦਾ ਇੱਕੋ ਭਰਾ ਸੀ-ਮੈਂ ਉਸ ਨੂੰ ਛੋਟੇ ਹੁੰਦੇ ਨੂੰ ਹੱਥੀਂ ਖਿਡਾਇਆ ਸੀ। ਮੈਂ ਉਸ ਦੇ ਵਿਆਹ ਵਿਚ ਜਾਣਾ ਚਾਹੁੰਦੀ ਸਾਂ। ਮੈਨੂੰ ਭੈਣ ਦੇ ਨਾਤੇ ਕੁਝ ਦੇਣਾ ਲੈਣਾ ਵੀ ਬਣਦਾ ਸੀ। ਮੈਂ ਬੜੇ ਚਾਅ ਪਰ ਅਧੀਨਗੀ ਨਾਲ ਕਿਹਾ, ਕਵੀ ਮਹਾਰਾਜ, ਸਾਨੂੰ ਇਸ ਵਿਆਹ 'ਤੇ ਜਾਣਾ ਚਾਹੀਦਾ ਹੈ। ਕਵੀ ਜੀ ਬੜੀ ਮਸਤੀ ਨਾਲ ਕਹਿਣ ਲੱਗੇ, ਜ਼ਰੂਰ ਜਾਣਾ ਚਾਹੀਦਾ ਹੈ, ਮੇਰੇ ਵਲੋਂ ਹਰ ਰੋਜ਼ ਕਿਸੇ ਨਾ ਕਿਸੇ ਵਿਆਹ 'ਤੇ ਜਾਇਆ ਕਰੋ। ਮੈਂ ਤਾਂ ਚੰਨ ਜੀ ਤੁਹਾਡਾ ਚਕੋਰ ਹਾਂ, ਮੇਰੀ ਤਾਂ ਜਾਨ ਹਾਜ਼ਰ ਹੈ ਅੱਜ ਏਸੇ ਵਿਆਹ ਦੀ ਖੁਸ਼ੀ ਵਿਚ ਇਕ ਸ਼ੇਅਰ ਸੁਣੋ:

ਸ਼ੀਨ ਸ਼ਾਦੀਆਂ ਦਾ ਤੈਨੂੰ ਚਾਅ ਚੜਿਆ,
ਸ਼ਾਦੀ ਆਪਣੀ ਦੇ ਕੌਲ ਭੁੱਲ ਗਈ ਏਂ।
ਸੀਨ ਸੋਹਣੀਏ ਸਾਡੀ ਜਵਾਨੀ ਉਤੇ,
ਤੂੰ ਤਾਂ ਵਾਂਗ ਹਨੇਰੀ ਦੇ ਝੁੱਲ ਗਈ ਏਂ।

ਉਹ ਕਿਹੜਾ ਵਸਦਾ ਰਸਦਾ ਘਰ ਹੈ ਜਿੱਥੇ ਕੋਈ ਮਹਿਮਾਨ ਨਾ ਆਉਂਦਾ ਹੋਵੇ? ਮੇਰੇ ਪੇਕਿਆਂ ਦੀਆਂ ਰਿਸ਼ਤੇਦਾਰੀਆਂ ਦਾ ਤਾਂ ਜਾਲ ਵਿਛਿਆ ਹੋਇਆ ਹੈ। ਇਕ ਦਿਨ ਮੇਰੀ ਭੂਆ ਦੇ ਮਾਮੇ ਦੇ ਪੁੱਤ ਦੇ ਸਾਲੇ ਦੇ ਚਾਚੇ ਦੇ ਭਣੋਈਏ ਦੇ ਸਾਲੇ ਦਾ ਮੁੰਡਾ ਤੇ ਮੁੰਡੇ ਦੀ ਮਾਮੀ ਦੇ ਦਦਿਓਰੇ ਦੀ ਧੀ ਦੇ ਜੇਠ ਦੇ ਸਾਲੇ ਦਾ ਲੜਕਾ ਸਾਨੂੰ ਮਿਲਣ ਆ ਗਏ। ਮੈਂ ਕਵੀ ਜੀ ਨੂੰ ਕਿਹਾ, ਸਿਆਣੇ ਕਹਿੰਦੇ ਨੇ ਦਾਣਾ-ਪਾਣੀ ਗੁਰੂ ਦਾ ਤੇ ਟਹਿਲ ਸੇਵਾ ਸਿੱਖਾਂ ਦੀ। ਸਾਨੂੰ ਇਨ੍ਹਾਂ ਮਹਿਮਾਨਾਂ ਦੀ ਸੇਵਾ ਕਰਨੀ ਚਾਹੀਦੀ ਹੈ। ਮੇਰੀ ਦਾਦੀ ਕਿਹਾ ਕਰਦੀ ਸੀ ਕਿ ਅਸਲ ਵਿਚ ਰੋਟੀ ਖਵਾਉਣ ਵਾਲਾ ਨਹੀਂ ਖਾਣ ਵਾਲਾ ਭਾਗਾਂ ਵਾਲਾ ਜੀਅ ਹੁੰਦਾ ਹੈ। ਜੀਹਦੇ ਸਦਕੇ ਸਾਨੂੰ ਮੂੰਹ ਮਿੱਠਾ ਕਰਨ ਦਾ ਮੌਕਾ ਮਿਲਦਾ ਹੈ। ਮੇਰਾ ਜੀ ਕਰੇ, ਇਨ੍ਹਾਂ ਮਹਿਮਾਨਾਂ ਲਈ ਵਿਸ਼ੇਸ਼ ਭੋਜਨ ਤਿਆਰ ਕੀਤਾ ਜਾਵੇ। ਮੈਂ ਹਿਰਦੇ ਦੀ ਆਵਾਜ਼



ਕਵੀ ਮਹਾਰਾਜ ਅੱਗੇ ਰੱਖੀ।

ਉਹ ਕਹਿਣ ਲੱਗੇ, ਸਿਆਣੇ ਇਹ ਵੀ ਤਾਂ ਕਹਿੰਦੇ ਨੇ,
ਘਰ ਖਾਧਾ ਪ੍ਰਾਹੁਣਿਆਂ-ਚਿੜੀਆਂ ਖਾਧਾ ਖੇਤ,
ਦਾਨ ਕਰੇ ਤਾਂ ਕੀ ਕਰੇ? ਹਰ ਕੋਈ ਮੰਗਣ ਹੇਤ।

ਮੀਨਾਕਸ਼ੀ ਜੀ ਤੁਹਾਡੇ ਲਈ ਤੇ ਤੁਹਾਡੇ ਇਨ੍ਹਾਂ ਨਜ਼ਦੀਕੀ ਰਿਸ਼ਤੇਦਾਰਾਂ ਲਈ ਜਾਨ ਹਾਜ਼ਰ ਹੈ ਪਰ ਜ਼ਰਾ ਇਕ ਸ਼ਿਅਰ ਵੱਲ ਵੀ ਧਿਆਨ ਦੇਣਾ:

ਭੇ ਭੁਤਨੇ ਆਏ ਮਹਿਮਾਨ ਬਣ ਕੇ,
ਜਿਥੇ ਲਟਕਦੇ ਹਾਂ ਉਥੇ ਲਟਕ ਜਾਵਣ।
ਖੇ ਖਾਣ ਨੂੰ ਜੋ ਵੀ ਮਿਲੇ ਏਥੇ,
ਸਾਡੇ ਨਾਲ ਬਹਿ ਕੇ ਵੈਸਾ ਝਟਕ ਜਾਵਣ।

ਅਗਲੇ ਦਿਨ ਮੇਰੇ ਮਾਤਾ ਜੀ ਆ ਗਏ। ਇਨ੍ਹਾਂ ਨੂੰ ਪੁੱਛ ਕੇ ਹੀ ਉਨ੍ਹਾਂ ਨੂੰ ਚਿੱਠੀ ਪਾਈ ਸੀ। ਮਾਤਾ ਜੀ ਨੇ ਵੱਡੇ ਹਸਪਤਾਲ ਆਪਣੀਆਂ ਅੱਖਾਂ ਵਖਾਉਣੀਆਂ ਸਨ। ਮਾਤਾ ਜੀ ਕਵੀ ਮਹਾਰਾਜ ਨੂੰ ਬੜਾ ਪਿਆਰ ਕਰਦੇ ਸਨ ਤੇ ਹਰ ਦਿਨ-ਦਿਹਾਰ 'ਤੇ ਇਨ੍ਹਾਂ ਨੂੰ ਮਾਇਆ ਦੇ ਗੱਫੇ ਬਖ਼ਸ਼ਿਆ ਕਰਦੇ ਸਨ। ਮੈਂ ਬੜੀ ਅਧੀਨਗੀ ਨਾਲ ਕਿਹਾ, ਕਵੀ ਰਾਜੇ ਆਪਣੇ ਮਾਤਾ ਜੀ ਕੁਝ ਦਿਨ ਏਥੇ ਠਹਿਰਨਗੇ, ਸਾਨੂੰ ਇਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਮੈਨੂੰ ਵਿਚੋਂ ਹੀ ਟੋਕ ਕੇ ਕਹਿਣ ਲੱਗੇ, ਮੀਨਾਕਸ਼ੀ ਜੀ, ਤੁਹਾਡੀ ਮਾਤਾ ਜੀ ਕੀ ਤੇ ਮੇਰੀ ਮਾਤਾ ਜੀ ਕੀ? ਦਾਸ ਦੀ ਤਾਂ ਜਾਨ ਹਾਜ਼ਰ ਹੈ ਪਰ ਇੱਕ ਮਿੰਟ ਲਈ ਤੁਹਾਡਾ ਧਿਆਨ ਖਿੱਚਣਾ ਚਾਹੁੰਦਾ ਹਾਂ। ਇਸ ਪ੍ਰਥਾਏ ਸ਼ਿਅਰ ਅਰਜ਼ ਹੈ:

ਸੀਨ ਸੱਸ ਤੇ ਸੀਨ ਹੀ ਸੱਪ ਰਲ ਕੇ,
ਜਦੋਂ ਸਾਹਮਣੇ ਕਿਸੇ ਦੇ ਆਂਵਦੇ ਨੇ।
ਸਮਝਦਾਰ ਲੋਕੀਂ ਪਹਿਲਾਂ ਸੱਸ ਵਾਲਾ,
ਚੇ ਚੰਨੀਏ ਟੈਂਟਾ ਮੁਕਾਂਵਦੇ ਨੇ।

ਮੇਰਾ ਦਿਲ ਬੜਾ ਉਦਾਸ ਸੀ, ਸੋਚਦੀ ਸਾਂ ਜਾਈਏ ਤਾਂ ਜਾਈਏ ਕਿੱਧਰ? ਕਿਸੇ ਨੇ ਇਕ ਫਿਲਮ ਬਾਰੇ ਆ ਕੇ ਦੱਸਿਆ ਕਿ ਬੜੀ ਵਧੀਆ ਫ਼ਿਲਮ ਲੱਗੀ ਹੋਈ ਹੈ। ਮੇਰਾ ਜੀ ਕਰੇ ਫ਼ਿਲਮ ਹੀ ਦੇਖ ਆਈਏ। ਮੈਂ ਝਿਜਕਦਿਆਂ ਝਿਜਕਦਿਆਂ ਬੇਨਤੀ ਕੀਤੀ ਕਿ ਫ਼ਿਲਮ ਦੇਖ ਆਈਏ। ਕਵੀਜਨ ਉਛਲ ਕੇ ਕਹਿਣ ਲੱਗੇ। ਇਹ ਬੜਾ ਵਧੀਆ 'ਆਈਡੀਆ' ਹੈ। ਮੀਨਾਕਸ਼ੀ ਤੂੰ ਫ਼ਿਲਮ ਨੂੰ ਰੋਂਦੀ ਏਂ। ਸਾਡੀ ਤਾਂ ਤੇਰੇ ਲਈ ਜਾਨ ਹਾਜ਼ਰ ਹੈ। ਫ਼ਿਲਮ ਦੇਖੋ ਬਾਈਸਕੋਪ ਦੇਖੋ, ਸਰਕਸ ਦੇਖੋ, ਥੀਏਟਰ ਦੇਖੋ, ਪੁਤਲੀਆਂ ਦਾ ਨਾਚ ਦੇਖੋ ਜਾਂ ਬਾਂਦਰਾਂ ਦਾ ਖੇਡ ਦੇਖੋ, ਰਿੱਛ ਦੀ ਕਹਾਣੀ ਸੁਣੋ ਜਾਂ ਤੋਪ ਚਲਾਉਣ ਵਾਲੇ ਤੋਤੇ ਦੇ ਕਰਤਬ ਵੇਖੋ, ਨਾਂਗੇ ਸੰਤਾਂ ਦਾ ਜਲੂਸ ਦੇਖੋ ਜਾਂ ਮਹਿੰਗਾਈ ਵਿਰੁੱਧ ਜਨਾਨੀਆਂ ਦਾ ਸਿਆਪਾ ਦੇਖੋ, ਟੈਲੀਵੀਜ਼ਨ ਦੇਖੋ ਜਾਂ ਰਾਕਟਾਂ ਦੀ ਨੁਮਾਇਸ਼ ਦੇਖੋ-ਸ੍ਰੀਮਤੀ ਮੀਨਾ ਕੁਮਾਰੀ ਜੀ ਜੋ ਮਰਜ਼ੀ ਦੇਖੋ ਪਰ ਬਿਹਤਰ ਹੈ ਕੁਝ ਨਾ ਦੇਖੋ ਤੇ ਕੰਮ ਦਾ ਸ਼ਿਅਰ ਸੁਣੋ:

ਸੀਨ ਸਿਨਮਿਆਂ ਵਿਚ ਕੀ ਰੱਖਿਆ ਹੈ,
ਨਿਰੇ ਸੁਪਨਿਆਂ ਦੀ ਉਥੇ ਗੱਲ ਹੁੰਦੀ।
ਜੀਹਨੂੰ ਜਿੰਦਗੀ ਦੀ ਕਥਾ ਆਖਦੇ ਨੇ,
ਨਾ ਉਹ ਅੱਜ ਹੁੰਦੀ ਨਾ ਉਹ ਕੱਲ੍ਹ ਹੁੰਦੀ।

ਸੜ ਗਏ ਲੇਖ ਤੇ ਮਚ ਗਈ ਮੈਂ, ਇਕ ਦਿਨ ਦੁਖੀ ਹੋ ਕੇ ਕਿਹਾ, ਮੇਰੇ ਪ੍ਰਭੂ ਜੇ ਕਿਧਰੇ ਹੋਰ ਨਹੀਂ ਲੈ ਜਾ ਸਕਦੇ ਤਾਂ ਝੀਲ 'ਤੇ ਹੀ ਲੈ ਚਲੋ। ਬੋਲੇ, ਉਹ ਡਾਰਲਿੰਗ, ਉਹ ਡਾਰਲਿੰਗ, ਤੇਰੇ ਲਈ ਜਾਨ ਹਾਜ਼ਰ ਹੈ-ਝੀਲ ਕਹੇਂ ਝੀਲ, ਦਰਿਆ ਕਹੇਂ ਦਰਿਆ, ਪਹਾੜ ਕਹੇਂ ਪਹਾੜ, ਸਮੁੰਦਰ ਕਹੇਂ ਸਮੁੰਦਰ, ਕਸ਼ਮੀਰ ਕਹੇਂ ਕਸ਼ਮੀਰ, ਸਵਿਟਜ਼ਰਲੈਂਡ ਕਹੇਂ, ਜਿੱਥੇ ਕਹੇਂ ਮੈਂ ਤੈਨੂੰ ਲੈ ਜਾ ਸਕਦਾ ਹਾਂ-ਸਭ ਤੋਂ ਸਸਤੀ ਸੈਰ ਝੀਲ ਦੀ ਹੈ। ਮਹੀਨੇ ਦੇ ਆਖਰੀ ਹਫ਼ਤੇ ਵਿਚ ਸਭ ਤੋਂ ਵੱਧ ਰੌਣਕ ਝੀਲ 'ਤੇ ਹੁੰਦੀ ਹੈ ਕਿਉਂਕਿ ਬਾਬੂਆਂ ਦੇ ਖੀਸੇ ਖਾਲੀ ਹੁੰਦੇ ਹਨ, ਉਹ ਬਾਲ ਬੱਚੇ ਨੂੰ ਝੀਲ ਹੀ ਵਿਖਾ ਸਕਦੇ ਹਨ ਪਰ ਰਾਣੀਏ ਇਹ ਝੀਲ ਵੀ ਬੜੀ ਅਜੀਬ ਸ਼ੈਅ ਹੈ। ਇਹਦੇ ਵਿਚ ਬੜੇ ਲੋਕਾਂ ਨੇ ਛਾਲਾਂ ਮਾਰੀਆਂ। ਮੋਤੀ ਰਾਮ ਦੀ ਲਾਸ਼ ਕੱਢਣ ਜਾਵੋ ਤਾਂ ਅੱਗੋਂ ਗੰਗਾ ਬਿਸ਼ਨ ਦਾ ਪਿੰਜਰ ਹੱਥ ਲੱਗ ਜਾਂਦਾ ਹੈ। ਝੀਲ 'ਤੇ ਜਾਣ ਦੀ ਥਾਂ ਮੂਡ ਠੀਕ ਹੋਵੇ ਤਾਂ ਇੱਕ ਸ਼ਿਅਰ ਸੁਣੋ। ਅਰਜ਼ ਕੀਤਾ ਜੇ:

ਝੇ ਝੀਲ ਤੇ ਚਲਣਾ ਚਲੇ ਚਲੋ,
ਛੇ ਛਾਲ ਨਾ ਕਿਧਰੇ ਮਾਰ ਦੇਣੀ।
ਪਿਛੋਂ ਤੜਫਦੇ ਨਾ ਅਸੀਂ ਰਹਿ ਜਾਈਏ,
ਤੇਰੇ ਪੇਕਿਆਂ ਨੂੰ ਪੈ ਜਾਏ ਤਾਰ ਦੇਣੀ।

ਕਰਵਾ ਚੌਥ ਦਾ ਵਰਤ ਆ ਗਿਆ, ਮਹੱਲੇ ਦੀਆਂ ਸਾਰੀਆਂ ਜਨਾਨੀਆਂ ਨੇ ਵਰਤ ਰੱਖਣਾ ਸੀ। ਮੈਂ ਵੀ ਮਨ ਬਣਾ ਲਿਆ ਕਿ ਰੱਖ ਲਵਾਂ। ਵਰਤ ਲਈ ਮਾਮੂਲੀ ਜਿਹਾ ਸਾਮਾਨ ਚਾਹੀਦਾ ਸੀ। ਮੈਂ ਕਵੀ ਦੇਵਤੇ ਨੂੰ ਕਿਹਾ, ਆਗਿਆ ਦੇਵੋ ਤੇ ਕੁਝ ਸਹਾਇਤਾ ਵੀ ਕਰੋ ਤਾਂ ਮੈਂ ਕਰਵਾ ਚੌਥ ਦਾ ਵਰਤ ਰੱਖ ਲਵਾਂ। ਕਵਿਤਾ ਲਿਖਦੇ-ਲਿਖਦੇ ਮੇਰੇ ਵੱਲ ਝਾਕ ਕੇ ਕਹਿਣ ਲੱਗੇ, ਤੂੰ ਸਾਡੀਆਂ ਸੁੱਖਾਂ ਲੋਚਦੀ ਏਂ ਮੀਨਾਕਸ਼ੀ, ਸਾਡੀ ਤੇਰੇ ਲਈ ਜਾਨ ਹਾਜ਼ਰ ਹੈ। ਵੇਖ ਅੱਜ ਤੈਨੂੰ ਇਕ ਮੌਕੇ ਦਾ ਸ਼ਿਅਰ ਸੁਣਾਈਏ, ਅਰਜ਼ ਕੀਤਾ ਜੇ:

ਵੇ ਵਰਤ ਦਾ ਬੜਾ ਰਵਾਜ ਪੁੱਠਾ,
ਭਾਵੇਂ ਹਾਜ਼ਮੇ ਨੂੰ ਕਰਦਾ ਠੀਕ ਸੱਜਣੀ।
ਕਰਵਾ ਚੌਥ ਹੋਵੇ, ਕਰਵਾ ਅੱਠ ਹੋਵੇ,
ਭੁੱਖੇ ਰਹਿਣ ਦੀ ਕਾਹਦੀ ਤਰੀਕ ਸੱਜਣੀ।

ਇਕ ਇਕ ਕਰ ਕੇ ਚਾਅ ਕਿਰਦੇ ਗਏ, ਜੋ ਵੀ ਹਸਰਤ ਉਠੀ ਉਸ ਦਾ ਮੈਂ ਆਪ ਗਲਾ ਘੁੱਟ ਸੁਟਿਆ। ਮਨ ਨਾਲ ਫੈਸਲਾ ਕਰ ਲਿਆ ਕਿ ਜਾਨ ਜਾਂਦੀ ਹੈ ਤਾਂ ਜਾਵੇ, ਕਵੀ ਮਹਾਰਾਜ ਤੋਂ ਕੁਝ ਨੀ ਮੰਗਣਾ। ਹੋਰ ਤਾਂ ਹੋਰ ਘਰ ਦੀਆਂ ਸਾਧਾਰਨ ਲੋੜਾਂ ਬਾਰੇ ਵੀ ਵਾਹ ਲਗਦਿਆਂ ਖਾਮੋਸ਼ੀ ਅਖਤਿਆਰ ਕਰ ਲਈ ਪਰ ਰਸੋਈ ਦਾ ਬੁਰਾ ਹਾਲ ਸੀ, ਨਾ ਲੱਕੜਾਂ, ਨਾ ਕੋਇਲੇ, ਨਾ ਮਿੱਟੀ ਦਾ ਤੇਲ-ਚੁੱਲ੍ਹਾ ਤਪੇ ਤਾਂ ਕਿਵੇਂ ਤਪੇ? ਮੈਂ ਦੁਖੀ ਹੋ ਕੇ ਕਿਹਾ, ਮੇਰੇ ਸਿਰਤਾਜ ਘਰ ਵਿਚ ਕਿਸੇ ਕਿਸਮ ਦਾ ਕੋਈ ਬਾਲਣ ਨਹੀਂ ਲੱਕੜਾਂ, ਕੋਲੇ ਤੇ ਮਿੱਟੀ ਦਾ ਤੇਲ ਮੁੱਕ ਗਿਆ ਹੈ। ਕਿਰਪਾ ਕਰਕੇ ਚੁੱਲ੍ਹਾ ਤਪਾਉਣ ਲਈ ਕੁਝ ਲਿਆਵੋ। ਕਵੀਜਨ ਫਿਰ ਮੁਸਕਰਾਉਂਦੇ ਹੋਏ ਕਹਿਣ ਲਗੇ,

ਵਾਹ! ਸ੍ਰੀਮਤੀ ਵਾਹ! ਫੇਰ ਕੀ ਹੋਇਆ ਜੇ ਘਰ ਵਿਚ ਲੱਕੜਾਂ, ਕੋਲੇ ਤੇ ਮਿੱਟੀ ਦਾ ਤੇਲ ਮੁੱਕ ਗਿਆ ਹੈ, ਤੁਹਾਡੇ ਲਈ ਪਾਤਸ਼ਾਹੋ ਜਾਨ ਹਾਜ਼ਰ ਹੈ।

ਲੱਕੜਾਂ ਦਾ ਕੀ ਹੈ ਦੇਸ਼ ਦੇ ਸਾਰੇ ਜੰਗਲ ਸਾਡੇ ਹਨ, ਜਿਸ ਦਿਨ ਚਾਹਵੇਂ ਸ਼ਾਹੀ ਲੱਕੜ ਹਾਰਾ ਬਣ ਵਖਾਵਾਂ, ਚੰਨਣ ਦੀਆਂ ਕਹੇਂ ਚੰਨਣ ਦੀਆਂ ਲੱਕੜਾਂ ਤੋੜ ਲਿਆਵਾਂ-ਕਿੱਕਰ ਦੀਆਂ ਕਹੇਂ ਕਿੱਕਰ ਦੀਆਂ ਲਾਹ ਲਿਆਵਾਂ।

ਰਹੀ ਗੱਲ ਕੋਇਲੇ ਦੀ- ਲੱਕੜ ਦਾ ਕੋਇਲਾ ਜਾਂ ਪੱਥਰ ਦਾ ਕੋਇਲਾ? ਜਿਹੜਾ ਕਹੇਂ ਟਰੱਕਾਂ ਦੇ ਟਰੱਕ ਲਿਆ ਦਿਆਂ ਪਰ ਸਿਆਣੇ ਕਹਿੰਦੇ ਆ, ਕੋਇਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ ਹੁੰਦਾ ਹੈ। ਅਸੀਂ ਟਰੱਕ ਲਿਆ ਕੇ ਕੀ ਕਰਨੇ ਆਂ। ਇਹ ਕੰਮ ਡੀਪੂ ਵਾਲਿਆਂ ਦਾ ਹੈ ਪਰ ਫਿਰ ਵੀ ਕੋਇਲੇ ਦੀਆਂ ਕਸਰਾਂ ਕੱਢ ਦਿਆਂਗਾ। ਰਹੀ ਗੱਲ ਮਿੱਟੀ ਦੇ ਤੇਲ ਦੀ, ਅਜੇ ਕੱਲ੍ਹ ਹੀ ਅਖ਼ਬਾਰਾਂ ਵਿਚ ਛਪਿਆ ਹੈ ਕਿ ਗੁਜਰਾਤ ਵਿਚ ਮਿੱਟੀ ਦੇ ਤੇਲ ਦੇ ਖੂਹ ਲੱਭ ਪਏ ਹਨ। ਭਾਰਤਵਰਸ਼ ਵਾਲੇ ਐਨਾ

ਮਿੱਟੀ ਦਾ ਤੇਲ ਕੀ ਕਰਨਗੇ? ਆਖਰਕਾਰ ਸਾਡੇ ਘਰਾਂ ਵਿਚ ਹੀ ਮੱਚਣਾ ਹੈ-ਇਸ਼ਨਾਨ ਚਾਹੇ ਤਾਂ ਮਿੱਟੀ ਦੇ ਤੇਲ ਨਾਲ ਸਾਰੇ ਟੱਬਰ ਦਾ ਇਸ਼ਨਾਨ ਕਰਵਾ ਦਿਆਂਗੇ ਪਰ ਛੱਡ ਗੱਲਾਂ ਮਿੱਟੀ ਦੇ ਤੇਲ ਦੀਆਂ। ਮੇਰੇ ਵੱਲ ਆਪਣਾ "ਸਵਿਚ ਆਨ" ਕਰੋ ਤੇ ਸ਼ਿਅਰ ਸੁਣੋ। ਲੱਕੜਾਂ 'ਤੇ ਕੇਹਾ ਢੁਕਵਾਂ ਸ਼ਿਅਰ ਹੈ ਮੀਨਾਕਸ਼ੀ ਜੀ:

ਲਾਮ ਲੱਕੜਾਂ ਦੀ ਗੱਲ ਛੇੜ ਕੇ ਤੇ,
ਸਾਡਾ ਮੂਡ ਵਿਗਾੜ ਕੇ ਰੱਖ ਦਿੱਤਾ।
ਮਹਾਂ ਕਾਵਿ ਦੇ ਨੀ ਵੱਡੇ ਸੁਪਨਿਆਂ ਦਾ,
ਸਾਡਾ ਖੁੰਡ ਹੀ ਪਾੜ ਕੇ ਰੱਖ ਦਿੱਤਾ।

ਮੈਂ ਸ਼ਿਅਰ ਸੁਣ ਕੇ ਜ਼ਰਾ ਦੁਖੀ ਹੋਈ। ਉਨ੍ਹਾਂ ਵੱਲ ਗੁੱਸੇ ਭਰੀਆਂ ਨਜ਼ਰਾਂ ਨਾਲ ਵੇਖਿਆ। ਉਹ ਗੁੱਸੇ ਦਾ ਜਵਾਬ ਗੁੱਸੇ ਵਿਚ ਦੇਣ ਦੀ ਥਾਂ ਮੁਸਕਰਾ ਕੇ ਕਹਿਣ ਲੱਗੇ, ਤੂੰ ਕੱਲ੍ਹ ਨੂੰ ਕਹਿਣਾ ਹੈ:

ਲੱਕੜੀ ਜਲ ਕਰ ਕੋਇਲਾ ਭਈ
ਕੋਇਲਾ ਜਲ ਕਰ ਖ਼ਾਕ।
ਮੈਂ ਪਾਪਣ ਐਸੀ ਜਲੀ
ਕੋਇਲਾ ਭਈ ਨਾ ਖ਼ਾਕ।

*(ਬਾਕੀ ਅਗਲੇ ਸਫੇ 'ਤੇ)*

# ਮਾਪੇ ਸਦਾ ਜਿਉਂਦੇ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕੌਣ ਕਹਿੰਦਾ ਕਿ ਮਾਪੇ ਮਰ ਜਾਂਦੇ? ਨਹੀਂ! ਬਿਲਕੁਲ ਨਹੀਂ। ਮਾਪੇ ਤਾਂ ਸਦਾ ਸਾਡੇ ਨਾਲ, ਸਾਡੀ ਰੂਹ ਵਿਚ, ਸੋਚ ਵਿਚ, ਹੋਸ਼ ਵਿਚ, ਲੋਚ ਵਿਚ ਤੇ ਜੋਸ਼ ਵਿਚ ਅਤੇ ਅਸੀਂ ਉਨ੍ਹਾਂ ਦੀ ਆਗੋਸ਼ ਵਿਚ ਹੀ ਹੁੰਦੇ।

ਮਾਪੇ ਕਿਧਰੇ ਨਹੀਂ ਜਾਂਦੇ, ਉਹ ਸਾਡੇ ਚਾਵਾਂ ਵਿਚ, ਰਾਹਾਂ ਵਿਚ, ਦਿੱਤੀਆਂ ਦੁਆਵਾਂ ਵਿਚ, ਭਾਵਾਂ ਵਿਚ ਅਤੇ ਸਾਹਾਂ ਵਿਚ ਸਦਾ ਬਿਰਾਜਮਾਨ।

ਮਾਪੇ ਸਾਥੋਂ ਵਿੱਛੜ ਕੇ ਵੀ ਕਦੇ ਨਹੀਂ ਵਿੱਛੜਦੇ ਕਿਉਂਕਿ ਮਾਪੇ ਤਾਂ ਸਾਡੇ ਅਕਸਾਂ ਵਿਚ, ਨਕਸ਼ਾਂ ਵਿਚ, ਹਰਫ਼ਾਂ ਵਿਚ, ਅਰਥਾਂ ਵਿਚ, ਆਦਰਸ਼ਾਂ ਵਿਚ ਅਤੇ ਰੂਹਾਨੀ ਦਰਸਾ ਵਿਚ ਨਜ਼ਰ ਆਉਂਦੇ।

ਮਾਪੇ ਕਦੇ ਨਹੀਂ ਭੁੱਲਦੇ, ਸਗੋਂ ਹਮੇਸ਼ਾ ਯਾਦ। ਕਦੇ ਸਾਡੇ ਕਰਮ ਵਿਚ, ਕਦੇ ਧਰਮ ਵਿਚ, ਕਦੇ ਅੱਖਾਂ ਵਿਚ ਉਤਰੀ ਸ਼ਰਮ ਵਿਚ ਅਤੇ ਕਦੇ ਉਨ੍ਹਾਂ ਨੂੰ ਮਿਲਣ ਦੇ ਭਰਮ ਵਿਚ।

ਮਾਪਿਆਂ ਨੂੰ ਕੋਈ ਕਿਵੇਂ ਵਿਸਾਰ ਸਕਦਾ ਕਿਉਂਕਿ ਅਕਸਰ ਹੀ ਜਾਪਦਾ ਜਿਵੇਂ ਉਹ ਸਾਨੂੰ ਪਿਆਰਦੇ ਹੋਣ, ਦੁਲਾਰਦੇ ਹੋਣ, ਨਿਹਾਰਦੇ ਹੋਣ, ਵਿਸਥਾਰਦੇ ਹੋਣ ਅਤੇ ਸਾਡੇ ਰਾਹੀਂ ਉਹ ਆਪਣਾ ਰੂਪ ਧਾਰਦੇ ਹੋਣ।

ਸਾਡੀ ਹੋਂਦ ਸਿਰਫ਼ ਮਾਪਿਆਂ ਕਰਕੇ। ਮਾਪੇ ਨਾ ਹੁੰਦੇ ਤਾਂ ਸਾਡਾ ਵਜੂਦ ਹੀ ਨਾ ਹੁੰਦਾ। ਨਾ ਹੀ ਅਸੀਂ ਆਪਣੇ-ਆਪ ਨੂੰ ਕਿਸੇ ਦੇ ਬੱਚੇ, ਕਿਸੇ ਦੇ ਭੈਣ-ਭਰਾ ਕਿਸੇ ਦੇ ਪਤੀ/ਪਤਨੀ ਜਾਂ ਕਿਸੇ ਦੇ ਹਾਣੀ ਅਖਵਾਉਣ ਦੇ ਕਾਬਲ ਹੁੰਦੇ।

ਮਾਪਿਆਂ ਦੀਆਂ ਛਾਵਾਂ ਸਾਡੀਆਂ ਧੁੱਪਾਂ ਠਾਰਦੀਆਂ। ਉਨ੍ਹਾਂ ਦੀਆਂ ਦੁਆਵਾਂ ਸਾਹਵੇਂ ਸਾਡੀਆਂ ਔਕੜਾਂ ਹਾਰਦੀਆਂ। ਉਨ੍ਹਾਂ ਦੀ ਅਰਦਾਸ ਸਾਡਾ ਧਰਵਾਸ ਬਣਦੀ। ਉਨ੍ਹਾਂ ਦੀਆਂ ਸ਼ੁੱਭ-ਭਾਵਨਾਵਾਂ ਸਾਡੇ ਲਈ ਚਾਵਾਂ ਦਾ ਸੰਧਾਰਾ। ਉਨ੍ਹਾਂ ਦੀ ਅਸੀਸ ਸਾਡੇ ਲਈ ਸਭ ਤੋਂ ਉੱਤਮ ਬਖਸ਼ਿਸ਼।

ਮਾਪੇ ਸਾਡੇ ਰਿਸ਼ਤਿਆਂ ਦਾ ਬਾਬਾ-ਬਿਰਖ। ਇਸ ਦੇ ਦੁਆਲੇ ਸੰਬੰਧਾਂ ਦਾ ਨਿੱਘਾ ਤਾਣਾ-ਬਾਣਾ, ਸਮਾਜਿਕ ਪਕਿਆਈ ਅਤੇ ਇਸੇ ਦਾ ਪ੍ਰਮਾਣ। ਮਾਪੇ ਜਿਉਂਦੇ ਤਾਂ ਸਾਰੇ ਰਿਸ਼ਤੇ ਨਵੇਂ-ਨਕੋਰ। ਇਕ ਮੂਕ ਭੈਅ ਬੱਚਿਆਂ ਵਿਚ ਸੰਬੰਧਾਂ ਦੀ ਤੰਦ ਨੂੰ ਪੀਚੀ ਰੱਖਦਾ। ਮਾਪੇ ਤੁਰ ਜਾਂਦੇ ਤਾਂ ਵਿੱਸਰ ਜਾਂਦੀਆਂ ਕਦਰਾਂ-ਕੀਮਤਾਂ, ਖੂਨ ਹੋ ਜਾਂਦਾ ਸਫ਼ੈਦ, ਆਪਣਿਆਂ ਲਈ ਆਪਣੇ ਹੀ ਕਬਰਾਂ ਪੁੱਟਦੇ। ਨਿਰਮੋਹੇ ਰਿਸ਼ਤਿਆਂ ਦੀ ਪੀੜ ਵਿਚ ਪੀੜ-ਪੀੜ ਹੁੰਦਿਆਂ ਸਮਝ ਆਉਂਦੀ ਕਿ ਮਾਪਿਆਂ ਦੀ ਹੋਂਦ ਅਤੇ ਉਨ੍ਹਾਂ ਦਾ ਸਾਡੇ ਸਿਰਾਂ 'ਤੇ ਸਾਇਆ ਕਿੰਨਾ ਅਹਿਮ ਤੇ ਮਹੱਤਵਪੂਰਨ। ਉਹ ਬੱਚਿਆਂ ਦੀ ਪੜ੍ਹਾਈ ਅਤੇ ਸਿਹਤ ਲਈ ਖ਼ਰਚਿਆਂ ਦੀ ਪ੍ਰਵਾਹ ਨਹੀਂ ਕਰਦੇ।

ਮਾਪੇ ਬੱਚਿਆਂ ਨੂੰ ਸੰਘੋਂ ਬੁਰਕੀ ਕੱਢ ਕੇ ਦਿੰਦੇ। ਆਪਣੀਆਂ ਲੋੜਾਂ ਨੂੰ ਸੀਮਤ ਕਰਕੇ ਉਨ੍ਹਾਂ ਦੀ ਬਿਹਤਰੀਨ ਤਰੀਕੇ ਨਾਲ ਪਰਵਰਿਸ਼ ਕਰਦੇ। ਪਰ ਕੀ ਬੱਚਿਆਂ ਦਾ ਫ਼ਰਜ਼ ਨਹੀਂ ਬਣਦਾ ਕਿ ਉਹ ਆਪਣੇ ਮਾਪਿਆਂ ਨੂੰ ਅਦਬ ਅਤੇ ਸਤਿਕਾਰ ਦੇਣ ਅਤੇ ਜੀਵਨ ਦੇ ਆਖਰੀ ਪੜਾਅ ਵਿਚ ਉਨ੍ਹਾਂ ਦੀ ਡੰਗੋਰੀ ਬਣ ਕੇ ਉਨ੍ਹਾਂ ਦੇ ਆਖਰੀ ਪਲਾਂ ਨੂੰ ਸੁਖਨ ਅਤੇ ਸਹਿਜ ਅਰਪਣ।

ਕੁਝ ਕੁ ਬੱਚੇ ਸਰਵਣ ਪੁੱਤ ਹੁੰਦੇ ਜਿਹੜੇ ਖੁਦ ਨੂੰ ਪੂਰਨ ਰੂਪ ਵਿਚ ਮਾਪਿਆਂ ਦੀ ਤਾਮੀਰਦਾਰੀ ਲਈ ਅਰਪਿਤ ਕਰਦੇ। ਮੇਰਾ ਦੋਸਤ ਆਪਣੇ ਪੁੱਤ ਨੂੰ ਕੈਨੇਡਾ ਜਾਣ ਲਈ ਦਿੱਲੀ ਏਅਰਪੋਰਟ ਤੇ ਛੱਡ ਕੇ ਘਰ ਆਇਆ ਹੀ ਸੀ ਕਿ ਉਸ ਦੇ ਦਿਮਾਗ਼ ਦੀ ਨਾਲੀ ਫਟ ਗਈ ਅਤੇ ਉਸ ਨੂੰ ਇਕਦਮ ਗੰਭੀਰ ਹਾਲਾਤ ਵਿਚ ਹਸਪਤਾਲ ਦਾਖਲ ਕਰਵਾਉਣਾ ਪਿਆ। ਪੁੱਤਰ ਫਲਾਈਟ ਵਿਚ ਸੀ। ਜਦ ਉਹ ਟੋਰਾਂਟੋ ਏਅਰਪੋਰਟ 'ਤੇ ਉੱਤਰਿਆ ਤਾਂ ਮੈਂ ਉਸ ਨੂੰ ਫ਼ੋਨ 'ਤੇ ਦੱਸਿਆ ਕਿ ਤੇਰਾ ਡੈਡੀ ਅਚਨਚੇਤੀ ਬਹੁਤ ਬਿਮਾਰ ਹੋ ਗਏ ਹਨ ਅਤੇ ਉਹ ਹਸਪਤਾਲ ਦਾਖਲ ਹਨ। ਉਸ ਨੇ ਆਪਣੀ ਨੌਕਰੀ ਦੀ ਪ੍ਰਵਾਹ ਨਹੀਂ ਕੀਤੀ ਅਤੇ ਮੁੜਦੀ ਫ਼ਲਾਈਟ 'ਤੇ ਹੀ ਦਿੱਲੀ ਮੁੜ ਗਿਆ। ਦਿਨ-ਰਾਤ ਆਪਣੇ ਬਾਪ ਦੀ ਦੇਖਭਾਲ ਕੀਤੀ ਅਤੇ ਉਹ ਪੰਜ ਮਹੀਨੇ ਬਾਅਦ ਵਾਪਸ ਕੈਨੇਡਾ ਪਰਤਿਆ ਜਦੋਂ ਬਾਪ ਬਿਲਕੁਲ ਠੀਕ ਹੋ ਗਿਆ ਸੀ। ਅਜੇਹੀ ਔਲਾਦ ਕਰਮਾਂ ਵਾਲੇ ਮਾਪਿਆਂ ਦੀ ਹੁੰਦੀ। ਕੁਝ ਸਾਨੂੰ ਵੀ ਉਸ ਬੱਚੇ ਦੀ ਪ੍ਰਤੀਬੱਧਤਾ ਤੋਂ ਸਿੱਖਣ ਦੀ ਲੋੜ ਹੈ।

ਮੇਰਾ ਬਾਪ ਅਚਨਚੇਤੀ ਬਿਮਾਰ ਹੋ ਗਿਆ ਤਾਂ ਮੈਂ ਅਤੇ ਮੇਰੀ ਪਤਨੀ ਤੇ ਜਾਣਾ ਹੀ ਸੀ ਪਰ ਮੇਰੀ ਵੱਡੀ ਬੇਟੀ ਵੀ ਇਕ ਹਫ਼ਤੇ ਲਈ ਆਪਣੇ ਦਾਦੇ ਨੂੰ ਦੇਖਣ ਲਈ ਸਾਡੇ ਨਾਲ ਹੀ ਚੱਲ ਪਈ ਜਿਵੇਂ ਚੰਡੀਗੜ੍ਹ ਜਾਣਾ ਹੋਵੇ। ਬੱਚਿਆਂ ਦਾ ਆਪਣੇ ਦਾਦਾ/ਦਾਦੀ, ਨਾਨਾ/ਨਾਨੀ ਨਾਲ ਪਿਆਰ ਹੋਵੇ ਤਾਂ ਉਨ੍ਹਾਂ ਲਈ ਆਪਣੇ ਨਾਲੋਂ ਆਪਣੇ ਬਜ਼ੁਰਗਾਂ ਦੀ ਸਿਹਤਯਾਬੀ ਜ਼ਿਆਦਾ ਖੁਸ਼ੀ ਦਿੰਦੀ ਹੈ।

ਮੈਂ ਕਿਤੇ ਪੜ੍ਹ ਰਿਹਾ ਸਾਂ ਕਿ ਇਕ ਨੌਜਵਾਨ ਆਪਣੇ ਬਾਪ ਨੂੰ ਝਿੜਕਦਾ ਹੈ ਕਿ ਉਹ ਕੰਧਾਂ ਨੂੰ ਫੜ ਕੇ ਜਦ ਤੁਰਦਾ ਹੈ ਤਾਂ ਲਿੱਬੜੇ ਹੱਥਾਂ ਨਾਲ ਕੰਧਾਂ ਦਾ ਰੰਗ ਖ਼ਰਾਬ ਹੋ ਜਾਂਦਾ ਹੈ। ਬਾਪ ਚੁੱਪ ਕਰ ਜਾਂਦਾ ਹੈ ਅਤੇ ਕੰਧਾਂ ਦੇ ਸਹਾਰੇ ਤੋਂ ਬਾਅਦ ਤੁਰਨ ਦੀ ਕੋਸ਼ਿਸ਼ ਕਰਦਿਆਂ ਡਿਗ ਪੈਂਦਾ ਹੈ, ਚੂਲਾ ਟੁੱਟ ਜਾਂਦਾ ਅਤੇ ਕੁਝ ਸਮੇਂ ਬਾਅਦ ਮਰ ਜਾਂਦਾ ਹੈ। ਜਦ ਉਹ ਨੌਜਵਾਨ ਪੇਂਟਰ ਨੂੰ ਸੱਦ ਕੇ ਬਾਪ ਦੇ ਹੱਥਾਂ ਦੇ ਨਿਸ਼ਾਨ ਮਿਟਾਉਣ ਲਈ ਰੰਗ ਕਰਵਾਉਣ ਲੱਗਦਾ ਹੈ ਤਾਂ ਉਸ ਦਾ ਬੇਟਾ ਜ਼ਿੱਦ ਕਰਦਾ ਹੈ ਕਿ ਦਾਦੇ ਦੇ ਹੱਥਾਂ ਦੇ ਨਿਸ਼ਾਨ ਨਹੀਂ ਮਿਟਾਉਣ ਦੇਣੇ। ਹੱਥਾਂ ਦੇ ਨਿਸ਼ਾਨ ਓਵੇਂ ਹੀ ਕੰਧ 'ਤੇ ਰਹਿੰਦੇ ਹਨ। ਜਦ ਉਹੀ ਨੌਜਵਾਨ ਬੁੱਢਾ ਹੋ ਕੇ ਕੰਧਾਂ 'ਤੇ ਹੱਥ ਲਾ ਕੇ ਤੁਰਨ ਤੋਂ ਹਿਚਕਚਾਉਂਦਾ ਹੈ ਤਾਂ ਉਸ ਦਾ ਪੁੱਤ ਕਹਿੰਦਾ ਹੈ ਕਿ ਕੋਈ ਨਾ ਕੰਧਾਂ ਨੂੰ ਫੜ ਕੇ ਤੁਰ ਵਰਨਾ ਡਿਗ ਪਵੇਂਗਾ ਅਤੇ ਸੱਟ ਲੱਗ ਜਾਵੇਗੀ। ਬਜ਼ੁਰਗ ਹੋਇਆ ਉਹੀ ਨੌਜਵਾਨ ਆਪਣੇ ਬਾਪ ਨੂੰ ਯਾਦ ਕਰਦਾ ਨਮੋਸ਼ੀ ਵਿਚ ਡੁੱਬ ਜਾਂਦਾ ਹੈ ਕਿ ਕਾਸ਼ ਮੈਂ ਵੀ ਆਪਣੇ ਬਾਪ ਨੂੰ ਇੰਝ ਕਿਹਾ ਹੁੰਦਾ ਤਾਂ ਉਹ ਨਾ ਡਿਗਦਾ ਅਤੇ ਨਾ ਹੀ ਇੰਨੀ ਜਲਦੀ ਮੌਤ ਹੁੰਦੀ।

ਯਾਦ ਰੱਖੋ ਕਿ ਮਾਪੇ ਜਦ ਤੁਰ ਜਾਂਦੇ ਤਾਂ ਬਹੁਤ ਯਾਦ ਆਉਂਦੇ ਅਤੇ ਫਿਰ ਚੇਤੇ ਆਉਂਦੀਆਂ ਨੇ ਸਾਡੀਆਂ ਖੁਨਾਮੀਆਂ ਅਤੇ ਕਮੀਨਗੀਆਂ ਜੋ ਅਸੀਂ ਆਪਣੇ ਮਾਪਿਆਂ ਨਾਲ ਕੀਤੀਆਂ ਹੁੰਦੀਆਂ। ਸਾਨੂੰ ਯਾਦ ਹੀ ਨਹੀਂ ਰਹਿੰਦਾ ਕਿ ਅਸੀਂ ਵੀ ਕਦੇ ਬੁੱਢੇ ਹੋਣਾ ਹੈ।

ਜਦ ਕੋਈ ਸਰਦੀ-ਪੁੱਜਦੀ ਔਲਾਦ ਆਪਣੇ ਮਾਪਿਆਂ ਨੂੰ ਬਜ਼ੁਰਗ ਘਰਾਂ ਵਿਚ ਜ਼ਬਰਦਸਤੀ ਛੱਡ ਆਵੇ। ਮਾਪਿਆਂ ਦੇ ਮਰਨ ਤੇ ਉਨ੍ਹਾਂ ਦੀ ਅਰਥੀ ਨੂੰ ਮੋਢਾ ਦੇਣ ਤੋਂ ਵੀ ਮੁਨਕਰ ਹੋ ਜਾਵੇ, ਮਾਪਿਆਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਤੋਂ ਵੀ ਟਾਲਾ ਵਟਣ ਲੱਗ ਪਵੇ ਜਾਂ ਮਾਪਿਆਂ ਦੀ ਬੇਕਦਰੀ, ਬੇਹੁਰਮਤੀ ਅਤੇ ਬੇਇੱਜ਼ਤੀ ਵਿਚੋਂ ਆਪਣੀ ਚੌਧਰ ਦਾ ਫੋਕਾ ਮਾਣ ਕਰਨ ਲੱਗ ਪਵੇ ਤਾਂ ਸਮਝੋ ਕਿ ਉਨ੍ਹਾਂ ਨੂੰ ਆਪਣੀ ਔਕਾਤ ਭੁੱਲ ਗਈ ਅਤੇ ਔਕਾਤ ਭੁੱਲਣ ਵਾਲਿਆਂ ਨੂੰ ਕੁਦਰਤ ਉਨ੍ਹਾਂ ਦੀ ਔਕਾਤ ਬਹੁਤ ਜਲਦੀ ਯਾਦ ਵੀ ਕਰਵਾ ਦਿੰਦੀ।

ਸਾਨੂੰ ਇਹ ਸਦਾ ਚੇਤੇ ਰੱਖਣਾ ਚਾਹੀਦਾ ਹੈ ਕਿ ਜੋ ਅਸੀਂ ਆਪਣੇ ਮਾਪਿਆਂ ਨਾਲ ਕਰ ਰਹੇ ਹਾਂ, ਸਾਡੇ ਬੱਚੇ ਸਭ ਕੁਝ ਦੇਖ ਰਹੇ ਹਨ ਅਤੇ ਫਿਰ ਸਾਡੇ ਬੱਚਿਆਂ ਨੇ ਉਸ ਤੋਂ ਮਾੜਾ ਸਲੂਕ ਸਾਡੇ ਨਾਲ ਕਰਨਾ ਹੈ ਜਦ ਅਸੀਂ ਬੁੱਢੇ ਹੋ ਗਏ।

ਮਾਪਿਆਂ ਦਾ ਦੇਣਾ ਤਾਂ ਕਦੇ ਵੀ ਨਹੀਂ ਦਿੱਤਾ ਜਾ ਸਕਦਾ। ਬਹੁਤ ਨਾਸ਼ੁਕਰੇ ਹੁੰਦੇ ਨੇ ਉਹ ਲੋਕ ਜੋ ਮਾਪਿਆਂ ਦੀ ਦੁਰਗਤੀ ਰਾਹੀਂ ਆਪਣੀ ਅਕ੍ਰਿਤਘਣਤਾ ਨੂੰ ਬਾਹਰ ਕਰਨ ਲੱਗਿਆਂ ਪਲ ਵੀ ਨਹੀਂ ਲਾਉਂਦੇ।

ਮਾਪੇ ਸਾਡੇ ਅੰਦਰ ਤਾਂ ਹਰਦਮ ਰਹਿੰਦੇ ਅਤੇ ਅਸੀਂ ਉਨ੍ਹਾਂ ਦੇ ਨਿੱਘ ਵਿਚ ਆਪਣੇ ਯਖ਼ ਪਲਾਂ ਨੂੰ ਕੋਸਾ ਕਰਦੇ। ਪਰ ਜਦ ਮਾਪੇ ਸਰੀਰਕ ਤੌਰ 'ਤੇ ਸਾਥੋਂ ਵਿੱਛੜ ਜਾਂਦੇ ਤਾਂ ਆਪਣਾ ਪਿੰਡ, ਖੇਤ, ਹਵੇਲੀ ਅਤੇ ਪੁਰਾਣਾ ਘਰ ਵੀ ਤੁਹਾਥੋਂ ਖੁੱਸ ਜਾਂਦਾ। ਬਚਪਨੇ ਦੇ ਦਿਨਾਂ ਨੂੰ ਯਾਦ ਕਰਨ ਜਾਂ ਮਨਾਉਣ ਦਾ ਮੌਕਾ ਵੀ ਨਾ ਮਿਲਦਾ ਕਿਉਂਕਿ ਸ਼ਰੀਕ ਬਣੇ ਭੈਣ-ਭਰਾ ਕਦੋਂ ਆਪਣਿਆਂ ਦੀ ਦਸਤਕ ਦਾ ਹੁੰਗਾਰਾ ਭਰਦੇ ਜਾਂ ਉਨ੍ਹਾਂ ਨੂੰ ਆਪਣੇ ਪੁਰਾਣੇ ਘਰ ਆਉਣ ਲਈ ਨਿਉਂਦਾ ਦਿੰਦੇ। ਇਕ ਚੁੱਪ ਤਣ ਜਾਂਦੀ, ਖ਼ਾਮੋਸ਼ੀ ਵਿਚ ਸਭ ਕੁਝ ਸੁੰਨ ਹੋ ਜਾਂਦਾ ਅਤੇ ਇਸ ਚੁੱਪ ਵਿਚ ਬੰਦੇ ਦੇ ਅੰਦਰਲਾ ਬੰਦਾ ਚੁੱਪ ਗੜੁਪ ਹੋਇਆ, ਆਪਣੇ ਆਪ ਨਾਲ ਵੀ ਗੁਫ਼ਤਗੂ ਕਰਨ ਤੋਂ ਵਾਂਝਾ ਹੋ ਜਾਂਦਾ।

ਮਾਪਿਆਂ ਦੇ ਸਿਵੇ ਨੂੰ ਬਾਲਣ ਅਤੇ ਇਸ ਨੂੰ ਸੇਕਣ ਦਾ ਦਰਦ, ਕਈ ਗੁਣਾਂ ਹੋ ਜਾਂਦਾ ਜਦ ਸਿਵੇ ਦੇ ਠੰਢਾ ਹੋਣ ਤੋਂ ਪਹਿਲਾਂ ਹੀ ਜਾਇਦਾਦ 'ਤੇ ਕਬਜ਼ਾ ਕਰਨ ਅਤੇ ਆਪਣੇ ਖ਼ੂਨ ਦੇ ਰਿਸ਼ਤੇ ਨੂੰ ਗੰਧਲਾ ਕਰਨ ਅਤੇ ਜ਼ਲੀਲ ਕਰਨ ਲਈ ਪਹਿਲਾਂ ਤੋਂ ਬੁਣੀਆਂ ਘੁਤਿੱਤਾਂ ਦਾ ਸੱਚ ਸਾਹਮਣੇ ਆਉਂਦਾ। ਸ਼ਾਇਦ ਹੁਣ ਮਾਪਿਆਂ ਨਾਲੋਂ ਉਨ੍ਹਾਂ ਦੀ ਜਾਇਦਾਦ ਨੂੰ ਹੜੱਪਣਾ ਜ਼ਿਆਦਾ ਅਹਿਮ ਹੋ ਗਿਆ। ਮਾਪਿਆਂ ਦੇ ਤੁਰ ਜਾਣ ਦਾ ਸਦਮਾ ਕੀ ਹੋਵੇਗਾ ਜਿਹੜੇ ਮਾਪਿਆਂ ਨੂੰ ਜਿਉਂਦੇ ਜੀਅ ਮਾਰ ਦਿੰਦੇ ਹਨ।

ਕਦੇ ਵਰਾਂਡੇ ਵਿਚ ਬੈਠ ਕੇ ਆਪਣੇ ਬੀਤੇ ਨੂੰ ਚਿਤਵਣਾ, ਤੁਹਾਨੂੰ ਆਪਣੇ ਮਾਪੇ ਲਾਡ-ਲਡਾਉਂਦੇ, ਤੁਹਾਡੀ ਉਂਗਲ ਫੜ ਕੇ ਤੁਰਨਾ ਸਿਖਾਉਂਦੇ, ਸਕੂਲੇ ਪੜ੍ਹਨੇ ਪਾਉਂਦੇ, ਘਰ ਦੇ ਕੰਮਕਾਰ ਕਰਨਾ ਸਿਖਾਉਂਦੇ, ਕਦੇ ਕਦਰਾਂ-ਕੀਮਤਾਂ ਦੀ ਗੁੜ੍ਹਤੀ ਦਿੰਦੇ, ਕਦੇ ਮਿਹਨਤ ਅਤੇ ਮੁਸ਼ੱਕਤ ਦੀਆਂ ਬਾਤਾਂ ਪਾਉਂਦੇ। ਬਹੁਤ ਕੁਝ ਸੁਚੇਤ ਅਤੇ ਅਚੇਤ ਰੂਪ ਵਿਚ ਸਾਡੇ ਮਨਾਂ ਵਿਚ ਧਰਦੇ ਜੋ ਹੌਲੀ-ਹੌਲੀ ਸਾਡੇ ਵਿਅਕਤੀਤਵ ਦਾ ਹਿੱਸਾ ਬਣ ਕੇ ਸਾਡੇ ਨਿਖਾਰ ਅਤੇ ਵਿਸਥਾਰ ਦਾ ਸਬੱਬ ਬਣਦਾ।

ਰਾਤ ਨੂੰ ਜਦ ਅਸੀਂ ਸੁਪਨਿਆਂ ਵਿਚ ਆਪਣੇ ਪਿੰਡ, ਘਰ ਜਾਂ ਖੇਤਾਂ ਵਿਚ ਫਿਰਦੇ ਹਾਂ ਤਾਂ ਸਭ ਤੋਂ ਪਹਿਲਾਂ ਸਾਡੇ ਮਾਪੇ ਹੀ ਆਪਣੇ ਹੁੰਦੇ। ਘਰ, ਗਲੀ, ਹਵੇਲੀ ਜਾਂ ਖੇਤ ਵਿਚ ਉਨ੍ਹਾਂ ਦਾ ਨਜ਼ਰ ਆਉਣਾ ਦਰਅਸਲ ਇਹ ਸੰਕੇਤ ਹੁੰਦਾ ਕਿ ਇਨ੍ਹਾਂ ਦੀ ਹੋਂਦ ਸਿਰਫ਼ ਮਾਪਿਆਂ ਨਾਲ ਹੀ ਜੁੜੀ ਹੁੰਦੀ।

ਘਰਾਂ, ਕਾਰਾਂ ਜਾਂ ਬਰਾਂਡਾਂ ਦੀ ਕੋਈ ਅਮੀਰੀ ਨਹੀਂ। ਅਮੀਰੀ ਦੇਖਣੀ ਹੋਵੇ ਤਾਂ ਕਿਸੇ ਘਰ ਦੇ ਬਜ਼ੁਰਗਾਂ ਨੂੰ ਮਿਲਦਾ ਅਦਬ ਅਤੇ ਉਨ੍ਹਾਂ ਦੇ ਚਿਹਰੇ 'ਤੇ ਪਸਰੀ ਰੂਹਾਨੀਅਤ ਨੂੰ ਦੇਖਣਾ।

ਮਾਪੇ ਮਾਣ ਹੁੰਦੇ ਕਿਸੇ ਘਰ ਦਾ, ਦਰ ਦਾ, ਇਸ ਦੇ ਬਨੇਰਿਆਂ ਦਾ, ਪੌੜੀਆਂ ਉੱਤਰਦੇ ਸਵੇਰਿਆਂ ਦਾ। ਕਮਰਿਆਂ ਵਿਚ ਧੜਕਦੀ ਜ਼ਿੰਦਗੀ ਦਾ ਸਾਜ਼ ਹੁੰਦੇ ਮਾਪੇ ਅਤੇ ਜੀਵਨ ਸ਼ੈਲੀ ਦਾ ਅੰਦਾਜ਼ ਹੁੰਦੇ ਮਾਪੇ।

ਮਾਪੇ ਸਾਡੀ ਮਰਿਆਦਾ, ਸਾਡੀ ਵਿਰਾਸਤ ਦਾ ਸੁੱਚਾ ਰੰਗ, ਸਾਡੇ ਅਦਬ ਦਾ ਝਲਕਾਰਾ, ਸਭਿਆਚਾਰਕ ਮੁੱਲਾਂ ਦਾ ਲਿਸ਼ਕਾਰਾ ਅਤੇ ਸਾਡੀਆਂ ਸੋਚ-ਤਰਜੀਹਾਂ ਦਾ ਦਰਸਾਰਾ।

ਮਾਪੇ ਕੀ ਹੁੰਦੇ, ਕਿਉਂ ਹੁੰਦੇ ਅਤੇ ਉਨ੍ਹਾਂ ਦੇ ਮਨਾਂ ਵਿਚ ਬੱਚਿਆਂ ਦੀਆਂ ਪ੍ਰਾਪਤੀਆਂ ਜਾਂ ਅਸਫਲਤਾਵਾਂ ਦੇਖ ਕੇ ਕੀ ਵਾਪਰਦਾ, ਸਿਰਫ਼ ਉਦੋਂ ਹੀ ਸਮਝ ਆਉਂਦੀ ਜਦ ਮਨੁੱਖ ਖੁਦ ਮਾਪੇ ਬਣਦੇ।

ਮਾਪੇ ਮਾਨਤਾ ਵੀ ਹੁੰਦੀ ਸਾਡੀਆਂ ਕਦਰਾਂ-ਕੀਮਤਾਂ ਦੀ, ਸਾਡੇ ਅਚਾਰ-ਵਿਹਾਰ, ਸਾਡੇ ਮਾਪਾਂ ਤੇ ਰਫ਼ਤਾਰ ਦੀ, ਸਾਡੀਆਂ ਸੰਭਾਵਨਾਵਾਂ ਅਤੇ ਸੁਪਨਿਆਂ ਵਿਚਲੇ ਸਬੰਧਾਂ ਦੀ। ਸਾਡੇ ਸੋਚ-ਸਫ਼ਰ ਅਤੇ ਜੀਵਨੀ ਸਫ਼ਰ ਦੇ ਸੰਤੁਲਨ ਦੀ।

ਮਾਪਿਆਂ ਕਾਰਨ ਹੋਂਦ, ਹਾਸਲ, ਹਸਤੀ, ਹਦੂਦ, ਹਰਫ਼ਨਮੌਲਤਾ, ਹਰਦਿਲ ਅਜ਼ੀਜ਼ਤਾ, ਹੱਸਮੁੱਖਤਾ ਅਤੇ ਹਾਜ਼ਰ ਜਵਾਬੀ, ਸਾਨੂੰ ਸਾਡੀ ਆਪਣੀ ਆਪਣੀ ਲੱਗਦੀ।

ਮਾਪੇ ਮਾਂ-ਬਾਪ ਦਾ ਸੰਗਮ, ਅਸੀਂ ਉਨ੍ਹਾਂ ਦੇ ਜੀਵਨ ਦਾ ਨਿਚੋੜ। ਉਨ੍ਹਾਂ ਦੀ ਕਿਰਤ ਕਮਾਈ ਦਾ ਹਾਸਲ। ਉਨ੍ਹਾਂ ਦੇ ਸੁਪਨਿਆਂ ਦਾ ਸੱਚ ਅਤੇ ਉਨ੍ਹਾਂ ਦੀਆਂ ਤਮੰਨਾਵਾਂ ਦੀ ਤਾਮੀਰਦਾਰੀ ਅਤੇ ਉਨ੍ਹਾਂ ਦੇ ਹਿਰਦੇ ਵਿਚ ਪਨਪਦੇ ਭਾਵਾਂ ਦਾ ਸੰਧਾਰਾ।

ਮਾਪੇ ਨਜ਼ਰ ਨਾ ਆਉਣ ਤਾਂ ਬੱਚਿਆਂ ਦੇ ਪੀਲੇ ਚਿਹਰੇ ਅਤੇ ਉਨ੍ਹਾਂ ਦੇ ਮੁੱਖ 'ਤੇ ਆਉਂਦੇ ਉਤਰਾਅ-ਚੜ੍ਹਾਅ ਨੂੰ ਦੇਖਣਾ, ਤੁਹਾਨੂੰ ਅਹਿਸਾਸ ਹੋਵੇਗਾ ਕਿ ਬੱਚਿਆਂ ਲਈ ਮਾਪਿਆਂ ਦੇ ਕੀ ਅਰਥ ਹੁੰਦੇ?

ਮਾਪੇ ਸਿਰਫ਼ ਸਾਨੂੰ ਪਾਲਦੇ ਹੀ ਨਹੀਂ ਸਾਨੂੰ ਜੀਵਨ ਦਿੰਦੇ। ਜੀਵਨ ਨੂੰ ਜਿਉਣ ਦੀਆਂ ਮੱਤਾਂ ਨਾਲ ਵੀ ਨਿਵਾਜਦੇ। ਉਹ ਸਾਡੀ ਵਾੜ, ਛੱਤਰੀ। ਸਿਆਲਾਂ 'ਚ ਮਘਦੀ ਧੂਣੀ ਵਰਗੇ। ਉਨ੍ਹਾਂ ਦੀ ਗੋਦ ਵਿਚਲਾ ਨਿੱਘ ਤੁਹਾਨੂੰ ਕਿਧਰੋਂ ਨਹੀਂ ਮਿਲਦਾ।

ਬੱਚਿਆਂ ਨੂੰ ਡਾਂਟ-ਡਪਟ ਕਰ ਕੇ ਰੁਆਉਣ ਤੋਂ ਬਾਅਦ, ਕਦੇ ਮਾਪੇ ਨੂੰ ਕੱਲ੍ਹੇ ਬੈਠਿਆਂ ਰੋਂਦਿਆਂ ਅਤੇ ਪਛਤਾਉਂਦਿਆਂ ਦੇਖਣਾ, ਤੁਹਾਨੂੰ ਮਹਿਸੂਸ ਹੋਵੇਗਾ ਕਿ ਮਾਪਿਆਂ ਦੇ ਕਿੰਨੇ ਰੂਪ ਹੁੰਦੇ, ਜਿਨ੍ਹਾਂ ਤੋਂ ਬੱਚੇ ਅਕਸਰ ਹੀ ਅਣਜਾਣ ਰਹਿੰਦੇ। ਬੱਚਿਆਂ ਨੂੰ ਪਰਦੇਸੀਂ ਤੋਰ, ਬੂਹੇ ਦੇ ਕੋਲ ਖੜ ਕੇ ਉਡੀਕਦਿਆਂ ਮਾਪਿਆਂ ਦੇ ਅੱਥਰੂ ਵੀ ਸੁੱਕ ਜਾਂਦੇ ਅਤੇ ਉਹ ਵੀ ਸੁੱਕੇ ਬਿਰਖ ਬਣ ਜਾਂਦੇ ਪਰ ਉਨ੍ਹਾਂ ਦੀ ਉਡੀਕ ਕਦੇ ਖ਼ਤਮ ਨਾ ਹੁੰਦੀ। ਨਾ ਹੀ ਆਸ ਮੁੱਕਦੀ, ਕਿਉਂਕਿ ਮਾਪੇ ਹੀ ਹੁੰਦੇ ਜਿਨ੍ਹਾਂ ਨੂੰ ਆਪਣਿਆਂ ਦੇ ਪਰਤਣ ਦੀ ਆਸ ਅਤੇ ਹਿੱਕ ਨਾਲ ਲਾਉਣ ਦੀ ਰੀਝ ਕਦੇ ਨਹੀਂ ਮਰਦੀ।

ਮਾਪੇ ਮਰ ਵੀ ਕਦੇ ਨਹੀਂ ਮਰਦੇ,
ਸਦਾ ਜਿਉਂਦੇ ਨੇ ਸਾਡੇ ਸਾਹਾਂ ਦੇ ਵਿਚ।
ਸਾਡੇ ਹੌਸਲੇ, ਹਠ ਤੇ ਹਿੰਮਤ ਦੇ ਵਿਚ,
ਤੇ ਮੰਜ਼ਲਾਂ ਨੂੰ ਜਾਂਦੀਆਂ ਰਾਹਾਂ ਦੇ ਵਿਚ।
ਸਾਡੀ ਤਕਦੀਰ, ਤਹਿਜ਼ੀਬ ਤੇ ਤੱਕਣੀ 'ਚ,
ਸਾਡੇ ਮਨਾਂ 'ਚ ਪਨਪ ਦੇ ਚਾਵਾਂ ਦੇ ਵਿਚ।
ਸਾਡੇ ਸੁਪਨੇ, ਸੇਧ ਅਤੇ ਸਫ਼ਲਤਾ 'ਚ,
ਸਾਡੀ ਝੋਲੀ 'ਚ ਪਈਆਂ ਦੁਆਵਾਂ ਦੇ ਵਿਚ।
ਸਾਡੇ ਰਿਸ਼ਤੇ, ਸਕੀਰੀ ਅਤੇ ਸਬੰਧਾਂ ਦੇ ਵਿਚ,
ਸਾਡੇ ਖੂਹ ਨੂੰ ਜਾਂਦੀਆਂ ਡੰਡੀਆਂ ਦੇ ਵਿਚ।
ਪੁਰਾਣੇ ਘਰ 'ਚ ਉੱਗੇ ਘਰਾਂ ਦੇ ਵਿਚ,
ਖੇਤਾਂ 'ਚ ਪਾਈਆਂ ਵੰਡੀਆਂ ਦੇ ਵਿਚ।
ਉਸ ਦੇ ਸਾਈਕਲ ਨੂੰ ਕਦੇ ਜੇ ਹੱਥ ਲਾਵਾਂ,
ਜਾਪੇ ਜਿਵੇਂ ਉਹ ਮੈਨੂੰ ਦੁਲਾਰਦਾ ਹੋਵੇ।
ਮੇਰੀ ਆਵੇਗੀ ਖੂੰਡੀ ਕਦੇ ਕੰਮ ਤੇਰੇ,
ਸਹਿਜ-ਮਤੇ ਜਿਵੇਂ ਮੈਨੂੰ ਪੁਕਾਰਦਾ ਹੋਵੇ।
ਗਿੱਲੀ ਵੱਟ ਤੇ ਕਦੇ ਮੈਂ ਤਿਲ੍ਹਕਿਆ ਜੇ,
ਤਾਂ ਬਾਪੂ ਬਾਂਹੋਂ ਫੜ ਉਠਾਲਿਆ ਸੀ।
ਜਦ ਮੈਂ ਅੰਦਰੋਂ-ਬਾਹਰੋਂ ਟੁੱਟਿਆ ਸਾਂ,
ਮਾਂ ਨੇ ਸੀਨੇ ਨਾਲ ਲਾ ਸੰਭਾਲਿਆ ਸੀ।

ਕਦੇ ਮਾਪਿਆਂ ਦੇ ਪੈਰਾਂ 'ਚ ਮੱਥਾ ਟੇਕਣਾ ਅਤੇ ਉਨ੍ਹਾਂ ਦੀਆਂ ਅਸੀਸਾਂ ਦਾ ਵਰਦਾਨ ਆਪਣੀ ਝੋਲੀ ਵਿਚ ਪਵਾਉਣਾ, ਤੁਹਾਡੀਆਂ ਸਾਰੀਆਂ ਬਲਾਵਾਂ ਟਾਲ ਦਿੰਦੀ ਹੈ ਮਾਪਿਆਂ ਦੀ ਰੱਬ ਅੱਗੇ ਅਰਦਾਸ।

ਕਦੇ ਘਰੋਂ ਬਾਹਰ ਪੈਰ ਰੱਖਣ ਲੱਗਿਆਂ ਕੋਲੇ ਕੋਲ ਖੜ੍ਹੀ ਅਤੇ ਚੁੰਨੀਆਂ ਅੱਖਾਂ ਨਾਲ ਆਖਰੀ ਵਾਰ ਨਿਹਾਰਦੀ ਬੁੱਢੀ ਮਾਂ ਨੂੰ ਤੱਕਣਾ, ਉਸ ਦੀਆਂ ਅੱਖਾਂ ਵਿਚ ਉਤਰੀ ਨਮੀ ਤੁਹਾਡੇ ਮਨ ਦੇ ਸਾਰੇ ਦਾਗ਼ਾਂ ਨੂੰ ਧੋ ਦੇਵੇਗੀ। ਸੀਨੇ 'ਤੇ ਪੱਥਰ ਰੱਖ ਕੇ ਘਰੋਂ ਬਾਹਰ ਤੋਰਨ ਵਾਲੇ ਧੀਆਂ-ਪੁੱਤਰਾਂ ਨੂੰ ਸਦਾ ਉਡੀਕਦੇ ਨੇ ਮਾਪੇ।

ਮਾਪੇ ਖ਼ਾਲੀ ਜੇਬ ਹੁੰਦਿਆਂ ਵੀ ਬੱਚਿਆਂ ਲਈ ਕੁਬੇਰ ਦਾ ਖ਼ਜ਼ਾਨਾ, ਉਨ੍ਹਾਂ ਦੇ ਲਾਡਾਂ ਅਤੇ ਦੁਲਾਰਾਂ ਦਾ ਹੱਸ ਹੱਸ ਭਰਦੇ ਹਰਜਾਨਾ। ਆਪਣੇ ਚਾਵਾਂ ਨੂੰ ਛਿੱਕਾਰ ਕੇ ਬੱਚਿਆਂ ਦੀਆਂ ਰੀਝਾਂ ਪੂਰੀਆਂ ਕਰਨ ਵਾਲੇ ਮਾਪਿਆਂ ਦਾ ਕਰਜ਼ ਤਾਂ ਬੱਚੇ ਕਦੇ ਵੀ ਨਹੀਂ ਲਾਹ ਸਕਦੇ। ਖੁਦ ਕਮਾਈ ਕਰਨ 'ਤੇ ਹੀ ਪਤਾ ਲੱਗਦਾ ਕਿ ਐਸ਼ ਤਾਂ ਮਾਪਿਆਂ ਦੇ ਪੈਸਿਆਂ ਨਾਲ ਹੁੰਦੀ, ਆਪਣੀ ਕਮਾਈ ਨਾਲ ਤਾਂ ਸਿਰਫ਼ ਜ਼ਰੂਰਤਾਂ ਹੀ ਪੂਰੀਆਂ ਹੁੰਦੀਆਂ।

ਮਾਪਿਆਂ ਦੀ ਦੇਖ ਭਾਲ ਹੇਠ ਰਿੜ੍ਹਦਿਆਂ ਰਿੜ੍ਹਦਿਆਂ, ਖੜ੍ਹੇ ਹੁੰਦਿਆਂ ਅਤੇ ਉਂਗਲੀ ਫੜ ਕੇ ਤੁਰਨ ਤੋਂ ਬਾਅਦ ਸਫ਼ਰਾਂ ਦਾ ਸ਼ਾਹ-ਅਸਵਾਰ ਤਾਂ ਬਣ ਜਾਂਦਾ ਹੈ ਬੱਚਾ। ਪਰ ਉਹ ਕੁਝ ਵੀ ਬਣ ਜਾਵੇ, ਮਾਪਿਆਂ ਲਈ ਸਦਾ ਬੱਚਾ ਹੀ ਰਹਿੰਦਾ। ਮਾਪਿਆਂ ਨੇ ਸਦਾ ਸੁਮੱਤਾਂ ਦਿੰਦੇ ਹੀ ਰਹਿਣਾ ਅਤੇ ਬੱਚਿਆਂ ਨੇ ਆਖਾ ਮੰਨਦਿਆਂ ਭਾਵੇਂ ਸਮੇਂ ਅਨੁਸਾਰ ਵਿਲੱਖਣ ਪਛਾਣ ਬਣਾ ਲਈ ਹੋਵੇ ਪਰ ਮਾਪੇ ਤਾਂ ਮਾਪੇ ਹੀ ਹੁੰਦੇ।

ਪੁੱਤ ਭਾਵੇਂ ਕਪੁੱਤ ਬਣ ਜਾਵੇ ਪਰ ਮਾਪੇ ਕਦੇ ਵੀ ਕੁ-ਮਾਪੇ ਨਹੀਂ ਬਣਦੇ ਕਿਉਂਕਿ ਬੱਚੇ ਉਨ੍ਹਾਂ ਦੀਆਂ ਆਂਦਰਾਂ ਜੁ ਹੁੰਦੇ। ਭਲਾ ਆਪਣੀਆਂ ਆਂਦਰਾਂ ਤੋਂ ਕੋਈ ਕਿਵੇਂ ਵੱਖ ਹੋ ਸਕਦਾ?

---

*(ਪਿਛਲੇ ਸਫੇ ਦੀ ਬਾਕੀ)*

ਇੱਕ ਕੋਇਲਾ ਉਹ ਹੁੰਦਾ ਹੈ ਜਿਸ ਦਾ ਹੀਰਾ ਬਣ ਜਾਂਦਾ ਹੈ ਤੇ ਇੱਕ ਕੋਇਲਾ ਉਹ ਹੁੰਦਾ ਹੈ ਜਿਸ ਦੀ ਸੁਆਹ ਵੀ ਕਿਸੇ ਕੰਮ ਨਹੀਂ ਆਉਂਦੀ। ਜੇ ਕੋਇਲੇ ਦੇ ਅੰਦਰਲਾ ਸੇਕ ਬਾਹਰਲੇ ਸੇਕ ਨਾਲੋਂ ਤੇਜ਼ ਹੋਵੇ, ਕੋਇਲਾ ਹੀਰਾ ਤੇ ਬਾਹਰਲਾ ਸੇਕ ਅੰਦਰਲੇ ਨਾਲੋਂ ਤੇਜ਼ ਹੋਵੇ ਤਾਂ ਕੋਇਲਾ ਸੜ ਕੇ ਸੁਆਹ ਹੋ ਜਾਂਦਾ ਹੈ। ਮੀਨਾਕਸ਼ੀ ਘਰ ਵਿਚ ਕੋਇਲਾ ਹੋਵੇ ਜਾਂ ਨਾ ਹੋਵੇ ਪਰ ਆਪਣਾ ਅੰਦਰਲਾ ਸੇਕ ਤੇਜ਼ ਰਖੋ, ਭੀਤਰ ਦੀ ਅੱਗ ਨੂੰ ਮਘਦਿਆਂ ਰਖੋ। ਲਓ ਫੇਰ ਇਕ ਸ਼ੇਅਰ ਅਰਜ਼ ਹੈ:

ਕਾਫ ਕੋਇਲੇ ਦੀ ਘਰ ਵਿਚ ਕਾਨ ਹੋਵੇ,
ਕੰਮ ਫੇਰ ਅੰਗੀਠੀ ਦਾ ਚਲਦਾ ਹੈ।
ਕੋਲੇ ਮੁੱਕ ਗਏ ਆ ਕੋਲੇ ਮੁਕ ਗਏ ਆ
ਰੋਣਾ ਰੋਜ਼ ਰਹਿੰਦਾ, ਏਸੇ ਗੱਲ ਦਾ ਹੈ।

ਲੈ ਹੁਣ ਅਗਲਾ ਸ਼ਿਅਰ ਮਿੱਟੀ ਦੇ ਤੇਲ ਬਾਰੇ ਹੈ। ਕਾਲੀਦਾਸ ਵਰਗੇ ਮਹਾਂ ਕਵੀਆਂ ਨੂੰ ਐਹੋ ਜਿਹਾ ਸ਼ਿਅਰ ਨਹੀਂ ਸੁਝਿਆ ਹੋਵੇਗਾ। ਕਾਬਿਲੇ ਗ਼ੌਰ ਸ਼ਿਅਰ ਹੈ, ਮੇਰੇ ਵੱਲ ਧਿਆਨ ਦੇਣਾ ਬਾਦਸ਼ਾਹੋ:

ਮੀਮ ਮਿੱਟੀ ਦੇ ਤੇਲ ਦਾ ਆਇਆ ਤੋੜਾ,
ਕਿਹੜੇ ਖੂਹ ਵਿਚੋਂ ਪੀਪੇ ਭਰ ਆਵਾਂ।
ਡਾਲ ਡੀਪੂਆਂ 'ਤੇ ਲੱਗੀ ਭੀੜ ਦਿਸੇ,
ਦੋ ਬੋਤਲਾਂ ਕੀ ਲੈ ਕੇ ਘਰ ਆਵਾਂ?

ਸ੍ਰੀਮਤੀ ਤੂੰ ਯਕੀਨ ਕਰ ਜਾਨ, ਤੇਰੇ ਲਈ ਸਾਡੀ ਹਰ ਵੇਲੇ ਜਾਨ ਹਾਜ਼ਰ ਹੈ। ਸਿਆਲ ਆ ਗਿਆ ਘਰ ਬੱਚਿਆਂ ਦੇ ਗਲ ਕੋਈ ਕੱਪੜਾ ਨਹੀਂ ਸੀ। ਆਪਣਾ ਤਾਂ ਜਿਵੇਂ ਹੋਇਆ ਸਾਰ ਲਿਆ ਪਰ ਬੱਚਿਆਂ ਦਾ ਦੁੱਖ ਝੱਲਿਆ ਨਾ ਜਾਵੇ। ਮੈਂ ਕਸੀਸ ਵੱਟ ਕੇ ਬੱਚਿਆਂ ਦੇ ਕਪੜਿਆਂ ਬਾਰੇ ਬੇਨਤੀ ਕਰ ਹੀ ਦਿੱਤੀ। ਕਵੀ ਮਹਾਰਾਜ ਕਹਿਣ ਲੱਗੇ, ਮੀਨਾਕਸ਼ੀ ਜੀ, ਸਾਡੇ ਬੱਚੇ ਕੀ ਨੇ ਦੋ ਗੁਲਾਬ ਦੇ ਫੁੱਲ ਨੇ, ਇੱਕ ਲੜਕਾ ਤੇ ਇੱਕ ਲੜਕੀ-ਇਹ ਕਿਸੇ ਦਿਨ ਸ਼ਹਿਜ਼ਾਦੀਆਂ ਵਾਂਗ ਸਤਿਕਾਰੇ ਜਾਇਆ ਕਰਨਗੇ। ਇਨ੍ਹਾਂ ਲਈ ਆਪਣੀ ਜਾਨ ਹਾਜ਼ਰ ਹੈ। ਜਦੋਂ ਸਾਡਾ ਦੀਵਾਨ ਛੱਪਿਆ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਦੇ ਛੀ-ਛੀ ਗਰਮ ਤੇ ਬਾਰ੍ਹਾਂ-ਬਾਰ੍ਹਾਂ ਠੰਢੇ ਸੂਟ ਸਵਾ ਦਿਆਂਗੇ ਪਰ ਅਜੇ ਤਾਂ ਇਨ੍ਹਾਂ ਨੂੰ ਸ਼ਿਅਰ ਸੁਣਾਉਣਾ ਚਾਹੀਦਾ ਹੈ:

ਬੇ ਬੱਚਿਆਂ ਦਾ ਮੈਨੂੰ ਫ਼ਿਕਰ ਖਾਵੇ,
ਸ਼ਾਂ ਬਿਸਕੁਟਾਂ ਦੇ ਡੱਬੇ ਚੱਬਦੇ ਨੇ।
ਭਾਲ ਬਖਸ਼ ਕੇ ਰਾਸ਼ਨ ਲਕੋ ਗਿਆ ਉਹ,
ਕੈਸੇ ਰੰਗ ਇਹ ਸੋਹਣੀਏ ਰੱਬ ਦੇ ਨੇ।

ਵੇਖ ਲਈ ਕਵੀ ਦੀ ਦੁਨੀਆਂ, ਕਰ ਲਿਆ ਉਸ ਨਾਲ ਨਿਭਾ, ਕਦੀ ਕਦੀ ਬੱਚਿਆਂ ਨੂੰ ਵੇਖ ਕੇ ਤਰਸ ਆਉਣਾ, ਵਰਨਾ ਹਰ ਵੇਲੇ ਮਰ ਜਾਣ ਬਾਰੇ ਸੋਚਦੇ ਰਹਿਣਾ। ਏਥੇ ਜਿਉਂਦੇ ਰਹਿਣ ਲਈ ਕੁਝ ਦਿਸਦਾ ਹੀ ਨਹੀਂ ਸੀ, ਮੇਰੀਆਂ ਅੱਖਾਂ ਅੱਗੇ ਹਨੇਰਾ ਹੀ ਹਨੇਰਾ ਸੀ। ਮਰ ਜਾਣ ਨੂੰ ਮੈਂ ਬੁਜ਼ਦਿਲੀ ਸਮਝਦੀ ਸਾਂ ਪਰ ਡੁਬਦੀ ਨੂੰ ਤਿਣਕੇ ਦਾ ਸਹਾਰਾ ਵੀ ਨਹੀਂ ਸੀ ਦਿਸਦਾ। ਕਰਾਂ ਤਾਂ ਕੀ ਕਰਾਂ? ਮੇਰੀਆਂ ਅੱਖਾਂ ਅੱਗੇ ਵਾਰ ਵਾਰ ਉਨ੍ਹਾਂ ਦਿਨਾਂ ਦੇ ਝਉਲੇ ਪਿਆ ਕਰਨੇ ਜਦੋਂ ਮੇਰਾ ਕਵੀ ਮੇਰੇ ਲਈ ਤੜਫਿਆ ਕਰਦਾ ਸੀ ਪਰ ਅੱਜ ਵੀ ਉਸ ਨੇ ਕੋਈ ਬੇਵਫ਼ਾਈ ਨਹੀਂ ਸੀ ਕੀਤੀ। ਅੱਜ ਵੀ ਉਸ ਦੀ ਜਾਨ ਹਾਜ਼ਰ ਸੀ ਪਰ ਮੈਂ ਜ਼ਿੰਦਗੀ ਦੀਆਂ ਹਕੀਕਤਾਂ ਹੱਥੋਂ ਪ੍ਰੇਸ਼ਾਨ ਸਾਂ। ਉਹ ਸੁਪਨਿਆਂ ਦੀ ਲੋਰ ਤੋਂ ਬਾਹਰ ਨਹੀਂ ਸੀ ਆਉਣਾ ਚਾਹੁੰਦਾ। ਜ਼ਿੰਦਗੀ ਮੌਤ ਦੇ ਵਿਚਕਾਰ ਇੱਕ ਯੁੱਧ ਹੋ ਰਿਹਾ ਸੀ। ਆਖੀਰ ਮੈਂ ਧਰਤੀ ਤੋਂ ਚਲੇ ਜਾਣ ਬਾਰੇ ਫੈਸਲਾ ਕਰ ਲਿਆ। ਮੈਂ ਉਨ੍ਹਾਂ ਨੂੰ ਬੜੇ ਜ਼ੋਰ ਨਾਲ ਕਿਹਾ, ਮੈਨੂੰ ਸੰਖੀਆ ਲਿਆ ਦਿਓ। ਉਹ ਖਿੜਖਿੜਾ ਕੇ ਹੱਸ ਪਏ ਤੇ ਕਹਿਣ ਲੱਗੇ, ਮੀਨਾਕਸ਼ੀ ਸੰਖੀਆ ਕਿਉਂ? ਤੇਰੀ ਆਈ ਮੈਂ ਮਰ ਜਾਂ ਤੇਰਾ ਵਾਲ ਵਿੰਗਾ ਨਾ ਹੋਵੇ। ਸੱਜਣੀ ਅੱਖਾਂ ਖੋਲ੍ਹ ਕੇ ਤੱਕ ਤੇਰੇ ਲਈ ਜਾਨ ਹਾਜ਼ਰ ਹੈ, ਜਾਨ ਹਾਜ਼ਰ ਹੈ, ਹਾਜ਼ਰ ਹੈ। ਇਹ ਜਾਨ ਤੇਰੇ ਲਈ ਹਾਜ਼ਰ ਹੈ। ਛੱਡ ਸੰਖੀਏ ਦੀਆਂ ਗੱਲਾਂ ਤੇ ਇਹ ਗ਼ੌਰ ਨਾਲ ਸ਼ਿਅਰ ਸੁਣ। ਇਹ ਐਸਾ ਸ਼ਿਅਰ ਹੈ ਕਿ ਮੁਕਰਰ ਕਰਦੀ ਫਿਰੇਂਗੀ:

ਸੀਨ ਸੰਖੀਆ ਮਿਲੇ ਨਾ ਸਾਫ਼ ਕਿਧਰੇ,
ਇਹਦੇ ਵਿਚ ਮਿਲਾਵਟਾਂ ਭਾਰੀਆਂ ਨੇ।
ਸਾਨੂੰ ਨਾਲ ਹੀ ਸੋਹਣੀਏ ਲਈ ਜਾਣਾ,
ਸੁਰਗਾਂ ਵਾਸਤੇ ਜੇ ਤਿਆਰੀਆਂ ਨੇ।


# ਅੱਜ ਦੇ ਲੇਖਕ ਅਤੇ ਇਨਸਾਫ ਲਈ ਹੋਕਾ

**ਨੀਰਾ ਚੰਢੋਕ**

ਸਭਿਅਤਾ ਬਚਾਉਣ ਖਾਤਰ ਲੇਖਕਾਂ ਦਾ ਪਹਿਲਾ ਕੌਮਾਂਤਰੀ ਸੰਮੇਲਨ ਪੈਰਿਸ ਵਿਚ ਸੰਨ 1935 ਵਿਚ 21 ਤੋਂ 25 ਜੂਨ ਤੱਕ ਹੋਇਆ ਸੀ। ਖੱਬੇ ਪੱਖੀਆਂ, ਅਤਿ-ਯਥਾਰਥਵਾਦੀਆਂ, ਅਗਾਂਹਵਧੂ ਹਸਤੀਆਂ, ਉਦਾਰਵਾਦੀਆਂ ਤੇ ਸ਼ਾਂਤੀਵਾਦੀਆਂ ਨਾਲ ਖੜ੍ਹਨ ਵਾਲੇ ਲੇਖਕਾਂ ਨੇ ਹਜ਼ਾਰਾਂ ਸਰੋਤਿਆਂ ਅੱਗੇ ਯੂਰਪ ਵਿਚ ਵਧ ਰਹੇ ਫਾਸ਼ੀਵਾਦ ਦੇ ਪ੍ਰਭਾਵ ਨੂੰ ਨਕਾਰਿਆ ਸੀ। ਬੁਲਾਰੇ 'ਸਰਗਰਮ ਲੇਖਕ' ਸਨ ਜਿਹੜੇ ਯਕੀਨ ਰੱਖਦੇ ਸਨ ਕਿ ਕਲਾ ਤੇ ਸਿਆਸਤ ਨਾਲੋ-ਨਾਲ ਚੱਲਦੇ ਹਨ ਅਤੇ ਇੱਕ-ਦੂਜੇ ਤੋਂ ਬਿਨਾਂ ਇਨ੍ਹਾਂ ਦੀ ਕੋਈ ਹੋਂਦ ਨਹੀਂ ਹੈ। ਖੱਬੇ ਪੱਖੀਆਂ ਅਤੇ ਅਗਾਂਹਵਧੂ ਬੁੱਧੀਜੀਵੀਆਂ ਦੀਆਂ ਬੈਠਕਾਂ ਦੀ ਰਵਾਇਤੀ ਥਾਂ 'ਪਲੇ ਡੂ ਮਿਊਚੁਅਲਿਤੇ' ਵਿਚ ਹੋਈ ਬੈਠਕ ਪੈਰਿਸ ਵਾਸੀਆਂ ਨਾਲ ਭਰ ਗਈ ਸੀ। ਇਹ ਉਹੀ ਸ਼ਹਿਰ ਸੀ ਜਿਸ ਨੇ ਉਨ੍ਹੀਵੀਂ ਸਦੀ ਦੇ ਅੰਤ ਵਿਚ ਯਹੂਦੀ ਵਿਰੋਧੀ ਭਾਵਨਾ ਉੱਠਦੀ ਦੇਖੀ ਸੀ।

1930 ਤੋਂ ਬਾਅਦ ਦੇ ਸਾਲਾਂ ਵਿਚ ਚਿੰਤਕਾਂ ਦਰਮਿਆਨ ਸਿਆਸੀ ਇਕਜੁੱਟਤਾ ਸਿਰਫ਼ ਕ੍ਰਾਂਤੀਕਾਰੀ ਇਲਾਕਿਆਂ ਦੇ ਕੈਫਿਆਂ ਤੱਕ ਸੀਮਤ ਨਹੀਂ ਰਹੀ। ਯੂਰੋਪ ਵਿਚ ਫਾਸ਼ੀਵਾਦ ਕਾਰਨ ਫੈਲੀ ਬੇਚੈਨੀ ਨੇ ਆਲਮੀ ਪੱਧਰ 'ਤੇ ਇਕਜੁੱਟਤਾ ਨੂੰ ਜਨਮ ਦਿੱਤਾ। ਮਸ਼ਹੂਰ ਫਰਾਂਸੀਸੀ ਲੇਖਕ ਅਤੇ ਸਾਹਿਤ ਵਿਚ ਨੋਬੇਲ ਪੁਰਸਕਾਰ ਜੇਤੂ ਆਂਦਰੇ ਜਿਡੇ ਨੇ ਉਸ ਵੇਲੇ ਕਿਹਾ ਸੀ ਕਿ ਉਨ੍ਹਾਂ ਵਿਚੋਂ ਹਰੇਕ ਕੋਲ "ਆਪਣੇ ਗੁਆਂਢੀ ਪ੍ਰਦੇਸ਼ ਦੇ ਨਿਰੀਖਣ ਦਾ ਹੱਕ ਹੈ।" ਆਂਦਰੇ ਦੀਆਂ ਇਹ ਸਤਰਾਂ ਅੱਜ ਵੀ ਯਾਦ ਕੀਤੀਆਂ ਜਾਂਦੀਆਂ ਹਨ।

1948 'ਚ ਮਨੁੱਖੀ ਅਧਿਕਾਰਾਂ ਦੇ ਸੰਸਾਰ ਵਿਆਪੀ ਐਲਾਨਨਾਮੇ 'ਚ ਵੀ ਇਹੀ ਸੁਨੇਹਾ ਦਿੱਤਾ ਗਿਆ। ਜਦ ਸਰਕਾਰਾਂ ਨਾਗਰਿਕਾਂ ਦੇ ਇਕ ਹਿੱਸੇ ਦੇ ਜਮਹੂਰੀ ਹੱਕਾਂ ਦਾ ਘਾਣ ਕਰਦੀਆਂ ਤਾਂ ਹੋਰ ਸਰਕਾਰਾਂ ਤੇ ਕੌਮਾਂਤਰੀ ਏਜੰਸੀਆਂ ਕੋਲ "ਉਨ੍ਹਾਂ ਦੇ ਇਲਾਕੇ ਦੇ ਮੁਆਇਨੇ ਦਾ ਅਧਿਕਾਰ ਹੁੰਦਾ ਹੈ।" ਪ੍ਰਭਾਵੀ ਤੌਰ 'ਤੇ ਇਸ ਐਲਾਨਨਾਮੇ ਨੇ ਲੋਕਾਂ ਦੇ ਅਧਿਕਾਰਾਂ ਪ੍ਰਤੀ ਚਿੰਤਾਵਾਂ ਨੂੰ ਤਰਕਸੰਗਤ ਠਹਿਰਾਇਆ ਹੈ, ਚਾਹੇ ਉਹ ਕਿੰਨੇ ਵੀ ਦੂਰ ਕਿਉਂ ਨਾ ਰਹਿੰਦੇ ਹੋਣ। ਅਧਿਕਾਰ ਸੰਸਾਰ ਵਿਆਪੀ ਹਨ। ਬੁੱਧੀਜੀਵੀ ਭਾਵੇਂ ਕਿਤੇ ਵੀ ਹੋਣ, ਉਨ੍ਹਾਂ ਨੂੰ ਫਾਸ਼ੀਵਾਦ ਤੇ ਇਸ ਨਾਲ ਕਮਜ਼ੋਰ ਵਰਗਾਂ ਦੇ ਕੀਤੇ ਜਾ ਰਹੇ ਨੁਕਸਾਨ ਵਿਰੁੱਧ ਆਵਾਜ਼ ਚੁੱਕਣੀ ਚਾਹੀਦੀ ਹੈ।



ਲੰਘੇ ਦਹਾਕੇ ਦੌਰਾਨ ਕਈ ਕੌਮਾਂਤਰੀ ਸੰਗਠਨਾਂ ਨੇ ਕਿਹਾ ਹੈ ਕਿ ਭਾਰਤ ਵਿਚ ਸਰਕਾਰੀ ਇਕਾਈਆਂ ਘੱਟਗਿਣਤੀਆਂ ਦੇ ਹੱਕਾਂ ਦੀ ਉਲੰਘਣਾ ਕਰ ਰਹੀਆਂ ਹਨ, ਨਾਗਰਿਕ ਆਜ਼ਾਦੀ ਦਾ ਪੱਖ ਪੂਰਦੇ ਕਾਰਕੁਨਾਂ ਤੇ ਪੱਤਰਕਾਰਾਂ ਨੂੰ ਜੇਲ੍ਹਾਂ ਵਿਚ ਤੂੰਨ੍ਹ ਰਹੀਆਂ ਹਨ ਤੇ ਸਿਵਲ ਸੁਸਾਇਟੀ ਨੂੰ ਦਬਾ ਕੇ ਰੱਖ ਰਹੀਆਂ ਹਨ। ਪਿਛਲੇ ਸਾਲ ਸਤੰਬਰ ਵਿਚ ਘੱਟਗਿਣਤੀਆਂ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਦੂਤ ਨੇ ਭਾਰਤ ਵਿਚ ਅਧਿਕਾਰਾਂ ਦੀ ਨਿੱਘਰ ਰਹੀ ਹਾਲਤ ਨੂੰ 'ਵਿਆਪਕ, ਢਾਂਚਾਗਤ ਤੇ ਖ਼ਤਰਨਾਕ' ਗਰਦਾਨਿਆ ਸੀ। ਆਲਮੀ ਧਾਰਮਿਕ ਸੁਤੰਤਰਤਾ 'ਤੇ ਅਮਰੀਕੀ ਕਮਿਸ਼ਨ ਦੀ ਬੈਠਕ ਵਿਚ ਦੂਤ ਫਰਨਾਂਡ ਡੀ ਵਾਰੇਨੈੱਸ ਨੇ ਦੱਸਿਆ ਸੀ ਕਿ ਭਾਰਤ ਸਿਰ ਦੁਨੀਆ ਦੇ ਉਨ੍ਹਾਂ ਮੁਲਕਾਂ ਵਿਚ ਸ਼ੁਮਾਰ ਹੋਣ ਦਾ ਖ਼ਤਰਾ ਮੰਡਰਾ ਰਿਹਾ ਹੈ ਜੋ ਅਸਥਿਰਤਾ, ਅੱਤਿਆਚਾਰ ਤੇ ਹਿੰਸਾ ਨੂੰ ਜਨਮ ਦੇ ਰਹੇ ਹਨ। ਨਾਲ ਹੀ ਉਨ੍ਹਾਂ ਕਿਹਾ ਸੀ ਕਿ ਮੁਸਲਮਾਨਾਂ, ਸਿੱਖਾਂ ਤੇ ਇਸਾਈਆਂ ਨੂੰ ਨਿਸ਼ਾਨਾ ਬਣਾ ਕੇ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਦੁਰਵਿਹਾਰ ਤੇ ਹੱਕਾਂ ਦਾ ਉਲੰਘਣ ਧਾਰਮਿਕ ਰਾਸ਼ਟਰਵਾਦ ਦਾ ਲੱਛਣ ਜਾਪਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਮਨੀਪੁਰ ਵਿਚ ਬੁਨਿਆਦੀ ਹੱਕਾਂ ਦੀ ਉਲੰਘਣਾ ਦਾ ਵੀ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਸੀ, ਉਨ੍ਹਾਂ ਵਿਸ਼ੇਸ਼ ਤੌਰ 'ਤੇ ਇਸਾਈ ਕੁੱਕੀ ਭਾਈਚਾਰੇ ਨਾਲ ਸਬੰਧਤ ਦੋ ਔਰਤਾਂ ਨਾਲ ਕੀਤੇ ਗਏ ਵਹਿਸ਼ੀਆਨਾ ਵਿਹਾਰ ਨੂੰ ਉਭਾਰਿਆ ਸੀ।

ਕਈ ਮਨੁੱਖੀ ਅਧਿਕਾਰ ਸੰਗਠਨਾਂ ਨੇ ਮੁਸਲਮਾਨਾਂ ਵਿਰੁੱਧ ਨਫ਼ਰਤੀ ਭਾਸ਼ਣਾਂ, ਸੰਪਤੀ ਦੀ ਭੰਨ-ਤੋੜ ਅਤੇ ਸਿਧਾਂਤਕ ਤੌਰ 'ਤੇ ਪੱਖਪਾਤੀ ਨਾਗਰਿਕਤਾ ਸੋਧ ਕਾਨੂੰਨ 'ਤੇ ਚਿੰਤਾ ਜ਼ਾਹਿਰ ਕੀਤੀ ਹੈ। 'ਹਿਊਮਨ ਰਾਈਟਸ ਵਾਚ' ਨੇ ਆਪਣੀ ਆਲਮੀ ਰਿਪੋਰਟ-2024 ਵਿਚ ਕਿਹਾ ਹੈ ਕਿ ਧਾਰਮਿਕ ਘੱਟਗਿਣਤੀਆਂ ਖ਼ਿਲਾਫ਼ ਨਿਰੰਤਰ ਪੱਖਪਾਤੀ ਤੇ ਨੀਵਾਂ ਦਿਖਾਉਣ ਵਾਲੀਆਂ ਨੀਤੀਆਂ ਕਾਰਨ ਹੱਕਾਂ ਦਾ ਆਦਰ-ਮਾਣ ਕਰਨ ਵਾਲੇ ਮੁਲਕ (ਲੋਕਤੰਤਰ) ਵਜੋਂ ਭਾਰਤ ਦੀ ਸੰਸਾਰ ਦੀ ਅਗਵਾਈ ਕਰਨ ਦੀ ਖ਼ਾਹਿਸ਼ ਕਮਜ਼ੋਰ ਹੋਈ ਹੈ। ਹੋਰਨਾਂ ਰਿਪੋਰਟਾਂ ਵਿਚ ਵੀ ਸਾਨੂੰ ਇਸ ਤਰ੍ਹਾਂ ਦਾ ਕਾਫੀ ਕੁਝ ਪੜ੍ਹਨ ਨੂੰ ਮਿਲਦਾ ਹੈ ਜਿਸ ਨਾਲ ਅਨਿਆਂ ਦੀ ਨਿਸ਼ਾਨਦੇਹੀ ਲਈ 'ਗੁਆਂਢੀ ਪ੍ਰਦੇਸ਼ ਦਾ ਮੁਆਇਨਾ ਕੀਤੇ ਜਾਣ' ਨੂੰ ਬਲ ਮਿਲਦਾ ਹੈ।

ਸੱਤਾਧਾਰੀ ਪਾਰਟੀ ਦੀ ਲੀਡਰਸ਼ਿਪ ਅਤੇ ਕੇਡਰ ਨੂੰ ਹਾਲੀਆ ਆਮ ਚੋਣਾਂ 'ਚ ਘਟੇ ਆਪਣੇ ਕੱਦ ਤੋਂ ਸਬਕ ਸਿੱਖਣਾ ਚਾਹੀਦਾ ਹੈ। ਆਸ ਹੈ ਕਿ ਸਰਕਾਰ 'ਹਿੰਦੂ ਰਾਸ਼ਟਰਵਾਦ' ਦੇ ਨਾਂ 'ਤੇ ਪਿਛਲੇ ਦਸ ਸਾਲਾਂ ਵਿਚ ਹੋਏ ਗ਼ਲਤ ਕੰਮਾਂ ਦੇ ਨੁਕਸਾਨ ਦੀ ਪੂਰਤੀ ਲਈ ਦਰੁਸਤੀ ਨਿਆਂ ਵੱਲ ਵਧੇਗੀ। ਸੋਧਕ ਜਾਂ ਦੋਸ਼ ਨਿਵਾਰਕ ਨਿਆਂ ਦਾ ਸਿਧਾਂਤ ਪੁਨਰ ਵੰਡ ਦੇ ਇਨਸਾਫ਼ ਨਾਲੋਂ ਵੱਖਰਾ ਹੈ। ਪੁਨਰ ਵੰਡ ਸਬੰਧੀ ਨਿਆਂ ਸਮਾਜ ਵਿਚ ਸਾਧਨਾਂ ਦੀ ਨਿਰਪੱਖ ਵੰਡ ਦੀ ਗੱਲ ਕਰਦਾ ਹੈ ਜਦੋਂ ਕਿ ਸੋਧਕ ਜਾਂ ਸੁਧਾਰਕ ਨਿਆਂ ਨਾਗਰਿਕਾਂ ਦੇ ਹੋਏ ਨੁਕਸਾਨ ਵੱਲ ਧਿਆਨ ਦਿਵਾਉਂਦਾ ਹੈ ਜਿਸ ਵਿਚ ਹਜੂਮੀ ਹੱਤਿਆਵਾਂ ਤੇ ਕਤਲਾਂ ਰਾਹੀਂ ਸਰੀਰਕ ਘਾਣ ਅਤੇ ਨਫ਼ਰਤੀ ਭਾਸ਼ਣਾਂ ਤੇ ਅਪਸ਼ਬਦਾਂ ਰਾਹੀਂ ਮਾਨਵੀ ਸਤਿਕਾਰ ਨੂੰ ਠੇਸ ਪਹੁੰਚਾਉਣਾ ਸ਼ਾਮਿਲ ਹੈ। ਗ਼ਲਤੀਆਂ ਸੁਧਾਰਨ ਦੀ ਕਵਾਇਦ ਵੀ ਇਸ ਦੇ ਘੇਰੇ ਵਿਚ ਹੀ ਆਉਂਦੀ ਹੈ। ਨਿਆਂ ਦਾ ਇਹ ਰੂਪ ਅਪਰਾਧੀ ਦੇ ਨਾਲ-ਨਾਲ ਉਸ ਸਮੂਹ ਜਾਂ ਸ਼ਖ਼ਸ ਦੀ ਵੀ ਸ਼ਨਾਖਤ ਕਰਦਾ ਹੈ ਜਿਸ ਦਾ ਨੁਕਸਾਨ ਹੋਇਆ ਹੈ। ਇਸ ਕੇਸ ਵਿਚ ਅਪਰਾਧੀ ਸਰਕਾਰ ਹੈ ਜਿਸ ਨੇ ਅਸਹਿਮਤੀ ਰੱਖਣ ਵਾਲਿਆਂ ਨੂੰ ਅੰਨ੍ਹੇਵਾਹ ਜੇਲ੍ਹਾਂ ਵਿਚ ਸੁੱਟਿਆ ਤੇ ਨੁਕਸਾਨ ਪਹੁੰਚਾਇਆ ਅਤੇ ਨਾਲ ਹੀ ਆਪਣੇ ਨਾਗਰਿਕਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤਾ।

ਇਹ ਸਿਧਾਂਤ ਨੁਕਸਾਨ ਕਰਨ ਵਾਲੇ ਜਾਂ ਨੁਕਸਾਨ ਹੋਣ ਦੇਣ ਵਾਲੇ ਸੱਤਾਧਾਰੀ ਪੱਖ ਅਤੇ ਪੀੜਤਾਂ ਵਿਚਾਲੇ ਸਬੰਧ ਬਣਾਉਂਦਾ ਹੈ। ਇਹ ਅਜਿਹੇ ਸਮਾਜ 'ਚ ਨਿਆਂ ਬਹਾਲੀ 'ਤੇ ਕੇਂਦਰਿਤ ਹੈ ਜੋ ਕਈ ਸਮਾਜਿਕ ਵਰਗਾਂ ਤੋਂ ਬਣੀ ਹੈ ਜਿਨ੍ਹਾਂ 'ਚੋਂ ਬਹੁਤੇ ਬਹੁਗਿਣਤੀਵਾਦ ਅੱਗੇ ਕਮਜ਼ੋਰ ਹਨ। ਸੁਧਾਰਕ ਨਿਆਂ ਦਾ ਮਾਇਨਾ ਨਾਗਰਿਕਾਂ ਦੇ ਮਾਨਸਿਕ ਤੇ ਜਿਸਮਾਨੀ ਨੁਕਸਾਨ ਦੀ ਦਰੁਸਤੀ ਕਰਨਾ ਹੈ। ਇਉਂ ਸੋਧਕ ਨਿਆਂ ਵਿਚਾਰਕ ਤੌਰ 'ਤੇ ਪੁਨਰ ਵੰਡ ਸਬੰਧੀ ਇਨਸਾਫ਼ ਦਾ ਸੰਗੀ-ਸਾਥੀ ਹੈ। ਸੁਧਾਰਕ ਇਨਸਾਫ਼ ਦੇ ਮਾਮਲੇ 'ਚ ਸਰਕਾਰ ਨੈਤਿਕ ਪੱਖ ਤੋਂ ਨਾਜਾਇਜ਼ ਕਾਰਨਾਂ ਲਈ ਕੀਤੀਆਂ ਭੁੱਲਾਂ ਦੀ ਜ਼ਿੰਮੇਵਾਰੀ ਕਬੂਲਦੀ ਹੈ।

ਇਤਿਹਾਸ ਗਵਾਹ ਹੈ ਕਿ ਕਈ ਸਰਕਾਰਾਂ ਨੇ ਠੇਸ ਪਹੁੰਚਾਉਣ ਲਈ ਨਾਗਰਿਕਾਂ ਤੋਂ ਮੁਆਫੀ ਮੰਗੀ ਹੈ ਪਰ ਸਿਰਫ਼ ਮੁਆਫ਼ੀ ਕਾਫੀ ਨਹੀਂ ਹੁੰਦੀ। ਸਰਕਾਰ ਨੂੰ ਵਚਨ ਦੇਣਾ ਪਏਗਾ ਕਿ ਇਸ ਤਰ੍ਹਾਂ ਦੀ ਹਾਨੀ ਦੁਬਾਰਾ ਨਹੀਂ ਹੋਵੇਗੀ ਅਤੇ ਸਾਰੇ ਨਾਗਰਿਕਾਂ ਦੀ ਇੱਜ਼ਤ, ਜਾਨ ਤੇ ਜਿਸਮ ਦਾ ਸਤਿਕਾਰ ਹੋਵੇਗਾ। ਸੋਧਕ ਇਨਸਾਫ਼ ਮੰਗ ਕਰਦਾ ਹੈ ਕਿ ਸਮਾਜਿਕ ਵਰਗਾਂ ਖ਼ਾਸ ਤੌਰ 'ਤੇ ਜੋ ਕਮਜ਼ੋਰ ਹਨ, ਦਰਮਿਆਨ ਸੰਤੁਲਨ ਮੁੜ ਸਥਾਪਿਤ ਹੋਵੇ, ਰਿਸ਼ਤਿਆਂ ਦੀ ਮੁਰੰਮਤ ਹੋਵੇ ਤੇ ਭਾਈਚਾਰਕ ਸਾਂਝ ਮੁੜ ਉਸਰੇ।

ਇਹ ਮਹੱਤਵਪੂਰਨ ਹੈ ਕਿਉਂਕਿ ਜਿਵੇਂ ਬੀ.ਆਰ. ਅੰਬੇਡਕਰ ਨੇ 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਦੱਸਿਆ ਸੀ ਕਿ ਸੁਤੰਤਰਤਾ, ਸਮਾਨਤਾ ਤੇ ਭਾਈਚਾਰਾ, "ਇਹ ਤ੍ਰਿਮੂਰਤੀ ਇਸ ਤਰ੍ਹਾਂ ਇਕ-ਮਿਕ ਹੈ ਕਿ ਇੱਕ ਦਾ ਦੂਜੇ ਨਾਲੋਂ ਵੱਖ ਹੋਣਾ ਲੋਕਤੰਤਰ ਦੇ ਮੂਲ ਮੰਤਵ ਨੂੰ ਹੀ ਖ਼ਤਮ ਕਰ ਦੇਵੇਗਾ... ਭਾਈਚਾਰੇ ਤੇ ਆਜ਼ਾਦੀ ਤੋਂ ਬਿਨਾਂ ਸਮਾਨਤਾ ਕੁਦਰਤੀ ਤੌਰ 'ਤੇ ਨਹੀਂ ਬਣ ਸਕਦੀ। ਇਨ੍ਹਾਂ ਨੂੰ ਲਾਗੂ ਕਰਨ ਲਈ ਚੌਕੀਦਾਰ ਦੀ ਲੋੜ ਪਏਗੀ।" ਉਨ੍ਹਾਂ ਕਿਹਾ ਸੀ ਕਿ ਭਾਰਤੀ ਸਮਾਜ 'ਚ ਭਾਈਚਾਰੇ ਦੀ ਕਮੀ ਹੈ: "ਭਾਈਚਾਰੇ ਦਾ ਕੀ ਮਤਲਬ ਹੈ? ਇਸ ਦਾ ਮਤਲਬ ਹੈ ਸਾਰੇ ਭਾਰਤੀਆਂ 'ਚ ਦੋਸਤਾਨਾ ਭਾਵ ਹੋਣਾ ਭਾਰਤੀਆਂ ਵਜੋਂ ਖ਼ੁਦ ਨੂੰ ਇਕ ਮੰਨਣਾ। ਇਹੀ ਸਿਧਾਂਤ ਹੈ ਜੋ ਸਮਾਜਿਕ ਜੀਵਨ ਨੂੰ ਏਕੇ ਤੇ ਇਕਜੁੱਟਤਾ ਦੀ ਮਾਲਾ ਵਿਚ ਪਰੋਂਦਾ ਹੈ।" ਆਮ ਚੋਣਾਂ ਦੇ ਨਤੀਜਿਆਂ ਨੇ ਜ਼ੋਰ-ਸ਼ੋਰ ਨਾਲ ਸਥਾਪਿਤ ਕੀਤਾ ਹੈ ਕਿ ਭਾਰਤ ਦੇ ਲੋਕ ਇਸ ਤ੍ਰਿਮੂਰਤੀ ਵਿਚ ਵਿਗਾੜ ਨਹੀਂ ਚਾਹੁੰਦੇ। ਐੱਨ.ਡੀ.ਏ. ਸਰਕਾਰ ਨੂੰ ਲੋਕਾਂ ਦੇ ਮਿਜ਼ਾਜ ਨੂੰ ਸਮਝਣਾ ਚਾਹੀਦਾ ਹੈ ਹੈ ਤੇ ਸੁਧਾਰਾਤਮਕ ਨਿਆਂ ਦੇਣ ਵੱਲ ਕਦਮ ਵਧਾਉਣੇ ਚਾਹੀਦੇ ਹਨ।

# ਨਰਿੰਦਰ ਮੋਦੀ ਲਈ ਰੂਸ ਦੇ ਦੌਰੇ ਦੀ ਸਿਆਸਤ

**ਜਯੋਤੀ ਮਲਹੋਤਰਾ**

ਮਾਸਕੋ ਵਿਚ ਮੇਰੇ ਹੋਟਲ ਦੇ ਕਮਰੇ ਦੁਆਲੇ ਬਣੀ ਸ਼ੀਸ਼ੇ ਦੀ ਕੰਧ ਦੇ ਬਾਹਰ ਸਵੇਰ ਸਾਰ ਸੂਰਜ ਦੀ ਚਮਕ ਨਾਲ ਸੁਨਹਿਰੀ ਭਾਹ ਮਾਰਦੀ ਮੋਸਕਵਾ ਨਦੀ; ਨਦੀ ਦੇ ਪਾਰ ਰਾਤ ਨੂੰ ਕਿਸੇ ਪਰੀ ਕਹਾਣੀ ਦੇ ਕਿਲ੍ਹੇ ਵਾਂਗ ਚਮਕ ਰਿਹਾ ਸਟਾਲਿਨ ਦੇ ਸਮਿਆਂ ਦਾ ਬਣਿਆ ਸ਼ਾਨਦਾਰ ਯੂਕਰੇਨਾ ਹੋਟਲ। ਨਦੀ ਦਾ ਉਹ 'ਕੁਜ਼ਨੇਤਸਕੀ ਮੋਸਤ' ਪੁਲ ਜੋ ਅਕਤੂਬਰ 1993 ਦੇ ਉਨ੍ਹਾਂ ਸਿਆਹ ਦਿਨਾਂ ਦੀ ਯਾਦ ਦਿਵਾਉਂਦਾ ਹੈ ਜਦੋਂ ਰੂਸੀ ਟੈਂਕਾਂ ਨੇ ਆਪਣੇ ਹੀ ਸੰਸਦ ਭਵਨ ਵੱਲ ਬੰਦੂਕਾਂ ਤਾਣ ਲਈਆਂ ਸਨ।

ਰਤਾ ਕੁ ਆਪਣੀਆਂ ਅੱਖਾਂ ਮਲ਼ੋ ਤਾਂ ਤੁਹਾਨੂੰ ਅਗਲੇ ਦਰਾਂ 'ਤੇ ਖੜ੍ਹਾ ਵ੍ਹਾਈਟ ਹਾਊਸ ਹੁਣ ਸਫ਼ੇਦ ਅਤੇ ਸੁਨਹਿਰੇ ਰੰਗ ਨਾਲ ਨਹਾਤਾ ਨਜ਼ਰ ਆਉਂਦਾ ਹੈ। ਇਹੀ ਨਹੀਂ, ਬਾਕੀ ਸ਼ਹਿਰ ਵੀ ਸਾਫ਼-ਸੁਥਰਾ ਹੈ। ਸ਼ਹਿਰ ਨੂੰ ਦੇਖ ਕੇ ਤੁਸੀਂ ਕਿਸੇ ਨਵੇਂ ਸੰਕਟ ਦਾ ਅੰਦਾਜ਼ਾ ਨਹੀਂ ਲਗਾ ਸਕਦੇ ਹਾਲਾਂਕਿ ਮਰਸਿਡੀਜ਼ ਬੈਂਜ਼ ਕਾਰਾਂ, ਮੈਕਡੋਨਲਡਜ਼ ਬਰਗਰ ਅਤੇ ਮੈਕਸਿਮਜ਼ ਪੇਸਟ੍ਰੀਜ਼ ਜਿਹੇ ਪੱਛਮੀ ਦੇਵਾਂ ਦੇ ਬੁੱਤ ਨਦਾਰਦ ਹੋਣ ਤੋਂ ਇਹ ਝਾਉਲਾ ਪੈਂਦਾ ਹੈ ਕਿ ਰੂਸ ਦੇ ਹੱਥੋਂ ਸ਼ਾਇਦ ਖੇਡ ਨਿਕਲ ਚੁੱਕੀ ਹੈ। ਯੂਕਰੇਨ ਵਿਚ ਰੂਸ ਦੀ ਜੰਗ ਛਿੜੀ ਨੂੰ ਢਾਈ ਸਾਲ ਹੋਣ ਵਾਲੇ ਹਨ ਪਰ ਖ਼ਾਸ ਗੱਲ ਇਹ ਹੈ ਕਿ ਮਾਸਕੋ 1990ਵਿਆਂ ਦੀ ਅਫਰਾ-ਤਫ਼ਰੀ ਦੇ ਦਿਨਾਂ ਨਾਲੋਂ ਹੁਣ ਤੱਕ ਨਾ ਸਿਰਫ਼ ਸਭ ਤੋਂ ਵੱਧ ਖੁਸ਼ਹਾਲ ਨਜ਼ਰ ਆਉਂਦਾ ਹੈ ਸਗੋਂ ਪਹਿਲਾਂ ਨਾਲੋਂ ਵਧੇਰੇ ਜਬ੍ਹੇ ਵਾਲਾ ਅਤੇ ਇਕਮੁੱਠ ਵੀ ਦਿਖਾਈ ਦਿੰਦਾ ਹੈ।

ਹੁਣ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਇੱਕ ਰੋਜ਼ਾ ਸਿਖਰ ਵਾਰਤਾ ਲਈ ਮਾਸਕੋ ਜਾ ਰਹੇ ਹਨ ਤਾਂ ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਲੋਕ ਜੰਗ ਤੋਂ ਅਛੂਤੇ ਹਨ। ਜੰਗ ਵਿਰੋਧੀ ਜਜ਼ਬਾਤ ਜੇ ਬਹੁਤੇ ਉੱਭਰ ਕੇ ਸਾਹਮਣੇ ਨਹੀਂ ਆ ਸਕੇ ਤਾਂ ਵੀ ਅਹਿਮ ਜ਼ਰੂਰ ਹਨ। ਇਹ ਤੱਥ ਹੈ ਕਿ ਰੂਸੀਆਂ ਅਤੇ ਯੂਕਰੇਨੀਆਂ ਵਿਚਕਾਰ ਬਹੁਤ ਸਾਰੀਆਂ ਸਾਂਝਾਂ ਹਨ ਜਿਨ੍ਹਾਂ ਵਿਚ ਓਰਥੋਡੌਕਸ ਚਰਚ, ਸਲਾਵ ਨਸਲ, ਵਿਆਹੁਤਾ ਅਤੇ ਪਰਿਵਾਰਕ ਰਿਸ਼ਤੇ ਜਿਨ੍ਹਾਂ ਸਾਰਿਆਂ ਦਾ ਮੂਲ ਅਰਥ ਇਹੀ ਹੈ ਕਿ ਉਹ ਸਰਹੱਦੋਂ ਪਾਰ ਵਡੇਰੇ ਪਰਿਵਾਰ ਦਾ ਹਿੱਸਾ ਹਨ।

ਕੁਝ ਕੁ ਵਿਚਾਰ ਅਜਿਹੇ ਹੁੰਦੇ ਹਨ ਜਿਨ੍ਹਾਂ ਖ਼ਾਤਿਰ ਲੋਕ ਗੋਲੀ ਖਾਣ ਲਈ ਤਿਆਰ ਹੋ ਜਾਂਦੇ ਹਨ। ਸਚਾਈ ਇਹ ਹੈ ਕਿ ਯੂਕਰੇਨ ਦੀ ਜੰਗ ਹੁਣ ਯੂਕਰੇਨੀਆਂ ਅਤੇ ਰੂਸੀਆਂ ਵਿਚਕਾਰ ਜੰਗ ਨਹੀਂ ਰਹਿ ਗਈ ਸਗੋਂ ਕਿਸੇ ਹੋਰ ਦੇ ਤਰਕ ਦੀ ਲੁਕਵੀਂ ਜੰਗ ਬਣ ਗਈ ਹੈ। ਫਰਵਰੀ 2022 ਵਿਚ ਜਦੋਂ ਜੰਗ ਸ਼ੁਰੂ ਹੋਈ ਸੀ ਤਾਂ ਉਦੋਂ ਤੋਂ ਹੀ ਯੂਕਰੇਨੀਆਂ ਕੋਲ ਰੂਸ ਦੇ ਮਾਰੂ ਹਥਿਆਰਾਂ ਦਾ ਟਾਕਰਾ ਕਰਨ ਦੀ ਸਮੱਰਥਾ ਨਹੀਂ ਸੀ; ਪੂਤਿਨ ਵੀ ਸ਼ਾਇਦ ਇਹ ਸੋਚਦੇ ਸੀ ਕਿ ਉਹ ਕੁਝ ਦਿਨਾਂ ਵਿਚ ਹੀ ਯੂਕਰੇਨ ਨੂੰ ਦਰੜ ਕੇ ਜਿੱਤ ਦਾ ਝੰਡਾ ਲਹਿਰਾ ਕੇ ਅੱਗੇ ਵਧ ਜਾਣਗੇ ਲੇਕਿਨ ਇੰਝ ਹੋ ਨਹੀਂ ਸਕਿਆ ਕਿਉਂਕਿ ਪੱਛਮ ਇਸ ਵਿਚ ਸ਼ਾਮਿਲ ਹੁੰਦਾ ਗਿਆ। ਪਿਛਲੇ ਦੋ ਸਾਲਾਂ ਤੋਂ ਅਮਰੀਕਾ ਰੂਸ ਨਾਲ ਲੜਨ ਲਈ ਯੂਕਰੇਨ ਨੂੰ ਲਗਾਤਾਰ ਮਾਰੂ ਹਥਿਆਰ ਮੁਹੱਈਆ ਕਰਵਾ ਰਿਹਾ ਹੈ। ਪਿਛਲੇ ਸਾਲ ਅਮਰੀਕਾ ਵਿਚ ਬਣੇ ਡਰੋਨਾਂ ਨੇ ਰੂਸ ਦੇ ਧੁਰ ਅੰਦਰ ਜਾ ਕੇ ਹਮਲੇ ਕੀਤੇ ਤੇ ਉਹ ਮਾਸਕੋ ਦੀਆਂ ਬਰੂਹਾਂ ਤੱਕ ਪਹੁੰਚ ਗਏ ਸਨ। ਅਮਰੀਕਾ, ਕੈਨੇਡਾ, ਬਰਤਾਨੀਆ, ਫਰਾਂਸ, ਪੋਲੈਂਡ ਅਤੇ ਰੋਮਾਨੀਆ ਜਿਹੇ ਕਈ ਨਾਟੋ ਮੁਲਕਾਂ ਦੇ ਭਾੜੇ ਦੇ ਫੌਜੀ ਯੂਕਰੇਨੀਆਂ ਦਾ ਸਾਥ ਦੇ ਰਹੇ ਹਨ। ਜ਼ਾਹਿਰਾ ਤੌਰ 'ਤੇ ਅਫ਼ਗਾਨਿਸਤਾਨ ਤੋਂ ਵਾਪਸੀ ਤੋਂ ਫ਼ੌਰੀ ਬਾਅਦ ਅਮਰੀਕੀ ਫ਼ੌਜੀਆਂ ਲਈ ਯੂਕਰੇਨ ਵਿਚ ਜ਼ਮੀਨ 'ਤੇ ਉਤਰਨਾ ਜ਼ਲਦਬਾਜ਼ੀ ਹੋਣੀ ਸੀ ਪਰ ਸਾਫ਼ ਤੌਰ 'ਤੇ ਨਾਟੋ ਦੇ ਭਾੜੇ ਦੇ ਫ਼ੌਜੀ ਵਧੇਰੇ ਮਾਰੂ ਹਥਿਆਰਾਂ ਦਾ ਇਸਤੇਮਾਲ ਕਰ ਰਹੇ ਹਨ ਜੋ ਸ਼ਾਇਦ ਯੂਕਰੇਨੀ ਵਰਤਣ ਦੇ ਯੋਗ ਨਹੀਂ ਸਨ।

ਅਫ਼ਰਾ-ਤਫਰੀ ਦੇ ਇਸ ਮਾਹੌਲ ਵਿਚ ਪ੍ਰਧਾਨ ਮੰਤਰੀ ਮਾਸਕੋ ਜਾ ਰਹੇ ਹਨ। ਪੱਛਮੀ ਕੂਟਨੀਤੀਵਾਨਾਂ ਨੂੰ ਹੈਰਾਨੀ ਹੈ ਕਿ ਅਜੇ ਦੋ ਹਫ਼ਤੇ ਪਹਿਲਾਂ ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਦਿੱਲੀ ਪਹੁੰਚੇ ਸਨ ਤੇ ਸੂਖਮ ਤਕਨਾਲੋਜੀਆਂ ਦੇ ਤਬਾਦਲੇ ਦਾ ਵਾਅਦਾ ਕਰ ਕੇ ਗਏ ਹਨ ਤਾਂ ਅਜਿਹੇ ਸਮੇਂ ਉਹ ਰੂਸੀ ਆਗੂ ਨੂੰ ਜੱਫੀ ਪਾਉਣ ਕਿਉਂ ਚੱਲੇ ਹਨ। ਦੂਜੇ ਪਾਸੇ, ਭਾਰਤ ਅਤੇ ਰੂਸ ਵਿਚਕਾਰ ਦੁਵੱਲਾ ਵਪਾਰ ਜੋ ਯੂਕਰੇਨ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ 10 ਅਰਬ ਡਾਲਰ ਸੀ, ਵਧ ਕੇ ਅੱਜ 70 ਅਰਬ ਡਾਲਰ 'ਤੇ ਪਹੁੰਚ ਗਿਆ ਹੈ ਜਿਸ ਦਾ ਮੁੱਖ ਕਾਰਨ ਭਾਰਤ ਵਲੋਂ ਭਾਰੀ ਮਾਤਰਾ ਵਿਚ ਖਰੀਦਿਆ ਜਾਂਦਾ ਰੂਸੀ ਤੇਲ ਹੈ ਜਿਸ ਨੂੰ ਇਹ ਥੋੜ੍ਹੇ ਜਿਹੇ ਮੁਨਾਫੇ 'ਤੇ ਸੋਧ ਕੇ ਮੁੜ ਯੂਰਪੀ ਰਿਫਾਈਨਰੀਆਂ ਨੂੰ ਸਪਲਾਈ ਕੀਤਾ ਜਾਂਦਾ ਹੈ। ਇਸ ਬਾਰੇ ਅਸੀਂ ਜਾਣ ਚੁੱਕੇ ਹਾਂ ਕਿ ਇਸ ਨੂੰ ਜੰਗ ਸ਼ੁਰੂ ਹੋਣ ਵੇਲੇ ਤੋਂ ਹੀ ਯੂਰਪੀਆਂ ਵਲੋਂ ਮਨਜ਼ੂਰੀ ਮਿਲੀ ਹੋਈ ਸੀ। ਇਸ ਤੋਂ ਮਾਸਕੋ ਦੀਆਂ ਸੜਕਾਂ ਤੋਂ ਪੱਛਮੀ ਕੰਪਨੀਆਂ ਦੇ ਬੋਰਡ ਨਦਾਰਦ ਹੋਣ ਦਾ ਵੀ ਖੁਲਾਸਾ ਹੁੰਦਾ ਹੈ।

ਯਕੀਨਨ, ਸਸਤਾ ਰੂਸੀ ਤੇਲ ਮਿਲਣ ਕਰ ਕੇ ਭਾਰਤ ਨੂੰ ਖ਼ਾਸ ਤੌਰ 'ਤੇ ਕੋਵਿਡ ਮਹਾਮਾਰੀ ਤੋਂ ਬਾਅਦ ਆਪਣੇ ਅਰਥਚਾਰੇ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਭਰਵੀਂ ਮਦਦ ਮਿਲੀ ਹੈ। ਭਾਰਤ ਵਿਚ ਮਹਿੰਗਾਈ ਬਹੁਤ ਸੰਵੇਦਨਸ਼ੀਲ ਮੁੱਦਾ ਰਹਿੰਦਾ ਹੈ ਅਤੇ ਆਪਣੀਆਂ ਊਰਜਾ ਦੀਆਂ 80 ਫ਼ੀਸਦੀ ਲੋੜਾਂ ਦੀ ਪੂਰਤੀ ਬਾਹਰੋਂ ਪੂਰੀਆਂ ਕਰਨ ਵਾਲੇ ਮੁਲਕ ਵਿਚ ਜੇ ਤੇਲ ਦੀਆਂ ਕੀਮਤਾਂ ਬੇਕਾਬੂ ਹੋ ਜਾਣ ਤਾਂ ਸੋਚੋ ਕਿ ਚੋਣਾਂ 'ਤੇ ਕਿਹੋ ਜਿਹਾ ਅਸਰ ਪਵੇਗਾ, ਖ਼ਾਸਕਰ ਸੱਤਾਧਾਰੀ ਭਾਜਪਾ ਦੀ ਸਥਿਤੀ 'ਤੇ। ਯਕੀਨਨ, ਮੋਦੀ ਇਸ ਤੋਂ ਬਾਖ਼ਬਰ ਹੋਣਗੇ ਕਿ ਉਨ੍ਹਾਂ ਦੀ ਮਾਸਕੋ ਫੇਰੀ 'ਤੇ ਸਾਰਿਆਂ ਦੀਆਂ ਨਜ਼ਰਾਂ ਹੋਣਗੀਆਂ। ਆਪਣੇ ਦੌਰੇ ਨੂੰ ਇੱਕ ਦਿਨ ਤੱਕ ਸੀਮਤ ਕਰਨਾ ਸ਼ਾਇਦ ਚੰਗਾ ਸੌਦਾ ਹੈ ਕਿਉਂਕਿ ਭਾਰਤ ਅਮਰੀਕੀਆਂ ਨੂੰ ਬਹੁਤਾ ਨਾਰਾਜ਼ ਨਹੀਂ ਕਰਨਾ ਚਾਹੁੰਦਾ; ਅਮਰੀਕਾ ਅਜੇ ਵੀ ਬਹੁਤ ਸ਼ਕਤੀਸ਼ਾਲੀ ਮੁਲਕ ਹੈ ਅਤੇ ਇਸ ਨੂੰ ਸਮਤੋਲ ਕਰਨ ਲਈ ਅਹਿਮ ਪਰਵਾਸੀ ਭਾਈਚਾਰਾ ਉੱਥੇ ਮੌਜੂਦ ਹੈ ਜਿਸ ਦਾ ਵੱਡਾ ਹਿੱਸਾ ਮੋਦੀ ਦੀ ਹਮਾਇਤ ਕਰਦਾ ਹੈ ਅਤੇ ਇਹ ਭਾਈਚਾਰਾ ਵਿਦੇਸ਼ੀ ਸਿੱਧੇ ਨਿਵੇਸ਼ ਦਾ ਵੱਡਾ ਸਰੋਤ ਵੀ ਹੈ।

ਬਹਰਹਾਲ, ਰੂਸ ਵਿਚ ਵੱਡੀ ਤਬਦੀਲੀ ਆ ਗਈ ਹੈ। 1990ਵਿਆਂ ਦੇ ਗਹਿਰੇ ਕੌਮੀ ਸੰਕਟ ਦੇ ਉਲਟ ਹੁਣ ਰੂਸ ਆਪਣੇ ਆਪ ਨੂੰ ਵੱਡੀ ਤਾਕਤ ਦਰਸਾਉਣ ਤੋਂ ਗੁਰੇਜ਼ ਨਹੀਂ ਕਰ ਰਿਹਾ। ਸੋਵੀਅਤ ਸੰਘ ਦੇ ਟੋਟੇ ਹੋਣ ਤੋਂ ਬਾਅਦ ਉਸ ਵੇਲੇ ਦੇ ਰੂਸੀ ਰਾਸ਼ਟਰਪਤੀ ਬੋਰਿਸ ਯੇਲਤਸਿਨ ਨੇ ਇਸ ਆਸ ਨਾਲ ਪੱਛਮ ਨਾਲ ਹੱਥ ਮਿਲਾਏ ਸਨ ਕਿ ਰੂਸ ਨੂੰ ਬਰਾਬਰ ਦੇ ਭਿਆਲ ਵਜੋਂ ਪ੍ਰਵਾਨ ਕੀਤਾ ਜਾਵੇਗਾ ਪਰ ਇਸ ਨੂੰ ਸ਼ਰੇਆਮ ਦੋਇਮ ਦਰਜੇ ਦੀ ਤਾਕਤ ਕਹਿ ਕੇ ਜ਼ਲੀਲ ਕੀਤਾ ਗਿਆ। ਪਿਛਲੇ ਹਫ਼ਤੇ ਦੇ ਸ਼ੁਰੂ ਵਿਚ ਮਾਸਕੋ ਵਿਚ ਵਿਚਾਰਸ਼ੀਲ ਸੰਸਥਾ ਪ੍ਰਿਮਾਕੋਫ ਰੀਡਿੰਗਜ਼ ਦੀ ਵਾਰਤਾ ਜਿਸ ਵਿਚ ਮੈਂ ਵੀ ਸ਼ਾਮਿਲ ਹੋਈ ਸਾਂ, ਦਾ ਦੁਖਾਂਤ ਇਹ ਸੀ ਕਿ ਪੱਛਮ ਦਾ ਇਕ ਵੀ ਵਿਦਵਾਨ ਆਪਣੇ ਮੁਲਕ ਦੇ ਅਦਾਰਿਆਂ ਦੀ ਨੁਕਤਾਚੀਨੀ ਦੇ ਡਰੋਂ ਇਸ ਵਿਚ ਭੌਤਿਕ ਰੂਪ ਵਿਚ ਹਾਜ਼ਰੀ ਨਹੀਂ ਪਾ ਸਕਿਆ ਸਗੋਂ ਆਨਲਾਈਨ ਸ਼ਮੂਲੀਅਤ ਹੀ ਕਰ ਸਕੇ ਜਦੋਂਕਿ ਰੂਸੀਆਂ ਸਮੇਤ ਬਾਕੀ ਸਾਰਿਆਂ ਨੇ ਸੱਭਿਆਚਾਰ ਤੋਂ ਲੈ ਕੇ ਯੂਕਰੇਨ ਜੰਗ ਵਿਚ ਮਾਰੂ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਜਿਹੇ ਮੁੱਦਿਆਂ ਉਪਰ ਭਰਵਾਂ ਵਿਚਾਰ-ਵਟਾਂਦਰਾ ਕੀਤਾ।

ਇਸੇ ਕਰ ਕੇ ਸਮਝ ਪੈਂਦੀ ਹੈ ਕਿ ਇਸ ਸਾਲ ਮਾਰਚ ਮਹੀਨੇ ਪੂਤਿਨ ਪੰਜਵੀਂ ਵਾਰ ਰਾਸ਼ਟਰਪਤੀ ਦੇ ਅਹੁਦੇ ਲਈ ਕਿਉਂ ਚੁਣੇ ਗਏ ਹਾਲਾਂਕਿ ਉਨ੍ਹਾਂ ਨੂੰ ਇਸ ਅਹੁਦੇ 'ਤੇ 20 ਸਾਲ ਤੋਂ ਵੱਧ ਅਰਸਾ ਹੋ ਚੁੱਕਿਆ ਹੈ। ਪੂਤਿਨ ਨੇ ਰੂਸ ਦੇ ਵਿਸ਼ਾਲ ਖਣਿਜ ਭੰਡਾਰਾਂ ਦੀ ਵਰਤੋਂ ਕਰ ਕੇ ਖੁਸ਼ਹਾਲੀ ਦਾ ਪੱਧਰ ਬਣਾ ਕੇ ਇਕ ਲੇਖੇ 1990ਵਿਆਂ ਦੀਆਂ ਯਾਦਾਂ ਮਿਟਾ ਦਿੱਤੀਆਂ ਹਨ, ਬਜ਼ੁਰਗਾਂ ਤੇ ਗ਼ਰੀਬਾਂ ਨੂੰ ਪੈਨਸ਼ਨ ਜਾਰੀ ਰੱਖ ਕੇ, ਭ੍ਰਿਸ਼ਟ ਮੰਤਰੀਆਂ ਨੂੰ ਬਰਤਰਫ਼ ਕਰ ਕੇ ਅਤੇ ਯੂਕਰੇਨ ਜੰਗ ਦੇ ਸ਼ੁਰੂ ਹੋਣ ਤੋਂ ਬਾਅਦ ਛੱਡ ਕੇ ਜਾਣ ਵਾਲੀਆਂ ਪੱਛਮੀ ਕੰਪਨੀਆਂ ਦੀ ਥਾਂ ਚੀਨ ਤੇ ਭਾਰਤ ਜਿਹੇ ਮੁਲਕਾਂ ਨੂੰ ਸੱਦ ਲਿਆ। ਕਈ ਕੰਪਨੀਆਂ ਨੇ ਆਪਣੇ ਆਪ ਨੂੰ ਰੂਸੀ ਬ੍ਰਾਂਡ ਵਜੋਂ ਮਾਰਕਿਟ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਇਸ ਦਾ ਉਨ੍ਹਾਂ ਨੂੰ ਜ਼ਿਆਦਾ ਲਾਭ ਹੁੰਦਾ ਹੈ। ਪੂਤਿਨ ਆਪਣੇ ਦੇਸ਼ ਵਿਚ ਇਸ ਕਰ ਕੇ ਜਿੱਤ ਰਹੇ ਹਨ ਕਿਉਂਕਿ ਉਹ ਯੂਕਰੇਨ ਜੰਗ ਨੂੰ ਉਸ ਸਾਂਚੇ ਵਿਚ ਰੱਖ ਕੇ ਲੋਕਾਂ ਅੱਗੇ ਪੇਸ਼ ਕਰ ਰਹੇ ਹਨ ਕਿ ਯੂਕਰੇਨ ਦੀ ਪਿੱਠ ਪਿੱਛੇ ਪੱਛਮ ਲੜ ਰਿਹਾ ਹੈ ਅਤੇ ਉਹ ਲੋਕ ਰੂਸ ਨੂੰ ਦਬਾ ਕੇ ਰੱਖਣਾ ਚਾਹੁੰਦੇ ਹਨ।

ਇਸ ਲਈ ਮਾਸਕੋ ਦੀ ਫੇਰੀ 'ਤੇ ਜਾ ਰਹੇ ਮੋਦੀ ਲਈ ਇਸ ਕਹਾਣੀ ਦਾ ਕੀ ਸਬਕ ਹੈ? ਸਭ ਤੋਂ ਅਹਿਮ ਸਬਕ ਇਹ ਹੈ ਕਿ ਭਾਰਤ ਨੂੰ ਬਿਨਾਂ ਖੱਬੇ ਜਾਂ ਸੱਜੇ ਝੁਕੇ ਮੱਧ ਮਾਰਗ 'ਤੇ ਹੀ ਚਲਦੇ ਰਹਿਣਾ ਚਾਹੀਦਾ ਹੈ ਜਿਵੇਂ ਬੁੱਧ ਦੇ ਸਮਿਆਂ ਤੋਂ ਲੈ ਕੇ ਇਹ ਚਲਦਾ ਆ ਰਿਹਾ ਹੈ। ਬਾਇਡਨ ਹੋਵੇ ਜਾਂ ਟਰੰਪ ਜਾਂ ਫਿਰ ਪੂਤਿਨ, ਭਾਰਤ ਨੂੰ ਸਭਨਾਂ ਦੀ ਜ਼ਰੂਰ ਸੁਣਨੀ ਚਾਹੀਦੀ ਹੈ ਅਤੇ ਉਨ੍ਹਾਂ ਦਾ ਖ਼ੈਰਮਕਦਮ ਕਰਨਾ ਚਾਹੀਦਾ ਹੈ ਪਰ ਚੇਤੇ ਰੱਖੋ, ਉਹ ਭਾਰਤ ਵਲੋਂ ਆਪਣੇ ਲੋਕਾਂ ਦੇ ਬਿਹਤਰ ਕੱਲ੍ਹ ਦੇ ਨਿਰਮਾਣ ਲਈ ਅਪਣਾਏ ਜਾਣ ਵਾਲੇ ਵਿਆਪਕ ਅਤੇ ਪ੍ਰਭਾਵਸ਼ਾਲੀ ਬਦਲਾਂ ਵਿਚ ਮਹਿਜ਼ ਵਾਧਾ ਹੀ ਕਰ ਸਕਦੇ ਹਨ।

# ਬਿਲਕੁਲ ਵੱਖਰੇ ਬਨਾਰਸ ਦੇ ਦੀਦਾਰ ਕਰਵਾਉਂਦੀ ਫਿਲਮ 'ਝੀਨੀ ਬੀਨੀ ਚਦਰੀਆ'








*ਫਿਲਮ 'ਝੀਨੀ ਬੀਨੀ ਚਦਰੀਆ' ਦਾ ਪੋਸਟਰ, ਫਿਲਮ ਦਾ ਇਕ ਦ੍ਰਿਸ਼ ਅਤੇ (ਸੱਜੇ) ਫਿਲਮ ਦਾ ਨਿਰਦੇਸ਼ਕ ਰਿਤੇਸ਼ ਸ਼ਰਮਾ।*

ਵਾਰਾਣਸੀ (ਪੁਰਾਣਾ ਨਾਂ ਬਨਾਰਸ) ਦੇ ਰਹਿਣ ਵਾਲੇ ਨੌਜਵਾਨ ਫਿਲਮਸਾਜ਼ ਰਿਤੇਸ਼ ਸ਼ਰਮਾ ਨੇ ਫਿਲਮ 'ਝੀਨੀ ਬੀਨੀ ਚਦਰੀਆ'

**ਕੁਦਰਤ ਕੌਰ**

ਬਣਾਈ ਹੈ ਜੋ ਬਨਾਰਸ ਦੇ ਬਿਲਕੁਲ ਵੱਖਰੇ ਦੀਦਾਰ ਕਰਵਾਉਂਦੀ ਹੈ। ਇਸ ਫਿਲਮ ਨੂੰ ਭਾਵੇਂ ਕੌਮਾਂਤਰੀ ਫਿਲਮ ਮੇਲਿਆਂ ਵਿਚ ਖੂਬ ਸ਼ਾਬਾਸ਼ ਮਿਲੀ ਹੈ ਪਰ ਰਿਤੇਸ਼ ਨੂੰ ਆਪਣੀ ਇਹ ਫਿਲਮ ਰਿਲੀਜ਼ ਕਰਵਾਉਣ ਲਈ ਬਹੁਤ ਤਰੱਦਦ ਕਰਨਾ ਪੈ ਰਿਹਾ ਹੈ। ਕੋਈ ਵੀ ਮੰਚ ਉਸ ਦੀ ਇਹ ਫਿਲਮ ਨਸ਼ਰ ਕਰਨ ਲਈ ਤਿਆਰ ਨਹੀਂ ਹੋਇਆ ਹੈ। ਉਸ ਦਾ ਆਖਣਾ ਹੈ ਕਿ ਜੇ ਕਿਸੇ ਮੰਚ ਨੇ ਉਸ ਦੀ ਇਹ ਫਿਲਮ ਰਿਲੀਜ਼ ਕਰਨ ਲਈ ਹਾਮੀ ਨਾ ਭਰੀ ਤਾਂ ਉਹ ਇਹ ਫਿਲਮ ਯੂਟਿਊਬ 'ਤੇ ਪਾ ਦੇਣਗੇ ਤਾਂ ਕਿ ਲੋਕ ਇਹ ਫਿਲਮ ਦੇਖ ਸਕਣ।

ਅਜਿਹੇ ਕਿਹੜੇ ਕਾਰਨ ਹਨ ਕਿ ਕੋਈ ਮੰਚ ਰਿਤੇਸ਼ ਦੀ ਇਹ ਫਿਲਮ ਦਿਖਾਉਣ ਲਈ ਤਿਆਰ ਨਹੀਂ ਹੋ ਰਿਹਾ ਹੈ। ਅਸਲ ਵਿਚ, ਸਾਰਾ ਮਸਲਾ ਹੁਣ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ ਦੀ ਸਿਆਸਤ ਦਾ ਹੈ। ਸੱਤਾਧਾਰੀ ਵਾਰਾਣਸੀ ਨੂੰ ਧਾਰਮਿਕ ਸ਼ਹਿਰ ਵਜੋਂ ਪੇਸ਼ ਕਰਦੇ ਹਨ ਅਤੇ ਪ੍ਰਧਾਨ ਮੰਤਰੀ ਉਥੋਂ ਲੋਕ ਸਭਾ ਲਈ ਚੁਣੇ ਗਏ ਹਨ। ਸ਼ਹਿਰ ਨੂੰ ਆਮ ਕਰ ਕੇ ਹਿੰਦੂ ਆਸਥਾ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਪਰ ਰਿਤੇਸ਼ ਨੇ ਜਿਹੜਾ ਵਾਰਾਣਸੀ ਆਪਣੀ ਫਿਲਮ ਵਿਚ ਪੇਸ਼ ਕੀਤਾ ਹੈ, ਉਹ ਬਹੁਤ ਬਹੁ-ਰੰਗਾ ਅਤੇ ਧੜਕਦੇ ਦਿਲ ਵਾਲਾ ਹੈ।

ਇਹ ਫਿਲਮ ਅਜਿਹੀ ਡਾਂਸਰ ਦੀ ਕਹਾਣੀ ਹੈ ਜੋ ਆਪਣੀ ਧੀ ਦੀ ਸਾਂਭ-ਸੰਭਾਲ ਲਈ ਬਹੁਤ ਮਿਹਨਤ ਕਰਦੀ ਹੈ। ਉਧਰ, ਸ਼ਾਹਦਾਬ ਨਾਂ ਦਾ ਜੁਲਾਹਾ ਕਿਸੇ ਇਜ਼ਰਾਇਲੀ ਸੈਲਾਨੀ ਨਾਲ ਇਕ ਵੱਖਰੀ ਹੀ ਦੁਨੀਆ ਦੀ ਤਲਾਸ਼ ਵਿਚ ਨਿੱਕਲ ਤੁਰਦਾ ਹੈ। ਇਉਂ ਫਿਲਮ ਵਿਚ ਪਿਆਰ ਅਤੇ ਨਫਰਤ ਦੀਆਂ ਲੜੀਆਂ ਨਾਲੋ-ਨਾਲ ਚੱਲੀ ਜਾਦੀਆਂ ਹਨ। ਇਸ ਦੇ ਨਾਲ-ਨਾਲ ਸ਼ਹਿਰ ਦਾ ਸਭਿਆਚਾਰਕ ਮੂੰਹ-ਮੁਹਾਂਦਰਾਂ ਵੀ ਉਭਰਦਾ ਹੈ। ਰਿਤੇਸ਼ ਨੇ ਇਹ ਕਹਾਣੀ ਬਹੁਤ ਸੂਖਮ ਢੰਗ ਨਾਲ ਪੇਸ਼ ਕੀਤੀ ਹੈ। ਉਸ ਦੀ ਇਸੇ ਬਹੁਰੰਗੀ ਪੇਸ਼ਕਸ਼ ਦੀ ਚਾਰ-ਚੁਫੇਰਿਓਂ ਤਾਰੀਫ ਹੋ ਰਹੀ ਹੈ।

ਰਿਤੇਸ਼ ਵਾਰਾਣਸੀ ਵਿਚ ਹੀ ਜੰਮਿਆ ਅਤੇ ਉਥੇ ਹੀ ਜਵਾਨ ਹੋਇਆ। ਪਿਛਲੇ 15 ਸਾਲ ਤੋਂ ਉਹ ਥੀਏਟਰ ਅਤੇ ਹੋਰ ਸਮਾਜਿਕ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ। ਉਸ ਦਾ ਮੰਨਣਾ ਹੈ ਕਿ ਵਾਰਾਣਸੀ ਅੰਦਰ ਤੀਰਥ ਸਥਾਨਾਂ ਤੋਂ ਇਲਾਵਾ ਵੀ ਬੜਾ ਕੁਝ ਹੈ ਜੋ ਆਮ ਕਰ ਕੇ ਲੋਕਾਂ ਦੇ ਸਾਹਮਣੇ ਨਹੀਂ ਆ ਰਿਹਾ। ਰਿਤੇਸ਼ ਦਾ ਕਹਿਣਾ ਹੈ ਕਿ ਉਸ ਦੀ ਜ਼ਿੰਦਗੀ ਉਤੇ ਸੰਤ ਕਬੀਰ ਅਤੇ ਪ੍ਰਸਿੱਧ ਲਿਖਾਰੀ ਸਾਅਦਤ ਹਸਨ ਮੰਟੋ ਦਾ ਬਹੁਤ ਅਸਰ ਹੋਇਆ ਹੈ। ਇਨ੍ਹਾਂ ਦੀਆਂ ਰਚਨਾਵਾਂ ਨੇ ਉਸ ਨੂੰ ਅਜਿਹੀ ਦ੍ਰਿਸ਼ਟੀ ਦਿੱਤੀ ਹੈ ਜੋ ਉਸ ਨੇ ਆਪਣੀ ਇਸ ਫਿਲਮ ਵਿਚ ਲਿਆਉਣ ਦਾ ਯਤਨ ਕੀਤਾ ਹੈ।

ਫਿਲਮ ਬਾਰੇ ਕੀਤੇ ਜਾ ਰਹੇ ਇਤਰਾਜ਼ਾਂ ਬਾਰੇ ਰਿਤੇਸ਼ ਨੇ ਸਪਸ਼ਟ ਕਿਹਾ ਕਿ ਉਸ ਨੂੰ ਅਜਿਹਾ ਅਹਿਸਾਸ ਹੀ ਨਹੀਂ ਸੀ ਕਿ ਫਿਲਮ ਦੀ ਨੁਕਤਾਚੀਨੀ ਇਨ੍ਹਾਂ ਪਹਿਲੂਆਂ ਦੇ ਆਧਾਰ 'ਤੇ ਹੋਵੇਗੀ। ਅਸਲ ਵਿਚ ਜਿਹੜੇ ਲੋਕ ਅਜਿਹੀ ਨੁਕਤਾਚੀਨੀ ਕਰ ਰਹੇ ਹਨ, ਉਨ੍ਹਾਂ ਨੂੰ ਜ਼ਿੰਦਗੀ ਦੇ ਅਸਲ ਅਰਥਾਂ ਬਾਰੇ ਕੁਝ ਵੀ ਪਤਾ ਨਹੀਂ ਹੈ। ਇਹ ਉਹ ਲੋਕ ਹਨ ਜੋ ਸਾਰੇ ਸਮਾਜ ਨੂੰ ਇਕ ਰੰਗ ਵਿਚ ਰੰਗਣਾ ਚਾਹੁੰਦੇ ਹਨ ਜਦਕਿ ਸਾਡੇ ਆਲੇ-ਦੁਆਲੇ ਵੰਨ-ਸਵੰਨਤਾ ਠਾਠਾਂ ਮਾਰ ਰਹੀ ਹੈ। ਅਸੀਂ ਇਸ ਵੰਨ-ਸਵੰਨਤਾ ਦਾ ਆਨੰਦ ਕਿਉਂ ਨਾ ਮਾਣੀਏ? ਉਹਨੇ ਇਹ ਵੀ ਕਿਹਾ ਕਿ ਕੁਝ ਲੋਕ ਸੌੜੀ ਸਿਆਸਤ ਕਾਰਨ ਹੀ ਅਜਿਹਾ ਕਰ ਰਹੇ ਹਨ; ਨਹੀਂ ਤਾਂ ਕੋਈ ਕਾਰਨ ਨਹੀਂ ਕਿ ਜ਼ਿੰਦਗੀ ਦੀ ਬਾਤ ਪਾ ਰਹੀ ਕਲਾ ਨੂੰ ਹੱਲਾਸ਼ੇਰੀ ਨਾ ਦਿੱਤੀ ਜਾਵੇ! ਉਸ ਨੇ ਕਿਹਾ, "ਦੇਖੋ ਜੀ ਮੈਂ ਤਾਂ ਆਪਣਾ ਕੰਮ ਕਰ ਦਿੱਤਾ ਹੈ। ਬਨਾਰਸ ਮੈਨੂੰ ਜਿਸ ਤਰ੍ਹਾਂ ਮਹਿਸੂਸ ਹੋਇਆ, ਉਸੇ ਤਰ੍ਹਾਂ ਦਰਸ਼ਕਾਂ ਅੱਗੇ ਰੱਖ ਦਿੱਤਾ ਹੈ। ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਂ ਅਜਿਹੀ ਫਿਲਮ ਬਣਾ ਸਕਿਆ ਹਾਂ।"

# ਸ਼ਰੂਤੀ ਹਾਸਨ ਦਾ ਭਾਸ਼ਾਈ ਦਰਦ



ਮਸ਼ਹੂਰ ਅਦਾਕਾਰ ਕਮਲ ਹਾਸਨ ਦੀ ਧੀ ਸ਼ਰੂਤੀ ਹਾਸਨ ਦਾ ਦਰਦ ਇਕ ਵਾਰ ਫਿਰ ਛਲਕਿਆ ਹੈ। ਉਸ ਦਾ ਕਹਿਣਾ ਹੈ ਕਿ ਉਸ ਦੇ ਬੋਲਣ ਦੇ ਅੰਦਾਜ਼ ਦਾ ਕਈ ਲੋਕ ਮਖੌਲ ਉਡਾਉਂਦੇ ਹਨ। ਯਾਦ ਰਹੇ ਕਿ ਸ਼ਰੂਤੀ ਦੇ ਬੋਲਣ ਦੇ ਅੰਦਾਜ਼ ਵਿਚ ਤਾਮਿਲ ਦਾ ਵਾਹਵਾ ਅਸਰ ਦੇਖਣ-ਸੁਣਨ ਨੂੰ ਮਿਲਦਾ ਹੈ ਅਤੇ ਉਸ ਨੇ ਆਪਣਾ ਇਹ ਲਹਿਜਾ ਕਦੀ ਵੀ ਕਿਸੇ ਤੋਂ ਛੁਪਾਇਆ ਨਹੀਂ ਹੈ ਪਰ ਉਸ ਨੂੰ ਦੁੱਖ ਹੁੰਦਾ ਹੈ ਜਦੋਂ ਕੁਝ ਲੋਕ ਕੁਝ ਸ਼ਬਦਾਂ ਦੇ ਉਚਾਰਨ 'ਤੇ ਉਸ ਨੂੰ ਟੋਕਦੇ ਹਨ।

ਉਸ ਦਾ ਕਹਿਣਾ ਹੈ ਕਿ ਉਹ ਅਦਾਕਾਰਾ ਹੈ, ਉਸ ਬਾਰੇ ਕੋਈ ਵੀ ਫੈਸਲਾ ਉਸ ਦੀ ਅਦਾਕਾਰੀ ਦੇ ਆਧਾਰ 'ਤੇ ਹੀ ਹੋਣਾ ਚਾਹੀਦਾ ਹੈ। ਉਂਝ ਵੀ, ਕੋਈ ਵੀ ਭਾਸ਼ਾ ਸੰਚਾਰ ਦਾ ਸਾਧਨ ਹੈ। ਨਾਲੇ ਇਹ ਕਿਸੇ ਦੇ ਵੱਸ ਵਿਚ ਹੀ ਨਹੀਂ ਹੈ ਕਿ ਕੋਈ ਕਿੱਥੇ ਜੰਮਦਾ ਹੈ। ਭਾਸ਼ਾ ਵਰਗੇ ਮਸਲੇ ਤਾਂ ਜਨਮ ਦੇ ਆਧਾਰ 'ਤੇ ਹੀ ਜੀਵਨ ਦੇ ਸਾਥੀ ਬਣ ਜਾਂਦੇ ਹਨ। ਇਸ ਲਈ ਅਜਿਹੀਆਂ ਛੋਟੀਆਂ ਗੱਲਾਂ ਸਾਨੂੰ ਨਹੀਂ ਕਰਨੀਆਂ ਚਾਹੀਦੀਆਂ।

ਸ਼ਰੂਤੀ ਹਾਸਨ ਅੱਜ ਕੱਲ੍ਹ ਆਪਣੀ ਫਿਲਮ 'ਡੈਕੋਇਟ: ਏ ਲਵ ਸਟੋਰੀ' ਵਿਚ ਰੁੱਝੀ ਹੋਈ ਹੈ। ਇਹ ਤਮਿਲ ਫਿਲਮ ਹੈ ਜਿਸ ਵਿਚ ਪਿਆਰ ਕਹਾਣੀ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹ ਆਪਣੀ ਅੰਗਰੇਜ਼ੀ ਫਿਲਮ 'ਚੇਨਈ ਸਟੋਰੀ' 'ਤੇ ਵੀ ਕੰਮ ਕਰ ਰਹੀ ਹੈ। ਉਹ ਕੁਝ ਹੋਰ ਪ੍ਰੋਜੈਕਟਾਂ 'ਤੇ ਵੀ ਕੰਮ ਕਰ ਰਹੀ ਹੈ। ਉਸ ਦਾ ਆਖਣਾ ਹੈ ਕਿ ਉਹ ਕੁਝ ਹੋਰ ਹਿੰਦੀ ਫਿਲਮਾਂ ਕਰਨ ਦੀ ਇੱਛੁਕ ਵੀ ਹੈ।

# ਔਰਤਾਂ ਦੀਆਂ ਗੱਲਾਂ ਕਰਦੀ ਫਿਲਮ






*ਫਿਲਮ 'ਸ਼ਰਮਾ ਜੀ ਕੀ ਬੇਟੀ' ਦਾ ਪੋਸਟਰ ਅਤੇ (ਸੱਜੇ) ਫਿਲਮ ਦੀ ਨਿਰਦੇਸ਼ਕ ਤਾਹਿਰਾ ਕਸ਼ਿਅਪ ਖੁਰਾਣਾ।*

ਫਿਲਮ 'ਸ਼ਰਮਾ ਜੀ ਕੀ ਬੇਟੀ' ਤਾਹਿਰਾ ਕਸ਼ਿਅਪ ਖੁਰਾਣਾ ਦੀ ਬਤੌਰ ਨਿਰਦੇਸ਼ਕ ਪਹਿਲੀ ਫਿਲਮ ਹੈ। ਤਾਹਿਰਾ ਪ੍ਰਸਿੱਧ ਅਦਾਕਾਰ ਆਯੂਸ਼ਮਾਨ ਖੁਰਾਣਾ ਦੀ ਪਤਨੀ ਹੈ ਅਤੇ ਬਤੌਰ ਲੇਖਕ ਫਿਲਮ ਨਿਰਮਾਣ ਨਾਲ ਜੁੜੀ ਹੋਈ ਹੈ। ਫਿਲਮ 'ਸ਼ਰਮਾ ਜੀ ਕੀ ਬੇਟੀ' ਵਿਚ ਸਾਕਸ਼ੀ ਤਨਵਰ, ਦਿਵਿਆ ਦੱਤਾ, ਸੈਆਮੀ ਖੇਰ, ਸ਼ਾਰਿਬ ਹਾਸ਼ਮੀ ਅਤੇ ਪ੍ਰਵੀਨ ਡਬਾਸ ਨੇ ਮੁੱਖ ਕਿਰਦਾਰ ਨਿਭਾਏ ਹਨ। ਤਾਹਿਰਾ ਦਾ ਕਹਿਣਾ ਹੈ ਫਿਲਮ ਵਿਚ ਔਰਤ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਫਿਲਮ ਤਿੰਨ ਔਰਤਾਂ ਦੀ ਕਹਾਣੀ ਹੈ ਅਤੇ ਇਹ ਔਰਤਾਂ ਵੱਖ-ਵੱਖ ਵਰਗਾਂ ਦੀ ਨੁਮਾਇੰਦਗੀ ਕਰਦੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਔਰਤਾਂ ਦੇ ਸਰਨੇਮ ਇਕੋ ਹੀ ਹਨ। ਫਿਲਮ ਵਿਚ ਔਰਤਾਂ ਦੀਆਂ ਭਾਵਨਾਵਾਂ ਨੂੰ ਵੱਖਰੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਫਿਲਮ ਦੇ ਸੰਵਾਦ ਖਿੱਚ ਪਾਉਂਦੇ ਹਨ ਅਤੇ ਔਰਤਾਂ ਨਾਲ ਜੁੜੀਆਂ ਹਕੀਕਤਾਂ ਬਿਆਨ ਕਰਦੇ ਹਨ। ਤਾਹਿਰਾ ਮੁਤਾਬਿਕ, ਉਹ ਲੰਮੇ ਸਮੇਂ ਤੋਂ ਇਸ ਪ੍ਰੋਜੈਕਟ 'ਤੇ ਕੰਮ ਕਰ ਰਹੀ ਸੀ।

# Reliable

## *Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**